27-DEC-PAGE-1.qxd 12/26/2025 10:33 PM Page 1

ਸ਼ਨੀਵਾਰ, 27 ਦਸੰਬਰ, 2025
13 ਪੋਹ { ਨਾਨਕਸ਼ਾਹੀ 557
ਬਿਕਰਮੀ 2082
ਜਿਲਦ/VOL. : 74
ਅੰਕ/NO. : 207

# ਰੋਜ਼ਾਨਾ ਨਵਾਂ ਜ਼ਮਾਨਾ

DAILY NAWAN ZAMANA • SATURDAY, 27 DECEMBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160
YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਮੁਲਾਜ਼ਮਾਂ ਤੇ ਖੇਤ ਮਜ਼ਦੂਰਾਂ ਦੇ ਹੱਕ 'ਚ ਨਿੱਤਰੇ ਕਿਸਾਨ

## ਐੱਸ ਕੇ ਐੱਮ ਵੱਲੋਂ ਬਿਜਲੀ ਸੋਧ ਬਿੱਲ, ਬੀਜ ਬਿੱਲ, ਕਿਰਤ ਕੋਡ, ਮਗਨਰੇਗਾ ਰੱਦ ਕਰਨ ਤੇ ਹੋਰ ਹਮਲਿਆਂ ਦੇ ਖਿਲਾਫ 16 ਨੂੰ ਡੀ ਸੀ ਦਫਤਰਾਂ ਅੱਗੇ ਪ੍ਰਦਰਸ਼ਨ

**ਸ਼ਾਹਕੋਟ (ਗਿਆਨ ਸੈਦਪੁਰੀ)**



ਸੰਯੁਕਤ ਕਿਸਾਨ ਮੋਰਚਾ ਪੰਜਾਬ ਦੀ ਮੀਟਿੰਗ ਮੁੱਲਾਂਪੁਰ ਦਾਖਾ ਵਿਖੇ ਬਲਦੇਵ ਸਿੰਘ ਨਿਹਾਲਗੜ੍ਹ, ਮੁਕੇਸ਼ ਚੰਦਰ ਸ਼ਰਮਾ ਅਤੇ ਬਿੰਦਰ ਸਿੰਘ ਗੋਲੇਵਾਲਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਕੇਂਦਰ ਸਰਕਾਰ ਵੱਲੋਂ ਕੀਤੇ ਜਾ ਰਹੇ ਨਿੱਜੀਕਰਨ ਦੇ ਹਮਲਿਆਂ ਦੇ ਖਿਲਾਫ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ, ਵਿਦਿਆਰਥੀਆਂ, ਔਰਤਾਂ ਅਤੇ ਸਮੂਹ ਸੰਘਰਸ਼ਸ਼ੀਲ ਤਬਕਿਆਂ ਦੇ ਸਾਂਝੇ ਘੋਲਾਂ ਨੂੰ ਅੱਗੇ ਵਧਾਉਣ ਲਈ ਵਿਚਾਰ-ਵਟਾਂਦਰਾ ਕੀਤਾ ਗਿਆ। ਮੀਟਿੰਗ ਨੇ ਸਰਬ-ਸੰਮਤੀ ਨਾਲ ਫੈਸਲਾ ਕੀਤਾ ਕਿ 16 ਜਨਵਰੀ ਨੂੰ ਸਾਰੀਆਂ ਜਥੇਬੰਦੀਆਂ ਵੱਲੋਂ ਸਾਂਝੇ ਤੌਰ 'ਤੇ ਪੰਜਾਬ ਦੇ ਸਾਰੇ ਜ਼ਿਲ੍ਹਾ ਹੈੱਡਕੁਆਟਰਾਂ ਤੇ ਡੀ ਸੀ ਦਫਤਰਾਂ ਦੇ ਸਾਹਮਣੇ 12 ਵਜੇ ਤੋਂ 3 ਵਜੇ ਤੱਕ ਧਰਨੇ ਦਿੱਤੇ ਜਾਣਗੇ। ਆਗੂਆਂ ਨੇ ਕਿਹਾ ਕਿ ਜਿੱਥੇ ਬਿਜਲੀ ਸੋਧ ਬਿੱਲ ਸਮਾਜ ਦੇ ਸਾਰੇ ਤਬਕਿਆਂ 'ਤੇ ਹਮਲਾ ਹੈ, ਉੱਥੇ ਹੀ ਚਾਰ ਲੇਬਰ ਕੋਡ ਅਤੇ ਮਗਨਰੇਗਾ ਨੂੰ ਰੱਦ ਕਰਕੇ ਬਣਾਇਆ ਨਵਾਂ ਕਾਨੂੰਨ ਮਜ਼ਦੂਰਾਂ ਦੇ ਖਿਲਾਫ ਵੱਡਾ ਹਮਲਾ ਹੈ। ਇਸ ਤੋਂ ਇਲਾਵਾ ਬੀਜ ਬਿੱਲ 2025 ਅਤੇ ਮੁਕਤ ਵਪਾਰ ਸਮਝੌਤੇ ਵੀ ਸਮੁੱਚੇ ਖੇਤੀ ਖੇਤਰ ਨੂੰ ਤਬਾਹ ਕਰਨ ਦੀ ਸਾਜ਼ਿਸ਼ ਹੈ। ਇਸ ਲਈ 16 ਜਨਵਰੀ ਦੇ ਧਰਨੇ, ਜਿਹੜੇ ਪਹਿਲਾਂ ਪਾਵਰਕਾਮ ਦੇ ਨਿਗਰਾਨ ਇੰਜੀਨੀਅਰ ਦਫਤਰਾਂ ਸਾਹਮਣੇ ਲਗਾਏ ਜਾਣੇ ਸਨ, ਹੁਣ ਜ਼ਿਲ੍ਹਾ ਹੈੱਡ ਕੁਆਟਰਾਂ 'ਤੇ 12 ਵਜੇ ਤੋਂ ਤਿੰਨ ਵਜੇ ਤੱਕ ਡਿਪਟੀ ਕਮਿਸ਼ਨਰ ਦਫਤਰਾਂ ਸਾਹਮਣੇ ਲਗਾਏ ਜਾਣਗੇ। ਇਹਨਾਂ ਧਰਨਿਆਂ ਦੀ ਤਿਆਰੀ ਵਾਸਤੇ 28 ਦਸੰਬਰ ਤੋਂ ਚਾਰ ਜਨਵਰੀ ਤੱਕ ਜਾਗਰੂਕਤਾ ਹਫਤਾ ਮਨਾਇਆ ਜਾਵੇਗਾ। ਇਸ ਹਫਤੇ ਦੌਰਾਨ ਪਿੰਡਾਂ ਵਿੱਚ ਨਿੱਜੀਕਰਨ ਦੇ ਇਹਨਾਂ ਹਮਲਿਆਂ ਖਿਲਾਫ ਝੰਡਾ ਮਾਰਚ, ਢੋਲ ਮੁਜ਼ਾਹਰੇ, ਟਰੈਕਟਰ ਮਾਰਚ, ਮੋਟਰਸਾਈਕਲ ਮਾਰਚ, ਰੈਲੀਆਂ ਅਤੇ ਮੀਟਿੰਗਾਂ ਰਾਹੀਂ ਪ੍ਰਚਾਰ ਕਰਕੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ।

ਡਿਪਟੀ ਕਮਿਸ਼ਨਰ ਦਫਤਰਾਂ ਅੱਗੇ ਦਿੱਤੇ ਜਾਣ ਵਾਲੇ ਧਰਨਿਆਂ ਦੀ ਸਾਰੇ ਜ਼ਿਲ੍ਹਿਆਂ ਵਿੱਚ ਠੋਸ ਵਿਉਂਤਬੰਦੀ ਕਰਨ ਲਈ ਸਾਰੀਆਂ ਕਿਸਾਨ, ਮਜ਼ਦੂਰ, ਮੁਲਾਜ਼ਮ, ਵਿਦਿਆਰਥੀ, ਨੌਜਵਾਨ ਅਤੇ ਔਰਤ ਜਥੇਬੰਦੀਆਂ ਸਮੇਤ ਸਾਰੀਆਂ ਸੰਘਰਸ਼ਸ਼ੀਲ ਜਥੇਬੰਦੀਆਂ ਦੀਆਂ ਜ਼ਿਲ੍ਹਾ ਪੱਧਰੀ ਸਾਂਝੀਆਂ ਮੀਟਿੰਗਾਂ 10 ਜਨਵਰੀ ਨੂੰ ਕੀਤੀਆਂ ਜਾਣਗੀਆਂ।

ਸੰਯੁਕਤ ਕਿਸਾਨ ਮੋਰਚਾ ਨੇ ਕੇਂਦਰ ਦੇ ਪੇਂਡੂ ਵਿਕਾਸ ਮੰਤਰਾਲਾ ਅਤੇ ਪੰਚਾਇਤੀ ਰਾਜ ਮੰਤਰਾਲਾ ਵੱਲੋਂ ਸਾਰੇ ਦੇਸ਼ ਦੀਆਂ ਪੰਚਾਇਤਾਂ ਨੂੰ ਜਾਰੀ ਕੀਤੇ ਗਏ ਉਸ ਹੁਕਮ ਦਾ ਸਖਤ ਨੋਟਿਸ ਲਿਆ, ਜਿਸ ਵਿੱਚ ਪੰਚਾਇਤਾਂ ਨੂੰ ਗ੍ਰਾਮ ਸਭਾਵਾਂ ਬੁਲਾ ਕੇ ਮਗਨਰੇਗਾ ਦੀ ਥਾਂ ਨਵੇਂ ਲਿਆਂਦੇ ਕਾਨੂੰਨ ਦੇ ਹੱਕ • ਬਾਕੀ ਸਫਾ 2 'ਤੇ

# ਫਿਰਕੂ ਧਰੁਵੀਕਰਨ ਵਿਰੁੱਧ ਵੱਡੇ ਤੇ ਸਾਂਝੇ ਸੰਘਰਸ਼ ਦੀ ਲੋੜ : ਬੰਤ ਬਰਾੜ

## ਅਰਸ਼ੀ ਵੱਲੋਂ ਅਨੁਸ਼ਾਸਨਬੱਧ ਖੱਬੀ ਲਹਿਰ ਉਸਾਰਨ ਦਾ ਸੱਦਾ



**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਸੀ ਪੀ ਆਈ ਵੱਲੋਂ ਸ਼ੁੱਕਰਵਾਰ ਆਪਣੇ ਦਫਤਰ ਆਰੀਆ ਸਮਾਜ ਚੌਕ ਵਿਖੇ ਪਾਰਟੀ ਦਾ 100 ਵਾਂ ਸਥਾਪਨਾ ਦਿਵਸ ਇਨਕਲਾਬੀ ਜੋਸ਼ੋ-ਖਰੋਸ਼ ਨਾਲ ਮਨਾਇਆ ਗਿਆ। ਝੰਡਾ ਝੁਲਾਉਣ ਦੀ ਰਸਮ ਮਜ਼ਦੂਰ ਆਗੂ ਮਿੱਠੂ ਸਿੰਘ ਘੁੱਦਾ ਵੱਲੋਂ ਕੀਤੀ ਗਈ। ਇਸ ਸਮੇਂ ਇਕੱਠੇ ਹੋਏ ਆਗੂਆਂ ਤੇ ਵਰਕਰਾਂ ਵੱਲੋਂ ਮਜ਼ਦੂਰਾਂ, ਕਿਸਾਨਾਂ ਅਤੇ ਹੋਰ ਦੱਬੇ-ਕੁਚਲੇ ਲੋਕਾਂ ਨੂੰ ਇਨਸਾਫ ਦਿਵਾਉਣ ਲਈ ਸੰਘਰਸ਼ ਹੋਰ ਤੇਜ਼ ਕਰਨ ਦਾ ਅਹਿਦ ਵੀ ਲਿਆ ਗਿਆ। ਪ੍ਰੋਗਰਾਮ ਤੋਂ ਬਾਅਦ ਹਰਨੇਕ ਸਿੰਘ ਆਲੀਕੇ ਅਤੇ ਮੱਖਣ ਸਿੰਘ ਜੋਧਪੁਰ ਦ ੀ • ਬਾਕੀ ਸਫਾ 2 'ਤੇ

# 'ਜੀ ਰਾਮ ਜੀ' ਖਿਲਾਫ ਨਰੇਗਾ ਮਜ਼ਦੂਰ ਜਥੇਬੰਦੀਆਂ ਵੱਲੋਂ ਸੰਘਰਸ਼ ਦਾ ਐਲਾਨ



**ਚੰਡੀਗੜ੍ਹ** : ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਮਨਰੇਗਾ ਦਾ ਨਾਂਅ ਬਦਲ ਕੇ ਦੇਸ਼ ਦੇ ਕਰੋੜਾਂ ਮਜ਼ਦੂਰਾਂ ਤੋਂ ਰੋਟੀ ਖੋਹਣ ਖਿਲਾਫ 1 ਜਨਵਰੀ ਤੋਂ ਪੰਜਾਬ ਅੰਦਰ 'ਭਾਜਪਾ ਭਜਾਓ, ਆਪ ਭਜਾਓ' ਰੁਜ਼ਗਾਰ ਬਚਾਓ ਰੈਲੀਆਂ ਅਤੇ 8 ਜਨਵਰੀ ਨੂੰ ਬਰਨਾਲਾ ਵਿਖੇ ਸਾਂਝੀ ਸੂਬਾ ਪੱਧਰੀ ਕਨਵੈਨਸ਼ਨ ਕੀਤੀ ਜਾਵੇਗੀ। ਇਹ ਐਲਾਨ ਸ਼ੁੱਕਰਵਾਰ ਇੱਥੇ ਅਜੇ ਭਵਨ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਵੱਖ-ਵੱਖ ਮਜ਼ਦੂਰ ਜਥੇਬੰਦੀਆਂ ਦੇ ਬਣੇ 'ਮਨਰੇਗਾ ਰੁਜ਼ਗਾਰ ਬਚਾਓ ਸੰਯੁਕਤ ਮਜ਼ਦੂਰ ਮੋਰਚਾ' ਵੱਲੋਂ ਕੀਤਾ ਗਿਆ। ਇਸ ਮੌਕੇ ਮਜ਼ਦੂਰ ਆਗੂਆਂ ਨੇ ਕਿਹਾ ਕਿ ਪੇਂਡੂ ਰੁਜ਼ਗਾਰ ਅਧਿਕਾਰ ਬਚਾਉਣ ਲਈ ਲੋੜ ਪੈਣ 'ਤੇ ਮਜ਼ਦੂਰ ਦਿੱਲੀ ਵੱਲ ਵੀ ਕੂਚ ਕਰਨਗੇ।

ਮਜ਼ਦੂਰ ਮੁਕਤੀ ਮੋਰਚਾ ਆਜ਼ਾਦ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓ, ਮੱਖਣ ਸਿੰਘ ਰਾਮਗੜ੍ਹ, ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਕਸ਼ਮੀਰ ਸਿੰਘ ਗਦਾਈਆ, • ਬਾਕੀ ਸਫਾ 2 'ਤੇ

# ਸੀ ਪੀ ਆਈ ਸ਼ਾਨਾਮੱਤੇ ਇਤਿਹਾਸ ਦੀ ਵਾਰਸ : ਹਰਭਜਨ

## • ਸਾਮਰਾਜ ਵਿਰੋਧੀ ਸਾਂਝੀ ਜੰਗ ਸਮੇਂ ਦੀ ਲੋੜ : ਧਾਲੀਵਾਲ, ਮਾੜੀਮੇਘਾ • ਦਵਿੰਦਰ ਸੋਹਲ ਸਕੱਤਰ ਚੁਣੇ ਗਏ



**ਤਰਨ ਤਾਰਨ** : ਭਾਰਤੀ ਕਮਿਊਨਿਸਟ ਪਾਰਟੀ ਦੀ 100ਵੀਂ ਵਰ੍ਹੇਗੰਢ 'ਤੇ ਤਰਨ ਤਾਰਨ ਜ਼ਿਲ੍ਹੇ ਨਾਲ ਸੰਬੰਧਤ ਖੇਤ ਮਜ਼ਦੂਰ ਸਭਾ ਦੇ ਸੂਬਾਈ ਪ੍ਰਧਾਨ ਸਵਰਨ ਸਿੰਘ ਨਾਗੋਕੇ ਨੂੰ ਸਮਰਪਤ ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਤਰਨ ਤਾਰਨ ਦਾ ਡੈਲੀਗੇਟ ਇਜਲਾਸ ਸਥਾਨਕ ਰਾਮਗੜ੍ਹੀਆ ਬੁੰਗਾ ਵਿਖੇ ਸੁਖਚੈਨ ਸਿੰਘ, ਕਿਰਨਜੀਤ ਕੌਰ ਵਲਟੋਹਾ ਤੇ ਚਰਨ ਸਿੰਘ ਦੀ ਪ੍ਰਧਾਨਗੀ ਹੇਠ ਕੀਤਾ ਗਿਆ। ਝੰਡਾ ਲਹਿਰਾਉਣ ਦੀ ਰਸਮ ਸੀਨੀਅਰ ਕਮਿਊਨਿਸਟ ਆਗੂ ਹਰਭਜਨ ਸਿੰਘ ਤੇ ਭੈਣ ਨਰਿੰਦਰਪਾਲ ਪਾਲ਼ੀ ਨੇ ਨਿਭਾਈ।ਭਾਰਤੀ ਕਮਿਊਨਿਸਟ • ਬਾਕੀ ਸਫਾ 2 'ਤੇ

# 'ਜੀ ਰਾਮ ਜੀ' ਖਿਲਾਫ ਪੰਜਾਬ ਭਰ 'ਚ ਪ੍ਰਦਰਸ਼ਨ




**ਸ਼ਾਹਕੋਟ (ਗਿਆਨ ਸੈਦਪੁਰੀ)**

ਕੇਂਦਰ ਸਰਕਾਰ ਵੱਲੋਂ ਮਨਰੇਗਾ ਨੂੰ ਖਤਮ ਕਰਕੇ 'ਜੀ ਰਾਮ ਜੀ' 'ਤੇ ਗ੍ਰਾਮ ਸਭਾਵਾਂ ਰਾਹੀਂ ਜਨਤਕ ਮੋਹਰ ਲਵਾਉਣ ਖਿਲਾਫ ਸ਼ੁੱਕਰਵਾਰ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਸੱਦੇ 'ਤੇ ਪੰਜਾਬ ਭਰ 'ਚ ਰੋਸ ਪ੍ਰਦਰਸ਼ਨ ਕੀਤੇ ਗਏ। ਸਾਂਝੇ ਮਜ਼ਦੂਰ ਮੋਰਚੇ ਦੀ ਤਰਫੋਂ ਬਿਆਨ ਜਾਰੀ ਕਰਦਿਆਂ ਮਜ਼ਦੂਰ ਆਗੂ ਲਛਮਣ ਸਿੰਘ ਸੇਵੇਵਾਲਾ ਨੇ ਦੱਸਿਆ ਕਿ ਜਲੰਧਰ, ਕਪੂਰਥਲਾ, ਹੁਸ਼ਿਆਰਪੁਰ, ਗੁਰਦਾਸਪੁਰ, ਲੁਧਿਆਣਾ, ਤਰਨ ਤਾਰਨ, ਮੋਗਾ, ਫਰੀਦਕੋਟ, ਸ੍ਰੀ ਮੁਕਤਸਰ ਸਾਹਿਬ, ਬਠਿੰਡਾ, ਸੰਗਰੂਰ, ਬਰਨਾਲਾ , ਮਲੇਰਕੋਟਲਾ, ਪਟਿਆਲਾ ਤੇ ਨਵਾਂ ਸ਼ਹਿਰ ਆਦਿ ਜ਼ਿਲ੍ਹਿਆਂ ਦੇ ਸੈਂਕੜੇ ਪਿੰਡਾਂ, ਕਸਬਿਆਂ ਤੇ ਸ਼ਹਿਰਾਂ 'ਚ ਕੇਂਦਰ ਸਰਕਾਰ ਦੀਆਂ ਅਰਥੀਆਂ ਤੋਂ ਇਲਾਵਾ ਨਵੇਂ ਕਾਨੂੰਨ ਦੀਆਂ ਕਾਪੀਆਂ ਵੀ ਸਾੜੀਆਂ ਗਈਆਂ। • ਬਾਕੀ ਸਫਾ 2 'ਤੇ

# ਮਾਨ ਨੇ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਮੱਥਾ ਟੇਕਿਆ



**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ੁੱਕਰਵਾਰ ਸਵੇਰੇ ਇੱਥੇ ਇਤਿਹਾਸਕ ਗੁਰਦਆਰਾ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਨਤਮਸਤਕ ਹੋ ਕੇ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਜੀ ਦੀ ਲਾਸਾਨੀ ਕੁਰਬਾਨੀ ਨੂੰ ਸਿਜਦਾ ਕੀਤਾ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਵੱਲੋਂ ਜ਼ਮੀਰ ਦੀ ਆਵਾਜ਼ ਅਨੁਸਾਰ ਧਰਮ ਅਪਨਾਉਣ ਦੇ ਮਨੁੱਖੀ ਹੱਕ ਦੀ ਰਾਖੀ ਲਈ ਕੀਤੀ ਗਈ ਲਾਸਾਨੀ ਕੁਰਬਾਨੀ ਮਨੁੱਖੀ ਇਤਿਹਾਸ ਵਿੱਚ ਲਾਮਿਸਾਲ ਘਟਨਾ ਹੈ।

# ਭਾਰਤੀ ਸਟੂਡੈਂਟ ਦੀ ਹੱਤਿਆ



**ਟੋਰਾਂਟੋ** : ਇੱਥੇ ਟੋਰਾਂਟੋ ਯੂਨੀਵਰਸਿਟੀ ਦੇ ਸਕਾਰਬਰੋ ਕੈਂਪਸ ਨੇੜੇ 20 ਸਾਲਾ ਭਾਰਤੀ ਪੀ ਐੱਚ ਡੀ ਵਿਦਿਆਰਥੀ ਸ਼ਿਵਾਂਕ ਅਵਸਥੀ ਦੀ ਮੰਗਲਵਾਰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਪੁਲਸ ਨੇ ਦੱਸਿਆ ਕਿ ਸ਼ੱਕੀ ਵਿਅਕਤੀ ਪੁਲਸ ਦੇ ਪਹੁੰਚਣ ਤੋਂ ਪਹਿਲਾਂ ਹੀ ਇਲਾਕੇ ਵਿੱਚੋਂ ਫਰਾਰ ਹੋ ਗਿਆ।

# ਰੰਗਦਾਰ ਵਿਸ਼ੇਸ਼ ਸਪਲੀਮੈਂਟ



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ **ਤਰਸ਼ਿੱਕਾ** ਅੰਮ੍ਰਿਤਸਰ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਸਾਡੇ ਪੱਤਰਕਾਰ **ਤਰਸੇਮ ਸਿੰਘ ਸਾਧਪੁਰ** ਨਾਲ ਤਰਸੇਮ ਫੋਟੋ ਸਟੂਡੀਓ ਖੁਜਾਲਾ ਜਾਂ ਮੋਬਾਇਲ ਨੰਬਰ 99882-03163 'ਤੇ ਸੰਪਰਕ ਕੀਤਾ ਜਾ ਸਕਦਾ ਹੈ। **-ਜਨਰਲ ਮੈਨੇਜਰ**

# ਅੱਜ-ਨਾਮਾ

ਦਿੱਤੀ ਸੂਚਨਾ ਕਹਿੰਦੇ ਆਸਟਰੇਲੀਆ ਨੇ,
ਨਕਲੀ ਵਿਕਦੀ ਹੈ ਬਹੁਤ ਦਵਾਈ ਬੇਲੀ।
ਦਵਾਈ ਖਾਸ ਆ ਦੱਸੀ ਹਲਕਾਅ ਵਾਲੀ,
ਚਿੰਤਾ ਬਾਹਲੀ ਹੈ ਜੀਹਨੇ ਵਧਾਈ ਬੇਲੀ।
ਰੁਲਦੀ ਮੀਡੀਏ ਵਿੱਚ ਵੀ ਖਬਰ ਫਿਰਦੀ,
ਹਰਕਤ ਬਹੁਤੀ ਨਾ ਕਿਸੇ ਵਿਖਾਈ ਬੇਲੀ।
ਦਵਾਈ ਪੁਰਾਣੀ ਸੀ ਦੋ ਕੁ ਸਾਲ ਕਹਿੰਦੇ,
ਖਬਰ ਆ ਲੋਕਾਂ ਤੋਂ ਗਈ ਛੁਪਾਈ ਬੇਲੀ।
ਆ ਗਈ ਬਾਹਰ ਤੇ ਖਬਰ ਗੰਭੀਰ ਦਿੱਸੀ,
ਹੋਊ ਕੋਈ ਅਮਲ ਆ ਸੋਚਦੇ ਲੋਕ ਬੇਲੀ।
ਕਰਦਾ ਉਲਟ ਸੰਕੇਤ ਇਤਹਾਸ ਪਿਛਲਾ,
ਇੰਜ ਹੀ ਰਹਿੰਦੇ ਹਨ ਬੁੱਕਦੇ ਬੋਕ ਬੇਲੀ।

-ਤੀਸ ਮਾਰ ਖਾਂ

# ਦਿੱਲੀ ਹਾਈ ਕੋਰਟ ਅੱਗੇ ਪ੍ਰਦਰਸ਼ਨ

**ਨਵੀਂ ਦਿੱਲੀ** : ਉਨਾਓ ਜਬਰ-ਜ਼ਨਾਹ ਕੇਸ ਵਿੱਚ ਦੋਸ਼ੀ ਕਰਾਰ ਦਿੱਤੇ ਗਏ ਕੁਲਦੀਪ ਸੇਂਗਰ ਦੀ ਸਜ਼ਾ ਮੁਅੱਤਲ ਕੀਤੇ ਜਾਣ ਦੇ ਵਿਰੋਧ ਵਿੱਚ ਸ਼ੁੱਕਰਵਾਰ ਦਿੱਲੀ ਹਾਈ ਕੋਰਟ ਦੇ ਬਾਹਰ ਪ੍ਰਦਰਸ਼ਨ ਕੀਤਾ ਗਿਆ। ਪ੍ਰਦਰਸ਼ਨਕਾਰੀਆਂ ਨੇ ਹੱਥਾਂ ਵਿੱਚ ਤਖਤੀਆਂ ਫੜ ਕੇ ਉਨਾਓ ਬਲਾਤਕਾਰ ਪੀੜਤਾ ਦੇ ਸਮਰਥਨ ਵਿੱਚ 'ਬਲਾਤਕਾਰੀਆਂ ਨੂੰ ਸੁਰੱਖਿਆ ਦੇਣੀ ਬੰਦ ਕਰੋ' ਵਰਗੇ ਨਾਅਰੇ ਲਾਏ। ਇਸ ਪ੍ਰਦਰਸ਼ਨ ਵਿੱਚ ਆਲ ਇੰਡੀਆ ਡੈਮੋਕ੍ਰੇਟਿਕ ਵੂਮੈਨ ਐਸੋਸੀਏਸ਼ਨ ਦੀਆਂ ਮਹਿਲਾ ਕਾਰਕੁਨਾਂ ਦੇ ਨਾਲ ਕਾਰਕੁਨ ਯੋਗਿਤਾ ਭਯਾਨਾ ਅਤੇ ਪੀੜਤਾ ਦੀ ਮਾਂ ਨੇ ਵੀ ਹਿੱਸਾ ਲਿਆ। ਪੀੜਤਾ ਦੀ ਮਾਂ ਨੇ ਕਿਹਾ ਕਿ ਉਹ ਪੂਰੀ ਹਾਈ ਕੋਰਟ ਨੂੰ ਦੋਸ਼ੀ ਨਹੀਂ ਠਹਿਰਾ ਰਹੇ, ਸਗੋਂ ਸਿਰਫ ਉਨ੍ਹਾਂ ਦੋ ਜੱਜਾਂ ਨੂੰ ਹੀ, ਜਿਨ੍ਹਾਂ ਦੇ ਫੈਸਲੇ ਨੇ ਉਨ੍ਹਾਂ ਦਾ ਭਰੋਸਾ ਤੋੜ ਦਿੱਤਾ ਹੈ।

ਮਾਂ ਨੇ ਅੱਗੇ ਕਿਹਾ ਕਿ ਪਹਿਲੇ ਜੱਜਾਂ ਨੇ ਪਰਵਾਰ ਨੂੰ ਇਨਸਾਫ ਦਿੱਤਾ ਸੀ, ਪਰ ਹੁਣ ਦੋਸ਼ੀ ਨੂੰ ਜ਼ਮਾਨਤ ਦੇ ਦਿੱਤੀ ਗਈ ਹੈ, ਜੋ ਕਿ ਉਨ੍ਹਾਂ ਦੇ ਪਰਵਾਰ ਨਾਲ ਬੇਇਨਸਾਫ਼ੀ ਹੈ। ਦਿੱਲੀ ਹਾਈ ਕੋਰਟ ਨੇ ਮੰਗਲਵਾਰ ਨੂੰ ਸੇਂਗਰ ਨੂੰ ਰਿਹਾਅ ਕਰਨ ਦੇ ਹੁਕਮ ਦਿੱਤੇ ਸਨ, ਜੋ ਕਿ ਦਸੰਬਰ 2019 ਵਿੱਚ ਹੇਠਲੀ ਅਦਾਲਤ ਵੱਲੋਂ ਦਿੱਤੀ ਗਈ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ। ਅਦਾਲਤ ਨੇ ਆਪਣੇ ਹੁਕਮਾਂ ਵਿੱਚ ਨਿਰਦੇਸ਼ ਦਿੱਤੇ ਸਨ ਕਿ ਭਾਜਪਾ ਦਾ ਸਾਬਕਾ ਵਿਧਾਇਕ ਨਾ ਹੀ ਪੀੜਤਾ ਜਾਂ ਉਸ ਦੀ ਮਾਂ ਨੂੰ ਧਮਕਾਏਗਾ। ਹਾਲਾਂਕਿ ਸੇਂਗਰ ਅਜੇ ਜੇਲ੍ਹ ਵਿੱਚ ਹੀ ਰਹੇਗਾ, ਕਿਉਂਕਿ ਉਹ ਪੀੜਤਾ ਦੇ ਪਿਤਾ ਦੀ ਹਿਰਾਸਤ ਵਿੱਚ ਹੋਈ ਮੌਤ ਦੇ ਸੰਬੰਧ ਵਿੱਚ 10 ਸਾਲ ਦੀ ਸਜ਼ਾ ਵੀ ਕੱਟ ਰਿਹਾ ਹੈ।

# ਡਿਲੀਵਰੀ ਬੁਆਇਜ਼ 31 ਨੂੰ ਹੜਤਾਲ ਕਰਨਗੇ



**ਨਵੀਂ ਦਿੱਲੀ** : ਉਜਰਤ, ਸਲਾਮਤੀ ਤੇ ਕੰਮ ਹਾਲਤਾਂ ਨੂੰ ਲੈ ਕੇ ਡਿਲੀਵਰੀ ਬੁਆਇਜ਼, ਕਾਰ ਡਰਾਈਵਰਾਂ ਤੇ ਹੋਮ ਸਰਵਿਸ ਵਰਕਰਾਂ ਨੇ 31 ਦਸੰਬਰ ਨੂੰ ਦੇਸ਼ਵਿਆਪੀ ਹੜਤਾਲ ਦੀ ਯੋਜਨਾ ਬਣਾਈ ਹੈ। ਇਸ ਵਿੱਚ ਸਵਿਗੀ, ਜ਼ੋਮੈਟੋ, ਜ਼ੇਪਟੋ, ਬਲਿੰਕਇਟ, ਐਮਾਜ਼ੋਨ ਤੇ ਫਲਿਪਕਾਰਟ ਲਈ ਕੰਮ ਕਰਦੇ ਵਰਕਰ ਹਿੱਸਾ ਲੈਣਗੇ। ਇਨ੍ਹਾਂ ਦੀਆਂ ਮੰਗਾਂ ਹਨ ਕਿ ਘੱਟੋ-ਘੱਟ ਉਜਰਤ ਯਕੀਨੀ ਬਣਾਈ ਜਾਵੇ, ਕਾਰਾਂ ਤੇ ਬਾਈਕਾਂ ਵਾਲਿਆਂ ਨੂੰ ਪ੍ਰਤੀ ਘੰਟੇ ਦੇ ਘੱਟੋ-ਘੱਟ 20 ਰੁਪਏ ਦਿੱਤੇ ਜਾਣ, ਦਿਹਾੜੀ 8 ਘੰਟੇ ਦੀ ਹੋਵੇ ਤੇ ਉਸ ਤੋਂ ਬਾਅਦ ਓਵਰਟਾਈਮ ਦਿੱਤਾ ਜਾਵੇ, ਹਾਦਸੇ, ਬਿਮਾਰੀ ਤੇ ਹੋਰ ਐਮਰਜੈਂਸੀ ਦੌਰਾਨ ਲਾਭ ਦਿੱਤੇ ਜਾਣ ਅਤੇ 10 ਮਿੰਟ ਵਿੱਚ ਡਿਲੀਵਰੀ ਦਾ ਮਾਡਲ ਖਤਮ ਕੀਤਾ ਜਾਵੇ, ਕਿਉਂਕਿ ਕਾਹਲੀ ਵਿੱਚ ਹਾਦਸੇ ਹੁੰਦੇ ਹਨ। ਇਨ੍ਹਾਂ ਦੀ ਰਾਤ 11 ਵਜੇ ਤੋਂ ਬਾਅਦ ਧੁੰਦ ਸਮੇਂ ਲੇਟ ਡਿਲੀਵਰੀ ਬੰਦ ਕਰਨ ਦੀ ਵੀ ਮੰਗ ਹੈ।

# ਰਾਜਸਥਾਨ 'ਚ ਮਸਜਿਦ ਨੇੜੇ ਪਥਰਾਅ, ਇੰਟਰਨੈੱਟ ਬੰਦ

**ਜੈਪੁਰ** : ਰਾਜਸਥਾਨ ਦੇ ਚੋਮੂ ਕਸਬੇ ਵਿੱਚ ਮਸਜਿਦ ਦੇ ਨੇੜੇ ਕਥਿਤ ਕਬਜ਼ੇ ਨੂੰ ਲੈ ਕੇ ਜਾਰੀ ਵਿਵਾਦ ਕਾਰਨ ਹੋਈ ਪੱਥਰਬਾਜ਼ੀ ਦੀ ਘਟਨਾ ਤੋਂ ਬਾਅਦ ਸ਼ੁੱਕਰਵਾਰ ਸੁਰੱਖਿਆ ਸਖਤ ਕਰ ਦਿੱਤੀ ਗਈ ਅਤੇ ਇੰਟਰਨੈੱਟ ਸੇਵਾਵਾਂ ਮੁਅੱਤਲ ਕਰ ਦਿੱਤੀਆਂ ਗਈਆਂ। ਪੁਲਸ ਨੇ ਕਈ ਲੋਕਾਂ ਨੂੰ ਪੁੱਛਗਿੱਛ ਲਈ ਹਿਰਾਸਤ ਵਿੱਚ ਲਿਆ ਹੈ। ਜੈਪੁਰ ਇਹ ਘਟਨਾ ਕਲੰਦਰੀ ਮਸਜਿਦ ਦੇ ਨੇੜੇ ਵਾਪਰੀ, ਜਿੱਥੇ ਕਬਜ਼ੇ ਨੂੰ ਲੈ ਕੇ ਪਿਛਲੇ ਕੁਝ ਸਮੇਂ ਤੋਂ ਵਿਵਾਦ ਚੱਲ ਰਿਹਾ ਸੀ। ਇੱਕ ਧਿਰ ਨੇ ਪਹਿਲਾਂ ਸਵੈ-ਇੱਛਾ ਨਾਲ ਵਿਵਾਦਤ ਕਬਜ਼ਾ ਹਟਾ ਦਿੱਤਾ ਸੀ, ਪਰ ਜਦੋਂ ਕੁਝ ਵਿਅਕਤੀਆਂ ਨੇ ਉੱਥੇ ਲੋਹੇ ਦੇ ਐਂਗਲ ਲਗਾ ਕੇ ਢਾਂਚੇ ਨੂੰ ਪੱਕੇ ਤੌਰ 'ਤੇ ਮੁੜ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਤਾਂ ਤਣਾਅ ਵਧ ਗਿਆ। ਜਦੋਂ ਪੁਲਸ ਨੇ ਇਨ੍ਹਾਂ ਨਾਜਾਇਜ਼ ਉਸਾਰੀਆਂ ਨੂੰ ਹਟਾਉਣ ਲਈ ਦਖਲ ਦਿੱਤਾ ਤਾਂ ਕੁਝ ਲੋਕਾਂ ਨੇ ਪੁਲਸ ਮੁਲਾਜ਼ਮਾਂ 'ਤੇ ਪੱਥਰਬਾਜ਼ੀ ਕੀਤੀ।




27-DEC-PAGE-1.qxd 12/26/2025 10:36 PM Page 2



## ਚਾਇਨਾ ਡੋਰ ਦੇ 1004 ਗੱਟੂਆਂ ਸਮੇਤ ਮੁਲਜ਼ਮ ਗ੍ਰਿਫ਼ਤਾਰ

### ਚਾਇਨਾ ਡੋਰ ਦੀ ਵਿਕਰੀ ਤੇ ਵਰਤੋਂ ਦੋਵੇਂ ਕਾਨੂੰਨੀ ਜੁਰਮ : ਡੀ ਐੱਸ ਪੀ



**ਧੂਰੀ (ਬਿੰਨੀ ਗਰਗ, ਮੋਹਿਤ ਗਰਗ, ਮਨੋਹਰ ਸਿੰਘ ਸੱਗੂ)**-ਜ਼ਿਲ੍ਹਾ ਸੰਗਰੂਰ ਵਿੱਚ ਚਾਇਨਾ ਡੋਰ ਦੀ ਗੈਰ-ਕਾਨੂੰਨੀ ਵਿਕਰੀ ਖ਼ਿਲਾਫ਼ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਤਹਿਤ ਧੂਰੀ ਪੁਲਸ ਨੂੰ ਵੱਡੀ ਸਫ਼ਲਤਾ ਹਾਸਲ ਹੋਈ ਹੈ।ਧੂਰੀ ਪੁਲਸ ਨੇ ਚਾਇਨਾ ਡੋਰ ਦੇ 1004 ਗੁੱਟ ਬਰਾਮਦ ਕਰਦੇ ਹੋਏ ਇਕ ਮੁਲਜ਼ਮ ਨੂੰ ਕਾਬੂ ਕੀਤਾ ਹੈ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਉੱਪ ਕਪਤਾਨ ਪੁਲਸ ਧੂਰੀ ਗੁਰਪ੍ਰੀਤ ਸਿੰਘ ਨੇ ਥਾਣਾ ਸਿਟੀ ਧੂਰੀ ਵਿਖੇ ਥਾਣਾ ਮੁਖੀ ਇੰਸਪੈਕਟਰ ਜਸਵੀਰ ਸਿੰਘ ਤੂਰ ਦੀ ਹਾਜ਼ਰੀ ਵਿੱਚ ਬੁਲਾਈ ਗਈ ਪ੍ਰੈੱਸ ਵਾਰਤਾ ਦੌਰਾਨ ਦੱਸਿਆ ਕਿ ਇਹ ਕਾਰਵਾਈ ਜ਼ਿਲ੍ਹਾ ਪੁਲਸ ਮੁਖੀ ਸੰਗਰੂਰ ਸਰਤਾਜ ਸਿੰਘ ਚਹਿਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕੀਤੀ ਗਈ ਹੈ।ਉਨ੍ਹਾਂ ਦੱਸਿਆ ਕਿ ਥਾਣਾ ਸਿਟੀ ਧੂਰੀ ਦੀ ਪੁਲਸ ਪਾਰਟੀ ਨੂੰ ਗਸ਼ਤ ਦੌਰਾਨ ਸੂਚਨਾ ਮਿਲੀ ਕਿ ਜਤਿੰਦਰ ਕੁਮਾਰ ਨਾਮਕ ਵਿਅਕਤੀ ਚਾਇਨਾ ਡੋਰ ਲਿਆ ਕੇ ਧੂਰੀ ਸ਼ਹਿਰ ਵਿੱਚ ਵੇਚ ਰਿਹਾ ਹੈ ਤੇ ਉਸ ਦੇ ਬੱਸ ਸਟੈਂਡ ਰੋਡ ਉੱਤੇ ਸਥਿਤ ਸਟੋਰ ਵਿੱਚ ਵੱਡੀ ਮਾਤਰਾ ਵਿੱਚ ਚਾਇਨਾ ਡੋਰ ਮੌਜੂਦ ਹੈ।ਸੂਚਨਾ ਦੇ ਆਧਾਰ 'ਤੇ ਪੁਲਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਸਟੋਰ 'ਤੇ ਛਾਪਾ ਮਾਰਿਆ, ਜਿੱਥੋਂ 1004 ਗੁੱਟ ਚਾਇਨਾ ਡੋਰ ਬਰਾਮਦ ਕੀਤੇ ਗਏ।ਡੀ.ਐੱਸ.ਪੀ. ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਮੁਲਜ਼ਮ ਖ਼ਿਲਾਫ਼ ਸੰਬੰਧਤ ਧਾਰਾਵਾਂ ਹੇਠ ਮਾਮਲਾ ਦਰਜ ਕਰਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਤੇ ਪੁੱਛਗਿੱਛ ਜਾਰੀ ਹੈ।ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਚਾਇਨਾ ਡੋਰ ਦੀ ਵਿਕਰੀ ਤੇ ਵਰਤੋਂ ਦੋਵੇਂ ਹੀ ਕਾਨੂੰਨੀ ਅਪਰਾਧ ਹਨ। ਭਵਿੱਖ ਵਿੱਚ ਵੀ ਚਾਇਨਾ ਡੋਰ ਵੇਚਣ ਤੇ ਵਰਤਣ ਵਾਲੇ ਵਿਅਕਤੀਆਂ ਖ਼ਿਲਾਫ਼ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

## ਸਨਾਤਨੀ ਹਿੰਦੂਆਂ 'ਤੇ ਹੋ ਰਹੇ ਜ਼ੁਲਮ ਨੂੰ ਰੋਕਣ ਲਈ ਕੇਂਦਰ ਸਰਕਾਰ ਸਖ਼ਤ ਕਦਮ ਚੁੱਕੇ : ਐਡ. ਰਜਿੰਦਰ ਪਾਲ ਆਨੰਦ

**ਦੋਰਾਹਾ (ਹਰਮਿੰਦਰ ਸੇਠ)**-ਸ੍ਰੀ ਰਾਜਿੰਦਰ ਪਾਲ ਆਨੰਦ ਐਡਵੋਕੇਟ, ਰਾਸ਼ਟਰੀ ਸੀਨੀਅਰ ਮੀਤ ਪ੍ਰਧਾਨ ਸ਼੍ਰੀ ਹਿੰਦੂ ਤਖ਼ਤ ਭਾਰਤ (ਮੁੱਖ ਦਫ਼ਤਰ ਕਾਲੀ ਮਾਤਾ ਮੰਦਰ) ਨੇ ਕਿਹਾ ਕਿ ਪਿਛਲੇ ਕੁਝ ਸਮੇਂ ਤੋਂ ਬੰਗਲਾਦੇਸ਼ 'ਚ ਰਹਿ ਰਹੇ ਸਨਾਤਨੀ ਹਿੰਦੂਆਂ 'ਤੇ ਜ਼ੁਲਮ ਦੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ।ਉਨ੍ਹਾਂ ਦੋਸ਼ ਲਾਇਆ ਕਿ ਕੱਟੜ ਪੰਥੀ ਤੱਤਾਂ ਵੱਲੋਂ ਹਿੰਦੂ ਮੰਦਰਾਂ ਤੇ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਨੂੰ ਨੁਕਸਾਨ ਪੁਚਾਇਆ ਜਾ ਰਿਹਾ ਹੈ, ਹਿੰਦੂਆਂ ਦੇ ਘਰਾਂ ਨੂੰ ਅੱਗ ਲਾਈ ਜਾ ਰਹੀ ਹੈ ਤੇ ਕਈ ਥਾਂਵਾਂ 'ਤੇ ਝੂਠੇ ਦੋਸ਼ਾਂ ਹੇਠ ਸਨਾਤਨੀ ਹਿੰਦੂਆਂ ਨਾਲ ਹਿੰਸਕ ਵਤੀਰਾ ਅਪਣਾਇਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਇਹ ਘਟਨਾਵਾਂ ਬਹੁਤ ਹੀ ਚਿੰਤਾਜਨਕ ਹਨ ਅਤੇ ਹੁਣ ਜ਼ੁਲਮ ਦੀ ਹੱਦ ਪਾਰ ਹੋ ਚੁੱਕੀ ਹੈ।ਐਡਵੋਕੇਟ ਆਨੰਦ ਨੇ ਕਿਹਾ ਕਿ ਭਾਰਤ ਸਰਕਾਰ, ਖ਼ਾਸਕਰ ਕੇਂਦਰ ਦੀ ਮੋਦੀ ਸਰਕਾਰ, ਨੂੰ ਇਸ ਮਾਮਲੇ 'ਚ ਬੰਗਲਾਦੇਸ਼ ਸਰਕਾਰ ਨਾਲ ਕੂਟਨੀਤਿਕ ਪੱਧਰ 'ਤੇ ਸਖ਼ਤ ਕਦਮ ਚੁੱਕਣੇ ਚਾਹੀਦੇ ਹਨ, ਤਾਂ ਜੁ ਉਥੇ ਰਹਿੰਦੇ ਸਨਾਤਨੀ ਹਿੰਦੂਆਂ ਦੀ ਜਾਨ-ਮਾਲ ਦੀ ਸੁਰੱਖਿਆ ਯਕੀਨੀ ਬਣਾਈ ਜਾ ਸਕੇ।ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਇਹ ਜ਼ੁਲਮ ਨਾ ਰੁਕਿਆ ਤਾਂ ਹਿੰਦੂ ਜਥੇਬੰਦੀਆਂ ਵੱਲੋਂ ਲੋਕਤੰਤਰਕ ਅਤੇ ਕਾਨੂੰਨੀ ਢੰਗ ਨਾਲ ਆਪਣਾ ਵਿਰੋਧ ਦਰਜ ਕਰਾਇਆ ਜਾਵੇਗਾ। ਐਡਵੋਕੇਟ ਆਨੰਦ ਨੇ ਇਸ ਸਾਰੀ ਸਥਿਤੀ ਲਈ ਸੰਬੰਧਤ ਸਰਕਾਰਾਂ ਨੂੰ ਜ਼ਿੰਮੇਵਾਰ ਠਹਿਰਾਇਆ ਤੇ ਮੰਗ ਕੀਤੀ ਕਿ ਅੰਤਰਰਾਸ਼ਟਰੀ ਮੰਚਾਂ 'ਤੇ ਵੀ ਇਹ ਮਸਲਾ ਉਠਾਇਆ ਜਾਵੇ।

## ਪੰਜਾਬੀ ਯੂਨੀਵਰਸਿਟੀ ਦੀ ਬੀ ਲਿਬ. ਦੀ ਪ੍ਰੀਖਿਆ 'ਚ 345 'ਚੋਂ 245 ਵਿਦਿਆਰਥੀ ਫ਼ੇਲ੍ਹ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਪੰਜਾਬੀ ਯੂਨੀਵਰਸਿਟੀ ਦੇ ਬੀ ਲਿਬ. (ਬੈਚਲਰ ਆਫ ਲਾਇਬ੍ਰੇਰੀ) ਕੋਰਸ ਦਾ ਨਤੀਜਾ ਵਿਦਿਆਰਥੀਆਂ ਲਈ ਕਿਸੇ ਮਾਨਸਿਕ ਸਦਮੇ ਤੋਂ ਘੱਟ ਨਹੀਂ ਰਿਹਾ।ਜੂਨ ਮਹੀਨੇ ਵਿੱਚ ਹੋਈਆਂ ਪ੍ਰੀਖਿਆਵਾਂ ਦੇ ਆਏ ਨਤੀਜਿਆਂ ਨੇ ਯੂਨੀਵਰਸਿਟੀ ਦੀ ਕਾਰਜ ਪ੍ਰਣਾਲੀ 'ਤੇ ਵੱਡੇ ਸਵਾਲੀਆ ਚਿੰਨ੍ਹ ਲਗਾ ਦਿੱਤੇ ਹਨ।ਇੱਕੋ ਵਿਸ਼ੇ ਵਿੱਚੋਂ 70 ਪ੍ਰਤੀਸ਼ਤ ਤੋਂ ਵੱਧ ਵਿਦਿਆਰਥੀਆਂ ਨੂੰ ਫੇਲ੍ਹ ਕਰ ਦਿੱਤੇ ਜਾਣ ਕਾਰਨ ਜਿੱਥੇ ਵਿਦਿਆਰਥੀ ਦਫ਼ਤਰਾਂ ਦੇ ਗੇੜੇ ਲਾਉਣ ਲਈ ਮਜਬੂਰ ਹਨ, ਉੱਥੇ ਹੀ ਉਨ੍ਹਾਂ ਦਾ ਅਕਾਦਮਿਕ ਸਾਲ ਵੀ ਦਾਅ 'ਤੇ ਲੱਗ ਗਿਆ ਹੈ।ਬੀ ਲਿਬ. ਦੂਜੇ ਸਮੈਸਟਰ ਦੀ ਪ੍ਰੀਖਿਆ 3 ਤੇ 4 ਜੂਨ ਨੂੰ ਸੀ ਸੀ ਵਿਭਾਗ ਵਿਖੇ 'ਕੋਲਨ ਕਲਾਸੀਫਿਕੇਸ਼ਨ' ਤੇ 'ਡੇਵੀ ਡੈਸੀਮਲ ਕਲਾਸੀਫਿਕੇਸ਼ਨ ਦੇ ਪ੍ਰੈਕਟੀਕਲ' ਤਿੰਨ ਸੈੱਟਾਂ ਵਿੱਚ ਲਏ ਗਏ ਸਨ। ਪ੍ਰੀਖਿਆ ਦੌਰਾਨ ਨਕਲ ਦੀ ਸ਼ਿਕਾਇਤ ਮਿਲਣ 'ਤੇ ਫਲਾਇੰਗ ਸਕੁਐਡ ਨੇ ਸਖ਼ਤੀ ਦਿਖਾਉਂਦਿਆਂ ਵਿਸ਼ਾ ਅਧਿਆਪਕਾਂ ਨੂੰ ਡਿਊਟੀ ਤੋਂ ਹਟਾ ਦਿੱਤਾ ਸੀ।ਹੁਣ ਨਵੰਬਰ ਵਿੱਚ ਆਏ ਨਤੀਜੇ ਅਨੁਸਾਰ ਪ੍ਰੀਖਿਆ ਦੇਣ ਵਾਲੇ 345 ਵਿਦਿਆਰਥੀਆਂ ਵਿੱਚੋਂ 245 ਨੂੰ ਫੇਲ੍ਹ ਦੱਸਿਆ ਗਿਆ ਹੈ।ਵਿਦਿਆਰਥੀਆਂ ਨੇ ਰੋਸ ਜ਼ਾਹਰ ਕਰਦਿਆਂ ਦੱਸਿਆ ਕਿ ਨਤੀਜਾ ਆਉਣ ਤੋਂ ਪਹਿਲਾਂ ਯੂਨੀਵਰਸਿਟੀ ਨੇ ਉਨ੍ਹਾਂ ਤੋਂ ਮੋਟੀਆਂ ਫੀਸਾਂ ਵਸੂਲ ਕੇ ਐੱਮ ਲਿਬ. ਵਿੱਚ ਦਾਖਲਾ ਦੇ ਦਿੱਤਾ ਸੀ, ਪਰ ਹੁਣ ਬੀ ਲਿਬ. ਵਿੱਚ ਰੀ-ਅਪੀਅਰ ਹੋਣ ਕਾਰਨ ਉਨ੍ਹਾਂ ਨੂੰ ਐੱਮ ਲਿਬ. ਦੀ ਪ੍ਰੀਖਿਆ ਵਿੱਚ ਬੈਠਣ ਦੇ ਅਯੋਗ ਕਰਾਰ ਦਿੱਤਾ ਜਾ ਰਿਹਾ ਹੈ।ਵਿਦਿਆਰਥੀਆਂ ਦਾ ਕਹਿਣਾ ਹੈ ਕਿ ਇੰਨੀ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਦਾ ਫੇਲ੍ਹ ਹੋਣਾ ਪ੍ਰੀਖਿਆ ਪ੍ਰਣਾਲੀ ਦੀ ਅਸਫਲਤਾ ਹੈ।ਅਸੀਂ ਫੀਸਾਂ ਭਰ ਚੁੱਕੇ ਹਾਂ, ਪਰ ਹੁਣ ਸਾਡਾ ਸਾਲ ਬਰਬਾਦ ਕੀਤਾ ਜਾ ਰਿਹਾ ਹੈ। ਵਿਦਿਆਰਥੀਆਂ ਦੇ ਦਬਾਅ ਹੇਠ ਯੂਨੀਵਰਸਿਟੀ ਨੇ ਐੱਮ ਲਿਬ ਦੀ ਡੇਟਸ਼ੀਟ ਤਾਂ ਅੱਗੇ ਪਾ ਦਿੱਤੀ ਹੈ, ਪਰ ਸਵਾਲ ਉਹੀ ਹੈ ਕਿ ਜੇਕਰ ਵਿਦਿਆਰਥੀ ਬੀ ਲਿਬ. ਵਿੱਚੋਂ ਪਾਸ ਨਾ ਹੋਏ ਤਾਂ ਉਨ੍ਹਾਂ ਦੇ ਦਾਖਲੇ ਦਾ ਕੀ ਬਣੇਗਾ? ਇਹ ਮਾਮਲਾ ਹੁਣ ਯੂਨੀਵਰਸਿਟੀ ਵਿੱਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਕਿ ਕੀ ਇਹ ਸਖ਼ਤੀ ਸੀ ਜਾਂ ਕੋਈ ਵੱਡੀ ਗਲਤੀ?

### ਪੇਪਰਾਂ ਦੀ ਮੁੜ ਚੈਕਿੰਗ ਜਲਦ ਕੀਤੀ ਜਾਵੇਗੀ ਮੁਕੰਮਲ : ਕੰਟਰੋਲਰ

ਪੰਜਾਬੀ ਯੂਨਰਸਿਟੀ ਕੰਟਰੋਲਰ ਪ੍ਰੀਖਿਆਵਾਂ ਡਾ. ਮਨੀਸ਼ ਕਪੂਰ ਦਾ ਕਹਿਣਾ ਹੈ ਕਿ ਮਸਲਾ ਗੰਭੀਰ ਹੈ ਤੇ ਉਨ੍ਹਾਂ ਦੇ ਧਿਆਨ ਵਿੱਚ ਹੈ। ਪੇਪਰਾਂ ਦੀ ਮੁੜ ਚੈਕਿੰਗ ਕਰਵਾਈ ਜਾ ਰਹੀ ਹੈ ਤੇ ਇਹ ਪ੍ਰਕਿਰਿਆ ਜਲਦ ਪੂਰੀ ਹੋਣ ਦੀ ਆਸ ਹੈ।ਕੰਟਰੋਲਰ ਨੇ ਕਿਹਾ ਕਿ ਐੱਮ ਲਿਬ. ਦੀ ਪ੍ਰੀਖਿਆ 9 ਦਸੰਬਰ ਨੂੰ ਹੋਣੀ ਸੀ, ਪਰ ਉਕਤ ਵਿਦਿਆਰਥੀਆਂ ਦੀ ਸਮੱਸਿਆ ਨੂੰ ਸਮਝਦਿਆਂ ਫਿਲਹਾਲ ਡੇਟਸ਼ੀਟ ਰੋਕ ਲਈ ਹੈ ਤੇ ਪਿਛਲਾ ਨਤੀਜਾ ਜਲਦ ਸਪੱਸ਼ਟ ਕਰ ਕੇ ਐੱਮ ਲਿਬ. ਦੀ ਡੇਟਸ਼ੀਟ ਘੋਸ਼ਿਤ ਕੀਤੀ ਜਾਵੇਗੀ।ਵੱਡੀ ਪੱਧਰ 'ਤੇ ਫੇਲ੍ਹ ਹੋਣ ਦੇ ਮਾਮਲੇ ਵਿੱਚ ਕਿੱਥੇ ਗਲਤੀ ਹੋਈ ਹੈ? ਮੁੜ ਚੈਕਿੰਗ ਵਿੱਚ ਕਾਫੀ ਕੁਝ ਸਪੱਸ਼ਟ ਹੋ ਜਾਵੇਗਾ।

## ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਨੇ ਲੰਗਰ ਲਾਇਆ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਇਕਾਈ ਵੱਲੋਂ ਸ਼ਹੀਦੀ ਸਭਾ (ਸ੍ਰੀ ਫ਼ਤਿਹਗੜ੍ਹ ਸਾਹਿਬ) ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਤ ਫ਼ਿਰੋਜ਼ਪੁਰ ਸ਼ਹਿਰ ਵਿਚ ਸੇਵਾਰਥ ਵਿਦਿਆਰਥੀ (ਐੱਸਐੱਸ) ਦੁਆਰਾ ਦੁੱਧ-ਬਿਸਕੁਟ ਦਾ ਲੰਗਰ ਲਾਇਆ ਗਿਆ ਅਤੇ ਆਉਣ-ਜਾਣ ਵਾਲੀਆਂ ਸੰਗਤਾਂ ਨੂੰ ਲੰਗਰ ਛਕਾਇਆ ਗਿਆ। ਇਸ ਮੌਕੇ 'ਤੇ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਪੰਜਾਬ ਦੇ ਪ੍ਰਦੇਸ਼ ਮੰਤਰੀ ਜਸਕਰਨ ਭੁੱਲਰ, ਪ੍ਰਦੇਸ਼ ਉਪਾਧਿਆਕਸ਼ ਹਰਜਿੰਦਰ ਸਿੰਘ ਨਾਗਪਾਲ, ਵਿਭਾਗ ਪ੍ਰਮੁੱਖ ਸਤਵਿੰਦਰ ਸਿੰਘ ਸਮਰਾ, ਜ਼ਿਲ੍ਹਾ ਪ੍ਰਮੁੱਖ ਦਿਨੇਸ਼ ਸ਼ਰਮਾ, ਨਗਰ ਪ੍ਰਧਾਨ ਅਤੇ ਪ੍ਰਦੇਸ਼ ਕਾਰਜਕਾਰੀ ਮੈਂਬਰ ਡਾ. ਧੀਰਜ ਦੇਵਗਨ, ਨਗਰ ਮੰਤਰੀ ਅਤੇ ਸਹਿ ਜ਼ਿਲ੍ਹਾ ਸੰਯੋਜਕ ਅਵਨੂਰ ਸਿੰਘ, ਸ਼ਹੀਦ ਭਗਤ ਸਿੰਘ ਯੂਨੀਵਰਸਿਟੀ ਇਕਾਈ ਪ੍ਰਧਾਨ ਮਨਜੋਤ ਸਿੰਘ, ਵਿਭਾਗ ਸੰਗਠਨ ਮੰਤਰੀ ਅਰਚਿਤ ਚੌਧਰੀ, ਕ੍ਰਿਸ਼, ਜਤਿਨ, ਸੰਜੀਵ ਸ਼ਰਮਾ, ਗੌਰਵ ਆਦਿ ਕਾਰਜਕਰਤਾ ਹਾਜ਼ਰ ਸਨ। ਉਨ੍ਹਾਂ ਛੋਟੇ ਸ਼ਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਕਿਹਾ ਕਿ ਦਸਮ ਪਾਤਸ਼ਾਹ ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੁਨੀਆਂ ਵਿੱਚ ਸਭ ਤੋਂ ਵੱਡੀ ਤੇ ਬਿਲੱਖਣ ਕੁਰਬਾਨੀ ਹੈ, ਜਿਸ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ।

## ਕੈਬਨਿਟ ਮੰਤਰੀ ਈ ਟੀ ਓ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਹੋਏ ਨਤਮਸਤਕ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਕੈਬਨਿਟ ਮੰਤਰੀ ਸ੍ਰੀ ਹਰਭਜਨ ਸਿੰਘ ਈਟੀਓ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਨਤਮਸਤਕ ਹੋਏ।ਇਸ ਪਾਵਨ ਅਸਥਾਨ 'ਤੇ ਮੱਥਾ ਟੇਕ ਕੇ ਉਨ੍ਹਾਂ ਨੇ ਗੁਰੂ ਸਾਹਿਬਾਨ ਦੇ ਚਰਨਾਂ ਵਿੱਚ ਹਾਜ਼ਰੀ ਭਰੀ ਤੇ ਆਤਮਕ ਸ਼ਾਂਤੀ ਪ੍ਰਾਪਤ ਕੀਤੀ।ਉਨ੍ਹਾਂ ਨਾਲ ਵਿਧਾਇਕ (ਬਠਿੰਡਾ ਸ਼ਹਿਰੀ) ਜਗਰੂਪ ਸਿੰਘ ਗਿੱਲ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਜਿੱਥੇ ਸਰਬੱਤ ਦੇ ਭਲੇ ਲਈ ਅਰਦਾਸ ਕਰਾਈ, ਉੱਥੇ ਉਨ੍ਹਾਂ ਦੇਸ਼ ਤੇ ਪੰਜਾਬ ਦੀ ਚੜ੍ਹਦੀ ਕਲਾ, ਭਾਈਚਾਰਕ ਸਾਂਝ, ਅਮਨ-ਸ਼ਾਂਤੀ ਅਤੇ ਖੁਸ਼ਹਾਲੀ ਲਈ ਕਾਮਨਾ ਕੀਤੀ।ਈਟੀਓ ਨੇ ਆਉਣ ਵਾਲੇ ਨਵੇਂ ਸਾਲ ਦੇ ਸੰਦਰਭ 'ਚ ਵੀ ਗੁਰੂ ਘਰ ਵਿੱਚ ਅਰਦਾਸ ਕਰਦਿਆਂ ਇਹ ਕਾਮਨਾ ਕੀਤੀ ਕਿ ਨਵਾਂ ਵਰ੍ਹਾ ਪੰਜਾਬ ਵਾਸੀਆਂ ਲਈ ਤਰੱਕੀ, ਖੁਸ਼ਹਾਲੀ ਤੇ ਸਮਾਜਿਕ ਏਕਤਾ ਦਾ ਸੁਨੇਹਾ ਲੈ ਕੇ ਆਵੇ।

## ਵਤਰੁਖ ਫਾਊਂਡੇਸ਼ਨ ਵੱਲੋਂ ਮਾਹਵਾਰੀ ਸਫ਼ਾਈ ਤੇ ਮਹਿਲਾ ਸਿਹਤ ਬਾਰੇ ਜਾਗਰੂਕਤਾ ਵਰਕਸ਼ਾਪਾਂ



**ਦੋਰਾਹਾ (ਹਰਮਿੰਦਰ ਸੇਠ)**-ਔਰਤਾਂ ਲਈ ਨਿੱਜੀ ਸਫ਼ਾਈ ਤੇ ਮਾਹਵਾਰੀ ਦੇ ਦੌਰਾਨ ਸਹੀ ਦੇਖਭਾਲ ਬਹੁਤ ਮਹੱਤਵਪੂਰਨ ਹੈ, ਪਰ ਸਮਾਜ 'ਚ ਇਸ ਨੂੰ ਅਕਸਰ ਵਰਜਿਤ ਵਿਸ਼ਾ ਮੰਨ ਕੇ ਅਣਦੇਖਾ ਕਰ ਦਿੱਤਾ ਜਾਂਦਾ ਹੈ।ਇਸ ਸੋਚ ਨੂੰ ਬਦਲਣ ਤੇ ਮਹਿਲਾਵਾਂ ਤੇ ਕੁੜੀਆਂ ਨੂੰ ਜਾਗਰੂਕ ਕਰਨ ਦੇ ਉਦੇਸ਼ ਨਾਲ ਵਤਰੁਖ ਫਾਊਂਡੇਸ਼ਨ ਵੱਲੋਂ ਮਾਹਵਾਰੀ ਸਫ਼ਾਈ ਤੇ ਮਹਿਲਾ ਸਿਹਤ ਸਬੰਧੀ ਜਾਗਰੂਕਤਾ ਵਰਕਸ਼ਾਪਾਂ ਦਾ ਆਯੋਜਨ ਕੀਤਾ ਗਿਆ।ਵਤਰੁਖ ਫਾਊਂਡੇਸ਼ਨ ਦੀ ਡਾਇਰੈਕਟਰ ਸਮਿਤਾ ਕੌਰ ਨੇ ਨਨਕਾਣਾ ਸਾਹਿਬ ਸਕੂਲ, ਪਿੰਡ ਰਾਮਪੁਰ (ਲੁਧਿਆਣਾ) ਅਤੇ ਸਤਿਨਾਮ ਨਗਰ ਵਿੱਚ ਇਹ ਵਰਕਸ਼ਾਪਾਂ ਕਰਾਈਆਂ।ਵਰਕਸ਼ਾਪਾਂ ਦੌਰਾਨ ਮਾਹਵਾਰੀ ਸਮੇਂ ਸਫ਼ਾਈ ਬਣਾਈ ਰੱਖਣ, ਮਾਹਵਾਰੀ ਨਾਲ ਸੰਬੰਧਤ ਸਿਹਤ ਸਮੱਸਿਆਵਾਂ, ਸਹੀ ਪੋਸ਼ਣ ਤੇ ਸਮੁੱਚੀ ਦੇਖਭਾਲ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ।ਸਮਿਤਾ ਕੌਰ ਨੇ ਕਿਹਾ ਕਿ ਮਾਹਵਾਰੀ ਬਾਰੇ ਸਹੀ ਸਿੱਖਿਆ ਤੇ ਖੁੱਲ੍ਹੀ ਚਰਚਾ ਬਹੁਤ ਜ਼ਰੂਰੀ ਹੈ, ਤਾਂ ਜੁ ਕੁੜੀਆਂ ਤੇ ਮਹਿਲਾਵਾਂ ਆਤਮਵਿਸ਼ਵਾਸ ਨਾਲ ਆਪਣੇ ਸਵਾਲ ਪੁੱਛ ਸਕਣ ਅਤੇ ਸਮਾਜ ਵਿੱਚ ਫੈਲੀਆਂ ਗਲਤ ਧਾਰਣਾਵਾਂ ਤੋਂ ਮੁਕਤ ਹੋ ਸਕਣ।ਉਨ੍ਹਾਂ ਜ਼ੋਰ ਦਿੱਤਾ ਕਿ ਮਾਹਵਾਰੀ ਜੀਵਨ ਦਾ ਇੱਕ ਕੁਦਰਤੀ ਤੇ ਅਟੁੱਟ ਹਿੱਸਾ ਹੈ, ਇਸ ਨੂੰ ਵਰਜਿਤ ਸਮਝਣਾ ਗਲਤ ਹੈ।ਵਰਕਸ਼ਾਪਾਂ ਨੂੰ ਵਿਦਿਆਰਥਣਾਂ ਤੇ ਮਹਿਲਾਵਾਂ ਵੱਲੋਂ ਭਰਪੂਰ ਸਮਰਥਨ ਮਿਲਿਆ।ਭਾਗੀਦਾਰਾਂ ਨੇ ਇਸ ਤਰ੍ਹਾਂ ਦੇ ਜਾਗਰੂਕਤਾ ਕਾਰਜਕ੍ਰਮਾਂ ਨੂੰ ਬਹੁਤ ਲਾਭਕਾਰੀ ਦੱਸਦਿਆਂ ਭਵਿੱਖ 'ਚ ਵੀ ਇਸ ਕਿਸਮ ਦੀਆਂ ਵਰਕਸ਼ਾਪਾਂ ਕਰਾਉਣ ਦੀ ਮੰਗ ਕੀਤੀ ਗਈ।

## ਭਾਸ਼ਾ ਵਿਭਾਗ ਵੱਲੋਂ ਵਰਲਡ 'ਵਰਸਿਟੀ ਵਿਖੇ ਧਾਰਮਿਕ ਕਵੀ ਦਰਬਾਰ



**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਭਾਸ਼ਾ ਵਿਭਾਗ ਪੰਜਾਬ ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਸਮਰਪਤ ਕਵੀ ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫ਼ਤਿਹਗੜ੍ਹ ਸਾਹਿਬ ਵਿੱਚ ਕਰਵਾਇਆ ਗਿਆ।ਇਸ ਸਮਾਗਮ ਵਿੱਚ ਸਾਹਿਤ ਸਭਾ ਮੰਡੀ ਗੋਬਿੰਦਗੜ੍ਹ ਤੋਂ ਉਪਕਾਰ ਸਿੰਘ ਦਿਆਲਪੁਰੀ, ਪੰਜਾਬੀ ਲਿਖਾਰੀ ਸਭਾ ਸਰਹਿੰਦ ਤੋਂ ਬਲਤੇਜ ਸਿੰਘ ਬਠਿੰਡਾ, ਪੰਜਾਬੀ ਚੇਤਨਾ ਸਾਹਿਤ ਸਭਾ ਸਰਹਿੰਦ ਤੋਂ ਹਾਕਮ ਸਿੰਘ ਤੇ ਸਾਹਿਤ ਸਭਾ ਅਮਲੋਹ ਤੋਂ ਬਲਵੀਰ ਸਿੰਘ ਵਿਸ਼ੇਸ਼ ਤੌਰ ਉੱਤੇ ਸ਼ਾਮਲ ਹੋਏ।ਸਹਾਇਕ ਡਾਇਰੈਕਟਰ ਤੇ ਜ਼ਿਲ੍ਹਾ ਭਾਸ਼ਾ ਅਫ਼ਸਰ ਜਸਪ੍ਰੀਤ ਕੌਰ ਨੇ ਕਿਹਾ ਕਿ ਨੌਜਵਾਨਾਂ ਨੂੰ ਸਾਹਿਤ ਤੇ ਇਤਿਹਾਸ ਨੂੰ ਪੜ੍ਹਨ ਦੀ ਬਹੁਤ ਜ਼ਰੂਰਤ ਹੈ।ਵਾਈਸ ਚਾਂਸਲਰ ਡਾ. ਪ੍ਰਿਤਪਾਲ ਸਿੰਘ ਨੇ ਕਿਹਾ ਕਿ ਭਾਸ਼ਾ ਵਿਭਾਗ ਦਾ ਸ਼ਹੀਦਾਂ ਦੀ ਯਾਦ ਨੂੰ ਸਮਰਪਤ ਕਵੀ ਧਾਰਮਿਕ ਦਰਬਾਰ ਬਹੁਤ ਸ਼ਾਨਦਾਰ ਉਪਰਾਲਾ ਹੈ। ਕਵੀ ਦਰਬਾਰ ਦੀ ਸ਼ੁਰੂਆਤ ਵਿੱਚ ਰਾਮ ਸਿੰਘ ਅਲਬੇਲਾ ਨੇ ਲੋਕ ਸਾਜ਼ ਤੂੰਬੀ ਨਾਲ ਆਪਣੀ ਰਚਨਾ ਪੇਸ਼ ਕੀਤੀ।ਇਸ ਪਿੱਛੋਂ ਕਵੀ ਰਣਜੀਤ ਸਿੰਘ, ਉਪਕਾਰ ਸਿੰਘ ਦਿਆਲਪੁਰੀ, ਸੰਤ ਸਿੰਘ ਸੋਹਲ, ਅਮਰਜੀਤ ਸ਼ੇਰਪੁਰੀ, ਅਮਰਬੀਰ ਸਿੰਘ ਚੀਮਾ, ਹਰੀ ਸਿੰਘ ਚਮਕ, ਕੁਲਵੰਤ ਸਿੰਘ ਜੱਸਲ, ਅਮ੍ਰਿਤਪਾਲ ਕੌਰ, ਹਰਪਾਲ ਸਿੰਘ ਪਾਲ, ਸ਼ਮਸ਼ੇਰ ਸਿੰਘ ਰਾਣਵਾਂ, ਸੁਰਜੀਤ ਸਿੰਘ ਸੀਤਲ, ਕਿਰਨਪ੍ਰੀਤ ਸਿੰਘ, ਬਰਜਿੰਦਰ ਸਿੰਘ ਸੋਹਲ, ਗੁਰਪ੍ਰੀਤ ਸਿੰਘ ਬੀੜ ਕਿਸ਼ਨ, ਪ੍ਰੋ. ਸੁਹਿੰਦਰਬੀਰ ਸਿੰਘ ਅਮ੍ਰਿਤਸਰ, ਅਮਰਜੀਤ ਸਿੰਘ ਸ਼ੇਰਪੁਰੀ, ਜਗਪਾਲ ਸਿੰਘ ਜੱਗਾ ਜਮਾਲਪੁਰੀ, ਹਰਦੀਪ ਸਿੰਘ ਕਲਮ ਗਹੌਣ, ਜਸਵਿੰਦਰ ਸਿੰਘ ਕਾਈਨੌਰ, ਹਰਬੰਸ ਸਿੰਘ, ਡਿੰਪਲਜੋਤ ਕੌਰ, ਪ੍ਰਭਜੋਤ ਕੌਰ, ਗੁਰਲੀਨ ਕੌਰ, ਚਾਹਤਦੀਪ ਕੌਰ, ਹਰੀ ਸਿੰਘ ਚਮਕ, ਡਾ. ਹਰਦੇਵ ਸਿੰਘ, ਮਹਿੰਦਰ ਸਿੰਘ ਮਿੰਦੀ, ਤਰਨਜੀਤ ਕੌਰ ਗਰੇਵਾਲ, ਅਵਤਾਰ ਸਿੰਘ ਮਾਨਸਾ, ਤਾਰਾ ਸਿੰਘ ਮਠਿਆੜਾ, ਮਲਕੀਤ ਸਿੰਘ ਨਾਗਰਾ, ਅਨੁਵੀਰ ਕੌਰ ਤੇ ਬਲਤੇਜ ਸਿੰਘ ਬਠਿੰਡਾ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦੀਆਂ ਆਪਣੀਆਂ ਕਵਿਤਾਵਾਂ ਸਰੋਤਿਆਂ ਨੂੰ ਸੁਣਾਈਆਂ। ਭਾਸ਼ਾ ਵਿਭਾਗ ਵੱਲੋਂ ਵਾਇਸ ਚਾਂਸਲਰ ਡਾ. ਪਰਿਤਪਾਲ ਸਿੰਘ, ਡਾ. ਜਗਜੀਤ ਸਿੰਘ ਡਿਪਟੀ ਰਜਿਸਟਰਾਰ, ਡਾ. ਸਿਕੰਦਰ ਸਿੰਘ ਡੀਨ ਵਿਦਿਆਰਥੀ ਭਲਾਈ ਵਿਭਾਗ, ਡਾ. ਹਰਦੇਵ ਸਿੰਘ, ਡਾ. ਨਵਸ਼ਗਨ ਕੌਰ, ਕੰਵਲਜੀਤ ਕੌਰ ਸਾਬਕਾ ਸਹਾਇਕ ਡਾਇਰੈਕਟਰ ਭਾਸ਼ਾ ਵਿਭਾਗ, ਡਾ. ਸੰਤੋਖ ਸਿੰਘ ਸੁੱਖੀ, ਡਾ. ਮਨਜਿੰਦਰ ਸਿੰਘ ਦਾ ਸਨਮਾਨ ਕੀਤਾ ਗਿਆ।

## ਮਨੁੱਖਤਾ ਦੇ ਭਲੇ ਲਈ ਖ਼ੂਨਦਾਨ ਕੈਂਪ ਲਾਇਆ



**ਪਟਿਆਲਾ (ਰਾਜਿੰਦਰ ਥਿੰਦ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਸ਼੍ਰੋਮਣੀ ਅਕਾਲੀ ਦਲ ਜ਼ਿਲਾ ਪਟਿਆਲਾ ਸ਼ਹਿਰੀ ਵੱਲੋਂ ਗੁਰਦੁਆਰਾ ਸ੍ਰੀ ਦੁਖਨਿਵਾਰਨ ਸਾਹਿਬ ਵਿਖੇ ਪੰਚਮੀ ਦੇ ਦਿਹਾੜੇ ਲੰਗਰ ਹਾਲ ਦੇ ਵਰਾਂਡੇ ਵਿੱਚ ਮਨੁੱਖਤਾ ਦੇ ਭਲੇ ਲਈ ਖ਼ੂਨਦਾਨ ਕੈਂਪ ਲਾਇਆ ਗਿਆ।ਕੈਂਪ ਸ਼ਹਿਰੀ ਪ੍ਰਧਾਨ ਅਮਿਤ ਸਿੰਘ ਰਾਠੀ ਵੱਲੋਂ ਹਰਮੀਤ ਸਿੰਘ ਬਡੂੰਗਰ ਸਾਬਕਾ ਪ੍ਰਧਾਨ ਬੀ.ਸੀ.ਵਿੰਗ ਪਟਿਆਲਾ ਸ਼ਹਿਰੀ ਦੀ ਅਗਵਾਈ ਹੇਠ ਲਾਇਆ ਗਿਆ।ਖ਼ੂਨਦਾਨੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕਰਦਿਆਂ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਠੰਡ ਦੇ ਮੌਸਮ 'ਚ ਖ਼ੂਨਦਾਨ ਕੈਂਪ ਲਾਉਣਾ ਅਤੇ ਨੌਜਵਾਨਾਂ ਵੱਲੋਂ ਖ਼ੂਨਦਾਨ ਕਰਨਾ ਮਨੁੱਖਤਾ ਦੇ ਭਲੇ ਲਈ ਵੱਡਾ ਉਦਮ ਹੈ।ਉਨ੍ਹਾਂ ਕਿਹਾ ਲੋੜਵੰਦ ਮਰੀਜ਼ਾਂ ਲਈ ਖ਼ੂਨ ਸੰਜੀਵਨੀ ਦਾ ਕੰਮ ਕਰਦਾ ਹੈ ਤੇ ਇਸ ਦੀ ਮਹੱਤਤਾ ਦਾ ਪਤਾ ਉਸ ਵੇਲੇ ਲੱਗਦਾ ਹੈ ਕਿ ਜਦੋਂ ਖ਼ੁਦ ਆਪ ਨੂੰ ਜਾਂ ਕਿਸੇ ਆਪਣੇ ਨੂੰ ਖ਼ੂਨ ਦੀ ਲੋੜ ਪੈਂਦੀ ਹੈ।ਪ੍ਰੋ. ਬਡੂੰਗਰ ਨੇ ਮਿਸ਼ਨ ਲਾਲੀ ਤੇ ਹਰਿਆਲੀ ਗਰੁੱਪ ਵੱਲੋਂ ਪਿਛਲੇ 20 ਸਾਲਾਂ ਤੋਂ ਖ਼ੂਨਦਾਨ ਕੈਂਪਾਂ ਰਾਹੀਂ ਮਨੁੱਖਤਾ ਦੀ ਕੀਤੀ ਜਾ ਰਹੀ ਸੇਵਾ ਦੀ ਸ਼ਲਾਘਾ ਵੀ ਕੀਤੀ ਤੇ ਇਹ ਸੇਵਾ ਨਿਰੰਤਰ ਜਾਰੀ ਰੱਖਣ ਲਈ ਹੌਸਲਾ ਅਫ਼ਜ਼ਾਈ ਵੀ ਕੀਤੀ।ਮਾਸਟਰ ਮੋਟੀਵੇਟਰ ਹਰਦੀਪ ਸਿੰਘ ਸਨੌਰ ਨੇ ਦੱਸਿਆ ਕਿ ਮਿਸ਼ਨ ਲਾਲੀ ਤੇ ਹਰਿਆਲੀ ਦੀ ਸ਼ੁਰੂਆਤ 2009 ਦੀ ਬਸੰਤ ਪੰਚਮੀ ਮੌਕੇ ਪ੍ਰੋ. ਬਡੂੰਗਰ ਜੀ ਦੇ ਕਰ ਕਮਲਾਂ ਨਾਲ ਹੋਈ ਸੀ, ਜਿਨ੍ਹਾਂ ਦੇ ਆਸ਼ੀਰਵਾਦ ਸਦਕਾ ਇਹ ਸੇਵਾ ਲਗਾਤਾਰ ਜਾਰੀ ਹੈ।ਕੈਂਪ ਵਿਚ ਮੈਨੇਜਰ ਭਾਗ ਸਿੰਘ ਰਾਜਪੁਰਾ, ਸਰਬਜੀਤ ਸਿੰਘ ਆਰ. ਕੇ., ਸੁਖਦੇਵ ਸਿੰਘ ਕਾਹਲਵਾਂ, ਫ਼ਤਹਿ ਸਿੰਘ ਪਟਿਆਲਾ ਤੇ ਹਰਮਨਦੀਪ ਸਿੰਘ ਨੇ ਵਧ-ਚੜ੍ਹ ਕੇ ਸਹਿਯੋਗ ਦਿੱਤਾ।

## 'ਮਾਨਵ ਸੇਵਾ ਉੱਤਮ ਸੇਵਾ' ਵੱਲੋਂ ਮੁਸਕਾਨ ਗਰਗ ਦਾ ਜੱਜ ਬਣਨ 'ਤੇ ਸਨਮਾਨ

ਹਲਕਾ ਨਾਭਾ ਦੀ ਧੀ ਨੇ ਮਾਤਾ-ਪਿਤਾ ਤੇ ਦੇਸ਼ ਦਾ ਨਾਮ ਰੋਸ਼ਨ ਕੀਤਾ ਹੈ : ਵਿਕਾਸ ਮਿੱਤਲ, ਸੁਨੀਲ ਗੁਪਤਾ



**ਨਾਭਾ (ਵਰਿੰਦਰ ਵਰਮਾ)**-ਹਲਕਾ ਨਾਭਾ ਦੀ ਧੀ ਨੇ ਮਾਤਾ-ਪਿਤਾ ਤੇ ਦੇਸ਼ ਦਾ ਨਾਮ ਰੋਸ਼ਨ ਕੀਤਾ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਮਾਨਵ ਸੇਵਾ ਉੱਤਮ ਸੇਵਾ ਸਟੇਟ ਐਵਾਰਡੀ ਸੰਸਥਾ ਦੇ ਮੁੱਖ ਸੇਵਾਦਾਰ ਵਿਕਾਸ ਮਿੱਤਲ, ਸੁਨੀਲ ਗੁਪਤਾ ਨੇ ਨਾਭਾ ਦੀ ਰਹਿਣ ਵਾਲੀ ਧੀ ਦਾ ਜੱਜ ਬਣਨ ਤੇ ਵਿਸ਼ੇਸ਼ ਸਨਮਾਨ ਕਰਨ ਉਪਰੰਤ ਪ੍ਰਗਟਾਏ।ਉਨ੍ਹਾਂ ਕਿਹਾ ਕਿ ਇਹ 23 ਸਾਲਾਂ ਧੀ ਨੇ ਆਪਣੇ ਮਾਤਾ-ਪਿਤਾ, ਹਲਕਾ, ਪੰਜਾਬ ਤੇ ਦੇਸ਼ ਦਾ ਨਾਮ ਚਮਕਾਇਆ ਹੈ।ਸਾਨੂੰ ਸਾਰਿਆਂ ਨੂੰ ਇਸ ਧੀ 'ਤੇ ਮਾਨ ਹੈ।ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਧੀਆਂ ਵੱਡੇ ਅਹੁਦੇ ਉੱਤੇ ਬਿਰਾਜਮਾਨ ਹਨ, ਜੋ ਸਾਡੇ ਮਾਣ ਵਾਲੀ ਗੱਲ ਹੈ।ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਇਨ੍ਹਾਂ ਧੀਆਂ ਨੂੰ ਬਣਦਾ ਮਾਨ ਸਨਮਾਨ ਦਿੱਤਾ ਜਾਵੇ। ਸਨਮਾਨਤ ਹੋਣ ਉਪਰੰਤ ਮੁਸਕਾਨ ਗਰਗ ਨੇ ਕਿਹਾ ਕਿ ਜੇਕਰ ਮਨ ਵਿੱਚ ਕੁਝ ਕਰਨ ਦਾ ਸੱਚਾ ਜਜ਼ਬਾ ਤੇ ਲਗਨ ਹੋਵੇ, ਤਾਂ ਦੁਨੀਆ ਦੀ ਕੋਈ ਵੀ ਮੁਸ਼ਕਲ ਤੁਹਾਨੂੰ ਮੰਜ਼ਿਲ ਤੱਕ ਪਹੁੰਚਣ ਤੋਂ ਨਹੀਂ ਰੋਕ ਸਕਦੀ।ਅਜਿਹਾ ਹੀ ਕੁਝ ਨਾਭਾ ਦੀ ਰਹਿਣ ਵਾਲੀ ਮੁਸਕਾਨ ਗਰਗ ਨੇ 23 ਸਾਲ ਦੀ ਉਮਰ ਵਿਚ ਜੱਜ ਦੇ ਅਹੁਦੇ 'ਤੇ ਪਹੁੰਚ ਕੇ ਇਹ ਸਾਬਿਤ ਕਰ ਦਿੱਤਾ ਕਿ ਕੁੜੀਆਂ ਕਿਸੇ ਨਾਲੋਂ ਘੱਟ ਨਹੀਂ ਹਨ।7ਵੀਂ ਕਲਾਸ ਵਿੱਚ ਪੜ੍ਹਦੇ ਸਮੇਂ ਜਦੋਂ ਉਸ ਨੇ ਟੀਵੀ 'ਤੇ ਇਕ ਜੱਜ ਨੂੰ ਆਰਡਰ ਆਰਡਰ ਕਰਦੇ ਦੇਖਿਆ ਤਾਂ ਉਸ ਨੇ ਤੈਅ ਕਰ ਲਿਆ ਸੀ ਕਿ ਮੈਂ ਇੱਕ ਦਿਨ ਜੱਜ ਬਣਾਂਗੀ।ਮੁਸਕਾਨ ਗਰਗ ਨੇ ਕਿਹਾ ਕਿ ਉਹ ਆਪਣੇ ਮਾਤਾ-ਪਿਤਾ ਦੀ ਮਿਹਨਤ ਸਦਕਾ ਅੱਜ ਇਸ ਮੁਕਾਮ 'ਤੇ ਪਹੁੰਚੀ ਹੈ।ਉਸ ਦੇ ਜੱਜ ਬਣਨ ਦਾ ਸੁਪਨਾ ਅੱਜ ਪੂਰਾ ਹੋ ਗਿਆ।ਇਸ ਮੌਕੇ ਮੁਸਕਾਨ ਦੇ ਪਿਤਾ ਵਿਜੇ ਕੁਮਾਰ ਤੇ ਮਾਤਾ ਰੀਮਾ ਗਰਗ ਨੇ ਕਿਹਾ ਕਿ ਅੱਜ ਅਸੀਂ ਬਹੁਤ ਖੁਸ਼ ਹਾਂ ਕਿ ਸਾਡੀ ਬੱਚੀ ਨੇ ਅੱਜ ਵੱਡਾ ਮੁਕਾਮ ਹਾਸਲ ਕੀਤਾ ਹੈ।ਉਹ ਸ਼ੁਰੂ ਤੋਂ ਪੜ੍ਹਨ ਵਿੱਚ ਹੁਸ਼ਿਆਰ ਸੀ।ਮਾਪਿਆਂ ਨੇ ਕਿਹਾ ਕਿ ਸਾਡੇ ਕੋਲੋਂ ਇਸ ਦੇ ਕਦੇ ਕੁਝ ਨਹੀਂ ਮੰਗਿਆ ਅਤੇ ਨਾ ਕਿਸੇ ਚੀਜ਼ ਦੀ ਡਿਮਾਂਡ ਕੀਤੀ।ਉਸ ਨੇ ਜੱਜ ਬਣ ਕੇ ਅੱਜ ਸਾਡਾ ਸਿਰ ਉੱਚਾ ਕਰ ਦਿੱਤਾ।ਅਸੀਂ ਆਪਣੀ ਕੁੜੀ ਨੂੰ ਹਮੇਸ਼ਾ ਪੁੱਤਰਾਂ ਨਾਲ ਰੱਖਿਆ ਹੈ।ਇਸ ਮੌਕੇ ਵਰੁਣ ਸਿੰਗਲਾ, ਸਾਹਿਲ ਗੁਪਤਾ, ਦੀਪਕ ਕੁਮਾਰ ਜੌਲੀ ਆਦਿ ਹਾਜ਼ਰ ਸਨ।

## ਸਿਲਾਈ ਸਿਖਲਾਈ ਪ੍ਰਾਪਤ ਕਰਨ ਵਾਲੀਆਂ ਲੜਕੀਆਂ ਨੂੰ ਵੰਡੇ ਸਰਟੀਫਿਕੇਟ



**ਮਾਨਸਾ (ਆਤਮਾ ਸਿੰਘ ਪਮਾਰ)**-ਯੂਥ ਵੀਰਾਂਗਨਾਏ ਇਕਾਈ (ਰਜਿ.) ਵੱਲੋਂ ਲੜਕੀਆਂ ਨੂੰ ਸਿਲਾਈ ਆਦਿ ਦੀ ਮੁਫ਼ਤ ਸਿਖਲਾਈ ਦਿੱਤੀ ਜਾਂਦੀ ਹੈ, ਜਿਸ ਤਹਿਤ ਸਿਖਲਾਈ ਪ੍ਰਾਪਤ ਲੜਕੀਆਂ ਨੂੰ ਸਰਟੀਫਿਕੇਟ ਵੰਡੇ ਗਏ ਹਨ।ਸਿਖਲਾਈ ਪ੍ਰਾਪਤ ਇਹ ਲੜਕੀਆਂ ਹੁਣ ਸਿਲਾਈ ਦਾ ਕੰਮ ਸ਼ੁਰੂ ਕਰਕੇ ਆਪਣਾ ਰੁਜ਼ਗਾਰ ਚਲਾ ਸਕਣਗੀਆਂ।ਯੂਥ ਵੀਰਾਂਗਨਾਏ ਕੰਚਨ ਬਾਲਾ ਤੇ ਨੀਤੂ ਅਰੋੜਾ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਜ਼ਿਲ੍ਹੇ ਭਰ 'ਚ ਵੱਖ-ਵੱਖ ਥਾਈਂ ਸਿਲਾਈ ਸਿਖਲਾਈ ਸੈਂਟਰ ਖੋਲ੍ਹੇ ਗਏ ਹਨ, ਜਿਸ ਤਹਿਤ ਸਿਖਲਾਈ ਪ੍ਰਾਪਤ 19 ਲੜਕੀਆਂ ਨੂੰ ਮਾਨਸਾ ਵਿਖੇ ਸਰਟੀਫਿਕੇਟ ਵੰਡੇ ਗਏ ਹਨ। ਸਰਟੀਫਿਕੇਟ ਵੰਡ ਸਮਾਰੋਹ 'ਚ ਮੁੱਖ ਮਹਿਮਾਨ ਵਜੋਂ ਕੌਂਸਲਰ ਡਾ. ਕੰਚਨ ਸੇਠੀ ਅਤੇ ਕੌਂਸਲਰ ਆਯੂਸ਼ੀ ਸ਼ਰਮਾ ਪੁੱਜੇ।ਮਹਿਮਾਨ ਕੌਂਸਲਰਾਂ ਵੱਲੋਂ ਯੂਥ ਵੀਰਾਂਗਨਾਏ ਦੇ ਇਸ ਕਾਰਜ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜੋ ਲੜਕੀਆਂ ਫੀਸ ਆਦਿ ਦੇ ਕੇ ਸਿਖਲਾਈ ਪ੍ਰਾਪਤ ਨਹੀਂ ਕਰ ਸਕਦੀਆਂ, ਉਹ ਮੁਫ਼ਤ 'ਚ ਸਿਖਲਾਈ ਲੈ ਕੇ ਹੁਣ ਕੰਮ ਸ਼ੁਰੂ ਕਰ ਸਕਣਗੀਆਂ।ਉਨ੍ਹਾਂ ਸਰਟੀਫਿਕੇਟ ਹਾਸਲ ਕਰਨ ਵਾਲੀਆਂ ਲੜਕੀਆਂ ਨੂੰ ਕਿਹਾ ਕਿ ਉਹ ਸਿਲਾਈ ਆਦਿ ਦਾ ਕੰਮ ਤਨਦੇਹੀ ਨਾਲ ਕਰਕੇ ਆਪਣੇ ਪਰਵਾਰਾਂ ਦਾ ਸਹਾਰਾ ਬਣਨ।

## ਮਾਈ ਭਾਰਤ ਕੇਂਦਰ ਵੱਲੋਂ ਬਿਲਾਸਪੁਰ 'ਚ ਬਲਾਕ ਪੱਧਰੀ ਟੂਰਨਾਮੈਂਟ



**ਮੋਗਾ (ਇਕਬਾਲ ਸਿੰਘ ਖਹਿਰਾ)**-ਯੁਵਾ ਮਾਮਲੇ ਤੇ ਖੇਡ ਮੰਤਰਾਲੇ ਦੇ ਅਧੀਨ ਮਾਈ ਭਾਰਤ ਕੇਂਦਰ ਮੋਗਾ ਵੱਲੋਂ ਬਲਾਕ ਨਿਹਾਲ ਸਿੰਘ ਵਾਲਾ ਦੇ ਪਿੰਡ ਬਿਲਾਸਪੁਰ ਦੇ ਅਕਾਲੀ ਕਰਤਾਰ ਸਿੰਘ ਯਾਦਗਾਰੀ ਸਟੇਡੀਅਮ ਵਿਖੇ ਬਲਾਕ ਪੱਧਰੀ ਟੂਰਨਾਮੈਂਟ ਕਰਵਾਇਆ ਗਿਆ, ਜਿਸ ਵਿੱਚ ਨੈਸ਼ਨਲ ਕਬੱਡੀ (ਲੜਕੇ) ਵਰਗ ਦੀਆਂ 4 ਟੀਮਾਂ, ਰੱਸਾਕਸੀ ਵਿੱਚ ਲੜਕੀਆਂ ਦੀਆਂ 4 ਟੀਮਾਂ, ਐਥਲੈਟਿਕਸ ਵਿੱਚ 400 ਮੀਟਰ ਰੇਸ, ਲੰਬੀ ਛਾਲ ਲੜਕੇ ਤੇ ਲੜਕੀਆਂ ਵਿੱਚ 120 ਐਥਲੀਟਾਂ ਨੇ ਭਾਗ ਲਿਆ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਯੂਥ ਅਫ਼ਸਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਮੋਗਾ ਦੇ ਵੱਖ-ਵੱਖ ਬਲਾਕਾਂ ਵਿੱਚ ਬਲਾਕ ਪੱਧਰੀ ਟੂਰਨਾਮੈਂਟ ਕਰਵਾਏ ਜਾ ਰਹੇ ਹਨ ਤੇ ਜੇਤੂ ਖਿਡਾਰੀਆਂ ਨੂੰ ਕੱਪ, ਮੈਡਲ, ਸਰਟੀਫਿਕੇਟ ਦੇ ਕੇ ਸਨਮਾਨਤ ਤੋਂ ਇਲਾਵਾ ਰਿਫਰੈਸ਼ਮੈਂਟ ਵੀ ਦਿੱਤੀ ਜਾਂਦੀ ਹੈ।ਬਲਾਕ ਨਿਹਾਲ ਸਿੰਘ ਵਾਲਾ ਦੇ ਟੂਰਨਾਮੈਂਟ ਦੌਰਾਨ ਪ੍ਰਿੰਸੀਪਲ ਰੁਪਿੰਦਰਜੀਤ ਕੌਰ ਸਰਕਾਰੀ ਸਕੂਲ ਬਿਲਾਸਪੁਰ ਤੇ ਸਮੂਹ ਸਟਾਫ਼ ਤੋਂ ਇਲਾਵਾ ਜਗਮੀਤ ਸਿੰਘ, ਅਮਨਦੀਪ ਸਿੰਘ, ਗੁਰਕੀਰਤ ਸਿੰਘ, ਹਰਵੀਰ ਸਿੰਘ, ਸਤਨਾਮ ਸਿੰਘ, ਕੁਲਦੀਪ ਕੌਰ, ਗੁਰਬਿੰਦਰ ਕੌਰ, ਹਰਪ੍ਰੀਤ ਸਿੰਘ ਤੇ ਪਿੰਡ ਦੇ ਪੰਤਵੰਤੇ ਹਾਜ਼ਰ ਸਨ। ਪਿੰਡ ਬਿਲਾਸਪੁਰ ਦੀਆਂ ਸਪੋਰਟਸ ਕਲੱਬਾਂ ਦਾ ਇਸ ਟੂਰਨਾਮੈਂਟ ਨੂੰ ਕਰਵਾਉਣ ਵਿੱਚ ਅਹਿਮ ਯੋਗਦਾਨ ਰਿਹਾ।

## ਸ਼ਸ਼ੀ ਭੂਸ਼ਣ ਜੈਨ ਤੇ ਡਾ. ਕੁਲਭੂਸ਼ਨ ਗੁਪਤਾ ਅਡਵਿਸਰ ਬਣੇ



**ਜਗਰਾਉਂ (ਅਮਿਤ ਖੰਨਾ)**-ਅਨੁਵ੍ਰਤ ਵਿਸ਼ਵ ਭਾਰਤੀ ਸਮਿਤੀ ਦੇ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਅਨੁਵ੍ਰਤ ਸਮਿਤੀ ਨੇ ਸ਼ਸ਼ੀ ਭੂਸ਼ਣ ਜੈਨ, ਡਾਕਟਰ ਕੁਲਭੂਸ਼ਨ ਗੁਪਤਾ ਨੂੰ ਸਰਬ ਸਰਬਸੰਮਤੀ ਨਾਲ ਅਡਵਿਸਰ ਬਣਾਇਆ। ਅਨੁਵ੍ਰਤ ਸਮਿਤੀ ਦੇ ਪ੍ਰਧਾਨ ਸ਼੍ਰੀ ਰਾਜਪਾਲ ਜੈਨ ਨੇ ਨਵੇਂ ਲਏ ਅਡਵਿਸਰ ਦਾ ਸਵਾਗਤ ਕੀਤਾ।ਸੀਨੀਅਰ ਸਿਟੀਜ਼ਨ ਵੈਲਫ਼ੇਅਰ ਫੋਰਮ ਦੇ ਵਾਇਸ ਪ੍ਰੈਸੀਡੈਂਟ ਅੰਮ੍ਰਿਤ ਲਾਲ ਗੋਇਲ ਤੇ ਪੈਟਰਨ ਪੀ ਸੀ ਗਰਗ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ।

## ਸ਼ਰਧਾਲੂਆਂ ਦੀਆਂ ਬੱਸਾਂ ਅੰਮ੍ਰਿਤਸਰ ਲਈ ਰਵਾਨਾ



**ਫ਼ਰੀਦਕੋਟ/ਕੋਟਕਪੂਰਾ/ਜੈਤੋ (ਐਲਿਗਜੈਂਡਰ ਡਿਸੂਜ਼ਾ)**-ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਵੱਖ-ਵੱਖ ਹਲਕਿਆਂ ਤੋਂ ਸ਼ਰਧਾਲੂਆਂ ਦੀਆਂ ਬੱਸਾਂ ਨੂੰ ਪਵਿੱਤਰ ਨਗਰੀ ਅੰਮ੍ਰਿਤਸਰ ਦੇ ਦਰਸ਼ਨਾਂ ਲਈ ਰਵਾਨਾ ਕੀਤਾ ਗਿਆ।ਪਿੰਡ ਮੋਰਾਂਵਾਲੀ ਵਿਖੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ 45 ਸ਼ਰਧਾਲੂਆਂ ਦੀ ਬੱਸ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ।ਸ਼ਰਧਾਲੂਆਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਸੰਧਵਾਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦਾ ਇਹ ਉਪਰਾਲਾ ਸ਼ਲਾਘਾਯੋਗ ਹੈ।ਉਨ੍ਹਾਂ ਕਿਹਾ ਕਿ ਇਸ ਯੋਜਨਾ ਦਾ ਮੁੱਖ ਮਕਸਦ ਬਜ਼ੁਰਗਾਂ, ਔਰਤਾਂ ਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨੂੰ ਮੁਫ਼ਤ ਵਿੱਚ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਾਉਣਾ ਹੈ।ਪਿੰਡ ਮੁਮਾਰਾ ਤੋਂ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਦੀ ਧਰਮ ਪਤਨੀ ਮੈਡਮ ਬੇਅੰਤ ਕੌਰ ਨੇ 42 ਸ਼ਰਧਾਲੂਆਂ ਦੀ ਬੱਸ ਨੂੰ ਰਵਾਨਾ ਕੀਤਾ।ਉਨ੍ਹਾਂ ਨਾਲ ਮਾਰਕੀਟ ਕਮੇਟੀ ਦੇ ਚੇਅਰਮੈਨ ਰਮਨਦੀਪ ਸਿੰਘ ਮੁਮਾਰਾ ਵੀ ਮੌਜੂਦ ਸਨ।ਮੈਡਮ ਬੇਅੰਤ ਕੌਰ ਨੇ ਕਿਹਾ ਕਿ ਸਰਕਾਰ ਹਰ ਵਰਗ ਦੀ ਭਲਾਈ ਲਈ ਵਚਨਬੱਧ ਹੈ।

## ਮਾਤਾ ਗੁਜਰੀ ਤੇ ਸ਼ਹਿਬਜ਼ਾਦਿਆਂ ਦੀ ਸ਼ਹਾਦਤ 'ਤੇ ਅਲੌਕਿਕ ਨਗਰ ਕੀਰਤਨ ਸਜਾਇਆ



**ਧੂਰੀ (ਮਨੋਹਰ ਸਿੰਘ ਸੱਗੂ, ਮੋਹਿਤ ਗਰਗ)**-ਮਾਤਾ ਗੁਜਰ ਕੌਰ ਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਤ ਬਾਬਾ ਫਤਹਿ ਸਿੰਘ ਯੂਥ ਕਲੱਬ ਧੂਰੀ ਵੱਲੋਂ ਸ਼ਹਿਰ ਦੀਆਂ ਵੱਖ-ਵੱਖ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰਛਾਇਆ ਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਅਲੌਕਿਕ ਨਗਰ ਕੀਰਤਨ ਸਜਾਇਆ ਗਿਆ, ਜੋ ਸ਼ਹਿਰ ਦੇ ਦਸਮੇਸ਼ ਨਗਰ ਸਥਿਤ ਗੁਰੂ ਘਰ ਤੋਂ ਸ਼ੁਰੂ ਹੋ ਕੇ ਸ਼ਹਿਰ ਦੇ ਵੱਖ ਵੱਖ ਬਜਾਰਾਂ 'ਚੋਂ ਲੰਘਿਆ ਅਤੇ ਥਾਂ-ਥਾਂ ਸੰਗਤਾਂ ਵੱਲੋਂ ਨਗਰ ਕੀਰਤਨ ਦਾ ਭਰਵਾਂ ਅਤੇ ਨਿੱਘਾ ਸਵਾਗਤ ਕਰਦਿਆਂ ਲੰਗਰ ਲਾਏ ਗਏ।ਨਗਰ ਕੀਰਤਨ ਦੌਰਾਨ ਗੱਤਕਾ ਪਾਰਟੀਆਂ ਨੇ ਆਪਣੇ ਜੌਹਰ ਦਿਖਾਏ ਤੇ ਰਾਗੀ ਸਿੰਘਾਂ ਅਤੇ ਢਾਡੀ ਸਿੰਘਾਂ ਨੇ ਗੁਰ ਇਤਿਹਾਸ ਦਾ ਵਰਨਣ ਕੀਤਾ।ਇਸੇ ਤਰ੍ਹਾਂ ਪੰਚਾਇਤੀ ਗੁਰਦੁਆਰਾ ਸਾਹਿਬ ਧੂਰੀ ਦੀ ਪ੍ਰਬੰਧਕ ਕਮੇਟੀ ਵੱਲੋਂ ਪ੍ਰਧਾਨ ਮਿੰਟੂ ਨਾਗਪਾਲ, ਸੁਰਿੰਦਰਪਾਲ ਸਿੰਘ ਨੀਟਾ ਤੇ ਕਾਕਾ ਧੰਮੀ ਦੀ ਅਗਵਾਈ ਹੇਠ ਅਤੁੱਟ ਲੰਗਰ ਵਰਤਾਇਆ ਗਿਆ।

## ਸਫਾ 1 ਦੇ ਬਾਕੀ...

### ਫਿਰਕੂ ਧਰੁਵੀਕਰਨ ਵਿਰੁੱਧ...

ਪ੍ਰਧਾਨਗੀ ਹੇਠ ਹੋਈ ਜ਼ਿਲ੍ਹਾ ਕੌਂਸਲ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ ਨੇ ਕਿਹਾ ਕਿ ਅੱਜ ਸਾਡੇ ਸਾਹਮਣੇ ਬਹੁਤ ਵੱਡੀਆਂ ਚੁਣੌਤੀਆਂ ਮੂੰਹ ਅੱਡੀ ਖੜੀਆਂ ਹਨ । ਦੁਨੀਆ ਪੱਧਰ 'ਤੇ ਕਾਰਪੋਰੇਟ ਸ਼ਕਤੀਆਂ ਅਤੇ ਭਾਰਤ ਅੰਦਰ ਚੱਲ ਰਹੀ ਸਰਕਾਰ ਵੱਲੋਂ ਫਿਰਕੂ ਧਰੁਵੀਕਰਨ ਦੀਆਂ ਜੋ ਨੀਤੀਆਂ ਅਪਣਾਈਆਂ ਜਾ ਰਹੀਆਂ ਹਨ, ਉਹਨਾਂ ਵਿਰੁੱਧ ਵੱਡੇ ਅਤੇ ਸਾਂਝੇ ਸੰਘਰਸ਼ ਲੜਨ ਦੀ ਲੋੜ ਹੈ।

ਸਾਬਕਾ ਸੂਬਾ ਸਕੱਤਰ ਹਰਦੇਵ ਸਿੰਘ ਅਰਸ਼ੀ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਇੱਕ ਅਨੁਸ਼ਾਸਨਬੱਧ ਖੱਬੀ ਲਹਿਰ ਉਸਾਰਨ ਦੀ ਲੋੜ ਹੈ। ਕੇਂਦਰ ਸਰਕਾਰ ਵੱਲੋਂ ਭਾਵੇਂ ਮਜ਼ਦੂਰਾਂ ਉਪਰ ਥੋਪਿਆ ਨਵਾਂ ਨਰੇਗਾ ਕਾਨੂੰਨ ਹੋਵੇ ਜਾਂ ਚਾਰ ਲੇਬਰ ਕੋਡ, ਜਿਸ ਦੁਆਰਾ ਮਜ਼ਦੂਰਾਂ ਦੇ ਹਕੂਕ ਖਤਮ ਕੀਤੇ ਜਾ ਰਹੇ ਹਨ, ਵਿਰੁੱਧ ਲੋਕਾਂ ਦੀ ਵਿਸ਼ਾਲ ਲਾਮਬੰਦੀ ਕਰਨੀ ਪਵੇਗੀ। ਉਹਨਾ ਮੰਗ ਕੀਤੀ ਕਿ ਪ੍ਰਸਤਾਵਿਤ ਬਿਜਲੀ ਬਿੱਲ ਅਤੇ ਸੀਡ ਬਿੱਲ, ਜੋ ਕਿ ਇਹਨਾਂ ਖੇਤਰਾਂ ਅੰਦਰ ਕਾਰਪੋਰੇਟ ਦਾ ਰਾਹ ਖੋਲ੍ਹਣ ਵਾਲੇ ਹਨ ਨੂੰ, ਤੁਰੰਤ ਵਾਪਸ ਲਿਆ ਜਾਵੇ।

ਜ਼ਿਲ੍ਹਾ ਸਕੱਤਰ ਬਲਕਰਨ ਸਿੰਘ ਬਰਾੜ ਵੱਲੋਂ ਪਿਛਲੇ ਤਿੰਨ ਸਾਲ ਦੇ ਕੰਮਾਂ ਦੀ ਰੀਵਿਊ ਰਿਪੋਰਟ ਅਤੇ ਰਾਜਸੀ ਤੇ ਜਥੇਬੰਦਕ ਰਿਪੋਰਟ ਵੀ ਪੇਸ਼ ਕੀਤੀ ਗਈ, ਜਿਸ ਉਪਰ ਕੌਂਸਲ ਮੈਂਬਰਾਂ ਨੇ ਬਹਿਸ ਕਰਕੇ ਰਿਪੋਰਟ ਵਿੱਚ ਕੁਝ ਵਾਧੇ ਕਰਦਿਆਂ ਸਰਬਸੰਮਤੀ ਨਾਲ ਪ੍ਰਵਾਨ ਕਰ ਲਿਆ। ਜ਼ਿਲਾ ਕੌਂਸਲ ਵੱਲੋਂ ਫੈਸਲਾ ਕੀਤਾ ਗਿਆ ਕਿ ਜ਼ਿਲ੍ਹਾ ਬਠਿੰਡਾ ਦਾ ਡੈਲੀਗੇਟ ਇਜਲਾਸ 28 ਜਨਵਰੀ ਨੂੰ ਗੋਨਿਆਣਾ ਮੰਡੀ ਵਿਖੇ ਹੋਵੇਗਾ।

ਮੀਟਿੰਗ ਨੂੰ ਹੋਰਨਾਂ ਤੋਂ ਇਲਾਵਾ ਪੂਰਨ ਸਿੰਘ ਗੁੰਮਟੀ, ਜੀਤਾ ਸਿੰਘ ਪਿੱਥੋ, ਗੁਰਜੰਟ ਸਿੰਘ ਕੋਟਸ਼ਮੀਰ, ਜਰਨੈਲ ਸਿੰਘ ਯਾਤਰੀ, ਸਰੂਪ ਸਿੰਘ ਭਾਈ ਰੂਪਾ, ਰਾਜਾ ਸਿੰਘ ਦਾਨ ਸਿੰਘ ਵਾਲਾ, ਜਸਵਿੰਦਰ ਸਿੰਘ ਭਾਈ ਰੂਪਾ ਅਤੇ ਰਣਜੀਤ ਸਿੰਘ ਮਹਿਰਾਜ ਨੇ ਵੀ ਸੰਬੋਧਨ ਕੀਤਾ। ਅਖੀਰ ਵਿੱਚ ਪ੍ਰਧਾਨਗੀ ਮੰਡਲ ਨੇ ਸੂਬਾ ਲੀਡਰਸ਼ਿਪ ਤੇ ਸਾਰੇ ਆਏ ਹੋਏ ਸਾਥੀਆਂ ਦਾ ਧੰਨਵਾਦ ਕੀਤਾ।

### ਮੁਲਾਜ਼ਮਾਂ ਤੇ ਖੇਤ...

ਵਿੱਚ ਮਤੇ ਪਾਉਣ, ਫੋਟੋਆਂ ਖਿੱਚਣ ਅਤੇ ਵੀਡੀਓ ਬਣਾ ਕੇ 'ਪੰਚਾਇਤ ਨਿਰਣੈ' ਨਾਮੀ ਐਪ 'ਤੇ ਸ਼ੇਅਰ ਕਰਨ ਲਈ ਕਿਹਾ ਗਿਆ ਹੈ। ਇਹ ਲੋਕਾਂ, ਪੰਚਾਇਤਾਂ ਅਤੇ ਸੂਬਾ ਸਰਕਾਰਾਂ ਦੇ ਬੋਲਣ ਦੇ ਹੱਕ ਦੇ ਖਿਲਾਫ ਸਿੱਧਾ ਧੱਕਾ ਹੈ। ਸੰਯੁਕਤ ਕਿਸਾਨ ਮੋਰਚਾ ਨੇ ਸਾਰੀਆਂ ਪੰਚਾਇਤਾਂ ਨੂੰ ਅਪੀਲ ਕੀਤੀ ਹੈ ਕਿ ਉਹ ਮਗਨਰੇਗਾ ਕਾਨੂੰਨ ਦੀ ਥਾਂ ਨਵੇਂ ਲਿਆਂਦੇ ਕਾਨੂੰਨ ਦੇ ਹੱਕ ਵਿੱਚ ਕੋਈ ਮਤੇ ਨਾ ਪਾਉਣ, ਕਿਉਂਕਿ ਇਸ ਤਰ੍ਹਾਂ ਕਰਕੇ ਕੇਂਦਰ ਦੀ ਮੋਦੀ ਸਰਕਾਰ ਅਸਿੱਧੇ ਤੌਰ 'ਤੇ ਆਪਣੇ ਹੱਕ ਵਿੱਚ ਮਤੇ ਪਵਾਉਣਾ ਚਾਹੁੰਦੀ ਹੈ ਅਤੇ ਇਸ ਦੇ ਨਾਲ ਹੀ ਉਹ ਪਿੰਡਾਂ ਵਿੱਚ ਕਿਸਾਨਾਂ ਅਤੇ ਮਜ਼ਦੂਰਾਂ ਦੀ ਆਪਸੀ ਫੁੱਟ ਪੁਆ ਕੇ ਆਪਣੀਆਂ ਵੋਟਾਂ ਪੱਕੀਆਂ ਕਰਨੀਆਂ ਚਾਹੁੰਦੀ ਹੈ।

ਸੰਯੁਕਤ ਕਿਸਾਨ ਮੋਰਚਾ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ ਕਿ 30 ਦਸੰਬਰ ਨੂੰ ਮਗਨਰੇਗਾ ਦੀ ਥਾਂ ਨਵੇਂ ਲਿਆਂਦੇ ਕਾਨੂੰਨ ਦੇ ਖਿਲਾਫ ਜਿਹੜਾ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦਿਆ ਗਿਆ ਹੈ, ਉਸ ਵਿੱਚ ਬਿਜਲੀ ਸੋਧ ਬਿੱਲ 2025 ਅਤੇ ਬੀਜ ਬਿੱਲ 2025 ਦੇ ਖਿਲਾਫ ਵੀ ਮਤਾ ਪਾਇਆ ਜਾਵੇ। ਸੰਯੁਕਤ ਕਿਸਾਨ ਮੋਰਚੇ ਨੇ ਨਿੱਜੀਕਰਨ ਦੇ ਇਹਨਾਂ ਸਾਰੇ ਹਮਲਿਆਂ ਦੇ ਖਿਲਾਫ ਲੋਕਾਂ ਦੀ ਲਹਿਰ ਨੂੰ ਮਜ਼ਬੂਤ ਕਰਦਿਆਂ ਸੰਘਰਸ਼ਾਂ ਦੇ ਮੈਦਾਨ ਵਿੱਚ ਡਟ ਜਾਣ ਦਾ ਸੱਦਾ ਦਿੱਤਾ। ਮੀਟਿੰਗ ਵਿੱਚ ਜੋਗਿੰਦਰ ਸਿੰਘ ਉਗਰਾਹਾਂ, ਡਾਕਟਰ ਦਰਸ਼ਨ ਪਾਲ, ਰਜਿੰਦਰ ਸਿੰਘ ਦੀਪ ਸਿੰਘ ਵਾਲਾ, ਹਰਿੰਦਰ ਸਿੰਘ ਲੱਖੋਵਾਲ, ਅੰਗਰੇਜ਼ ਸਿੰਘ ਭਦੌੜ, ਰੁਲਦੂ ਸਿੰਘ ਮਾਨਸਾ, ਡਾ. ਸਤਿਨਾਮ ਸਿੰਘ ਅਜਨਾਲਾ, ਜੰਗਵੀਰ ਸਿੰਘ ਚੌਹਾਨ, ਹਰਦੇਵ ਸਿੰਘ ਸੰਧੂ, ਹਰਬੰਸ ਸਿੰਘ ਸੰਘਾ, ਇੰਦਰਪਾਲ ਸਿੰਘ, ਬੋਘ ਸਿੰਘ ਮਾਨਸਾ, ਬਲਵਿੰਦਰ ਸਿੰਘ ਮੱਲ੍ਹੀ, ਨਛੱਤਰ ਸਿੰਘ ਜੈਤੋ ਨੰਗਲ ਤੇ ਕੰਵਲਪ੍ਰੀਤ ਸਿੰਘ ਪੰਨੂ ਵੀ ਹਾਜ਼ਰ ਸਨ।

### ਸੀ ਪੀ ਆਈ ਸ਼ਾਨਾਮੱਤੇ ...

ਪਾਰਟੀ ਸੂਬਾ ਕਮੇਟੀ ਤਰਫੋਂ ਬਤੌਰ ਅਬਜ਼ਰਵਰ ਨਿਰਮਲ ਸਿੰਘ ਧਾਲੀਵਾਲ ਤੇ ਪ੍ਰਿਥੀਪਾਲ ਸਿੰਘ ਮਾੜੀਮੇਘਾ ਪਹੁੰਚੇ। ਪੰਜਾਬ ਇਸਤਰੀ ਸਭਾ ਦੇ ਸੂਬਾਈ ਪ੍ਰਧਾਨ ਰਾਜਿੰਦਰ ਪਾਲ ਕੌਰ ਅਤੇ ਖੇਤ ਮਜ਼ਦੂਰ ਸਭਾ ਪੰਜਾਬ ਦੇ ਜਨਰਲ ਸਕੱਤਰ ਦੇਵੀ ਕੁਮਾਰੀ ਵੀ ਹਾਜ਼ਰ ਸਨ।ਇਲਾਕਾ ਕਮੇਟੀਆਂ ਵੱਲੋਂ ਚੁਣੇ ਹੋਏ ਡੇਢ ਸੌ ਡੈਲੀਗੇਟ ਪੂਰੇ ਇਨਕਲਾਬੀ ਜੋਸ਼ ਨਾਲ ਸ਼ਾਮਲ ਹੋਏ।

ਇਸ ਡੈਲੀਗੇਟ ਹਾਊਸ ਨੂੰ ਸੰਬੋਧਨ ਕਰਦਿਆਂ ਹਰਭਜਨ ਸਿੰਘ ਨੇ ਦੱਸਿਆ ਕਿ ਭਾਰਤੀ ਕਮਿਊਨਿਸਟ ਪਾਰਟੀ ਨੇ ਇੱਕ ਸ਼ਤਾਬਦੀ ਪੂਰੀ ਕਰ ਲਈ ਹੈ। ਇਸ ਸੌ ਸਾਲ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਨੇ ਅੰਗਰੇਜ਼ ਸਾਮਰਾਜ ਤੋਂ ਅਜ਼ਾਦੀ ਪ੍ਰਾਪਤ ਕਰਨ ਵੇਲੇ ਸ਼ਾਨਾਮੱਤਾ ਹਿੱਸਾ ਪਾਇਆ। ਅਜ਼ਾਦੀ ਤੋਂ ਬਾਅਦ ਵੀ ਮਿਹਨਤਕਸ਼ ਲੋਕਾਂ ਦੀ ਬਰਾਬਰੀ ਤੇ ਖੁਸ਼ਹਾਲੀ ਵਾਸਤੇ ਵੱਡੇ ਮਜ਼ਦੂਰ, ਕਿਸਾਨ ਤੇ ਹੋਰ ਦੱਬੇ-ਕੁਚਲੇ ਲੋਕਾਂ ਦੇ ਸੰਘਰਸ਼ਾਂ ਦੀ ਅਗਵਾਈ ਕੀਤੀ ਅਤੇ ਬਹੁਤ ਵੱਡੀਆਂ ਜਿੱਤਾਂ ਵੀ ਹਾਸਲ ਕੀਤੀਆਂ। ਇਸ ਕਰਕੇ ਭਾਰਤੀ ਕਮਿਊਨਿਸਟ ਪਾਰਟੀ ਦੇ ਹਰੇਕ ਵਰਕਰ ਨੂੰ ਇਸ ਸ਼ਾਨਾਮੱਤੇ ਇਤਿਹਾਸ 'ਤੇ ਮਾਣ ਹੋਣਾ ਚਾਹੀਦਾ ਹੈ।

ਇਜਲਾਸ ਦਾ ਉਦਘਾਟਨ ਕਰਦਿਆਂ ਪਾਰਟੀ ਦੇ ਸੂਬਾਈ ਆਗੂ ਨਿਰਮਲ ਸਿੰਘ ਧਾਲੀਵਾਲ ਅਤੇ ਪ੍ਰਿਥੀਪਾਲ ਮਾੜੀਮੇਘਾ ਨੇ ਕਿਹਾ ਕਿ ਅੱਜ ਸਾਡੇ ਦੇਸ਼ ਤੇ ਪੰਜਾਬ ਦੀ ਸਰਕਾਰ ਪੂਰੀ ਤਰ੍ਹਾਂ ਮਿਹਨਤਕਸ਼ ਜਨਤਾ ਦੇ ਵਿਰੁੱਧ ਕਾਰਜ ਕਰ ਰਹੀਆਂ ਹਨ। ਕੇਂਦਰ ਦੀ ਭਾਜਪਾ ਸਰਕਾਰ ਲਗਾਤਾਰ ਕਾਰਪੋਰੇਟ ਘਰਾਣਿਆਂ ਦੇ ਹੱਕ ਵਿੱਚ ਕਾਨੂੰਨ ਬਣਾ ਰਹੀ ਹੈ ਅਤੇ ਮਜ਼ਦੂਰਾਂ, ਕਿਸਾਨਾਂ ਦੇ ਹਿੱਤਾਂ ਦੀ ਰਾਖੀ ਵਾਲੇ ਕਾਨੂੰਨ ਤੋੜ ਰਹੀ ਹੈ। ਹੁਣੇ ਹੀ ਪੇਂਡੂ ਗਰੀਬਾਂ ਨੂੰ ਕੁਝ ਰਾਹਤ ਦੇਣ ਵਾਲਾ ਨਰੇਗਾ ਕਾਨੂੰਨ ਤੋੜ ਕੇ ਬਹੁਤ ਘਟੀਆ ਕਿਸਮ ਦਾ 'ਵਿਕਸਤ ਭਾਰਤ ਜੀਰਾਮ ਜੀ' ਕਾਨੂੰਨ ਬਣਾ ਦਿੱਤਾ ਹੈ। ਇਸੇ ਤਰ੍ਹਾਂ ਨਵਾਂ ਬਿਜਲੀ ਬਿੱਲ, ਬੀਜ ਬਿੱਲ ਤੇ ਨਵਾਂ ਪ੍ਰਮਾਣੂ ਊਰਜਾ ਕਾਨੂੰਨ ਲਿਆ ਕੇ ਕਾਰਪੋਰੇਟ ਘਰਾਣਿਆਂ ਦੇ ਹੱਥ ਦੇਸ਼ ਦੀ ਚਾਬੀ ਫੜਾਉਣ ਜਾ ਰਹੀ ਹੈ। ਕੇਂਦਰ ਸਰਕਾਰ ਲਗਾਤਾਰ ਦੇਸ਼ ਵਿਚ ਫਿਰਕੂ ਮਾਹੌਲ ਨੂੰ ਉਤਸ਼ਾਹਤ ਕਰ ਰਹੀ ਹੈ, ਤਾਂ ਕਿ ਦੇਸ਼ ਦੇ ਬਹੁ-ਗਿਣਤੀ ਫ਼ਿਰਕੇ ਨੂੰ ਮੂਰਖ ਬਣਾ ਕੇ ਸਾਮਰਾਜ ਦੀ ਮਦਦ ਕੀਤੀ ਜਾ ਸਕੇ। ਅੱਜ ਦੇਸ਼ ਦੇ ਮਿਹਨਤਕਸ਼ ਵਰਗ, ਜਿਸ ਵਿੱਚ ਨੱਬੇ ਫੀਸਦੀ ਲੋਕ ਹਿੰਦੂ ਭਾਈਚਾਰੇ ਵਿੱਚੋਂ ਹਨ, ਨੂੰ ਬੇਰੁਜ਼ਗਾਰੀ, ਭੁੱਖਮਰੀ ਤੇ ਮਹਿੰਗਾਈ ਦੀ ਚੱਕੀ ਵਿੱਚ ਪੀਸਿਆ ਜਾ ਰਿਹਾ ਹੈ। ਇਸ ਉਪਰੰਤ ਮੌਜੂਦਾ ਸਮੇਂ ਵਿੱਚ ਕੌਮੀ, ਕੌਮਾਂਤਰੀ ਤੇ ਸੂਬਾਈ ਹਾਲਤਾਂ 'ਤੇ ਰਿਪੋਰਟ ਜ਼ਿਲ੍ਹਾ ਸਕੱਤਰ ਦਵਿੰਦਰ ਸੋਹਲ ਨੇ ਡੈਲੀਗੇਟਾਂ ਸਾਹਮਣੇ ਪੇਸ਼ ਕੀਤੀ। ਪਾਰਟੀ ਵੱਲੋਂ ਪਿਛਲੇ ਸਮੇਂ ਕੀਤੇ ਕੰਮਾਂ ਦੀ ਰਿਪੋਰਟ ਵੀ ਪੇਸ਼ ਕੀਤੀ ਗਈ। ਇਸ ਰਿਪੋਰਟ 'ਤੇ ਕਾਫੀ ਗਿਣਤੀ ਵਿੱਚ ਡੈਲੀਗੇਟਾਂ ਵੱਲੋਂ ਵਿਚਾਰ-ਚਰਚਾ ਕੀਤੀ ਗਈ।

ਰਿਪੋਰਟ 'ਤੇ ਬਹਿਸ ਤੋਂ ਬਾਅਦ ਕੁਝ ਵਾਧਿਆਂ ਨਾਲ ਰਿਪੋਰਟ ਸਰਬਸੰਮਤੀ ਨਾਲ ਪਾਸ ਕਰ ਦਿੱਤੀ ਗਈ। ਇਸ ਉਪਰੰਤ 53 ਮੈਂਬਰੀ ਨਵੀਂ ਜ਼ਿਲ੍ਹਾ ਕੌਂਸਲ ਦੀ ਚੋਣ ਕੀਤੀ ਗਈ। ਨਵੀਂ ਜ਼ਿਲ੍ਹਾ ਕੌਂਸਲ ਨੇ ਜ਼ਿਲ੍ਹਾ ਸਕੱਤਰ ਦਵਿੰਦਰ ਸੋਹਲ, ਮੀਤ ਸਕੱਤਰ ਬਲਕਾਰ ਸਿੰਘ ਵਲਟੋਹਾ ਤੇ ਗੁਰਦਿਆਲ ਸਿੰਘ ਖਡੂਰ ਸਾਹਿਬ ਅਤੇ ਖਜ਼ਾਨਚੀ ਗੁਰਪ੍ਰੀਤ ਸਿੰਘ ਗੰਡੀਵਿੰਡ ਨੂੰ ਚੁਣਿਆ। ਬਤੌਰ ਇਜਲਾਸ ਪ੍ਰਧਾਨ ਸੁਖਚੈਨ ਸਿੰਘ ਨੇ ਨਵੀਂ ਚੁਣੀ ਆਗੂ ਟੀਮ ਨੂੰ ਵਧਾਈ ਦਿੱਤੀ ਅਤੇ ਆਏ ਡੈਲੀਗੇਟ ਸਾਥੀਆਂ ਦਾ ਧੰਨਵਾਦ ਕੀਤਾ।

### 'ਜੀ ਰਾਮ ਜੀ' ਖਿਲਾਫ...

ਮਜ਼ਦੂਰ ਜਥੇਬੰਦੀਆਂ ਵੱਲੋਂ ਕਈ ਥਾਈਂ ਸਰਪੰਚਾਂ ਨੂੰ ਮੰਗ ਪੱਤਰ ਦੇ ਕੇ ਇਸ ਮਜ਼ਦੂਰ ਵਿਰੋਧੀ ਕਾਨੂੰਨ ਦੇ ਹੱਕ 'ਚ ਮਤੇ ਨਾ ਪਾਉਣ ਦੀ ਮੰਗ ਵੀ ਕੀਤੀ ਗਈ। ਵੱਖ-ਵੱਖ ਥਾਵਾਂ 'ਤੇ ਜੁੜੇ ਇਕੱਠਾਂ ਨੂੰ ਸਾਂਝੇ ਮਜ਼ਦੂਰ ਮੋਰਚੇ ਦੇ ਆਗੂ ਦਰਸ਼ਨ ਨਾਹਰ, ਦੇਵੀ ਕੁਮਾਰੀ ਸਰਹਾਲੀ ਕਲਾਂ, ਗੁਰਮੇਸ਼ ਸਿੰਘ ਕੁਲਵੰਤ ਸਿੰਘ ਸੇਲਬਰਾਹ, ਬਿੱਕਰ ਸਿੰਘ ਹਥੋਆ, ਜੋਰਾ ਸਿੰਘ ਨਸਰਾਲੀ, ਤਰਸੇਮ ਪੀਟਰ ਆਦਿ ਆਗੂਆਂ ਨੇ ਸੰਬੋਧਨ ਕੀਤਾ। ਬੁਲਾਰਿਆਂ ਆਖਿਆ ਕਿ ਕੇਂਦਰ ਸਰਕਾਰ ਮਨਰੇਗਾ ਨੂੰ ਖਤਮ ਕਰਕੇ ਪੇਂਡੂ ਤੇ ਖੇਤ ਮਜ਼ਦੂਰਾਂ ਨਾਲ ਧਰੋਹ ਕਮਾ ਰਹੀ ਹੈ। ਉਹਨਾਂ ਆਖਿਆ ਕਿ ਪ੍ਰਧਾਨ ਮੰਤਰੀ ਦੇਸ਼ 'ਚੋਂ ਗ਼ੁਲਾਮੀ ਦੀਆਂ ਨਿਸ਼ਾਨੀਆਂ ਖ਼ਤਮ ਕਰਨ ਅਤੇ ਵਿਕਾਸ ਦੇ ਭਰਮਾਊ ਨਾਹਰੇ ਦੁਆਲੇ ਕਿਰਤੀ ਲੋਕਾਂ ਦੇ ਹਿੱਤਾਂ ਦੀ ਨਾਮਾਤਰ ਸੁਰੱਖਿਆ ਕਰਦੇ ਨਿਯਮਾਂ-ਕਾਨੂੰਨਾਂ ਨੂੰ ਸੋਧਣ ਤੇ ਬਦਲਣ ਰਾਹੀਂ ਸਾਮਰਾਜੀ ਮੁਲਕਾਂ, ਕਾਰਪੋਰੇਟ ਘਰਾਣਿਆਂ ਤੇ ਜਗੀਰਦਾਰ ਜਮਾਤ ਦੇ ਹਿੱਤਾਂ ਦੀ ਰਾਖੀ ਕਰ ਰਹੀ ਹੈ। ਉਹਨਾਂ ਆਖਿਆ ਕਿ ਨਵੇਂ ਕਾਨੂੰਨ 'ਜੀ ਰਾਮ ਜੀ' ਰਾਹੀਂ ਮਨਰੇਗਾ 'ਚ ਕੰਮ ਦੇ ਅਧਿਕਾਰ ਨੂੰ ਖਤਮ ਕਰਕੇ ਇਸ ਨੂੰ ਕੇਂਦਰ ਸਰਕਾਰ ਦੀ ਮਰਜ਼ੀ ਦਾ ਮੁਥਾਜ਼ ਬਣਾ ਦਿੱਤਾ ਹੈ ਅਤੇ ਜੌਬ ਕਾਰਡਾਂ ਦੀ ਮਿਆਦ ਪੰਜ ਸਾਲ ਤੋਂ ਘਟਾ ਕੇ ਤਿੰਨ ਸਾਲ ਕਰਨ ਤੇ ਕੇਂਦਰੀ ਬਜਟ ਘਟਾਉਣ ਵਰਗੇ ਮਜ਼ਦੂਰ ਵਿਰੋਧੀ ਕਦਮਾਂ ਨੂੰ ਕੰਮ ਦਿਹਾੜੀਆਂ ਵਧਾਉਣ ਦੇ ਗੁੰਮਰਾਹਕੁੰਨ ਪ੍ਰਚਾਰ ਰਾਹੀਂ ਕਿਰਤੀ ਲੋਕਾਂ ਦੇ ਅੱਖੀਂ ਘੱਟਾ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਹਨਾਂ ਆਖਿਆ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਤੇ ਕਾਂਗਰਸ ਵੀ 'ਜੀ ਰਾਮ ਜੀ' ਦੇ ਮਜ਼ਦੂਰ ਵਿਰੋਧੀ ਤੱਤ ਖਿਲਾਫ ਆਵਾਜ਼ ਉਠਾਉਣ ਦੀ ਥਾਂ ਸਿਰਫ਼ ਨਾਂਅ ਦੀ ਤਬਦੀਲੀ ਨੂੰ ਹੀ ਮੁੱਖ ਅਧਾਰ ਬਣਾ ਕੇ ਵਿਰੋਧ ਕਰ ਰਹੀ ਹੈ। ਉਹਨਾਂ ਦੋਸ਼ ਲਾਇਆ ਕਿ ਪੰਜਾਬ ਦੀ ਮਾਨ ਸਰਕਾਰ ਵੀ ਨਰਿੰਦਰ ਮੋਦੀ ਹਕੂਮਤ ਵਾਂਗ ਵਿਦੇਸ਼ੀ ਪੂੰਜੀ ਨੂੰ ਹੀ ਸੂਬੇ ਦੇ ਵਿਕਾਸ ਦਾ ਮੰਤਰ ਦੱਸ ਕੇ ਨਿੱਜੀਕਰਨ ਦੀਆਂ ਨੀਤੀਆਂ ਲਾਗੂ ਕਰਨ ਰਾਹੀਂ ਜਨਤਕ ਖੇਤਰ ਦੀਆਂ ਜਾਇਦਾਦਾਂ ਵੇਚਣ ਅਤੇ ਪੱਕੇ ਰੁਜ਼ਗਾਰ ਦੀ ਥਾਂ ਠੇਕਾ ਭਰਤੀ ਵਰਗੀਆਂ ਨੀਤੀਆਂ ਲਾਗੂ ਕਰ ਰਹੀ ਹੈ। ਮਜ਼ਦੂਰ ਆਗੂਆਂ ਨੇ ਸਮੂਹ ਕਿਰਤੀ ਲੋਕਾਂ ਨੂੰ ਸੱਦਾ ਦਿੱਤਾ ਕਿ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਮਜ਼ਦੂਰ ਤੇ ਲੋਕ ਵਿਰੋਧੀ ਨੀਤੀਆਂ ਖਿਲਾਫ ਸਾਂਝੇ ਮਜ਼ਦੂਰ ਮੋਰਚੇ ਵੱਲੋਂ 6 ਤੇ 7 ਜਨਵਰੀ ਨੂੰ ਪੰਜਾਬ ਭਰ 'ਚ ਡਿਪਟੀ ਕਮਿਸ਼ਨਰ ਦਫ਼ਤਰਾਂ ਅੱਗੇ ਦਿੱਤੇ ਜਾਣ ਵਾਲੇ ਧਰਨਿਆਂ 'ਚ ਪਰਵਾਰਾਂ ਸਮੇਤ ਸ਼ਾਮਲ ਹੋਣ।

### ਨਰੇਗਾ ਮਜ਼ਦੂਰ...

ਸੂਬਾ ਸਕੱਤਰ ਜਗਸੀਰ ਸਿੰਘ ਖੋਸਾ, ਡਾ. ਅੰਬੇਡਕਰ ਮਨਰੇਗਾ ਮਜ਼ਦੂਰ ਏਕਤਾ ਯੂਨੀਅਨ ਦੇ ਸੂਬਾ ਪ੍ਰਧਾਨ ਲਖਵੀਰ ਸਿੰਘ ਬੌਬੀ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਮਨਰੇਗਾ ਕਾਨੂੰਨ 2005 ਨੂੰ ਰੱਦ ਕਰਕੇ ਨਵਾਂ ਨਾਮਕਰਨ ਕਰਕੇ ਦੇਸ਼ ਦੇ ਕਰੋੜਾਂ ਪੇਂਡੂ ਮਜ਼ਦੂਰਾਂ ਨਾਲ ਧ੍ਰੋਹ ਹੀ ਨਹੀਂ ਕਮਾਇਆ, ਸਗੋਂ ਪਾਰਲੀਮੈਂਟ ਦੇ ਦੋਵਾਂ ਸਦਨਾਂ ਵਿਚ ਬਿਨਾਂ ਚਰਚਾ ਕਰਵਾਏ ਨਵੇਂ ਕਾਨੂੰਨ 'ਵਿਕਸਤ ਭਾਰਤ ਜੀ ਰਾਮ ਜੀ' ਨੂੰ ਪਾਸ ਕਰਕੇ ਭਾਰਤੀ ਲੋਕਤੰਤਰ ਦਾ ਵੀ ਕਤਲ ਕਰ ਦਿੱਤਾ ਹੈ। ਮਜ਼ਦੂਰ ਆਗੂਆਂ ਨੇ ਪੰਜਾਬ ਸਰਕਾਰ ਵੱਲੋਂ 30 ਦਸੰਬਰ ਨੂੰ 'ਜੀ ਰਾਮ ਜੀ' ਖਿਲਾਫ ਸੱਦੇ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਨੂੰ ਸਿਰਫ਼ ਤੇ ਸਿਰਫ਼ ਇੱਕ ਡਰਾਮਾ ਐਲਾਨਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਪਹਿਲਾਂ ਇਹ ਸਪੱਸ਼ਟ ਕਰਨ ਕਿ ਪੰਜਾਬ ਅੰਦਰ 6 ਮਹੀਨੇ ਤੋਂ ਮਨਰੇਗਾ ਦੇ ਕੰਮਾਂ ਨੂੰ ਬੰਦ ਕਰਕੇ ਠੇਕੇਦਾਰੀ ਸਿਸਟਮ ਕਿਉਂ ਲਾਗੂ ਕੀਤਾ ਅਤੇ ਇਸ ਸਾਲ ਕੇਂਦਰ ਵੱਲੋਂ ਆਇਆ 882 ਕਰੋੜ ਮਗਨਰੇਗਾ ਫੰਡ ਕਿਥੇ ਤੇ ਕਿਵੇਂ ਖ਼ਰਚ ਕੀਤਾ ਹੈ ਅਤੇ 31 ਮਾਰਚ 2026 ਤੱਕ ਬੰਦ ਕੰਮਾਂ ਨੂੰ ਚਾਲੂ ਕਰਨਗੇ ਜਾਂ ਨਹੀਂ, ਵਿਧਾਨ ਸਭਾ ਦੇ ਇਜਲਾਸ ਵਿੱਚ ਹਾਲ ਹੀ ਵਿਚ ਲਾਗੂ ਕੀਤੇ ਨਵੇਂ ਕਿਰਤ ਕਾਨੂੰਨਾਂ ਨੂੰ ਵੀ ਪੰਜਾਬ ਅੰਦਰ ਲਾਗੂ ਨਾ ਕਰਨ ਦਾ ਮਤਾ ਪੇਸ਼ ਕਰਨ ਦੀ ਹਿੰਮਤ ਕਰਨਗੇ। ਮਜ਼ਦੂਰ ਸੰਯੁਕਤ ਮੋਰਚਾ ਦੇ ਆਗੂਆਂ ਕਿਹਾ ਕਿ ਸਾਨੂੰ ਮਨਰੇਗਾ ਦੀ ਥਾਂ 'ਜੀ ਰਾਮ ਜੀ' ਦਾ ਨਵਾਂ ਨਾਂਅ ਰੱਖਣ ਨਾਲ ਕੋਈ ਇਤਰਾਜ਼ ਨਹੀਂ, ਪਰ ਇਸ ਦੀ ਆੜ ਵਿੱਚ ਭਾਜਪਾ ਨੇ ਮਜ਼ਦੂਰਾਂ ਰੋਟੀ ਖੋਹਣ ਦਾ ਰਾਹ ਪੱਧਰਾ ਕੀਤਾ ਹੈ। ਉਨ੍ਹਾਂ ਕਿਹਾ ਕਿ ਪੁਰਾਣੇ ਕਾਨੂੰਨ ਵਿੱਚ ਕੇਂਦਰ 90 ਫੀਸਦੀ ਫੰਡ ਦਿੰਦਾ ਸੀ ਅਤੇ ਹੁਣ 'ਜੀ ਰਾਮ ਜੀ' ਕਾਨੂੰਨ ਤਹਿਤ ਕੇਂਦਰ 60 ਫੀਸਦੀ ਅਤੇ 40 ਫੀਸਦੀ ਸੂਬਿਆਂ ਉਪਰ ਸੁੱਟ ਕੇ ਕੇਂਦਰ ਆਪਣੀ ਜ਼ੁੰਮੇਵਾਰੀ ਤੋਂ ਭੱਜ ਗਿਆ ਹੈ। ਉਨ੍ਹਾਂ ਕਿਹਾ ਕਿ ਖੇਤੀ ਖੇਤਰ ਸਮੇਤ ਹਰ ਖੇਤਰ ਵਿੱਚ ਆਈ ਮਸ਼ੀਨਰੀ ਕਾਰਨ ਪੇਂਡੂ ਮਜ਼ਦੂਰਾਂ ਤੋਂ ਖੁਸੇ ਰੁਜ਼ਗਾਰ ਦੇ ਬਦਲ ਲਈ ਹੀ ਮਜ਼ਦੂਰ ਸਮਾਜ ਦੇ ਲੰਮੇ ਸੰਘਰਸ਼ ਤੇ ਕੁਰਬਾਨੀਆਂ ਦੀ ਬਦੌਲਤ 2005 ਵਿੱਚ ਮਨਮੋਹਨ ਸਿੰਘ ਸਰਕਾਰ ਨੇ ਮਨਰੇਗਾ ਕਾਨੂੰਨ ਤਹਿਤ ਮਜ਼ਦੂਰਾਂ ਨੂੰ ਸਾਲ ਵਿੱਚ 100 ਦਿਨ ਕੰਮ ਦੀ ਗਰੰਟੀ ਹੋਈ ਸੀ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਦੇ ਸੱਤਾ ਵਿਚ ਆਉਣ ਤੋਂ ਬਾਅਦ ਪਹਿਲਾਂ ਲਗਾਤਾਰ ਮਨਰੇਗਾ ਦਾਂ ਬਜਟ ਘਟਾ ਕੇ ਕਾਨੂੰਨ ਨੂੰ ਕਮਜ਼ੋਰ ਕੀਤਾ ਅਤੇ ਹੁਣ ਭਾਜਪਾ ਸਰਕਾਰ ਨੇ ਮਨਰੇਗਾ ਕਾਨੂੰਨ 'ਤੇ ਬੁਲਡੋਜ਼ਰ ਚਲਾ ਕੇ ਦੇਸ਼ ਦੇ ਕਰੋੜਾਂ ਗਰੀਬਾਂ ਦੇ ਚੁੱਲ੍ਹੇ ਠੰਢੇ ਕਰ ਦਿੱਤੇ ਹਨ। ਮਜ਼ਦੂਰ ਆਗੂਆਂ ਕਿਹਾ ਕਿ ਭਾਵੇਂ ਮੋਦੀ ਸਰਕਾਰ ਨੇ ਨਵੇਂ ਜੀ ਰਾਮ ਜੀ ਕਾਨੂੰਨ ਤਹਿਤ 125 ਦਿਨ ਕੰਮ ਦੀ ਗਰੰਟੀ ਕਰਨ ਦੀ ਤਸਵੀਰ ਦਿਖਾਈ ਹੈ, ਪਰ ਪਿਛਲੇ ਮਨਰੇਗਾ ਕਾਨੂੰਨ ਤਹਿਤ ਮਜ਼ਦੂਰਾਂ ਨੂੰ ਮਿਲੇ ਸਾਰੇ ਅਧਿਕਾਰ ਖ਼ਤਮ ਕਰ ਦਿੱਤੇ ਹਨ, ਜਿਵੇਂ ਕੰਮ ਦੀ ਡਿਮਾਂਡ ਕਰਨ ਦਾ ਹੱਕ ਖ਼ਤਮ ਕਰਨਾ, ਖੇਤੀ ਸੀਜ਼ਨ ਦੌਰਾਨ 60 ਦਿਨ ਕੰਮ ਨਾ ਦੇਣਾ ਅਤੇ ਕੇਂਦਰ ਸਰਕਾਰ ਜਦੋਂ ਚਾਹੂ ਕੰਮ ਚੱਲੇਗਾ, ਘੱਟੋ-ਘੱਟ ਮਜਦੂਰੀ ਰੇਟ ਦੇਣਾ ਦਾ ਹੱਕ ਖ਼ਤਮ ਕਰਨ ਵਾਲੇ ਫੈਸਲੇ ਕਰਕੇ ਭਾਜਪਾ ਨੇ ਪੇਂਡੂ ਮਜ਼ਦੂਰਾਂ ਦੇ ਰੁਜ਼ਗਾਰ ਗਰੰਟੀ ਕਾਨੂੰਨ ਨੂੰ ਵੋਟ ਬਟੋਰੂ ਸਕੀਮ ਵਿਚ ਤਬਦੀਲ ਕਰ ਦਿੱਤਾ ਹੈ।

ਮਜ਼ਦੂਰ ਆਗੂਆਂ ਕਿਹਾ ਕਿ ਜੀ ਰਾਮ ਜੀ ਦੇ ਨਾਂਅ ਖਿਲਾਫ 30 ਦਸੰਬਰ ਨੂੰ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਕਰਨ ਵਾਲੀ ਮਾਨ ਸਰਕਾਰ ਵੀ ਮਨਰੇਗਾ ਕਾਨੂੰਨ ਨੂੰ ਖ਼ਤਮ ਕਰਨ ਲਈ ਭਾਜਪਾ ਨਾਲ ਅੰਦਰਖਾਤੇ ਇੱਕਮਿਕ ਹੈ। ਉਨ੍ਹਾਂ ਕਿਹਾ ਕਿ ਕੇਂਦਰ ਦੀ ਸਰਕਾਰ ਵੱਲੋਂ ਪਹਿਲਾਂ ਪੁਰਾਣੇ ਕਿਰਤ ਕਾਨੂੰਨਾਂ ਨੂੰ ਖਤਮ ਕਰਕੇ ਕਾਰਪੋਰੇਟ ਪੱਖੀ ਕਾਨੂੰਨ ਲਾਗੂ ਕਰਨਾ ਅਤੇ ਹੁਣ ਮਨਰੇਗਾ ਕਾਨੂੰਨ ਨੂੰ ਖ਼ਤਮ ਕਰਨਾ ਮਜ਼ਦੂਰ ਸਮਾਜ ਉਪਰ ਵੱਡਾ ਹਮਲਾ ਹੈ।

ਭਾਜਪਾ ਦੇ ਪੇਂਡੂ ਰੁਜ਼ਗਾਰ ਮਾਰੂ ਹਮਲੇ ਖਿਲਾਫ ਆਉਣ ਵਾਲੇ ਸਮੇਂ ਵਿੱਚ ਦੇਸ਼ ਪੱਧਰ ਦੀਆਂ ਜਥੇਬੰਦੀਆਂ ਵੱਲੋਂ ਮਿਲ ਕੇ ਭਾਜਪਾ ਮੋਦੀ ਸਰਕਾਰ ਖ਼ਿਲਾਫ਼ ਵੱਡਾ ਅੰਦੋਲਨ ਕੀਤਾ ਜਾਏਗਾ। ਇਸ ਮੌਕੇ ਮਜ਼ਦੂਰ ਆਗੂ ਵੀ ਬੌਧ, ਤੇ ਆਰ ਬੌਧ ਵੀ ਮੌਜੂਦ ਸਨ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

27 Dec Page 3.qxd 12/26/2025 11:06 PM Page 1



# ਜੀਐੱਨਡੀਯੂ ਦੇ ਪੈਨਸ਼ਨਰਾਂ ਨੂੰ ਡੀ. ਏ. ਦੇ ਬਕਾਏ ਦੀ ਅਦਾਇਗੀ ਦੇਣਾ ਪ੍ਰਵਾਨ

## ਅੱਸੀ ਸਾਲਾਂ ਦੇ ਦਸ ਪੈਨਸ਼ਨਰਾਂ ਨੂੰ ਪੈਨਸ਼ਨਰ ਦਿਵਸ ਮੌਕੇ ਕੀਤਾ ਸਨਮਾਨਿਤ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਗੁਰੂ ਨਾਨਕ ਦੇਵ ਯੂਨੀਵਰਸਿਟੀ ਪੈਨਸ਼ਨਰਜ਼ ਐਸੋਸੀਏਸ਼ਨ ਜਨਰਲ ਬਾਡੀ ਮੀਟਿੰਗ ਤੇ 80 ਸਾਲਾਂ ਦੇ 10 ਮੈਂਬਰਾਂ ਨੂੰ ਸਨਮਾਨਿਤ ਕਰਨ ਦੀ ਪ੍ਰਧਾਨਗੀ ਡਾਕਟਰ ਅਮਰਜੀਤ ਸਿੰਘ ਸਿੱਧੂ, ਪ੍ਰਧਾਨ ਦੀ ਸਰਪ੍ਰਸਤੀ ਵਿੱਚ ਹੋਈ। ਮੀਟਿੰਗ ਵਿੱਚ ਸਾਲ 2025 ਵਿੱਚ ਵਿਛੜੇ ਪੈਨਸ਼ਨਰ ਸਾਥੀਆਂ ਡਾ. ਬਲਵੰਤ ਸਿੰਘ ਕਾਨੂੰਨ ਵਿਭਾਗ, ਸ. ਹਰਬੰਸ ਸਿੰਘ, ਸਹਾਇਕ ਰਜਿਸਟਰਾਰ, ਸ. ਨੱਥਾ ਸਿੰਘ ਆਦਿ ਨੂੰ ਭਾਵ ਭਿੰਨੀ ਸ਼ਰਧਾਂਜਲੀ ਦਿੱਤੀ ਗਈ।ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਡਾ. ਅਮਰਜੀਤ ਸਿੱਧੂ, ਪ੍ਰਧਾਨ ਤੇ ਅਮਰਜੀਤ ਸਿੰਘ ਬਾਈ, ਜਨਰਲ ਸਕੱਤਰ ਵਲੋਂ ਸਾਂਝਾ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਮਾਣਯੋਗ ਉਪ ਕੁਲਪਤੀ ਡਾ. ਕਰਮਜੀਤ ਸਿੰਘ ਨੇ 01-01-2016 ਤੋਂ 30-06-2021 ਤੱਕ ਦੇ ਡੀ. ਏ. ਬਕਾਏ ਦੀ ਅਦਾਇਗੀ ਦੇਣਾ ਪ੍ਰਵਾਨ ਕਰ ਲਿਆ ਹੈ।80 ਤੋਂ 85 ਸਾਲਾਂ ਦੇ ਪੈਨਸ਼ਨਰਾਂ ਨੂੰ ਜਨਵਰੀ 2026 ਵਿੱਚ ਅਦਾਇਗੀ ਕਰ ਦਿੱਤੀ ਜਾਵੇਗੀ ਅਤੇ 75 ਤੋਂ 80 ਸਾਲਾਂ ਦੇ ਪੈਨਸ਼ਨਰਾਂ ਨੂੰ ਫਰਵਰੀ 2026 ਵਿੱਚ ਵਿਦਿਆਰਥੀਆਂ ਦੀਆਂ ਫੀਸਾਂ ਆਉਣ ਤੇ ਮਾਰਚ/ਅਪ੍ਰੈਲ 2026 ਵਿੱਚ ਅਦਾਇਗੀ ਕੀਤੀ ਜਾਵੇਗੀ।ਬਿਆਨ ਜਾਰੀ ਰਖਦਿਆਂ ਅਮਰਜੀਤ ਬਾਈ ਨੇ ਕਿਹਾ ਕਿ 2025 ਸਾਲ ਵਿੱਚ 80 ਸਾਲ ਮੁਕੰਮਲ ਹੋਣ ਤੇ ਵਰਸਿਟੀ ਪੈਨਸ਼ਨਰਜ਼ ਮੈਂਬਰਾਂ ਸ. ਜਸਬੀਰ ਸਿੰਘ, ਉਪ ਰਜਿਸਟਰਾਰ, ਗੰਗ ਸਿੰਘ ਸਿੱਧੂ, ਉਪ ਰਜਿਸਟਰਾਰ, ਪ੍ਰੋ. ਸੇਵਾ ਸਿੰਘ, ਲਾਇਬ੍ਰੇਰੀ ਸਾਇੰਸ ਵਿਭਾਗ, ਸੀਤਲ ਸਿੰਘ ਸਹਾਇਕ ਰਜਿਸਟਰਾਰ, ਹਰਜਿੰਦਰ ਸਿੰਘ ਛੀਨਾ ਨਿਗਰਾਨ, ਕਸ਼ਮੀਰ ਸਿੰਘ, ਨਿਗਰਾਨ, ਵਿਜੇ ਕੁਮਾਰ ਸੂਦ, ਸੀਨੀਅਰ ਸਹਾਇਕ, ਦਲਬੀਰ ਸਿੰਘ, ਸੀਨੀਅਰ ਸਹਾਇਕ, ਸੁੱਚਾ ਸਿੰਘ ਰੰਧਾਵਾ, ਸੀਨੀਅਰ ਸਹਾਇਕ ਤੇ ਨੰਦ ਲਾਲ, ਸੀਨੀਅਰ ਸਹਾਇਕ ਨੂੰ ਸਨਮਾਨ ਪੱਤਰ ਤੇ ਮੋਮੈਂਟੋ ਦੇ ਕੇ ਪੈਨਸ਼ਨਰਜ਼ ਦਿਵਸ ਤੇ ਨਿੱਘਾ ਸਵਾਗਤ ਤੇ ਸਨਮਾਨਿਤ ਕੀਤਾ ਗਿਆ। ਗੁਰੂ ਨਾਨਕ ਦੇਵ ਯੂਨੀਵਰਸਿਟੀ ਪੈਨਸ਼ਨਰਜ਼ ਐਸੋਸੀਏਸ਼ਨ 2008 ਵਿੱਚ ਹੋਂਦ ਵਿੱਚ ਆਈ ਹੈ, ਪੈਨਸ਼ਨਰ ਦਿਵਸ ਉਦੋਂ ਤੋਂ ਮਨਾਇਆ ਜਾ ਰਿਹਾ ਹੈ।ਅਮਰਜੀਤ ਬਾਈ ਨੇ 17 ਦਸੰਬਰ 1982 ਦੀ ਮਾਣਯੋਗ ਸੁਪਰੀਮ ਕੋਰਟ ਦੇ ਪੰਜ ਜੱਜਾਂ ਦੇ ਬੈਂਚ, ਵੱਲੋਂ ਇਤਿਹਾਸਿਕ ਤੇ ਲੈਂਡਮਾਰਕ ਜੱਜਮੈਂਟ ਵਿੱਚ ਸੰਵਿਧਾਨ ਦੇ ਆਰਟੀਕਲ 14 ਤੇ 16 ਰਾਈਟ ਟੂ ਇਕੂਲਟੀ ਦਾ ਹਵਾਲਾ ਦੇ ਕੇ ਕਿਹਾ ਕਿ ਪੈਨਸ਼ਨਰ ਮੁਲਾਜ਼ਮਾਂ ਵਲੋਂ ਕੀਤੀ ਪਹਿਲੀ ਸਰਵਿਸ ਦਾ ਰੀਵਾਰਡ ਪੈਨਸ਼ਨ ਹੈ।ਜੱਜਮੈਂਟ ਵਿ`ਚ ਸੰਵਿਧਾਨ ਦੇ ਪਰੈਮਬਲ ਵਿੱਚ ਦਰਜ਼ ਮੱਦ ਸੋਸ਼ਲਿਸਟ ਨੂੰ ਬੜੀ ਡੀਟੇਲ ਵਿੱਚ ਵਿਚਾਰਿਆ ਗਿਆ ਹੈ ਜਿਸ ਅਨੁਸਾਰ ਵਿਦਿਆਂ, ਸਿਹਤ, ਰੁਜ਼ਗਾਰ ਮਨੁੱਖ ਦੀਆਂ ਮੁੱਢਲੀਆਂ ਲੋੜਾਂ ਹਨ ਅਤੇ ਇਹ ਵੀ ਕਿਹਾ ਕਿ ਸਰਕਾਰ ਦੀ ਡਿਊਟੀ ਹੈ ਕਿ ਪੈਨਸ਼ਨਰਾਂ ਨੂੰ ਬੁੱਢੇ ਤੋਂ ਕਬਰ ਤੱਕ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ।ਵਿੱਤ ਸਕੱਤਰ ਸ. ਸੁਰਜੀਤ ਸਿੰਘ ਨੇ ਜਨਰਲ ਬਾਡੀ ਨੂੰ ਸੰਬੋਧਨ ਕਰਦਿਆਂ ਸਾਲ 2024-25 ਦੇ ਆਮਦਨ ਤੇ ਖਰਚੇ ਦਾ ਵੇਰਵਾ ਦਿੰਦਿਆਂ ਦੱਸਿਆ ਐਸੋਸੀਏਸ਼ਨ ਦੇ ਖਾਤੇ ਵਿੱਚ ਖਰਚਾ 62,961 ਰੁਪਏ ਹੋਇਆ, ਬੱਚਤ 43,885 ਰੁਪਏ ਹੈ ਅਤੇ 2,23,000 ਰੁਪਏ ਫਿਕਸ ਡਿਪਾਜ਼ਿਟ ਖਾਤੇ ਵਿਚ ਲਾਏ ਗਏ ਹਨ।ਪੈਨਸ਼ਨਰ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਡਾਕਟਰ, ਪਰਮਿੰਦਰ ਸਿੰਘ ਨੇ ਪੈਨਸ਼ਨਰਜ਼ ਐਸੋਸੀਏਸ਼ਨ ਦੇ ਕੀਤੇ ਕੰਮਾਂ ਦੀ ਸ਼ਲਾਘਾ ਕੀਤੀ ਤੇ ਪੈਨਸ਼ਨਰਾਂ ਨੂੰ ਅਪੀਲ ਕੀਤੀ ਕਿ ਐਸੋਸੀਏਸ਼ਨ ਨੂੰ ਮਜ਼ਬੂਤ ਕਰਨ ਲਈ ਇੱਕਮੁਠਤਾ ਬਣਾਈ ਰੱਖਣ। ਉਹਨਾਂ ਐਸੋਸੀਏਸ਼ਨ ਦੇ ਨੁਮਾਇੰਦਿਆਂ ਨੂੰ ਹਰ ਚੰਗਾ ਕੰਮ ਕਰਨ ਦੀ ਹੱਲਾ ਸ਼ੇਰੀ ਦਿੰਦੇ ਰਹਿਣ।ਗੁਰੂ ਨਾਨਕ ਦੇਵ ਯੂਨੀਵਰਸਿਟੀ ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਉਪ ਕੁਲਪਤੀ ਡਾ. ਕਰਮਜੀਤ ਸਿੰਘ ਦਾ, ਡੀ. ਏ. ਦੀਆਂ ਕਿਸ਼ਤਾਂ ਪੈਨਸ਼ਨਰਾਂ ਨੂੰ ਰਿਲੀਜ਼ ਕਰਨ ਦਾ ਧੰਨਵਾਦ ਕੀਤਾ ਅਤੇ ਆਸ ਪ੍ਰਗਟ ਕੀਤੀ ਕਿ ਬਾਕੀ ਰਹਿੰਦੀਆਂ ਮੰਗਾਂ ਵੀ ਸਦਭਾਵਨਾ ਸਹਿਤ ਨਜਿੱਠੀਆਂ ਜਾਣਗੀਆਂ।

# ਵੇਰਕਾ ਕੈਟਲ ਫੀਡ ਪਲਾਂਟ ਦੇ ਸਮੂਹ ਕਰਮਚਾਰੀਆਂ ਘਣੀਏ ਕੇ ਬਾਂਗਰ 'ਚ ਲਾਇਆ ਦੁੱਧ ਦਾ ਲੰਗਰ



**ਫ਼ਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**- ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵੇਰਕਾ ਕੈਟਲ ਫੀਡ ਪਲਾਂਟ ਵੱਲੋਂ ਸਮੂਹ ਅਧਿਕਾਰੀਆਂ, ਵਰਕਰਾਂ ਅਤੇ ਐਨਆਰਆਈ ਵੀਰਾਂ ਦੇ ਸਹਿਯੋਗ ਨਾਲ ਘਣੀਏ ਕੇ ਬਾਂਗਰ ਵਿਖੇ ਦੁੱਧ ਦੇ ਲੰਗਰ ਲਗਾਏ ਗਏ।ਇਸ ਮੌਕੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਪ੍ਰਣਾਮ ਕਰਦਿਆਂ ਸੰਗਤ ਨੂੰ ਸੰਦੇਸ਼ ਦਿੱਤਾ ਗਿਆ ਕਿ ਜਿਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਧਰਮ ਦੀ ਰੱਖਿਆ ਲਈ ਆਪਣੇ ਚਾਰਾਂ ਪੁੱਤਰਾਂ ਨੂੰ ਵਾਰ ਦਿੱਤਾ, ਉਸੇ ਤਰ੍ਹਾਂ ਸਾਨੂੰ ਵੀ ਆਪਣੇ ਧਰਮ ਅਤੇ ਵਿਰਸੇ ਦੀ ਰਾਖੀ ਲਈ ਇਕਜੁੱਟ ਹੋ ਕੇ ਭਾਈਚਾਰੇ ਦਾ ਸੰਦੇਸ਼ ਦੇਣਾ ਚਾਹੀਦਾ ਹੈ।ਇਸ ਮੌਕੇ ਜਨਰਲ ਮੈਨੇਜਰ ਸਤਿੰਦਰ ਪ੍ਰਸਾਦ, ਡਿਪਟੀ ਮੈਨੇਜਰ ਸਤਕਿਰਤ ਸਿੰਘ, ਕਰਨਬੀਰ ਸਿੰਘ, ਨਿਸ਼ਾਂਤ ਅਰੋੜਾ, ਡਿਪਟੀ ਮੈਨੇਜਰ ਮਹਿੰਦਰਪਾਲ ਸਿੰਘ, ਪਵਨਦੀਪ ਸਿੰਘ, ਪ੍ਰਧਾਨ ਜਗਜੀਤ ਸਿੰਘ, ਅਰਜਿੰਦਰ ਸਿੰਘ, ਦਵਿੰਦਰ ਸਿੰਘ, ਮਨਜੀਤ ਸਿੰਘ, ਨਿਰਮਲ ਸਿੰਘ, ਕਿਆਮ ਮਸੀਹ, ਨਿਰਮਲ ਸਿੰਘ, ਸਮਰਾਟ ਸਿੰਘ, ਜਸਵਿੰਦਰ ਸਿੰਘ, ਨਵਤੇਜ ਸਿੰਘ, ਗੁਰਪਾਲ ਸਿੰਘ, ਹਰਚਰਨ ਸਿੰਘ ਕਲਸੀ, ਜਸਵਿੰਦਰ ਸਿੰਘ, ਬਲਜੀਤ ਸਿੰਘ, ਅੰਮ੍ਰਿਤਪਾਲ ਸਿੰਘ ਪਾਲਾ, ਗੁਰਵਿੰਦਰ ਸਿੰਘ, ਜਸਵੰਤ ਸਿੰਘ, ਪਰਮਜੀਤ ਸਿੰਘ, ਪੁਨੀਤ ਸ਼ਰਮਾ, ਨਵਦੀਪ ਸਿੰਘ, ਅਮਨ ਕੁਮਾਰ, ਗੁਰਪਿੰਦਰ ਸਿੰਘ, ਸਿਮਰਨਪ੍ਰੀਤ ਸਿੰਘ, ਹਰਜੀਤ ਸਿੰਘ, ਅਮਰਜੀਤ ਸਿੰਘ, ਮੰਗਾ, ਅਵਿਨਾਸ਼ ਸਿੰਘ, ਰਜਿੰਦਰ ਸਿੰਘ ਯਾਦਵ, ਗੁਰਪ੍ਰੀਤ ਕੌਰ, ਪਲਕਪ੍ਰੀਤ ਕੌਰ, ਰਾਜਵਿੰਦਰ ਕੌਰ, ਗੁਰਵਿੰਦਰ ਕੌਰ, ਕਮਲਜੀਤ ਕੌਰ, ਦਵਿੰਦਰ ਕੌਰ, ਚਰਨਜੀਤ ਕੌਰ, ਮਨਿੰਦਰ ਕੌਰ, ਹਰਜੀਤ ਕੌਰ, ਜੋਤੀ, ਕੰਵਲਜੀਤ ਕੌਰ, ਮੈਡਮ ਮਿੰਦੋ ਆਦਿ ਹਾਜ਼ਿਰ ਸਨ।

# ਫੰਡ ਘਟਾ ਕੇ ਮਨਰੇਗਾ ਨੂੰ ਕਮਜ਼ੋਰ ਕੀਤਾ ਜਾ ਰਿਹੈ : ਡਾ. ਰਵਜੋਤ ਸਿੰਘ

**ਹੁਸ਼ਿਆਰਪੁਰ (ਦ ਪੀ ਰਾਣਾ)** ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਮਨਰੇਗਾ ਯੋਜਨਾ ਦਾ ਨਾਂਅ ਬਦਲਣਾ ਮਹਿਜ਼ ਇਕ ਬਹਾਨਾ ਹੈ, ਅਸਲ ਇਰਾਦਾ ਇਸ ਦੇ ਅੰਦਰ ਬਦਲਾਅ ਕਰਨਾ ਹੈ ਜੋ ਗਰੀਬਾਂ ਅਤੇ ਮਜ਼ਦੂਰ ਵਰਗ ਨੂੰ ਨੁਕਸਾਨ ਪਹੁੰਚੇਗਾ।ਉਨ੍ਹਾਂ ਕਿਹਾ ਕਿ ਪਹਿਲਾਂ ਕੇਂਦਰ ਸਰਕਾਰ ਮਨਰੇਗਾ ਲਈ 90 ਪ੍ਰਤੀਸ਼ਤ ਫੰਡਿੰਗ ਦਿੰਦੀ ਸੀ, ਜਿਸ ਨੂੰ ਹੁਣ ਘਟਾ ਕੇ 60:40 ਕਰ ਦਿੱਤਾ ਗਿਆ ਹੈ।ਇਸ ਦੌਰਾਨ ਰਾਜਾਂ ਦੇ ਆਰ.ਡੀ.ਐੱਫ ਅਤੇ ਜੀ.ਐੱਸ.ਟੀ ਫੰਡ ਵੀ ਰੋਕੇ ਜਾ ਰਹੇ ਹਨ, ਜੋ ਰਾਜਾਂ ਦੇ ਅਧਿਕਾਰਾਂ 'ਤੇ ਸਿੱਧਾ ਹਮਲਾ ਹੈ।ਡਾ. ਰਵਜੋਤ ਸਿੰਘ ਨੇ ਕਿਹਾ ਕਿ ਹੁਣ ਕੇਂਦਰ ਸਰਕਾਰ ਇਹ ਵੀ ਤੈਅ ਕਰੇਗੀ ਕਿ ਪਿੰਡਾਂ ਵਿੱਚ ਕਿਹੜੇ ਕੰਮ ਹੋਣਗੇ ਅਤੇ ਕਿਹੜੇ ਨਹੀਂ। [illegible] ਪਾਉਣਾ ਪੈਂਦਾ ਹੈ, ਜਦੋਂ ਕਿ ਕੇਂਦਰ ਸਰਕਾਰ ਦਾ ਕੰਮ 'ਤੇ ਪੂਰਾ ਕੰਟਰੋਲ ਹੈ।'ਜਿਸ ਦਾ ਖੇਤ ਉਸ ਦੀ ਰੇਤ' ਵਰਗੀਆਂ ਸਕੀਮਾਂ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਅਜਿਹਾ ਮਾਡਲ ਲੋਕਾਂ ਦੀ ਆਮਦਨ ਵਧਾਉਂਦਾ ਹੈ। ਡਾ. ਰਵਜੋਤ ਸਿੰਘ ਨੇ ਕਿਹਾ ਕਿ ਇਹ ਮੁੱਦਾ ਸਿਰਫ਼ ਪੰਜਾਬ ਦਾ ਨਹੀਂ, ਸਗੋਂ ਦੇਸ਼ ਭਰ ਦੇ 68 ਕਰੋੜ ਮਨਰੇਗਾ ਕਾਰਡ ਧਾਰਕਾਂ ਦਾ ਹੈ। ਜੇਕਰ 125 ਦਿਨ ਦਿੱਤੇ ਜਾ ਰਹੇ ਹਨ, ਤਾਂ ਸ਼ਰਤਾਂ ਲਗਾਉਣਾ ਅਤੇ ਫੰਡ ਰੋਕਣਾ ਸਰਾਸਰ ਬੇਇਨਸਾਫ਼ੀ ਹੈ। ਪੰਜਾਬ ਸਰਕਾਰ ਗ਼ਰੀਬਾਂ, ਨੌਜਵਾਨਾਂ ਅਤੇ ਆਮ ਲੋਕਾਂ ਦੇ ਹੱਕਾਂ ਲਈ ਇਹ ਲੜਾਈ ਜ਼ੋਰਦਾਰ ਢੰਗ ਨਾਲ ਲੜੇਗੀ।

# ਗੁਰਦਾਸਪੁਰ ਤੋਂ ਬਹਿਰਾਮਪੁਰ ਨੂੰ ਜਾਂਦੀ ਸੜਕ 'ਤੇ ਥਾਂ-ਥਾਂ ਪਏ ਟੋਏ ਦੇ ਰਹੇ ਹਨ ਨਿੱਤ ਹਾਦਸਿਆਂ ਨੂੰ ਸੱਦਾ

**ਗੁਰਦਾਸਪੁਰ, (ਜਨਕ ਮਹਾਜਨ)**- ਗੁਰਦਾਸਪੁਰ ਤੋਂ ਬਹਿਰਾਮਪੁਰ ਨੂੰ ਜਾਣ ਵਾਲੀ ਸੜਕ ਵਿਚਕਾਰ ਪਿੰਡ ਮਿਆਨੀ ਝਮੇਲਾ ਤੋਂ ਇਲਾਵਾ ਹੋਰਨਾਂ ਕਈ ਥਾਵਾਂ 'ਤੇ ਵੱਡੇ-ਵੱਡੇ ਟੋਏ ਪੈਣ ਕਾਰਨ ਇਥੋਂ ਦੀ ਗੁਜ਼ਰਨ ਵਾਲੇ ਰਾਹਗੀਰਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੜਕ ਵਿਚਕਾਰ ਪਏ ਟੋਇਆਂ ਵਿਚ ਵਰਖਾ ਦਾ ਪਾਣੀ ਖੜ੍ਹਾ ਹੋਣ ਨਾਲ ਵਾਹਨਾਂ ਦਾ ਇਥੋਂ ਲੰਘਣਾ ਬੇਹੱਦ ਔਖਾ ਹੋ ਜਾਂਦਾ ਹੈ ਅਤੇ ਕਈ ਵਾਰ ਵਾਹਨ ਚਾਲਕ ਇਨ੍ਹਾਂ ਟੋਇਆਂ ਵਿਚ ਡਿਗ ਕੇ ਸੱਟਾਂ ਵੀ ਲਗਵਾ ਚੁੱਕੇ ਹਨ। ਇਸ ਪਾਸੇ ਸਬੰਧਿਤ ਵਿਭਾਗ ਦਾ ਧਿਆਨ ਨਾ ਹੋਣ ਕਾਰਨ ਲੋਕਾਂ ਦਾ ਵਿਭਾਗ ਪ੍ਰਤੀ ਭਾਰੀ ਰੋਸ ਵੇਖਣ ਨੂੰ ਮਿਲ ਰਿਹਾ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਇਲਾਕਾ ਵਾਸੀਆਂ ਨੇ ਦੱਸਿਆ ਕਿ ਗੁਰਦਾਸਪੁਰ ਤੋਂ ਬਹਿਰਾਮਪੁਰ ਜਾਣ ਲਈ ਸੜਕ 'ਤੇ ਪਿੰਡ ਮਿਆਨੀ ਝਮੇਲਾ ਕੋਲ ਕਾਫ਼ੀ ਵੱਡੇ ਟੋਏ ਹੋਏ ਹਨ। ਉਨ੍ਹਾਂ ਕਿਹਾ ਰੋਜ਼ਾਨਾਂ ਸੈਂਕੜਿਆਂ ਦੀ ਗਿਣਤੀ ਵਿਚ ਵਾਹਨ ਇਸ ਸੜਕ ਰਾਹੀਂ ਗੁਰਦਾਸਪੁਰ ਨੂੰ ਆਉਂਦੇ-ਜਾਂਦੇ ਹਨ। ਲੋਕਾਂ ਨੇ ਕਿਹਾ ਸਿੰਗਲ ਲਾਈਨ ਵਾਲੀ ਸੜਕ ਹੋਣ ਕਾਰਨ ਇਸ ਸੜਕ 'ਤੇ ਵੱਡੇ ਵਾਹਨਾਂ ਦਾ ਗੁਜ਼ਰਨਾ ਜਿੱਥੇ ਪਹਿਲਾਂ ਹੀ ਮੁਸ਼ਕਿਲ ਹੋਇਆ ਪਿਆ ਹੈ ਉਥੇ ਹੀ ਹੁਣ ਸੜਕ ਵਿਚਕਾਰ ਪਏ ਟੋਇਆਂ ਨੇ ਰਾਹਗੀਰ ਲਈ ਇਕ ਹੋਰ ਵੱਡੀ ਮੁਸ਼ਕਿਲ ਖੜੀ ਕਰ ਦਿੱਤੀ ਹੈ। ਲੋਕਾਂ ਦਾ ਕਹਿਣਾ ਹੈ ਕਿ ਹੁਣ ਗੰਨੇ ਦਾ ਸੀਜ਼ਨ ਸ਼ੁਰੂ ਹੋ ਚੁੱਕਾ ਹੈ ਅਤੇ ਵੱਡੀ ਗਿਣਤੀ ਵਿਚ ਟਰਾਲੀਆਂ ਗੰਨਾਂ ਲੈ ਕੇ ਇਸ ਖਸਤਾ ਹਾਲਤ ਸੜਕ ਤੋਂ ਗੁਜਰਦੀਆਂ ਹਨ ਅਤੇ ਕਈ ਵਾਰ ਗੰਨੇ ਨਾਲ ਭਰੀਆਂ ਟਰਾਲੀਆਂ ਇਸ ਸੜਕ ਵਿਚਕਾਰ ਪਲਟ ਜਾਂਦੀਆਂ ਹਨ ਜਿਸ ਨਾਲ ਆਵਜਾਈ ਵਿਚ ਪਾਰੀ ਰੁਕਾਵਟ ਪੈਦਾ ਹੁੰਦੀ ਹੈ। ਇਲਾਕਾ ਵਾਸੀਆਂ ਨੇ ਪੰਜਾਬ ਸਰਕਾਰ ਤੇ ਸਬੰਧਿਤ ਵਿਭਾਗ ਪਾਸੋਂ ਮੰਗ ਕੀਤੀ ਕਿ ਗੁਰਦਾਸਪੁਰ ਤੋਂ ਬਹਿਰਾਮਪੁਰ ਨੂੰ ਜਾਣ ਵਾਲੀ ਸੜਕ ਵਿਚਕਾਰ ਪਏ ਟੋਇਆਂ ਦੀ ਮੁਰੰਮਤ ਪਹਿਲ ਦੇ ਆਧਾਰ 'ਤੇ ਕਾਰਵਾਈ ਜਾਵੇ ਤਾਂ ਜੋ ਇਥੋਂ ਲੰਘਣ ਵਾਲੇ ਰਾਹਗੀਰਾਂ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ।



# ਪੰਜਾਬ ਚਿਲਡਰਨ ਅਕੈਡਮੀ ਦੀਆਂ ਸਾਲਾਨਾ ਖੇਡਾਂ ਸ਼ਾਨੋ-ਸ਼ੌਕਤ ਨਾਲ਼ ਸਮਾਪਤ

**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਤਰਨ ਤਾਰਨ ਦੀ ਸਰਮੌਰ ਸੰਸਥਾ ਪੰਜਾਬ ਚਿਲਡਰਨ ਅਕੈਡਮੀ -2025 ਦੀਆਂ ਸਾਲਾਨਾ ਖੇਡਾਂ ਬੜੀ ਧੂਮਧਾਮ ਨਾਲ਼ ਸਮਾਪਤ ਹੋਈਆਂ। ਇਸ ਮੌਕੇ ਸਕੂਲ ਦੇ ਚਾਰ ਹਾਊਸਾਂ ਹਾਊਸਾਂ ਵੱਲੋਂ ਭਾਗ ਲਿਆ ਗਿਆ। ਸਕੂਲ ਦੇ ਡਰੈਕਟਰ ਹਰਮਨਪ੍ਰੀਤ ਸਿੰਘ ਤੇ ਪ੍ਰਿੰਸੀਪਲ ਮੈਡਮ ਸੰਧਿਆ ਖੰਨਾ ਵੱਲੋਂ ਮਾਰਚ ਪਾਸਟ ਤੋਂ ਸਲਾਮੀ ਲਈ ਗਈ। ਲਗਾਤਾਰ ਚੱਲੇ ਖੇਡ ਮੁਕਾਬਲਿਆਂ ਵਿੱਚ ਪ੍ਰੀ-ਨਰਸਰੀ ਤੋਂ +2 ਦੇ ਖਿਡਾਰੀਆਂ ਨੇ ਭਾਗ ਲਿਆ। 100 ਮੀਟਰ, 200 ਮੀਟਰ, 400 ਮੀਟਰ, 800 ਮੀਟਰ ਰਿਲੇਅ ਦੌੜ, ਹਾਈ ਜੰਪ ਡਿਸਕਥਰੋ, ਰੱਸਾ-ਕੱਸੀ ਤੇ ਹੋਰ ਖੇਡਾਂ ਦਾ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ 12 ਸਾਲਾ ਵਰਗ ਵਿੱਚ ਲੜਕਾ ਅਰਮਾਨਜੋਤ ਸਿੰਘ, ਲੜਕੀ ਸੁਖਮੀਤ ਕੌਰ, 14 ਸਾਲਾ ਵਰਗ ਵਿੱਚੋਂ ਲੜਕਾ ਗੁਰਏਕਮ ਸਿੰਘ ਤੇ ਲੜਕੀ ਮਨਰੀਤ ਕੌਰ 17 ਸਾਲਾ ਵਰਗ ਵਿੱਚੋਂ ਲੜਕਾ ਰਿਪੁਦਮਨ ਸਿੰਘ ਤੇ ਲੜਕੀ ਤਨਵੀਰਜੋਤ ਕੌਰ ਕ੍ਰਮਵਾਰ ਜੇਤੂ ਰਹੇ। ਇਸੇ ਤਰ੍ਹਾਂ 19 ਵਰਗ ਵਿੱਚੋਂ ਲੜਕਾ ਗੁਰਕੀਰਤ ਸਿੰਘ ਤੇ ਲੜਕੀ ਐਸ਼ਵੀਨ ਕੌਰ ਤੇ ਸੁਮਨਜੀਤ ਕੌਰ ਅੱਵਲ ਆਏ। ਸਕੂਲ ਦੇ ਚਾਰ ਹਾਊਸ ਡੈਫੋਡਿਲ ਹਾਊਸ, ਓਰਚਡ ਹਾਊਸ, ਪੈਨਸੀ ਹਾਊਸ ਤੇ ਟਰੱਲਿਪ ਹਾਊਸ ਦੇ ਖਿਡਾਰੀਆਂ ਨੇ ਭਾਗ ਲਿਆ। ਖੇਡਾਂ ਦੇ ਮੁਕਾਬਲਿਆਂ ਵਿੱਚੋਂ ਜ਼ਿਆਦਾ ਪੁਆਇੰਟ ਲੈ ਕੈ ਡੈਫੋਡਿਲ ਹਾਊਸ ਜੇਤੂ ਰਿਹਾ। ਸਟੇਟ ਲੈਵਲ ਦੀਆਂ ਹੋਈਆਂ ਖੇਡਾਂ ਦੌਰਾਨ ਟ੍ਰਿਪਲ ਜੰਪ ਵਿੱਚੋਂ ਗੋਲਡ ਮੈਡਲ ਪ੍ਰਾਪਤ ਕਰਨ ਵਾਲੇ ਖਡਾਰੀ ਉਦੈਵੀਰ ਸਿੰਘ ਦਾ ਸਕੂਲ ਸਟਾਫ ਵੱਲੋਂ ਵਿਸ਼ੇਸ ਸਨਮਾਨ ਕੀਤਾ ਗਿਆ। ਇਸ ਮੌਕੇ ਡਾਇਰਕੈਟਰ ਹਰਮਨਪ੍ਰੀਤ ਸਿੰਘ ਤੇ ਪ੍ਰਿੰਸੀਪਲ ਮੈਡਮ ਸੰਧਿਆ ਖੰਨਾ ਨੇ ਸਕੂਲ ਸਟਾਫ ਤੇ ਡੀ. ਪੀ. ਮੈਡਮ ਪਾਇਲ, ਹਰਵਿੰਦਰ ਕੌਰ, ਅਮਨਪੁਨੀਤ ਸਿੰਘ, ਜਸਰਾਜ ਸਿੰਘ ਸਖ਼ਤ ਮਿਹਨਤ ਕਰਵਾਉਣ ਦੀ ਵਧਾਈ ਦਿੱਤੀ। ਪ੍ਰਿੰਸੀਪਲ ਸੰਧਿਆ ਖੰਨਾ ਵੱਲੋਂ ਜੇਤੂ ਖਿਡਾਰੀਆਂ ਤੇ ਸਮੂਹ ਸਟਾਫ ਦਾ ਧੰਨਵਾਦ ਕੀਤਾ ਗਿਆ।



# ਉਡਾਨ ਨੇ ਲੋੜਵੰਦ ਔਰਤਾਂ ਨੂੰ ਦਿੱਤੀਆਂ ਪੰਜਾਹ ਸਿਲਾਈ ਮਸ਼ੀਨਾਂ

**ਗੁਰਦਾਸਪੁਰ (ਦਿਨੇਸ਼ ਕੁਮਾਰ)**- ਸੀ. ਵਾਈ. ਡੀ. ਏ. (ਸੈਂਟਰ ਫਾਰ ਯੂਥ ਡਿਵੈਲਪਮੈਂਟ ਐਂਡ ਐਕਟੀਵਿਟੀ) ਵੱਲੋਂ ਨੌਜਵਾਨਾਂ ਨੂੰ ਆਤਮਨਿਰਭਰ ਕਰਨ, ਖੇਤੀਬਾੜੀ ਤੇ ਛੋਟੇ ਉਦਯੋਗਾਂ ਦੇ ਉਦਮੀਆਂ ਦੀ ਮਦਦ ਕਰਨ ਅਤੇ ਕੁਦਰਤੀ ਆਫਤਾਂ ਵਿਚ ਘਿਰ ਲੋਕਾਂ ਦੀ ਵਿੱਤੀ ਮਦਦ ਕਰਨ ਲਈ ਭਾਰਤ ਦੀਆਂ 23 ਸਟੇਟਾਂ ਵਿਚ ਕੰਮ ਕਰ ਰਹੀ ਹੈ।ਸੰਸਥਾ ਦੇ ਸੰਸਥਾਪਕ ਮੈਥੀਉ ਮੈਟਨ ਪੰਜਾਬ ਹੜ੍ਹ ਪੀੜਤ ਖੇਤਰ 'ਚ ਕੰਮ ਕਰਨ ਵਾਲੇ ਚੰਦਨ ਸਿੰਘ ਸਿਸੋਦੀਆ ਤੇ ਪ੍ਰਵੀਨ ਯਾਦਵ ਵੱਲੋਂ ਉਡਾਨ (ਐੱਨਜੀਓ) ਦੇ ਬਲਜੀਤ ਸਿੰਘ ਉਪਲ ਦੇ ਯਤਨਾਂ ਸਦਕਾ 29 ਮਹਿਲਾਵਾਂ ਨੂੰ ਆਤਮ ਨਿਰਭਰ ਕਰਨ ਲਈ ਬਿਜਲੀ ਨਾਲ ਚੱਲਣ ਵਾਲੀਆਂ 50 ਸਿਲਾਈ ਮਸ਼ੀਨਾਂ ਦਿੱਤੀਆਂ ਗਈਆਂ ।ਇਨ੍ਹਾਂ ਮਹਿਲਾਵਾਂ ਨੂੰ ਪਹਿਲਾਂ 15 ਦਿਨ ਦੀ ਟ੍ਰੇਨਿੰਗ ਦਿੱਤੀ ਗਈ ਹੈ ਤੇ ਟ੍ਰੇਨਿੰਗ ਮੁਕੰਮਲ ਹੋਣ ਪਿੱਛੇ ਇਨ੍ਹਾਂ ਨੂੰ ਸਿਲਾਈ ਮਸ਼ੀਨਾਂ ਮੁਹੱਈਆ ਕਰਵਾਈਆਂ ਗਈਆਂ।ਇਸ ਸਮੇਂ ਚੰਦਨ ਸਿੰਘ ਸਿਸੋਦੀਆ ਨੇ ਕਿਹਾ ਕਿ ਸੰਸਥਾ ਵੱਲੋਂ ਪਹਿਲਾਂ 400 ਦੇ ਕਰੀਬ ਬੱਚਿਆਂ ਨੂੰ ਸਕੂਲ ਬੈਗ, ਸਟੇਸ਼ਨਰੀ ਤੇ ਗਰਮ ਕੱਪੜੇ ਮੁਹੱਈਆ ਕਰਵਾਏ ਗਏ ਹਨ।ਇਸੇ ਤਰ੍ਹਾਂ ਹੜ੍ਹ ਪੀੜਤ ਪਰਿਵਾਰਾਂ ਨੂੰ ਰਸੋਈ ਲਈ ਬਰਤਨ, ਸੋਲਰ ਲਾਈਟਾਂ, ਕੰਬਲ ਵੰਡੇ ਗਏ ਹਨ। ਸੰਸਥਾ ਵੱਲੋਂ ਸਾਫ ਪਾਣੀ ਮੁਹੱਈਆ ਕਰਾਉਣ ਲਈ ਕਰੀਬ 10 ਪਿੰਡਾਂ ਵਿਚ 4 ਤੋਂ 5 ਲੱਖ ਦੀ ਲਾਗਤ ਨਾਲ ਬੋਰ ਕਰਵਾ ਕੇ ਮਸ਼ੀਨਾਂ ਮੁਹੱਈਆ ਕਰਵਾਈਆਂ ਗਈਆਂ ਹਨ।ਇਸੇ ਤਰ੍ਹਾਂ ਕੁਦਰਤੀ ਆਫਤ ਦੌਰਾਨ ਨੁਕਸਾਨੇ ਗਏ ਘਰਾਂ ਦੀ ਮੁਰੰਮਤ ਦਾ ਕੰਮ ਵੀ ਸ਼ੁਰੂ ਕਰਵਾਇਆ ਗਿਆ ਹੈ।ਇਥੇ ਹੀ ਬੱਸ ਨਹੀਂ ਸੰਸਥਾ ਵੱਲੋਂ ਹਰੇਕ ਪਿੰਡ ਵਿੱਚ ਕੁਦਰਤੀ ਆਫਤਾਂ ਤੋਂ ਬਚਾਅ ਕਰਨ ਲਈ ਨੌਜਵਾਨਾਂ ਦੀਆਂ ਟੀਮਾਂ ਦਾ ਗਠਨ ਕੀਤਾ ਜਾ ਰਿਹਾ ਹੈ ਤੇ ਬੱਚਿਆਂ ਨੂੰ ਹੁਨਰਮੰਦ ਕਰਨ ਲਈ ਸੂਬਾ ਸਰਕਾਰ ਨਾਲ ਮਿਲ ਕੇ ਸੈਂਟਰ ਖੋਲ ਜਾ ਰਹੇ ਹਨ।ਇਸ ਮੌਕੇ ਉਨ੍ਹਾਂ ਨਾਲ ਫੌਜੀ ਅਮਰਜੀਤ ਸਿੰਘ, ਸੁਰਿੰਦਰਪਾਲ ਕਾਲੀਆ, ਸਿਮਰਜੀਤ ਸਿੰਘ, ਮਨਤੇਜ ਸਿੰਘ, ਕਰਨਦੀਪ ਸਿੰਘ ਆਦਿ ਵੀ ਹਾਜ਼ਰ ਸਨ ।




# ਸ਼ਫ਼ਰ-ਏ-ਸ਼ਹਾਦਤ ਦੀ ਯਾਦ 'ਚ ਜੰਡਿਆਲਾ ਗੁਰੂ ਵਿਖੇ ਦੁੱਧ ਦੀ ਸੇਵਾ

**ਜੰਡਿਆਲਾ ਗੁਰੂ (ਹਰਿੰਦਰਪਾਲ ਸਿੰਘ)**:- ਸਾਹਿਬ ਏ ਕਮਾਲ ਸਰਬੰਸਦਾਨੀ ਧੰਨ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਲਖਤੇ ਜਿਗਰ, ਬਾਬਾ ਅਜੀਤ ਸਿੰਘ ਜੀ ਬਾਬਾ ਜ਼ੋਰਾਵਰ ਸਿੰਘ ਜੀ ਬਾਬਾ ਫਤਹਿ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ ਅਤੇ ਮਾਤਾ ਗੁਜਰ ਕੌਰ ਜੀ ਅਤੇ ਹੋਰ ਸਿੰਘ ਸਿੰਘਣੀਆਂ ਜਿਨ੍ਹਾਂ ਨੇ ਜੰਗ ਦੇ ਮੈਦਾਨ ਵਿੱਚ ਸ਼ਹੀਦੀ ਪ੍ਰਾਪਤ ਕੀਤੀ, ਦੀ ਯਾਦ ਵਿੱਚ ਵੱਡੇ ਪੱਧਰ ਤੇ ਸਰਹੰਦ ਫਤਿਹਗੜ੍ਹ ਸਾਹਿਬ ਚਮਕੌਰ ਸਾਹਿਬ ਵਿਖੇ ਸ਼ਹੀਦੀ ਜੋੜ ਮੇਲੇ ਮਨਾਏ ਜਾ ਰਹੇ ਹਨ। ਇਨ੍ਹਾਂ ਜੋੜ ਮੇਲਿਆਂ ਵਿੱਚ ਸੰਗਤ ਦੇ ਆਉਣ ਜਾਣ ਵਾਸਤੇ ਰਸਤੇ ਵਿੱਚ ਲੰਗਰ ਆਪਣੀ ਨੇਕ ਕਮਾਈ ਵਿੱਚੋਂ ਲੋਕ ਸੰਗਤਾਂ ਵਾਸਤੇ ਗਲੀ ਮੁਹੱਲਿਆਂ., ਕਸਬਿਆਂ, ਕਲੋਨੀਆਂ, ਸ਼ਹਿਰਾਂ 'ਚ ਸੰਗਤਾਂ ਵਾਸਤੇ ਤਰ੍ਹਾਂ ਤਰ੍ਹਾਂ ਦੇ ਲੰਗਰ ਲਗਾ ਕੇ ਆਪਣਾ ਜੀਵਨ ਸਫਲਾ ਕਰ ਰਹੇ ਹਨ।ਇਸੇ ਹੀ ਤਰ੍ਹਾਂ ਸ਼ਹੀਦ ਸਿੰਘਾਂ ਸਿੰਘਣੀਆਂ ਦੇ ਸਾਲਾਨਾ ਜੋੜ ਮੇਲੇ ਨੂੰ ਸਮਰਪਿਤ ਅੰਮ੍ਰਿਤਸਰ ਵਿਖੇ ਖੂਹ ਭਾਈ ਮੰਝ ਜੀ, ਦੇ ਨਜ਼ਦੀਕ ਮਾਤਾ ਗੰਗਾ ਜੀ ਨਗਰ ਵਿਖੇ ਲੇਖਕ ਵਰਿੰਦਰ ਸਿੰਘ ਰਾਜ ਅਤੇ ਸਰਬਜੀਤ ਸਿੰਘ ਵੱਲੋਂ ਅਤੇ ਆਪਣੇ ਸਾਥੀਆਂ ਵੱਲੋਂ ਦੁੱਧ ਦਾ ਲੰਗਰ ਲਗਾਇਆ ਗਿਆ।ਆਉਣ ਜਾਣ ਵਾਲੀ ਸੰਗਤ ਖਾਸ ਕਰ ਛੋਟੇ ਬੱਚਿਆਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ ਮਾਤਾ ਗੁਜਰ ਕੌਰ ਦੀ ਸ਼ਹੀਦੀ ਬਾਰੇ ਜਾਣਕਾਰੀ ਦਿੱਤੀ। ਛੋਟੇ ਬੱਚਿਆਂ ਕੋਲੋਂ ਸਿੱਖ ਇਤਿਹਾਸ ਬਾਰੇ ਜਾਣਕਾਰੀ ਵੀ ਪੁੱਛੀ ਗਈ ਅਤੇ ਉਨ੍ਹਾਂ ਨੂੰ ਸਿੱਖ ਇਤਿਹਾਸ ਬਾਰੇ ਜਾਣਕਾਰੀ ਦੇ ਕੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਤੋਂ ਜਾਣੂ ਕਰਵਾਇਆ ਗਿਆ ਇਸ ਮੌਕੇ ਉਨ੍ਹਾਂ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਸਾਨੂੰ ਸਿੱਖ ਇਤਿਹਾਸ ਬਾਰੇ ਜਾਗਰੂਕ ਹੋਣਾ ਅਤੇ ਦੂਜਿਆਂ ਨੂੰ ਜਾਗਰਿਤ ਕਰਨਾ ਸਮੇਂ ਦੀ ਮੁੱਖ ਲੋੜ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਸਰਬਜੀਤ ਸਿੰਘ, ਹਰਜਿੰਦਰ ਸਿੰਘ, ਮਨਜੋਤ ਸਿੰਘ, ਹਰਮਨਦੀਪ ਸਿੰਘ ਅਤੇ ਹੋਰ ਇਲਾਕੇ ਦੀਆਂ ਸੰਗਤਾਂ ਹਾਜ਼ਰ ਸਨ।



# ਜੇ ਆਰ ਐੱਸ ਡੀਏਵੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਨੈਤਿਕ ਸਿੱਖਿਆ ਦੀ ਪ੍ਰੀਖਿਆ 'ਚ ਲਿਆ ਭਾਗ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਜੇ. ਆਰ. ਐੱਸ. ਡੀਏਵੀ ਪਬਲਿਕ ਸਕੂਲ ਝਬਾਲ ਦੇ ਲਗਭਗ 90 ਵਿਦਿਆਰਥੀ ਨੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮੈਡਮ ਮਨਪ੍ਰੀਤ ਕੌਰ, ਮੈਡਮ ਰਜਨੀ ਅਤੇ ਮੈਡਮ ਜਸਦੀਪ ਕੌਰ ਦੀ ਅਗਵਾਈ ਵਿੱਚ ਗੁਰੂ ਗੋਬਿੰਦ ਸਿੰਘ ਸਟਡੀ ਸਰਕਲ ਦੁਆਰਾ ਕਰਵਾਈ ਜਾਂਦੀ ਨੈਤਿਕ ਸਿੱਖਿਆ ਦੇ ਪ੍ਰੀਖਿਆ ਵਿੱਚ ਭਾਗ ਲਿਆ।ਇਨ੍ਹਾਂ ਪ੍ਰੀਖਿਆਵਾਂ ਵਿੱਚੋਂ ਪਹਿਲੇ ਦਰਜੇ ਵਿੱਚੋਂ (ਜਮਾਤ ਤੀਸਰੀ ਤੋਂ ਪੰਜਵੀਂ) ਵਰਿੰਦਰ ਕੌਰ( ਜਮਾਤ ਚੌਥੀ ਦੀ ਵਿਦਿਆਰਥਣ )ਨੇ ਪਹਿਲਾ ਸਥਾਨ ਜੈਸਮੀਨ ਕੌਰ (ਜਮਾਤ ਪੰਜਵੀਂ ਦੀ ਵਿਦਿਆਰਥਣ)ਨੇ ਦੂਸਰਾ ਸਥਾਨ ਅਤੇ ਹਰਸੀਰਤ ਕੌਰ (ਜਮਾਤ ਪੰਜਵੀਂ ਦੀ ਵਿਦਿਆਰਥਣ)ਨੇ ਕ੍ਰਮਵਾਰ ਤੀਸਰਾ ਸਥਾਨ ਹਾਸਿਲ ਕੀਤਾ। ਦੂਸਰੇ ਦਰਜੇ (ਜਮਾਤ ਛੇਵੀਂ ਤੋਂ ਅੱਠਵੀਂ) ਵਿੱਚੋਂ ਅਨੁਰੀਤ ਕੌਰ (ਜਮਾਤ ਅੱਠਵੀਂ ਦੀ ਵਿਦਿਆਰਥਣ) ਨੇ ਪਹਿਲਾ ਸਥਾਨ, ਵੰਸ਼ਦੀਪ ਸਿੰਘ (ਜਮਾਤ ਸੱਤਵੀਂ ਦਾ ਵਿਦਿਆਰਥੀ) ਨੇ ਦੂਸਰਾ ਸਥਾਨ, ਪਵਨਪ੍ਰੀਤ ਕੌਰ ਜਮਾਤ (ਅਠਵੀਂ ਦੀ ਵਿਦਿਆਰਥਣ) ਨੇ ਕ੍ਰਮਵਾਰ ਦੂਸਰਾ ਸਥਾਨ ਹਾਸਿਲ ਕੀਤਾ।ਇਨ੍ਹਾਂ ਵਿਦਿਆਰਥੀਆਂ ਨੂੰ ਇਨਾਮ ਦੇਣ ਸਮੇਂ ਸਕੂਲ ਦੇ ਮੁਖੀ ਅਸ਼ਵਨੀ ਕੁਮਾਰ, ਸਟਾਫ ਮੈਂਬਰਾਂ ਤੋ ਇਲਾਵਾ ਸਰਦਾਰ ਪ੍ਰਮਜੀਤ ਸਿੰਘ ਖਾਲਸਾ ਦਸਤਾਰ ਕੋਚ ਝਬਾਲ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਤਰਨ ਤਾਰਨ ਦੇ ਪ੍ਰਧਾਨ ਭਾਈ ਹਰਜਿੰਦਰ ਸਿੰਘ ਮਾਣਕਪੁਰਾ, ਵੀਰ ਰਣਜੀਤ ਸਿੰਘ ਵਾਂ, ਵੀਰ ਗੁਰਬਖਸ਼ ਸਿੰਘ ਧਾਲੀਵਾਲ, ਕੈਪਟਨ ਸਾਹਬ ਸਿੰਘ, ਭਾਈ ਲਖਵਿੰਦਰ ਸਿੰਘ, ਭਾਈ ਦਿਲਬਾਗ ਸਿੰਘ ਛੀਨਾ, ਭਾਈ ਮੁਖਤਾਰ ਸਿੰਘ ਆਦਿ ਪਤਵੰਤੇ ਮੌਜੂਦ ਸਨ।ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਤਰਨ ਤਾਰਨ ਦੇ ਪ੍ਰਧਾਨ ਭਾਈ ਹਰਜਿੰਦਰ ਸਿੰਘ ਜੀ ਨੇ ਬੱਚਿਆਂ ਨੂੰ ਸਿੱਖ ਇਤਿਹਾਸ ਅਤੇ ਧਰਮ ਦੀ ਸਹੀ ਪਰਿਭਾਸ਼ਾ ਬਾਰੇ ਜਾਣਕਾਰੀ ਦਿੱਤੀ।ਬੱਚਿਆਂ ਨੂੰ ਵੱਧ ਤੋਂ ਵੱਧ ਇਨ੍ਹਾਂ ਪ੍ਰੀਖਿਆਵਾ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ।ਸਕੂਲ ਦੇ ਮੁਖੀ ਪ੍ਰਿੰਸੀਪਲ ਅਸ਼ਵਨੀ ਕੁਮਾਰ ਅਤੇ ਕੋਡੀਨੇਟਰ ਮੈਡਮ ਰੰਜੂ ਸਚਦੇਵਾ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਦਾ ਧੰਨਵਾਦ ਕੀਤਾ।



# ਸ਼ਹਿਰ 'ਚ ਭਿਖਾਰੀਆਂ ਦੀ ਗਿਣਤੀ 'ਚ ਹੋ ਰਿਹੈ ਦਿਨ-ਬ-ਦਿਨ ਵਾਧਾ; ਪ੍ਰਸ਼ਾਸਨ ਸੁੱਤਾ ਕੁੰਭਕਰਨੀ ਨੀਂਦ

**ਗੁਰਦਾਸਪੁਰ (ਜਨਕ ਮਹਾਜਨ)**- ਸਰਕਾਰ ਵੱਲੋਂ ਭੀਖ ਮੰਗਣ 'ਤੇ ਪਾਬੰਦੀ ਲਗਾਉਣ ਦੇ ਬਾਵਜੂਦ ਵੀ ਭਿਖਾਰੀਆਂ ਵਲੋਂ ਭੀਖ ਮੰਗਣ ਵਿਚ ਕੋਈ ਕਮੀ ਨਜ਼ਰ ਨਹੀਂ ਆ ਰਹੀ। ਸ਼ਹਿਰ ਦੀਆਂ ਸੜਕਾਂ ਅਤੇ ਵੱਡੇ-ਵੱਡੇ ਹੋਟਲਾਂ, ਮਠਿਆਈ ਦੀਆਂ ਦੁਕਾਨਾਂ, ਬੱਸ ਅੱਡਿਆਂ, ਰੇਲਵੇ ਸਟੇਸ਼ਨ ਅਤੇ ਚੌਂਕਾਂ ਵਿਚ ਭਿਖਾਰਨ ਔਰਤਾਂ ਆਪਣੇ ਛੋਟੇ-ਛੋਟੇ ਬੱਚਿਆਂ ਨੂੰ ਨਾਲ ਲੈ ਕੇ ਲੋਕਾਂ ਤੋਂ ਭੀਖ ਮੰਗਦੀਆਂ ਨਜ਼ਰ ਆਉਂਦੀਆਂ ਹਨ। ਜਦੋਂ ਹੀ ਕੋਈ ਵਿਅਕਤੀ ਹੋਟਲ, ਮਾਲ ਆਦਿ ਤੋਂ ਖਰੀਦਦਾਰੀ ਕਰਕੇ ਬਾਹਰ ਨਿਕਲਦਾ ਹੈ ਤਾਂ ਇਹ ਭਿਖਾਰੀ ਉਨ੍ਹਾਂ ਲੋਕਾਂ ਦੇ ਮਗਰ ਪੈ ਜਾਂਦੇ ਹਨ ਅਤੇ ਭੀਖ ਮੰਗਣ ਲੱਗ ਜਾਂਦੇ ਹਨ। ਕਈ ਭਿਖਾਰੀ ਔਰਤਾਂ ਅਤੇ ਬੱਚੇ ਤਾਂ ਲੋਕਾਂ ਦੇ ਕੱਪੜੇ ਫੜ ਲੈਂਦੇ ਹਨ ਅਤੇ ਕੁਝ ਨਾ ਕੁਝ ਦੇਣ ਲਈ ਮਜਬੂਰ ਕਰ ਦਿੰਦੇ ਹਨ। ਇਸ ਪਾਸੇ ਸਿਵਲ ਅਤੇ ਪੁਲਸ ਵਿਭਾਗ ਦਾ ਧਿਆਨ ਨਾ ਹੋਣ ਕਰਕੇ ਇਹ ਲੋਕ ਬੇਧੜਕ ਹੋ ਕੇ ਬਾਜ਼ਾਰਾਂ ਆਦਿ ਵਿੱਚ ਭੀਖ ਮੰਗਦੇ ਰਹਿੰਦੇ ਹਨ। ਕਈ ਭਿਖਾਰੀ ਤਾਂ ਕਾਰਾਂ ਵਿੱਚ ਬੈਠੇ ਲੋਕਾਂ ਨੂੰ ਹੀ ਘੇਰ ਲੈਂਦੇ ਹਨ ਅਤੇ ਉਨ੍ਹਾਂ ਪਾਸੋਂ ਪੈਸੇ ਮੰਗ-ਮੰਗ ਕੇ ਤੰਗ ਕਰਦੇ ਹਨ। ਪੁਲਸ ਪ੍ਰਸ਼ਾਸਨ ਅਤੇ ਸਿਵਲ ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਅਜਿਹੇ ਭਿਖਾਰੀ ਔਰਤਾਂ, ਬੱਚਿਆਂ ਨੂੰ ਫੜ ਕੇ ਇਨ੍ਹਾਂ ਵਿਰੁੱਧ ਬਣਦੀ ਸਖਤ ਕਾਰਵਾਈ ਕੀਤੀ ਜਾਵੇ ਤਾਂ ਜੋ ਦੇਸ਼ ਵਿੱਚੋਂ ਭੀਖ ਮੰਗਣ ਦੀ ਪ੍ਰਥਾ ਖਤਮ ਹੋ ਸਕੇ ਅਤੇ ਦੂਜੇ ਲੋਕਾਂ ਨੂੰ ਵੀ ਇਨ੍ਹਾਂ ਤੋਂ ਹੋਣ ਵਾਲੀ ਪ੍ਰੇਸ਼ਾਨੀ ਤੋਂ ਨਿਜਾਤ ਮਿਲ ਸਕੇ। ਭੀਖ ਮੰਗਣ ਵਾਲੇ ਲੋਕਾਂ ਵਿੱਚ ਜ਼ਿਆਦਾਤਰ ਔਰਤਾਂ ਅਤੇ ਛੋਟੇ-ਛੋਟੇ ਬੱਚੇ ਹੁੰਦੇ ਹਨ ਜਿਨ੍ਹਾਂ ਨੂੰ ਵੇਖ ਕੇ ਆਮ ਲੋਕਾਂ ਦਾ ਦਿਲ ਪਿਘਲ ਜਾਂਦਾ ਹੈ ਅਤੇ ਉਹ ਕੁਝ ਨਾ ਕੁਝ ਦੇਣ ਨੂੰ ਮਜਬੂਰ ਹੋ ਜਾਂਦੇ ਹਨ ਜਿਸ ਨਾਲ ਇਨ੍ਹਾਂ ਲੋਕਾਂ ਦਾ ਦਿਲ ਭੀਖ ਮੰਗਣ ਲਈ ਵੱਧ ਜਾਂਦਾ ਹੈ। ਇਸ ਲਈ ਹਰ ਨਾਗਰਿਕ ਨੂੰ ਅਜਿਹੇ ਲੋਕਾਂ 'ਤੇ ਤਰਸ ਨਾ ਕਰਦੇ ਹੋਏ ਇਨ੍ਹਾਂ ਨੂੰ ਅਜਿਹਾ ਕਰਨ ਤੋਂ ਮਨਾ ਕਰਨਾ ਚਾਹੀਦਾ ਹੈ ਅਤੇ ਇਨ੍ਹਾਂ ਔਰਤਾਂ ਨੂੰ ਕੋਈ ਨਾ ਕੋਈ ਕੰਮ ਧੰਦਾ ਕਰਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ ਕਿਉਂ ਜੋ ਇਨ੍ਹਾਂ ਵਿੱਚੋਂ ਜ਼ਿਆਦਾਤਰ ਔਰਤਾਂ ਮਿਹਨਤ ਮਜ਼ਦੂਰੀ ਕਰਨ ਲਾਈਕ ਹੁੰਦੀਆਂ ਹਨ ਅਤੇ ਬੱਚਿਆਂ ਨੂੰ ਪੜ੍ਹਨ ਲਈ ਸਕੂਲਾਂ ਵਿਚ ਜਾਣ ਲਈ ਕਹਿਣਾ ਚਾਹੀਦਾ ਹੈ। ਲੋਕਾਂ ਦੀ ਮੰਗ ਹੈ ਕਿ ਸਿਵਲ ਅਤੇ ਪੁਲਸ ਪ੍ਰਸ਼ਾਸਨ ਤੋਂ ਇਲਾਵਾ ਚਾਈਲਡ ਵੈੱਲਫ਼ੇਅਰ ਵਿਭਾਗ ਆਦਿ ਸਭ ਨੂੰ ਮਿਲ ਕੇ ਇਸ ਭੀਖ ਮੰਗਣ ਦੀ ਪ੍ਰਥਾ ਨੂੰ ਬੰਦ ਕਰਨ ਲਈ ਵੱਧ ਤੋਂ ਵੱਧ ਯਤਨ ਕਰਨੇ ਚਾਹੀਦੇ ਹਨ।



# ਕੇਂਦਰ ਸਰਕਾਰ ਦੇ ਫਾਸ਼ੀਵਾਦੀ ਏਜੰਡੇ ਨੂੰ ਭਾਂਜ ਦੇਣ ਲਈ ਲੋਕ ਲਹਿਰ ਪ੍ਰਚੰਡ ਕਰਨ ਦਾ ਹੋਕਾ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਲੋਕ ਵਿਰੋਧੀ ਬੀਜੇਪੀ ਦੀ ਮੋਦੀ ਸਰਕਾਰ ਵੱਲੋਂ ਲਿਆਂਦੇ ਗਏ ਆਮ ਲੋਕਾਂ ਦੀ ਜ਼ਿੰਦਗੀ 'ਚ ਹਨੇਰਾ ਲਿਆਉਣ ਵਾਲਾ ਕਾਲਾ ਬਿਜਲੀ ਬਿੱਲ 2025 ਤੇ ਖੇਤੀ ਵਿਰੋਧੀ ਬੀਜ ਬਿੱਲ 2025 ਨੂੰ ਵਾਪਿਸ ਕਰਵਾਉਣ ਅਤੇ ਮਨਰੇਗਾ ਸਕੀਮ ਉਪਰ ਬੁਲਡੋਜ਼ਰ ਫੇਰਨ ਵਿਰੁੱਧ ਤੇ ਮਜ਼ਦੂਰਾਂ ਖਿਲਾਫ ਚਾਰ ਕੋਡਾਂ ਨੂੰ ਰੱਦ ਕਰਾਉਣ ਅਤੇ ਆਰਐੱਸਐੱਸ-ਬੀਜੇਪੀ ਦੀ ਮੋਦੀ ਸਰਕਾਰ ਦੇ ਲੋਕ ਵਿਰੋਧੀ ਫਿਰਕੂ-ਫਾਸ਼ੀਵਾਦੀ ਏਜੰਡੇ ਨੂੰ ਭਾਂਜ ਦੇਣ ਵਾਸਤੇ ਲੋਕ ਲਹਿਰ ਪ੍ਰਚੰਡ ਕਰਨ ਹਿੱਤ ਪਿੰਡ ਲਾਲਵਾਲਾ 'ਚ ਕੁਲਦੀਪ ਸਿੰਘ, ਤਲਵੰਡੀ ਰਾਏ ਦਾਦੂ ਵਿਖੇ ਚਰਨਜੀਤ ਸਿੰਘ, ਤੇੜਾਂ ਰਾਜਪੂਤਾਂ 'ਚ ਸਾ: ਸਰਪੰਚ ਲਖਬੀਰ ਸਿੰਘ ਤੇੜਾਂ ਤੇ ਪਿੰਡ ਸਰਾਂ ਵਿਚ ਕੁਲਵਿੰਦਰ ਸਿੰਘ ਹੋਣਾ ਦੀ ਅਗਵਾਈ 'ਚ ਪ੍ਰਭਾਵਸ਼ਾਲੀ ਮੀਟਿੰਗਾਂ ਕੀਤੀਆਂ ਗਈਆਂ। ਇਨ੍ਹਾਂ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਜਮਹੂਰੀ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਤੇ ਸੰਯੁਕਤ ਕਿਸਾਨ ਮੋਰਚੇ ਦੇ ਪ੍ਰਮੁੱਖ ਆਗੂ ਡਾ. ਸਤਨਾਮ ਸਿੰਘ ਅਜਨਾਲਾ, ਪ੍ਰਧਾਨ ਲਖਬੀਰ ਸਿੰਘ ਤੇੜਾਂ ਤੇ ਕੁਲਦੀਪ ਸਿੰਘ ਅਜਨਾਲਾ ਨੇ ਦੱਸਿਆ ਕਿ ਜੇਕਰ ਅਜਿਹੇ ਕਾਲੇ ਬਿੱਲ ਕਨੂੰਨ ਬਣ ਜਾਂਦੇ ਹਨ ਤਾਂ ਸਾਨੂੰ ਫਿਰ ਤੇਲ ਵਾਲੇ ਦੀਵੇ ਜਗਾਉਣ ਪੈਣਗੇ ਕਿਉਂਕਿ ਬਿਜਲੀ ਬਹੁਤ ਮਹਿੰਗੀ ਹੋ ਜਾਵੇਗੀ, ਬੀਜ ਬਿੱਲ ਪਾਸ ਹੋਣ ਨਾਲ ਸਾਡੀ ਸਮੁੱਚੀ ਖੇਤੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਜਾਵੇਗੀ ! ਇਨ੍ਹਾਂ ਆਗੂਆਂ ਨੇ ਅੱਗੇ ਦੱਸਿਆ ਕਿ ਪਿੰਡਾਂ ਵਿਚ ਪਹਿਲਾਂ ਹੀ ਰੁਜ਼ਗਾਰ ਦੇ ਕੋਈ ਸਾਧਨ ਨਹੀਂ ਹਨ, ਜਿਹੜਾ ਮਾੜਾ ਮੋਟਾ ਟੁੱਟਵੇਂ ਰੂਪ 'ਚ ਮਨਰੇਗਾ ਤੋਂ ਮਿਲਦਾ ਸੀ ਉਹ ਵੀ ਜਾਂਦਾ ਰਹੇਗਾ। ਮਜ਼ਦੂਰਾਂ ਵੱਲੋਂ ਜਿਹੜੇ ਸੌ ਸਾਲਾਂ ਦੇ ਘੋਲ ਨਾਲ ਮਜ਼ਦੂਰ ਪੱਖੀ 44 ਕਾਨੂੰਨ ਬਣਾਏ ਸਨ ਉਹ ਮੋਦੀ ਸਰਕਾਰ ਵੱਲੋਂ ਖਤਮ ਕਰਨ ਨਾਲ ਤੇ ਮਜ਼ਦੂਰਾਂ ਵਿਰੋਧੀ ਚਾਰ ਲੇਬਰ ਕੋਡ ਲਾਗੂ ਹੋਣ ਨਾਲ ਮਜ਼ਦੂਰਾਂ ਦੀ ਦਿਹਾੜੀ 12 ਘੰਟੇ ਹੋ ਜਾਵੇਗੀ। ਅਜਿਹਾ ਹੋਣ ਨਾਲ ਮਜ਼ਦੂਰਾਂ ਦੀ ਜ਼ਿੰਦਗੀ ਤਬਾਹ ਹੋ ਜਾਵੇਗੀ! ਉਨ੍ਹਾਂ ਹੋਕਾ ਦਿੱਤਾ ਕਿ ਕੇਂਦਰ ਸਰਕਾਰ ਦੇ ਇਨ੍ਹਾਂ ਹਮਲਿਆਂ ਖਿਲਾਫ ਮੈਦਾਨ ਵਿੱਚ ਨਿੱਤਰੋ। ਇਨ੍ਹਾਂ ਮੀਟਿੰਗਾਂ ਵਿੱਚ ਹੋਰਨਾਂ ਤੋਂ ਇਲਾਵਾ ਨੰਬਰਦਾਰ ਗੁਰਜਿੰਦਰ ਸਿੰਘ ਸਰਾਂ, ਅਮਰਜੀਤ ਕੌਰ, ਅਮਰੀਕ ਕੌਰ ਲਾਲਵਾਲਾ, ਰਸ਼ਪਾਲ ਸਿੰਘ ਤਲਵੰਡੀ, ਮਨਜੀਤ ਕੌਰ, ਬਲਵਿੰਦਰ ਕੌਰ, ਜਸਪ੍ਰੀਤ ਕੌਰ ਸਰਾਂ, ਪ੍ਰਗਟ ਸਿੰਘ, ਨਵਦੀਪ ਕੌਰ ਆਦਿ ਨੇ ਵੀ ਹਿੱਸਾ ਲਿਆ!



# ਜਗਰੂਪ ਸੇਖਵਾਂ ਨੇ ਵੱਖ-ਵੱਖ ਥਾਈਂ ਕ੍ਰਿਸਮਸ ਸਮਾਗਮਾਂ 'ਚ ਪਹੁੰਚ ਕੇ ਮਸੀਹ ਭਾਈਚਾਰੇ ਨੂੰ ਦਿੱਤੀ ਮੁਬਾਰਕਬਾਦ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**- ਪ੍ਰਭੂ ਯਿਸੂ ਮਸੀਹ ਦੇ ਜਨਮ ਦਿਨ ਨੂੰ ਸਪਰਪਿਤ ਹਲਕਾ ਕਾਦੀਆਂ ਅੰਦਰ ਅੱਧੀ ਦਰਜਨ ਚਰਚਾਂ ਸਮੇਤ ਵੱਖ-ਵੱਖ ਥਾਵਾਂ 'ਤੇ ਕ੍ਰਿਸਮਸ ਸਮਾਗਮਾਂ ਵਿੱਚ ਆਮ ਆਦਮੀ ਪਾਰਟੀ ਦੇ ਹਲਕਾ ਕਾਦੀਆਂ ਦੇ ਇੰਚਾਰਜ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਉਚੇਚੇ ਤੌਰ 'ਤੇ ਪਹੁੰਚ ਕੇ ਸਮੁੱਚੇ ਮਸੀਹ ਭਾਈਚਾਰੇ ਨੂੰ ਪ੍ਰਭੂ ਯਿਸੂ ਮਸੀਹ ਦੇ ਜਨਮ ਦਿਹਾੜੇ ਦੀ ਮੁਬਾਰਕਬਾਦ ਦਿੱਤੀ। ਇਸ ਦੌਰਾਨ ਜਗਰੂਪ ਸਿੰਘ ਸੇਖਵਾਂ ਨੇ ਹਲਕੇ ਕਾਦੀਆਂ ਅੰਦਰ ਸੈਂਟ ਜ਼ੋਸੇਫ ਕੈਥੋਲਿਕ ਚਰਚ ਕਾਹਨੂੰਵਾਨ, 'ਦੀ ਸਾਲਵੇਸ਼ਨ ਆਰਮੀ ਮੈਕਰਾਬਰਟ ਮਿਸ਼ਨ ਹਸਪਤਾਲ ਧਾਰੀਵਾਲ, ਸੀ ਐੱਨ ਆਈ ਚਰਚ ਧਾਰੀਵਾਲ, ਸੰਤਨੀ ਤਰੇਜਾ ਕੈਥੋਲਿਕ ਚਰਚ ਧਾਰੀਵਾਲ, ਬਲੀਵਰਜ ਚਰਚ ਧਾਰੀਵਾਲ, ਅੰਕੁਰ ਨਰੂਲਾ ਦੇ ਚਰਚ ਜਾਪੂਵਾਲ ਅਤੇ ਟੀਪੀਐਮ ਚਰਚ ਬਿੱਧੀਪੁਰ ਵਿਖੇ ਪਹੁੰਚ ਕੇ ਇਸਾਈ ਭਾਈਚਾਰੇ ਨਾਲ ਕ੍ਰਿਸਮਸ ਡੇ ਮਨਾਉਂਦੇ ਹੋਏ ਪ੍ਰਭੂ ਯਿਸੂ ਮਸੀਹ ਦੇ ਜਨਮ ਦਿਹਾੜੇ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ। ਇਸ ਦੌਰਾਨ ਸੰਤਨੀ ਤਰੇਜਾ ਕੈਥੋਲਿਕ ਚਰਚ ਧਾਰੀਵਾਲ ਵਿਖੇ ਕ੍ਰਿਸਮਸ ਸਮਾਗਮ ਦੌਰਾਨ ਜਗਰੂਪ ਸਿੰਘ ਸੇਖਵਾਂ ਅਤੇ ਚਰਚ ਦੇ ਪ੍ਰੈਰਿਸ਼ ਪ੍ਰੀਸਟ ਅਤੇ ਡੀਨ ਰੈਵ.ਫਾਦਰ ਜੋਸ਼ ਪਡਿਆਟੀ ਦੁਆਰਾ ਕੇਕ ਕੱਟ ਕੇ ਪ੍ਰਭੂ ਯਿਸੂ ਮਸੀਹ ਦਾ ਜਨਮ ਦਿਹਾੜਾ ਮਨਾਇਆ। ਇਸ ਮੌਕੇ ਸੰਬੋਧਨ ਕਰਦਿਆਂ ਹਲਕਾ ਇੰਚਾਰਜ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਸਾਰੇ ਧਾਰਮਿਕ ਤਿਉਹਾਰ ਸਾਨੂੰ ਆਪਸੀ ਸਦਭਾਵਨਾ ਬਣਾਈ ਰੱਖਣ ਅਤੇ ਸ਼ਾਂਤੀ ਦੇ ਸੰਦੇਸ਼ ਦਿੰਦੇ ਹਨ ਅਤੇ ਸਾਨੂੰ ਸਾਰੇ ਧਾਰਮਿਕ ਤਿਉਹਾਰ ਜਾਤ ਪਾਤ ਤੋਂ ਉਪਰ ਉੱਠ ਕੇ ਰਲ ਮਿਲ ਕੇ ਮਨਾਉਣੇ ਚਾਹੀਦੇ ਹਨ। ਇਸ ਮੌਕੇ ਸਹਾਇਕ ਫਾਦਰ ਮਤਿਆਸ, ਡਾਇਸਿਸ ਆਫ ਜਲੰਧਰ ਦੇ ਲੇਟੀ ਕਮਿਸ਼ਨ ਮੈਂਬਰ ਰਕੇਸ਼ ਵਿਲੀਅਮ, ਪ੍ਰੈਰਿਸ ਕੌਂਸਲ ਧਾਰੀਵਾਲ ਦੇ ਪ੍ਰਧਾਨ ਜੌਨ ਰਣੀਆ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਜਤਿੰਦਰ ਕੌਰ (ਨੈਸ਼ਨਲ ਅਵਾਰਡੀ ਸਰਪੰਚ ਖੁੰਡੀ), ਪੀਟਰ ਮੱਟੂ, ਕੌਂਸਲਰ ਇੰਦਿਆਸ ਹੰਸ, ਸਰਪੰਚ ਹਰਪਾਲ ਸਿੰਘ ਕੰਗ, ਇਮੈਨੂਅਲ ਕੰਗ ਆਦਿ ਸਮੇਤ ਹੋਰ ਵੀ ਅਹਿਮ ਸ਼ਖਸੀਅਤਾਂ ਹਾਜ਼ਰ ਸਨ।



# ਸ਼੍ਰੀ ਹੇਮਕੁੰਡ ਸਾਹਿਬ ਲੰਗਰ ਸੇਵਾ ਸੋਸਾਇਟੀ ਅਜਨਾਲਾ ਵੱਲੋਂ ਗੁਰਮਤਿ ਸਮਾਗਮ ਅੱਜ

**ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)**- ਅਜਨਾਲਾ ਸ਼੍ਰੀ ਹੇਮਕੁੰਡ ਸਾਹਿਬ ਲੰਗਰ ਸੇਵਾ ਸੋਸਾਇਟੀ ਅਜਨਾਲਾ ਹਰ ਸਾਲ ਸ਼੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਦੌਰਾਨ ਸ਼੍ਰੀ ਹੇਮਕੁੰਡ ਸਾਹਿਬ ਦੇ ਰਸਤੇ ਵਿੱਚ ਲੰਗਰ ਦੀ ਸੇਵਾ ਕਰਦੀ ਹੈ।ਗੁਰਦੁਆਰਾ ਭਗਤ ਨਾਮਦੇਵ ਦੇ ਸਹਿਯੋਗ ਨਾਲ ਉਸੇ ਲੜੀ ਦੇ ਚਲਦਿਆਂ ਚੌਥਾ ਸਾਲਾਨਾ ਗੁਰਮਤਿ ਸਮਾਗਮ ਬਾਬਾ ਜ਼ੋਰਾਵਰ ਸਿੰਘ ਬਾਬਾ ਫਤਿਹ ਸਿੰਘ ਅਤੇ ਮਾਤਾ ਗੁਜਰ ਕੌਰ ਦੀ ਯਾਦ ਵਿੱਚ ਗੁਰਦੁਆਰਾ ਭਗਤ ਨਾਮਦੇਵ ਨਾਮਦੇਵ ਕਲੋਨੀ ਵਿਖੇ ਸ਼ਨੀਵਾਰ 27 ਦਸੰਬਰ ਨੂੰ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਸੁਖਮਨੀ ਸਾਹਿਬ ਦੇ ਪਾਠ ਦੀ ਆਰੰਭਤਾ ਤੋਂ ਬਾਅਦ ਰਾਗੀ ਜੱਥਾ ਭਾਈ ਅਨੋਖ ਸਿੰਘ ਅਜਨਾਲਾ ਹਜ਼ੂਰੀ ਰਾਗੀ ਜੱਥਾ ਸ਼੍ਰੀ ਦਰਬਾਰ ਸਾਹਿਬ ਅਤੇ ਕਥਾਵਾਚਕ ਬਲਕਾਰ ਸਿੰਘ, ਢਾਡੀ ਜੱਥਾ ਕੁਲਦੀਪ ਸਿੰਘ ਖਾਪੜਖੇੜੀ ਗੁਰੂ ਦਰ ਦਾ ਜਸ ਗਾਇਨ ਕਰਨਗੇ। ਇਸ ਮੌਕੇ ਗੁਰੂ ਦਾ ਲੰਗਰ ਅਤੁੱਟ ਵਰਤੇਗਾ ।ਇਸ ਮੌਕੇ ਹੋਰਨਾਂ ਤੋਂ ਇਲਾਵਾ ਨਗਰ ਪੰਚਾਇਤ ਦੇ ਸਾਬਕਾ ਪ੍ਰਧਾਨ ਸਰਦਾਰ ਜ਼ੋਰਾਵਰ ਸਿੰਘ, ਸਰਦਾਰ ਸਰਵਨ ਸਿੰਘ ਨੇਪਾਲ, ਅਮਰਜੀਤ ਸਿੰਘ ਬਾਜਵਾ, ਜਸਬੀਰ ਸਿੰਘ ਢਿੱਲੋਂ'. ਹਰਜਿੰਦਰ ਸਿੰਘ ਨਿੱਕੂਸਰਾਂ, ਵਿਜੇ ਕੁਮਾਰ ਅਰੋੜਾ, ਪਰਮਜੀਤ ਸਿੰਘ ਪੰਮਾ, ਬਾਬਾ ਮਹਿੰਦਰ ਸਿੰਘ ਸੂਰੇਪੁਰ ਵਾਲੇ, ਬਾਬਾ ਲਾਡੀ, ਤਜਿੰਦਰ ਸਿੰਘ ਸੋਨੂੰ, ਤਲਵਿੰਦਰ ਸਿੰਘ ਪੁਰਬਾ, ਪਵਿੱਤਰ ਸਿੰਘ, ਸ਼ਿਵਦੀਪ ਸਿੰਘ ਚਾਹਲ, ਰਸ਼ਪਾਲ ਸਿੰਘ ਆਦਿ ਹਾਜ਼ਰ ਸਨ।



# ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਵਿਖੇ ਰੱਖੇ ਵੈਰਾਗਮਈ ਸਮਾਗਮ ਰੱਖੇ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**- ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਵਿੱਚ ਛੋਟੇ ਸਾਹਿਬਜ਼ਾਦਿਆਂ ਅਤੇ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ 19 ਦਸੰਬਰ ਤੋਂ ਲੈ ਕੇ 23 ਦਸੰਬਰ ਤੱਕ ਅਸੈਂਬਲੀ ਵਿੱਚ ਵਿਸ਼ੇਸ਼ ਵੈਰਾਗਮਈ ਸਮਾਗਮ ਰੱਖਿਆ ਗਿਆ।ਇਸ ਸਮਾਗਮ ਵਿੱਚ ਬੱਚਿਆਂ ਵੱਲੋਂ ਵੈਰਾਗਮਈ ਕੀਰਤਨ ਕੀਤਾ ਗਿਆ ਅਤੇ ਮੈਨੇਜਿੰਗ ਡਾਇਰੈਕਟਰ ਡਾ. ਮੰਗਲ ਸਿੰਘ ਕਿਸ਼ਨਪੁਰੀ ਵੱਲੋਂ ਬੱਚਿਆਂ ਨੂੰ ਸਾਹਿਬਜ਼ਾਦਿਆਂ ਦੇ ਸ਼ਹੀਦੀ ਦੇ ਇਤਿਹਾਸ ਤੋਂ ਜਾਣੂ ਕਰਵਾਇਆ।ਇਸੇ ਤਹਿਤ ਬੱਚਿਆਂ ਨੂੰ ਸਾਕਾ ਸਰਹੰਦ ਨਾਟਕ ਵੀ ਦਿਖਾਇਆ ਗਿਆ।ਉਪਰੰਤ 23 ਦਸੰਬਰ ਨੂੰ ਚੌਥਾ ਨਾਅਰਾ-ਏ-ਦਸਤਾਰ ਮੁਕਾਬਲਾ ਕਰਵਾਇਆ ਗਿਆ ਜਿਸ ਵਿੱਚ ਬੱਚਿਆਂ ਦੇ ਦਸਤਾਰ ਸਜਾਉਣ ਦੇ ਮੁਕਾਬਲੇ ਅਤੇ ਦੁਮਾਲਾ ਸਜਾਉਣ ਦੇ ਮੁਕਾਬਲੇ ਕਰਵਾਏ ਗਏ।ਇਸ ਮੁਕਾਬਲੇ ਵਿੱਚ ਵੱਖ-ਵੱਖ ਸਕੂਲਾਂ ਤੋਂ ਆਏ ਲਗਭਗ 200 ਬੱਚਿਆਂ ਨੇ ਭਾਗ ਲਿਆ।ਇਨ੍ਹਾਂ ਮੁਕਾਬਲਿਆਂ ਨੂੰ ਵੱਖ-ਵੱਖ ਕੈਟੇਗਰੀ ਵਿੱਚ ਵੰਡਿਆ ਗਿਆ।ਪਹਿਲੀ ਜਮਾਤ ਤੋਂ ਪੰਜਵੀਂ ਜਮਾਤ ਤੱਕ ਪ੍ਰਾਇਮਰੀ ਵਰਗ, ਛੇਵੀਂ ਤੋਂ ਅੱਠਵੀਂ ਜਮਾਤ ਤੱਕ ਮਿਡਲ ਵਰਗ, ਨੌਵੀਂ ਤੋਂ ਦਸਵੀਂ ਜਮਾਤ ਤੱਕ ਸੀਨੀਅਰ ਵਰਗ ਅਤੇ ਗਿਆਰਵੀਂ ਤੋਂ ਬਾਰ੍ਹਵੀਂ ਜਮਾਤ ਤੱਕ ਸੀਨੀਅਰ ਸੈਕੰਡਰੀ ਵਰਗ ਵਿੱਚ ਰੱਖਿਆ ਗਿਆ। ਦੁਮਾਲਾ ਸਜਾਉਣ ਦੇ ਮੁਕਾਬਲਿਆਂ ਵਿੱਚ ਪ੍ਰਭ ਸਿਮਰਨ ਕੌਰ ਨੇ ਪਹਿਲਾ ਇਨਾਮ, ਅਰਮਾਨ ਸਿੰਘ ਨੇ ਦੂਸਰਾ ਇਨਾਮ, ਅਕਾਲਪ੍ਰੀਤ ਕੌਰ ਨੇ ਤੀਸਰਾ ਇਨਾਮ ਅਤੇ ਰਾਜਦੀਪ ਸਿੰਘ ਨੇ ਹੌਸਲਾ ਵਧਾਊ ਇਨਾਮ ਪ੍ਰਾਪਤ ਕੀਤਾ।ਇਸੇ ਤਰ੍ਹਾਂ ਪ੍ਰਾਇਮਰੀ ਵਰਗ ਦੇ ਦਸਤਾਰ ਸਜਾਉਣ ਮੁਕਾਬਲਿਆਂ ਵਿੱਚ ਸਾਹਿਬ ਦੀਪ ਸਿੰਘ ਨੇ ਪਹਿਲਾ ਇਨਾਮ, ਸਮਰਪ੍ਰੀਤ ਸਿੰਘ ਸਿੰਘ ਨੇ ਦੂਸਰਾ ਇਨਾਮ, ਬਲਰਾਜ ਸਿੰਘ ਨੇ ਤੀਸਰਾ ਇਨਾਮ ਅਤੇ ਏਕਮਨੂਰ ਸਿੰਘ ਨੇ ਹੌਸਲਾ ਵਧਾਊ ਇਨਾਮ ਪ੍ਰਾਪਤ ਕੀਤਾ।ਮਿਡਲ ਵਰਗ ਦੇ ਮੁਕਾਬਲਿਆਂ ਵਿੱਚ ਜਸ਼ਨਪ੍ਰੀਤ ਸਿੰਘ ਨੇ ਪਹਿਲਾ ਇਨਾਮ, ਪ੍ਰਭ ਨੂਰ ਸਿੰਘ ਨੇ ਦੂਸਰਾ ਇਨਾਮ, ਮਨੂ ਵੀਰ ਸਿੰਘ ਨੇ ਤੀਸਰਾ ਇਨਾਮ ਅਤੇ ਸਮਰ ਪ੍ਰਤਾਪ ਸਿੰਘ ਨੇ ਹੌਸਲਾ ਵਧਾਊ ਇਨਾਮ ਹਾਸਿਲ ਕੀਤਾ। ਸੀਨੀਅਰ ਵਰਗ ਦੇ ਮੁਕਾਬਲਿਆਂ ਵਿੱਚ ਗੁਰਸ਼ਾਨ ਸਿੰਘ ਨੇ ਪਹਿਲਾ ਇਨਾਮ, ਅਭੀ ਜੋਤ ਸਿੰਘ ਨੇ ਦੂਸਰਾ ਇਨਾਮ, ਸੁਖਮਨਦੀਪ ਸਿੰਘ ਨੇ ਤੀਸਰਾ ਇਨਾਮ ਅਤੇ ਇਸ਼ਮੀਤ ਸਿੰਘ ਨੇ ਹੌਸਲਾ ਵਧਾਊ ਇਨਾਮ ਹਾਸਿਲ ਕੀਤਾ।ਸੀਨੀਅਰ ਸੈਕੰਡਰੀ ਵਰਗ ਦੇ ਮੁਕਾਬਲਿਆਂ ਵਿੱਚ ਨਵਜੋਤ ਸਿੰਘ ਨੇ ਪਹਿਲਾ ਇਨਾਮ, ਰਿਪਨਦੀਪ ਸਿੰਘ ਨੇ ਦੂਸਰਾ ਇਨਾਮ, ਈਸ਼ਮੀਤ ਸਿੰਘ ਨੇ ਤੀਸਰਾ ਇਨਾਮ ਅਤੇ ਅਨੰਤ ਵੀਰ ਸਿੰਘ ਨੇ ਹੌਸਲਾ ਵਧਾਊ ਇਨਾਮ ਹਾਸਿਲ ਕੀਤਾ।ਇਸ ਮੌਕੇ ਅਮਰਜੀਤ ਸਿੰਘ ਜੀ ਬੰਡਾਲਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਚੇਚੇ ਤੌਰ ਤੇ ਪਹੁੰਚੇ।ਉਨਾਂ ਨੇ ਬੱਚਿਆਂ ਨੂੰ ਗੁਰਬਾਣੀ ਅਤੇ ਗੁਰ ਇਤਿਹਾਸ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ।ਜੱਜਮੈਂਟ ਦੀ ਭੂਮਿਕਾ ਸ. ਵਰਿੰਦਰ ਸਿੰਘ ਅਤੇ ਸ. ਕਰਮਜੀਤ ਸਿੰਘ ਨੇ ਬਖੂਬੀ ਨਿਭਾਈ।ਇਸ ਤੋਂ ਇਲਾਵਾ ਇਸ ਪ੍ਰੋਗਰਾਮ ਨੂੰ ਚੜ੍ਹਦੀ ਕਲਾ ਵਿੱਚ ਨੇਪਰੇ ਚਾੜਨ ਲਈ ਸਿਮਰਤ ਪਾਲ ਸਿੰਘ ਬੇਦੀ ਨੇ ਆਪਣੀ ਅਹਿਮ ਭੂਮਿਕਾ ਨਿਭਾਈ।ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾ. ਮੰਗਲ ਸਿੰਘ ਕਿਸ਼ਨਪੁਰੀ ਅਤੇ ਪ੍ਰਿੰਸੀਪਲ ਡਾ. ਅਮਰਪ੍ਰੀਤ ਕੌਰ ਨੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਅਤੇ ਆਏ ਹੋਏ ਮਹਿਮਾਨਾਂ ਨੂੰ ਯਾਦਗਾਰੀ ਮੋਮੈਂਟੋ ਭੇਟ ਕਰਕੇ ਸਨਮਾਨਿਤ ਕੀਤਾ।

**• ਸ਼ਫ਼ਰ-ਏ-ਸ਼ਹਾਦਤ ਦੇ ਇਤਿਹਾਸ ਤੋਂ ਜਾਣੂ ਕਰਵਾਉਂਦਿਆਂ ਬੱਚਿਆਂ ਦੇ ਕਰਵਾਏ ਦਸਤਾਰ/ਦੁਮਾਲਾ ਮੁਕਾਬਲੇ**



# ਵਿਧਾਇਕ ਸ਼ੈਰੀ ਕਲਸੀ ਨੇ ਸ਼ਹਿਰ ਅੰਦਰ ਚੱਲ ਰਹੇ ਵਿਕਾਸ ਕਾਰਜਾਂ ਦਾ ਲਿਆ ਜਾਇਜ਼ਾ

## ਵੱਖ-ਵੱਖ ਕੰਮਾਂ ਨੂੰ ਮਿਥੇ ਸਮੇਂ ਵਿੱਚ ਮੁਕੰਮਲ ਕਰਨ ਲਈ ਅਧਿਕਾਰੀਆਂ ਨੂੰ ਕੀਤੀ ਹਦਾਇਤ

**ਬਟਾਲਾ, (ਡਾ. ਮਲਵਿੰਦਰ ਸਿੰਘ)**- ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਬੀਤੀ ਰਾਤ ਚੰਡੀਗੜ੍ਹ ਤੋਂ ਬਟਾਲਾ ਦੇਰ ਰਾਤ ਵਾਪਸ ਪਹੁੰਚੇ ਤਾਂ ਉਨ੍ਹਾਂ ਨੇ ਸ਼ਹਿਰ ਅੰਦਰ ਚੱਲ ਰਹੇ ਵੱਖ ਵੱਖ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ।ਇਸ ਮੌਕੇ ਚੇਅਰਮੈਨ ਮਾਨਿਕ ਮਹਿਤਾ ਵੀ ਮੌਜੂਦ ਸਨ।ਵਿਧਾਇਕ ਸ਼ੈਰੀ ਕਲਸੀ ਨੇ ਸੁੱਖਾ ਸਿੰਘ-ਮਹਿਤਾਬ ਸਿੰਘ ਚੌਂਕ ਅਤੇ ਕਾਰਪੋਰੇਸ਼ਨ ਦਫਤਰ ਦੇ ਸਾਹਮਣੇ ਚੌੜੇ ਕੀਤੇ ਜਾ ਰਹੇ ਚੌਂਕ ਦੇ ਕੰਮਾਂ ਦਾ ਜਾਇਜ਼ਾ ਲਿਆ ਅਤੇ ਸਬੰਧਤ ਅਧਿਕਾਰੀਆਂ ਨੂੰ ਮਿਥੇ ਸਮੇਂ ਵਿੱਚ ਕੰਮ ਮੁਕੰਮਲ ਕਰਨ ਲਈ ਦਿਸ਼ਾ-ਨਿਰਦੇਸ਼ ਦਿੱਤੇ।ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਬਟਾਲਾ ਦਾ ਸਰਬਪੱਖੀ ਵਿਕਾਸ ਉਨ੍ਹਾਂ ਦੀ ਪਹਿਲੀ ਤਰਜੀਹ ਹੈ ਅਤੇ ਵਿਕਾਸ ਕਾਰਜਾਂ ਨੂੰ ਹੋਰ ਤੇਜ਼ੀ ਨਾਲ ਨੇਪਰੇ ਚਾੜ੍ਹਿਆ ਜਾ ਰਿਹਾ ਹੈ।ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਬਟਾਲਾ ਵਾਸੀਆਂ ਦੀ ਸਹੂਲਤ ਲਈ ਇੱਕ ਛੱਤ ਹੇਠਾਂ ਲੋਕਾਂ ਨੂੰ ਵੱਖ-ਵੱਖ ਸਹੂਲਤਾਂ ਦੇਣ ਦੇ ਮਕਸਦ ਨਾਲ ਨਵੇਂ ਤਹਿਸੀਲ ਕੰਪਲੈਕਸ ਦਾ ਮੁੱਖ ਮੰਤਰੀ ਪੰਜਾਬ ਵਲੋਂ ਉਦਘਾਟਨ ਕਰਨ ਉਪਰੰਤ ਲੋਕਾਂ ਨੂੰ ਸਮਰਪਿਤ ਕਰ ਦਿੱਤਾ ਗਿਆ ਹੈ।ਇਸੇ ਤਰ੍ਹਾਂ ਲੋਕਾਂ ਦੀ ਆਵਾਜਾਈ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਸ਼ਹਿਰ ਵਿਚਲੀਆਂ ਸੜਕਾਂ ਅਤੇ ਚੌਂਕਾਂ ਨੂੰ ਚੌੜਾ ਕੀਤਾ ਗਿਆ ਹੈ। ਸ਼ਹਿਰ ਵਿਚਲੇ ਚੌਂਕਾਂ ਨੂੰ ਚੌੜਿਆਂ ਕਰਕੇ ਖੂਬਸੂਰਤ ਦਿੱਖ ਦਿੱਤੀ ਗਈ ਹੈ। ਸ਼ਹਿਰ ਵਿੱਚ ਲਾਇਬ੍ਰੇਰੀ ਦੀ ਇਮਾਰਤ ਜਿਸਦੀ ਹਾਲਤ ਬਹੁਤ ਖਸਤਾ ਸੀ, ਉਸ ਦੀ ਨਵੀ ਇਮਾਰਤ ਉਸਾਰੀ ਗਈ ਹੈ। ਸੁੱਖਾ ਸਿੰਘ-ਮਹਿਤਾਬ ਸਿੰਘ ਚੌਂਕ ਵਿੱਖੇ ਸ਼ਾਨਦਾਰ ਕਲਾਕ ਟਾਵਰ ਲਗਾਉਣ ਲਈ ਉਸਾਰੀ ਦਾ ਕੰਮ ਚੱਲ ਰਿਹਾ ਹੈ। ਲੋਕਾਂ ਨੂੰ ਸਾਫ਼ ਸੁਥਰਾ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ ਕਰੀਬ 24 ਕਰੋੜ ਰੁਪਏ ਦੀ ਲਾਗਤ ਨਾਲ ਵਿਕਾਸ ਕੰਮ ਸ਼ੁਰੂ ਕਰ ਦਿੱਤਾ ਗਿਆ।ਇਸ ਤੋਂ ਇਲਾਵਾ ਵੱਖ-ਵੱਖ ਵਿਕਾਸ ਕਾਰਜ ਪ੍ਰਗਤੀ ਅਧੀਨ ਹਨ।



ਨਵਾਂ ਜ਼ਮਾਨਾ
ਸ਼ਨੀਵਾਰ, 27 ਦਸੰਬਰ 2025

# ਲਿੰਚਿੰਗ ਰੁਕ ਨਹੀਂ ਰਹੀ

*ਕੇਰਲਾ ਵਿੱਚ ਛੱਤੀਸਗੜ੍ਹ ਦੇ ਮਜ਼ਦੂਰ ਨੂੰ ਬੰਗਲਾਦੇਸ਼ੀ ਦੱਸ ਕੇ ਮਾਰ ਦੇਣ ਦਾ ਮਾਮਲਾ ਅਜੇ ਪੂਰੀ ਤਰ੍ਹਾਂ ਸ਼ਾਂਤ ਵੀ ਨਹੀਂ ਹੋਇਆ ਕਿ ਲੰਘੇ ਬੁੱਧਵਾਰ ਓਡੀਸ਼ਾ ਵਿੱਚ ਪੱਛਮੀ ਬੰਗਾਲ ਦੇ ਮਜ਼ਦੂਰ ਜ਼ੁਏਲ ਸ਼ੇਖ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ। ਮੁਰਸ਼ਿਦਾਬਾਦ ਦੇ ਚਕਬਹਾਦਰ ਪੁਰ ਦਾ ਜ਼ੁਏਲ ਓਡੀਸ਼ਾ ਦੇ ਸੰਬਲਪੁਰ ਜ਼ਿਲ੍ਹੇ ਦੇ ਸ਼ਾਂਤੀਨਗਰ ਵਿੱਚ ਉਸਾਰੀ ਮਜ਼ਦੂਰ ਵਜੋਂ ਕੰਮ ਕਰ ਰਿਹਾ ਸੀ। ਉਸ ਦੇ ਸਾਥੀ ਮਜ਼ਦੂਰ ਪਲਟੂ ਸ਼ੇਖ ਨੇ ਦੱਸਿਆ ਕਿ ਉਹ ਚਾਹ ਦੀ ਦੁਕਾਨ 'ਤੇ ਸਨ ਕਿ ਕੁਝ ਲੋਕਾਂ ਨੇ ਉੱਥੇ ਆ ਕੇ ਜ਼ੁਏਲ ਤੋਂ ਬੀੜੀ ਮੰਗੀ। ਉਸ ਤੋਂ ਬਾਅਦ ਉਨ੍ਹਾਂ ਨੂੰ ਆਧਾਰ ਕਾਰਡ ਦਿਖਾਉਣ ਲਈ ਕਿਹਾ। ਉਨ੍ਹਾਂ ਆਧਾਰ ਕਾਰਡ ਦਿਖਾ ਦਿੱਤੇ। ਅਚਾਨਕ ਉਨ੍ਹਾਂ ਲਾਠੀਆਂ ਨਾਲ ਹਮਲਾ ਕਰ ਦਿੱਤਾ। ਸਿਰ 'ਤੇ ਲਾਠੀ ਲੱਗਣ ਨਾਲ ਜ਼ੁਏਲ ਜ਼ਖ਼ਮੀ ਹੋ ਗਿਆ। ਜਦੋਂ ਉਸ ਨੂੰ ਹਸਪਤਾਲ ਲੈ ਕੇ ਪੁੱਜੇ ਤਾਂ ਡਾਕਟਰਾਂ ਨੇ ਮ੍ਰਿਤਕ ਐਲਾਨ ਦਿੱਤਾ। ਪਲਟੂ ਨੇ ਦੱਸਿਆ ਕਿ ਉਹ 12 ਸਾਲ ਤੋਂ ਓਡੀਸ਼ਾ ਵਿੱਚ ਕੰਮ ਕਰ ਰਿਹਾ ਹੈ, ਪਹਿਲੀ ਵਾਰ ਉਨ੍ਹਾਂ ਨਾਲ ਅਜਿਹੀ ਵਾਰਦਾਤ ਹੋਈ। ਜ਼ੁਏਲ ਦੀ ਮਾਂ ਨੇ ਦੱਸਿਆ ਕਿ ਉਸ ਦੇ ਸਾਥੀਆਂ ਨੇ ਦੱਸਿਆ ਕਿ ਉਸ ਨੂੰ ਬੰਗਲਾਦੇਸ਼ੀ ਕਹਿ ਕੇ ਬੁਰੀ ਤਰ੍ਹਾਂ ਕੁੱਟਿਆ ਗਿਆ।*

*ਜਦੋਂ ਤੋਂ ਓਡੀਸ਼ਾ ਵਿੱਚ ਭਾਜਪਾ ਸਰਕਾਰ ਬਣੀ ਹੈ, ਬੰਗਾਲੀਆਂ ਨੂੰ ਬੰਗਲਾਦੇਸ਼ੀ ਕਹਿ ਕੇ ਕੁੱਟਿਆ ਜਾ ਰਿਹਾ ਹੈ ਤੇ ਗ੍ਰਿਫਤਾਰ ਕੀਤਾ ਜਾ ਰਿਹਾ ਹੈ।*

*ਕੇਰਲਾ ਦੇ ਪਲੱਕੜ ਜ਼ਿਲ੍ਹੇ ਵਿੱਚ ਛੱਤੀਸਗੜ੍ਹ ਦੇ 31 ਸਾਲਾ ਮਜ਼ਦੂਰ ਰਾਮ ਨਾਰਾਇਣ ਬਘੇਲ ਦੀ 17 ਦਸੰਬਰ ਨੂੰ ਭੀੜ ਨੇ ਕੁੱਟ-ਕੁੱਟ ਕੇ ਹੱਤਿਆ ਕਰ ਦਿੱਤੀ ਸੀ। ਵਾਇਰਲ ਵੀਡੀਓ ਵਿੱਚ ਹਮਲਾਵਰ ਨੂੰ ਰਾਮ ਨਾਰਾਇਣ ਤੋਂ ਵਾਰ-ਵਾਰ ਪੁੱਛਦੇ ਸੁਣਿਆ ਗਿਆ—ਕੀ ਤੂੰ ਬੰਗਲਾਦੇਸ਼ੀ ਹੈਂ? ਰਾਮ ਨਾਰਾਇਣ ਬਿਹਤਰ ਕਮਾਈ ਦੀ ਤਲਾਸ਼ ਵਿੱਚ 13 ਦਸੰਬਰ ਨੂੰ ਹੀ ਕੇਰਲਾ ਪੁੱਜਾ ਸੀ ਅਤੇ ਉਸਾਰੀ ਮਜ਼ਦੂਰ ਦਾ ਕੰਮ ਕਰ ਰਿਹਾ ਸੀ। ਉਹ ਵਾਲਯਾਰ ਵਿੱਚ ਰਿਸ਼ਤੇਦਾਰ ਕੋਲ ਠਹਿਰਿਆ ਸੀ ਤੇ ਨਵਾਂ-ਨਵਾਂ ਹੋਣ ਕਰਕੇ ਰਾਹ ਭਟਕ ਕੇ ਕਿਸੇ ਹੋਰ ਪਿੰਡ ਪੁੱਜ ਗਿਆ। ਪਹਿਲਾਂ ਉੱਥੇ ਚੋਰੀ ਦੀ ਘਟਨਾ ਹੋਈ ਸੀ, ਇਸ ਕਰਕੇ ਲੋਕਾਂ ਨੇ ਉਸ ਨੂੰ ਚੋਰ ਸਮਝ ਕੇ ਫੜ ਲਿਆ। ਪੁੱਛਗਿੱਛ ਤੋਂ ਬਾਅਦ ਬੁਰੀ ਤਰ੍ਹਾਂ ਕੁੱਟ ਦਿੱਤਾ। ਲੋਕਲ ਬਾਡੀਜ਼ ਮੰਤਰੀ ਐੱਮ ਬੀ ਰਾਜੇਸ਼ ਨੇ ਇਸ ਘਟਨਾ ਨੂੰ ਸੰਘ ਪਰਵਾਰ ਦੀ ਨਫਰਤੀ ਸਿਆਸਤ ਦਾ ਨਤੀਜਾ ਦੱਸਦਿਆਂ ਕਿਹਾ ਕਿ ਪਹਿਲਾਂ ਉਸ ਨੂੰ ਬੰਗਲਾਦੇਸ਼ੀ ਕਹਿ ਕੇ ਕਲੰਕਿਤ ਕੀਤਾ ਗਿਆ ਤੇ ਫਿਰ ਮਾਰ ਦਿੱਤਾ। ਫੜੇ ਗਏ ਲੋਕਾਂ ਵਿੱਚ ਸੰਘ ਦੇ ਕਾਰਕੁਨ ਸ਼ਾਮਲ ਹਨ, ਜਿਨ੍ਹਾਂ 'ਤੇ ਪਹਿਲਾਂ ਵੀ ਫੌਜਦਾਰੀ ਮਾਮਲੇ ਦਰਜ ਹਨ।*

*ਅਜਿਹੀਆਂ ਘਟਨਾਵਾਂ ਉਦੋਂ ਹੋ ਰਹੀਆਂ ਹਨ, ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਘੁਸਪੈਠੀਆਂ ਦਾ ਰਾਗ ਅਲਾਪ ਰਹੇ ਹਨ। ਵੋਟਰ ਸੂਚੀਆਂ ਦੀ ਡੂੰਘੀ ਸੁਧਾਈ (ਐੱਸ ਆਈ ਆਰ) ਦੇ ਨਾਂਅ 'ਤੇ ਗੈਰਕਾਨੂੰਨੀ ਘੁਸਪੈਠੀਏ ਵੋਟਰਾਂ ਦਾ ਪਤਾ ਲਾਉਣ ਦਾ ਰੌਲਾ ਪਾਇਆ ਜਾ ਰਿਹਾ ਹੈ। ਇਸ ਤੋਂ ਉਤਸ਼ਾਹਤ ਹੋ ਕੇ ਸੰਘ ਪਰਵਾਰ ਦੇ ਲੋਕ ਘੱਟ-ਗਿਣਤੀਆਂ ਨੂੰ ਨਿਸ਼ਾਨਾ ਬਣਾ ਰਹੇ ਹਨ। ਉਂਜ ਇਹ ਸਿਲਸਿਲਾ 2014 ਨੂੰ ਭਾਜਪਾ ਦੇ ਕੇਂਦਰ ਵਿੱਚ ਬਹੁਮਤ ਨਾਲ ਸੱਤਾ 'ਚ ਆਉਣ ਤੋਂ ਹੀ ਜਾਰੀ ਹੈ। ਪਿਛਲੇ 11 ਸਾਲਾਂ ਤੋਂ ਭੀੜ-ਤੰਤਰੀ ਹਿੰਸਾ ਦੀਆਂ ਅਜਿਹੀਆਂ ਘਟਨਾਵਾਂ ਲਗਾਤਾਰ ਵਾਪਰ ਰਹੀਆਂ ਹਨ। ਬਹੁਲਤਾਵਾਦੀ ਦੇਸ਼ ਦੇ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਨੇ ਇਨ੍ਹਾਂ ਨੂੰ ਰੋਕਣ ਲਈ ਕਦੇ ਵੀ ਇਮਾਨਦਾਰਾਨਾ ਕੋਸ਼ਿਸ਼ ਨਹੀਂ ਕੀਤੀ। ਉਲਟਾ ਯੂ ਪੀ ਦੀ ਯੋਗੀ ਆਦਿਤਿਆਨਾਥ ਸਰਕਾਰ ਤਾਂ ਅਖ਼ਲਾਕ ਨੂੰ ਕੁੱਟ-ਕੁੱਟ ਕੇ ਮਾਰਨ ਵਾਲੇ ਅਖੌਤੀ ਗਊ-ਰੱਖਿਅਕਾਂ ਦੇ ਖਿਲਾਫ ਮੁਕੱਦਮਾ ਹੀ ਡਰਾਪ ਕਰਾਉਣ ਤੱਕ ਪੁੱਜ ਗਈ। ਭਾਜਪਾ ਦੀ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦੀ ਇਹ ਯੋਜਨਾ ਕਦੇ ਸਫਲ ਨਹੀਂ ਹੋਣ ਵਾਲੀ ਤੇ ਜੇ ਹਿੰਸਾ ਦਾ ਸ਼ਿਕਾਰ ਹੋਣ ਵਾਲੇ ਡਟ ਗਏ ਤਾਂ ਦੇਸ਼ ਨੂੰ ਗੰਭੀਰ ਨਤੀਜੇ ਭੁਗਤਣੇ ਪੈ ਸਕਦੇ ਹਨ।*

## ਧੁੰਦ ਕਾਰਨ ਵਾਪਰ ਰਹੀਆਂ ਦੁਰਘਟਨਾਵਾਂ ਲਈ ਕੌਣ ਜ਼ਿੰਮੇਵਾਰ

**ਮੇਜਰ ਸਿੰਘ ਨਾਭਾ**


ਰੋਜ਼ਾਨਾ ਧੁੰਦ ਕਾਰਨ ਕਈ ਹਾਦਸੇ ਵਾਪਰ ਰਹੇ ਹਨ। ਹਰੇਕ ਸਾਲ ਧੁੰਦ ਦੇ ਦਿਨਾਂ ਵਿੱਚ ਹਾਦਸਿਆਂ ਕਾਰਨ ਕਿੰਨੀਆਂ ਹੀ ਕੀਮਤੀ ਜਾਨਾਂ ਚਲੀਆਂ ਜਾਂਦੀਆਂ ਹਨ। ਦੇਸ਼ ਆਜ਼ਾਦ ਹੋਇਆਂ ਸੱਤ ਦਹਾਕੇ ਤੋਂ ਵੱਧ ਸਮਾਂ ਹੋ ਗਿਆ ਹੈ, ਅਜੇ ਤੱਕ ਦੇਸ਼ ਅੰਦਰ ਸੜਕਾਂ ਦੀ ਹਾਲਤ ਖਸਤਾ ਰੂਪ 'ਚ ਹੀ ਨਜ਼ਰ ਆ ਰਹੀ ਹੈ, ਪਰ ਦੇਸ਼ ਅੰਦਰ ਤਕਨੀਕੀ ਪੱਖੋਂ ਤਰੱਕੀ ਕਰਨ ਕਾਰਨ ਚਾਰ ਪਹੀਆ ਵਾਹਨਾਂ ਦੇ ਮਾਡਲ ਐਨੇ ਆਧੁਨਿਕ ਆ ਗਏ, ਜਿਨ੍ਹਾਂ ਦੀ ਰਫਤਾਰ ਬਹੁਤ ਤੇਜ਼ ਹੈ, ਪਰ ਇਨ੍ਹਾਂ ਦੇ ਚਲਣ ਲਈ ਉਸ ਪੱਧਰ ਦੀਆਂ ਆਧੁਨਿਕ ਯੋਗ ਸੜਕਾਂ ਦੀ ਸੇਫਟੀ ਪੱਖੋਂ ਘਾਟ ਰੜਕਦੀ ਹੈ, ਜਿਸ ਕਾਰਨ ਨਿੱਤ ਹੀ ਸੜਕਾਂ 'ਤੇ ਦੁਰਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ।

ਪਿਛਲੇ ਦਿਨੀਂ ਬੜੀ ਦੁਖਦਾਇਕ ਘਟਨਾ ਵਾਪਰੀ, ਜਦੋਂ ਅਧਿਆਪਕ ਪਤੀ-ਪਤਨੀ ਚੋਣ ਡਿਊਟੀ 'ਤੇ ਜਾਣ ਸਮੇਂ ਰਸਤੇ ਵਿੱਚ ਰਜਬਾਹੇ ਦੇ ਪੁਲ ਦੀ ਰੇਲਿੰਗ ਹੋਣ ਅਤੇ ਧੁੰਦ 'ਚ ਸਹੀ ਇੰਡੀਕੇਸ਼ਨਜ਼ ਨਾ ਹੋਣ ਕਾਰਨ ਉਨ੍ਹਾਂ ਦੀ ਗੱਡੀ ਰਜਬਾਹੇ ਵਿੱਚ ਡਿੱਗਣ ਕਾਰਨ ਦੋਵਾਂ ਦੀ ਮੌਤ ਹੋ ਗਈ । ਪਿਛਲੀਆਂ ਸਰਕਾਰਾਂ ਨੇ ਪ੍ਰਮੁੱਖ ਸ਼ਹਿਰਾਂ ਨੂੰ ਟੋਲ ਪਲਾਜ਼ਿਆਂ ਵਾਲੀਆ ਸੜਕਾਂ ਨਾਲ ਜੋੜ ਕੇ ਬਹੁਤੀਆਂ ਸੜਕਾਂ ਬਣਾਉਣ ਦਾ ਕੰਮ ਪ੍ਰਾਈਵੇਟ ਕੰਪਨੀਆਂ ਤੋਂ ਕਰਵਾ ਤਾਂ ਲਿਆ, ਪਰ ਮੁਰੰਮਤ ਕਰਨ ਆਦਿ ਦੇ ਕੰਮ ਦੀ ਜ਼ਿੰਮੇਵਾਰੀ ਤੋਂ ਸਰਕਾਰਾਂ ਪਾਸਾ ਵੱਟਦੀਆਂ ਆਈਆਂ ਹਨ। ਇਨ੍ਹਾਂ ਨਵੀਆਂ ਬਣੀਆਂ ਸੜਕਾਂ ਦੇ ਆਲੇ-ਦੁਆਲੇ ਕੱਚੀ ਥਾਂ ਦੀ ਕੋਈ ਇਕਸਾਰਤਾ ਨਹੀਂ ਦਿੱਸਦੀ, ਨਾ ਹੀ ਅਵਾਰਾ ਡੰਗਰਾਂ ਤੋਂ ਬਚਾਅ ਲਈ ਉਚਿਤ ਵਾੜ /ਜੰਗਲੇ ਦਾ ਹੀ ਪੂਰਾ ਪ੍ਰਬੰਧ ਹੈ। ਇਨ੍ਹਾਂ ਸੜਕਾਂ 'ਤੇ ਰੋਜ਼ਾਨਾ ਅਨੇਕਾਂ ਹੀ ਦੁਰਘਟਨਾਵਾਂ ਹੁੰਦੀਆਂ ਹਨ। ਅਸੀਂ ਰੀਸਾਂ ਬਾਹਰਲੇ ਦੇਸ਼ਾਂ ਦੀਆਂ ਜ਼ਰੂਰ ਕਰ ਲੈਣੇ ਹਾਂ। ਅਜੇ ਇਨ੍ਹਾਂ ਟੋਲ ਸੜਕਾਂ ਵਿੱਚ ਆਉਂਦੇ ਸ਼ਹਿਰਾਂ ਵਿੱਚੋਂ ਲੰਘਣ ਲਈ ਸਾਰੇ ਥਾਵਾਂ 'ਤੇ ਪੁਲ ਨਹੀਂ ਬਣੇ, ਜਿਥੇ ਲੰਮਾ ਸਮਾਂ ਜਾਮ ਵਿੱਚ ਖੜ੍ਹਨਾ ਪੈਂਦਾ ਹੈ, ਪਰ ਟੋਲ ਪਹਿਲਾਂ ਹੀ ਸ਼ੁਰੂ ਕਰ ਦਿੱਤੇ ਜਾਂਦੇ ਹਨ। ਟੋਲ ਸੜਕਾਂ ਦਾ ਟੁੱਟਣਾ ਆਮ ਵਰਤਾਰਾ ਹੈ, ਸੋ ਸਬੰਧਤ ਕੰਪਨੀ ਵੱਲੋਂ ਸੜਕਾਂ ਦੀ ਚੈਕਿੰਗ ਹੋਣੀ ਚਾਹੀਦੀ ਹੈ, ਜਿਥੇ ਕਿਤੇ ਕੋਈ ਸੜਕ ਟੁੱਟਣ ਦੀ ਸੰਭਾਵਨਾ ਹੋਵੇ, ਤੁਰੰਤ ਉੱਥੇ ਮੁਰੰਮਤ ਕੀਤੀ ਜਾਵੇ, ਤਾਂ ਜੋ ਵੱਡਾ ਟੋਆ ਨਾ ਪਵੇ, ਜੇ ਵੱਡਾ ਟੋਆ ਸਰਕਾਰ ਪੈਚ ਲਾਉਣ ਤੋਂ ਅਸਮੱਰਥ ਹੈ ਤਾਂ ਘੱਟੋ-ਘੱਟ ਉਸ ਦੁਆਲੇ ਚਮਕਣੀ ਚਿੱਟੀ/ਪੀਲੀ ਪੱਟੀ ਲਾ ਦਿੱਤੀ ਜਾਵੇ, ਤਾਂ ਕਿ ਕੁਝ ਬਚਾਅ ਹੋ ਸਕੇ। ਇਸੇ ਤਰ੍ਹਾਂ ਸੜਕਾਂ ਦੇ ਕਿਨਾਰਿਆਂ 'ਤੇ ਖੜ੍ਹੇ ਦਰੱਖਤਾਂ ਜਾਂ ਝਾੜੀਆਂ ਦੀਆਂ ਟਾਹਣੀਆਂ ਖਾਸ ਕਰਕੇ ਧੁੰਦ ਦੇ ਦਿਨਾਂ ਵਿੱਚ ਦੋ-ਪਹੀਆ ਵਾਹਨਾਂ ਲਈ ਕਈ ਵਾਰੀ ਦੁਰਘਟਨਾ ਵਾਪਰਨ ਦਾ ਕਾਰਨ ਬਣਦੀਆਂ ਹਨ । ਸੜਕ ਉੱਪਰ ਕੋਈ ਵੀ ਟਾਹਣੀ ਨੇੜੇ ਨਹੀਂ ਹੋਣੀ ਚਾਹੀਦੀ, ਤਾਂ ਜੋ ਟਰੈਫਿਕ ਨਿਰਵਿਘਨ ਚਲਦੀ ਰਹੇ। ਸਾਨੂੰ ਧੁੰਦ ਵਿੱਚ ਵਾਹਨ ਚਲਾਉਂਦੇ ਸਮੇਂ ਪੂਰੀ ਸਾਵਧਾਨੀ ਵਰਤਣੀ ਚਾਹੀਦੀ ਹੈ। ਵਾਹਨਾਂ ਦੀਆਂ ਉੱਚਿਤ ਲਾਈਟਾਂ ਦੀ ਵਰਤੋਂ ਕਰਨੀ ਚਾਹੀਦੀ ਹੈ, ਤਾਂ ਜੋ ਸਾਹਮਣੇ ਵਾਲੇ ਨੂੰ ਵਾਹਨ ਆਉਂਦੇ ਦਾ ਪਤਾ ਲੱਗੇ। ਕਾਹਲ ਕਰਨੀ ਕਦਾਚਿਤ ਵੀ ਠੀਕ ਨਹੀਂ, ਆਪਣੀ ਕੀਮਤੀ ਜ਼ਿੰਦਗੀ ਅਤੇ ਪਰਵਾਰ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ।

ਰਾਜ ਅੰਦਰ ਮੇਨ ਸੜਕਾਂ 'ਤੇ ਉਚਿਤ ਥਾਵਾਂ 'ਤੇ ਚਿੱਟੀਆਂ, ਪੀਲੀਆਂ, ਕਾਲੀਆਂ, ਪੱਟੀਆਂ ਦੇ ਨਿਸ਼ਾਨ ਅਧੂਰੇ ਪਏ ਰਹਿੰਦੇ ਹਨ, ਜੋ ਦੁਰਘਟਨਾਵਾਂ ਨੂੰ ਸੱਦਾ ਦਿੰਦੇ ਹਨ। ਉਚਿਤ ਥਾਵਾਂ, ਐਂਟਰੀਆਂ ਅਤੇ ਬਾਹਰ ਦੇ ਰਸਤਿਆਂ ਨੂੰ ਦਰਸਾਉਣ ਲਈ ਸਾਈਨ ਬੋਰਡ ਲਾਏ ਜਾਣੇ ਚਾਹੀਦੇ ਹਨ, ਤਾਂ ਜੋ ਕੋਈ ਗਲਤ ਥਾਂ ਜਾਂ ਰਸਤੇ 'ਤੇ ਨਾ ਜਾ ਸਕੇ। ਇਸ ਤਰ੍ਹਾਂ ਕਈ ਵਾਰੀ ਸਮੇਂ ਦੀ ਬਰਬਾਦੀ ਹੁੰਦੀ ਹੈ। ਪਿੰਡਾਂ ਦੀਆਂ ਲਿੰਕ ਸੜਕਾਂ ਦਾ ਮਾੜਾ ਹਾਲ ਹੈ । ਧੁੰਦ ਦੇ ਦਿਨਾਂ ਵਿੱਚ ਬਿਨਾਂ ਚਿੱਟੀ ਪੱਟੀ ਵਾਲੀਆਂ ਇਨ੍ਹਾਂ ਸੜਕਾਂ ਉੱਪਰੋਂ ਵਾਹਨਾਂ ਦਾ ਲੰਘਣਾ ਬਹੁਤ ਔਖਾ ਹੁੰਦਾ ਹੈ । ਅਸੀਂ ਟੈਕਸ ਦੇ ਰਹੇ ਹਾਂ, ਜੇ ਪੂਰੀਆਂ ਸਹੂਲਤਾਂ ਨਹੀਂ ਤਾਂ ਟੈਕਸ ਕਾਹਦਾ । ਜੇ ਹਰ ਰੋਜ਼ ਟੈਕਸ ਦਿੰਦੇ ਹਾਂ ਤਾਂ ਹਰ ਰੋਜ਼ ਸੜਕ ਤੋਂ ਲੰਘਣ ਲਈ ਸੜਕ ਵੀ ਸਾਫ ਅਤੇ ਰੁਕਾਵਟ ਰਹਿਤ ਹੋਣੀ ਚਾਹੀਦੀ ਹੈ। ਸਰਕਾਰ ਨੇ ਜਦੋਂ ਆਪ ਇਨ੍ਹਾਂ ਸੜਕਾਂ 'ਤੇ ਕੋਈ ਪੈਸਾ ਨਹੀਂ ਖਰਚਣਾ ਤਾਂ ਇਨ੍ਹਾਂ ਪ੍ਰਾਈਵੇਟ ਠੇਕੇਦਾਰਾਂ ਤੋਂ ਅਜੇ ਤਾਂ ਕੋਈ ਆਸ ਨਹੀਂ ਲੱਗਦੀ ਕਿ ਪੰਜਾਬ ਅੰਦਰ ਸੜਕਾਂ ਦੀ ਦਸ਼ਾ ਸੁਧਰ ਜਾਣ ਦਾ ਸਮਾਂ ਵੀ ਕਦੇ ਆਵੇਗਾ। ਲਿੰਕ ਸੜਕਾਂ ਦਾ ਵੀ ਮਾੜਾ ਹਾਲ ਹੈ, ਜਦੋਂ ਇਹ ਬਿਲਕੁਲ ਖਸਤਾ ਹੋ ਜਾਂਦੀਆਂ ਹਨ ਤਾਂ ਵੀ ਮਹਿਕਮੇ ਵਾਲੇ ਸਾਰ ਨਹੀਂ ਲੈਂਦੇ। ਸੋ ਸਰਕਾਰ ਨੂੰ ਇਨ੍ਹਾਂ ਸੜਕਾਂ ਦੀਆਂ ਬਣਦੀਆਂ ਸਹੂਲਤਾਂ ਦੇਣ ਦੀ ਜ਼ਿੰਮੇਵਾਰੀ ਨੂੰ ਪਹਿਲ ਦੇ ਆਧਾਰ 'ਤੇ ਸੜਕਾਂ ਬਣਾਉਣ ਵਾਲੀਆਂ ਕੰਪਨੀਆਂ / ਠੇਕੇਦਾਰਾਂ ਤੋਂ ਮੁਕੰਮਲ ਕਰਵਾਉਣਾ ਚਾਹੀਦਾ ਹੈ, ਤਾਂ ਜੋ ਘੱਟੋ-ਘੱਟ ਧੁੰਦ ਦੇ ਦਿਨਾਂ 'ਚ ਹਾਦਸੇ ਨਾ ਵਾਪਰਨ ।

**# ਸੰਪਰਕ : 94635-53962**

# ਕੁਦਰਤ ਦਾ ਸਨਮਾਨ, ਮਨੁੱਖ ਦਾ ਸਿਹਤਮੰਦ ਬਣੇ ਰਹਿਣਾ


ਡਾ. ਸ਼ਿਆਮ ਸੁੰਦਰ ਦੀਪਤੀ

ਮਨੁੱਖ ਦੀ ਸਿਹਤ ਨੂੰ ਕੁਦਰਤ ਨਾਲ ਜੋੜਨ ਦੀ ਜ਼ਰੂਰਤ ਕਿਉਂ ਪਈ? ਜੇਕਰ ਸਹੀ ਮਾਅਨਿਆਂ ਵਿਚ ਦੇਖੀਏ ਤਾਂ ਕੁਦਰਤ ਨੇ ਹੀ ਮਨੁੱਖ ਦੀ ਸੰਰਚਨਾ ਕੀਤੀ ਹੈ ਅਤੇ ਕੁਦਰਤ ਨੇ ਮਨੁੱਖ ਦੇ ਸਰੀਰ ਵਿਚ ਉਹ ਸਭ ਕੁਝ ਪਾ ਰੱਖਿਆ ਹੈ ਕਿ ਮਨੁੱਖ ਬਿਮਾਰ ਨਾ ਪਵੇ, ਕਹਿਣ ਦਾ ਮਤਲਬ ਉਹ ਸਿਹਤਮੰਦ ਬਣਿਆ ਰਹੇ। ਜੇ ਕੋਈ ਵਿਅਕਤੀ ਬਿਮਾਰ ਪੈਂਦਾ ਹੈ ਤਾਂ ਮਤਲਬ ਬਿਲਕੁਲ ਸਾਫ਼ ਹੈ ਕਿ ਉਸ ਨੇ ਕੁਦਰਤ ਨਾਲ ਆਪਣਾ ਨਾਤਾ, ਆਪਣਾ ਰਹਿਣ-ਸਹਿਣ ਸਹੀ ਤਰੀਕੇ ਨਾਲ ਨਹੀਂ ਰੱਖਿਆ ਹੈ। ਜੇਕਰ ਆਪਾਂ ਕੁਦਰਤ ਵਿਚ ਰਹਿੰਦੇ, ਵਸਦੇ ਹੋਰ ਜੀਵਾਂ ਦਾ ਅੰਦਾਜ਼ਾ ਲਗਾਈਏ ਤਾਂ ਸਾਰੇ ਜੀਵ ਲੱਗਭੱਗ ਸਿਹਤਮੰਦ ਰਹਿੰਦੇ ਹਨ, ਜਦੋਂ ਕਿ ਮਨੁੱਖਾਂ ਵਿਚ ਵਿਅਕਤੀ ਜ਼ਿਆਦਾ ਬਿਮਾਰ ਹੋਇਆ ਦੇਖਣ ਨੂੰ ਮਿਲਦਾ ਹੈ। ਜੇਕਰ ਇਸ ਨੂੰ ਸਮਝਾਂਗੇ ਤਾਂ ਸਾਨੂੰ ਸਹਿਜ ਹੀ ਸਮਝ ਆ ਜਾਵੇਗਾ ਕਿ ਬਿਮਾਰ ਹੋਣ ਦਾ ਕਾਰਨ ਕੀ ਹੈ ਤੇ ਕਿੱਥੇ ਪਿਆ ਹੈ?

ਵਿਅਕਤੀ ਨੂੰ ਸਿਹਤਮੰਦ ਬਣੇ ਰਹਿਣ ਲਈ ਸਭ ਤੋਂ ਪਹਿਲਾਂ ਇਹ ਜਾਨਣਾ ਜ਼ਰੂਰੀ ਹੈ ਕਿ ਸਾਡਾ ਸਰੀਰ ਕਾਰਜਸ਼ੀਲ ਕਿਵੇਂ ਹੁੰਦਾ ਹੈ? ਅਸੀਂ ਦੇਖਾਂਗੇ ਕਿ ਸਭ ਤੋਂ ਪਹਿਲਾਂ ਮਨੁੱਖ ਨੂੰ ਲੋੜ ਹੈ ਖੁਰਾਕ ਦੀ, ਇਸ ਦਾ ਵਿਸ਼ਲੇਸ਼ਣ ਕਰੀਏ ਤਾਂ ਖੁਰਾਕ ਵਿਚ ਪ੍ਰੋਟੀਨ, ਊਰਜਾ, ਖਣਿਜ ਪਦਾਰਥ ਅਤੇ ਵਿਟਾਮਨ ਸਾਡੇ ਸਰੀਰ ਦੇ ਹਰ ਅੰਗ ਦੇ ਕੰਮ ਆਉਂਦੇ ਹਨ।

ਇੱਥੇ ਇਕ ਗੱਲ ਜਾਨਣ-ਸਮਝਣ ਦੀ ਲੋੜ ਹੈ ਕਿ ਜਦੋਂ ਮਨੁੱਖ ਸਮੇਤ ਸਾਰੇ ਜੀਵਾਂ ਨੂੰ ਕੁਦਰਤ ਨੇ ਪੈਦਾ ਕੀਤਾ ਹੈ ਤਾਂ ਇਸ ਲਹਿਜੇ ਨਾਲ ਉਹ ਸਾਰੇ ਜੀਵਾਂ ਦੀ ਮਾਂ ਹੈ। ਇਹਨਾਂ ਸਭ ਦੇ ਲਈ ਖੁਰਾਕ ਜੁਟਾਏ। ਇਹ ਮਾਂ ਕੁਦਰਤ ਦੀ ਸਾਰੇ ਜੀਵਾਂ ਪ੍ਰਤੀ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਬੱਚਿਆਂ ਦਾ ਖਿਆਲ ਰੱਖੇ। ਤੁਸੀਂ ਦੇਖੋ ਆਪਣੇ ਸੁਭਾਅ ਅਨੁਸਾਰ ਜਿਸ ਜੀਵ ਨੂੰ ਜਿਸ ਹਾਲ ਵਿਚ ਪੈਦਾ ਕਰਦੀ ਹੈ ਤਾਂ ਉਸੇ ਹਾਲਾਤ ਮੁਤਾਬਿਕ ਖੁਰਾਕ ਵੀ ਮੁਹੱਈਆ ਕਰਦੀ ਹੈ।

ਕੁਦਰਤ ਸਾਰੇ ਜੀਵਾਂ ਨਾਲ ਹੀ ਇਸ ਤਰ੍ਹਾਂ ਪੇਸ਼ ਆਉਂਦੀ ਹੈ। ਵਾਤਾਵਰਨ ਮੁਤਾਬਿਕ ਜੋ ਜੀਵ ਜਿੱਥੇ ਪੈਦਾ ਹੁੰਦਾ ਹੈ, ਉਸ ਜੀਵ ਦੇ ਨੇੜੇ-ਤੇੜੇ ਹੀ ਜੀਵ ਦੀ ਲੋੜ ਮੁਤਾਬਿਕ ਖਾਣ-ਪੀਣ ਦਾ ਸਮਾਨ ਪੈਦਾ ਹੋ ਜਾਂਦਾ ਹੈ। ਪ੍ਰਕਿਰਤੀ ਦਾ ਨਿਯਮ ਹੈ ਸਾਰੇ ਜੀਵ ਚੰਗੀ ਤਰ੍ਹਾਂ ਵਧਣ ਤੇ ਉਹਨਾਂ ਦਾ ਜੀਵਨ ਕਾਇਮ ਰਹੇ, ਇਹ ਸੰਸਾਰ ਅੱਗੇ ਵਧੇ।

ਇਸ ਤਰ੍ਹਾਂ ਕੁਦਰਤ ਨੇ ਮਨੁੱਖ ਨੂੰ ਖਾਸ ਤੌਰ 'ਤੇ ਕਈ ਪ੍ਰਣਾਲੀਆਂ ਪ੍ਰਦਾਨ ਕੀਤੀਆਂ ਹਨ, ਜਿਵੇਂ ਖੂਨ ਅਤੇ ਉਸ ਦੀਆਂ ਨਾੜੀਆਂ, ਸਾਹ ਅਤੇ ਫੇਫੜਿਆਂ ਪ੍ਰਣਾਲੀ, ਖੁਰਾਕ ਲਈ ਪੇਟ ਅਤੇ ਜਿਗਰ ਅਤੇ ਨਿਕਾਸ ਲਈ ਗੁਰਦੇ ਅਤੇ ਉਸ ਦਾ ਤੰਤਰ ਅਤੇ ਇਸ ਤੋਂ ਵਧ ਕੇ ਹੈ ਮਨੁੱਖ ਦਾ ਦਿਮਾਗ ਅਤੇ ਤੰਤੂ। ਇਸ ਸਭ ਤੋਂ ਇਲਾਵਾ ਇਕ ਪ੍ਰਣਾਲੀ ਹੈ, ਜੋ ਸਰੀਰ ਨੂੰ ਸੁਰੱਖਿਆ ਪ੍ਰਦਾਨ ਕਰਦੀ ਹੈ। ਕਹਿਣ ਦਾ ਮਤਲਬ ਹੈ ਇਹ ਪ੍ਰਣਾਲੀ ਸਰੀਰ ਨੂੰ ਬਿਮਾਰੀ ਦੇ ਹਮਲੇ ਤੋਂ ਬਚਾਉਂਦੀ ਹੈ।

ਸੁਰੱਖਿਆ ਪ੍ਰਣਾਲੀ ਦਾ ਸਭ ਤੋਂ ਮਹੱਤਵਪੂਰਨ ਕੰਮ ਹੈ ਕਿ ਸਰੀਰ ਨੂੰ ਤੰਦਰੁਸਤ ਰੱਖੇ ਅਤੇ ਬਿਮਾਰ ਹੋਣ ਤੋਂ ਪਹਿਲਾਂ ਹੀ ਉਸ ਨੂੰ ਸੰਭਾਲ ਲਵੇ। ਇਸ ਸੁਰੱਖਿਆ ਪ੍ਰਣਾਲੀ ਨੂੰ ਤੇਜ਼-ਤਰਾਰ ਅਤੇ ਤਾਕਤਵਰ ਬਣਾਈ ਰੱਖੋ। ਇਸ ਸਾਰੇ ਕੰਮ ਲਈ ਸੁਰੱਖਿਆ ਪ੍ਰਣਾਲੀ ਦੀ ਲੋੜ ਹੈ, ਵਿਟਾਮਿਨ ਖਣਿਜ ਪਦਾਰਥ ਅਤੇ ਹੋਰ ਕਈ ਤਰ੍ਹਾਂ ਦੇ ਐਂਟੀਓਕਸੀਡੈਂਟ। ਇੱਕ-ਇੱਕ ਦੀ ਗੱਲ ਨਾ ਵੀ ਕਰੀਏ ਤਾਂ ਸਾਡੀ ਖੁਰਾਕ ਇਹ ਸਭ ਕੁਝ ਆਪਣੇ ਅੰਦਰ ਸਮੋਈ ਬੈਠੀ ਹੈ, ਜਿਵੇਂ ਅਨਾਜ, ਦਾਲਾਂ, ਫਲ ਅਤੇ ਦੁੱਧ ਆਦਿ। ਇਸ ਨਾਲ ਸਾਰੀਆਂ ਪ੍ਰਣਾਲੀਆਂ ਠੀਕ-ਠਾਕ ਬਣੀਆਂ ਰਹਿੰਦੀਆਂ ਹਨ।

ਸਰੀਰ ਨੂੰ ਸਿਹਤਮੰਦ ਰੱਖਣ ਲਈ ਜਿੱਥੇ ਸਾਨੂੰ ਇਕ ਵਧੀਆ ਖੁਰਾਕ ਦੀ ਲੋੜ ਹੈ, ਉਸੇ ਤਰ੍ਹਾਂ ਹੋਰ ਕਈ ਰੰਗ ਵੀ ਹਨ, ਜੋ ਸਾਡੇ ਸਰੀਰ ਨੂੰ ਪ੍ਰੇਸ਼ਾਨ ਕਰਦੇ ਹਨ ਤੇ ਬਿਮਾਰੀ ਵੱਲ ਲੈ ਜਾਂਦੇ ਹਨ। ਉਹਨਾਂ ਵਿੱਚੋਂ ਕੁਝ ਇਸ ਤਰ੍ਹਾਂ ਹਨ:

1.ਨਸ਼ਿਆਂ ਦਾ ਸੇਵਨ ਇਕ ਤਰ੍ਹਾਂ ਦਾ ਵੱਖਰਾ ਪ੍ਰਦੂਸ਼ਣ ਹੈ, ਜੋ ਕਿ ਸਾਡੇ ਸਰੀਰ ਦੇ ਸਾਰੇ ਅੰਗਾਂ ਨੂੰ ਪ੍ਰਭਾਵਿਤ ਕਰਦਾ ਹੈ। ਸ਼ਰਾਬ ਚਾਹੇ ਸਮਾਜਿਕ ਤੌਰ 'ਤੇ ਮਾਨਤਾ ਪ੍ਰਾਪਤ ਹੈ ਤੇ ਬਹੁਤ ਵੱਡੀ ਮਾਤਰਾ ਵਿਚ ਸਮਾਜ ਦੇ ਹਰ ਵਰਗ ਵਿਚ ਇਸ ਦਾ ਇਸਤੇਮਾਲ ਹੁੰਦਾ ਹੈ। ਸਮਾਜਿਕ ਸੰਸਥਾਵਾਂ ਇਸ ਨੂੰ ਦੂਰ ਕਰਨ ਲਈ ਚਿੰਤਨ ਵੀ ਕਰਦੀਆਂ ਹਨ ਤੇ ਪ੍ਰਚਾਰ ਵੀ। ਇਸ ਦੇ ਬਾਵਜੂਦ ਇਹ ਕੰਮ ਘੱਟ ਨਹੀਂ ਹੋ ਰਿਹਾ, ਜਦੋਂ ਕਿ ਸਾਡੇ ਸੱਭਿਆਚਾਰ, ਰਵਾਇਤਾਂ ਵਿਚ ਅਫੀਮ, ਭੰਗ ਆਦਿ ਇਕ ਤਰ੍ਹਾਂ ਪ੍ਰਵਾਨਿਤ ਨਸ਼ੇ ਹਨ। ਨਸ਼ਾ ਕੋਈ ਵੀ ਹੋਵੇ ਤੇ ਚਾਹੇ ਕੋਈ ਵੀ ਮਾਨਤਾ ਦੇਵੇ, ਉਹ ਸਿਹਤ ਲਈ ਕਦੇ ਵੀ ਵਧੀਆ ਨਹੀਂ ਹੁੰਦਾ, ਕਿਉਂਕਿ ਹਰ ਨਸ਼ਾ ਸਰੀਰ ਵਿਚ ਜਾ ਕੇ ਬੈਠ ਜਾਂਦਾ ਹੈ।

2. ਵਾਤਾਵਰਨ ਪ੍ਰਦੂਸ਼ਣ ਇਹ ਪ੍ਰਦੂਸ਼ਣ ਦਾ ਬਾਹਰੀ ਰੂਪ ਹੈ, ਜੋ ਕਿ ਧੂੰਏਂ ਤੋਂ ਸਾਡੇ ਸਰੀਰ ਵਿਚ ਜਾਂਦਾ ਹੈ ਤੇ ਇਸ ਦਾ ਸਭ ਤੋਂ ਵੱਡਾ ਨੁਕਸਾਨ ਸਾਡੀ ਸਾਹ ਪ੍ਰਣਾਲੀ ਨੂੰ ਹੁੰਦਾ ਹੈ। ਆਕਸੀਜਨ ਜੋ ਕਿ ਸਾਡੇ ਜੀਵਨ ਦਾ ਅਧਾਰ ਹੈ, ਉਸ ਦੇ ਘੱਟ ਹੋਣ ਦਾ ਖਤਰਾ ਘਾਤਕ ਹੁੰਦਾ ਹੈ ਅਤੇ ਕਈ ਵਾਰ ਜਾਨਲੇਵਾ ਸਾਬਤ ਹੁੰਦਾ ਹੈ। ਇਸ ਧੂੰਏਂ ਦਾ ਕਾਰਨ ਸੜਕ 'ਤੇ ਚੱਲਦੇ ਵਾਹਨ, ਵੱਖ-ਵੱਖ ਸਾਮਾਨ ਬਣਾਉਣ ਦੀਆਂ ਫੈਕਟਰੀਆਂ। ਇਹਨਾਂ ਫੈਕਟਰੀਆਂ ਨੂੰ ਲਗਾਉਣ ਲਈ ਜਿਸ ਜ਼ਮੀਨ ਦਾ ਪ੍ਰਯੋਗ ਹੁੰਦਾ ਹੈ, ਉਸ ਜ਼ਮੀਨ 'ਤੇ ਲੱਗੇ ਰੁੱਖ ਵੱਢੇ ਜਾਂਦੇ ਹਨ, ਜੋ ਕਿ ਆਕਸੀਜਨ ਦੇਣ ਦਾ ਸਾਧਨ ਹਨ।

ਜੇਕਰ ਸਾਰੇ ਸਰੀਰ ਦੀ ਸਿਹਤ ਦਾ ਸਿਹਰਾ ਖਾਣ-ਪੀਣ ਨੂੰ ਜਾਂਦਾ ਹੈ, ਜੋ ਕਿ ਸਰੀਰ ਦੇ ਪਾਚਕ ਤੰਤਰ ਨਾਲ ਜੁੜਿਆ ਹੈ। ਭਾਰਤੀ ਸਮਾਜ ਵਿਚ ਖਾਣ-ਪੀਣ ਨੂੰ ਲੈ ਕੇ ਕਈ ਤਰ੍ਹਾਂ ਦੇ ਵਿਚਾਰ ਪੜ੍ਹਨ ਨੂੰ ਮਿਲਦੇ ਹਨ। ਖੁਰਾਕ ਨੂੰ ਸਾਤਵਿਕ, ਤਾਮਸਿਕ ਅਤੇ ਰਾਜਸਿਕ ਹਿੱਸਿਆਂ ਵਿਚ ਵੰਡਿਆ ਗਿਆ ਹੈ। ਇਹ ਵੰਡ ਮਨੁੱਖੀ ਸੁਭਾਅ ਨਾਲ ਵੀ ਜੁੜੀ ਹੋਈ ਹੈ। ਜੇ ਕਹੀਏ ਤਾਂ ਮਨੁੱਖ ਦੀ ਜੀਵਨ ਸ਼ੈਲੀ ਸਾਡੇ ਖਾਣ-ਪੀਣ ਨਾਲ ਜੁੜੀ ਹੋਈ ਹੈ।

ਜਦੋਂ ਅਸੀਂ ਖਾਣ-ਪੀਣ ਦੀ ਗੱਲ ਕਰਦੇ ਹਾਂ, ਚਾਹੇ ਪਾਣੀ ਪੀਣ ਲਈ ਵਰਤਿਆ ਜਾਂਦਾ ਹੈ, ਪਰ ਜਦੋਂ ਸਮਾਜਿਕ ਜੀਵਨ ਵਿਚ ਗੱਲ ਹੁੰਦੀ ਹੈ ਤਾਂ ਇਹ ਗੱਲ ਸ਼ਰਾਬ ਨਾਲ ਜੁੜ ਜਾਂਦੀ ਹੈ। ਠੀਕ ਹੈ ਇਸ ਦਾ ਇਕ ਹਿੱਸਾ ਊਰਜਾ ਵੀ ਦਿੰਦਾ ਹੈ, ਪਰ ਇਹ ਜਾ ਕੇ ਉਕਸਾਊ ਨਾਲ ਜਾ ਮਿਲਦਾ ਹੈ ਅਤੇ ਵਿਅਕਤੀ ਨੂੰ ਇਸ ਦੀ ਆਦਤ ਪੈ ਜਾਂਦੀ ਹੈ, ਜਿਸ ਤੋਂ ਛੁਟਕਾਰਾ ਪਾਉਣਾ ਮੁਸ਼ਕਲ ਹੋ ਜਾਂਦਾ ਹੈ।

ਖੁਰਾਕ ਦਾ ਸਿੱਧਾ ਰਿਸ਼ਤਾ ਊਰਜਾ ਨਾਲ ਹੈ ਤੇ ਊਰਜਾ ਦਾ ਸੰਬੰਧ ਸਾਰੇ ਦਿਨ ਦਾ ਕੰਮ ਹੈ। ਅੱਜ ਦੇਖਣ ਵਿਚ ਆਇਆ ਹੈ ਕਿ ਸਭ ਦੇ ਹੱਥ ਵਿਚ ਰਿਮੋਟ ਕੰਟਰੋਲ ਆ ਗਿਆ ਹੈ ਤੇ ਦੂਜੀ ਗੱਲ ਘਰ ਤੋਂ ਬਾਹਰ ਜਾਣ ਦਾ ਸਮਾਂ ਵੀ ਘੱਟ ਹੋ ਗਿਆ ਹੈ। ਚਾਹੁੰਦੇ ਹੋਏ ਵੀ ਹਰ ਸਮਾਨ ਘਰ ਬੈਠੇ ਪਹੁੰਚ ਰਿਹਾ ਹੈ ਅਤੇ ਮੰਗਵਾਇਆ ਜਾ ਰਿਹਾ ਹੈ। ਇਸ ਤਰ੍ਹਾਂ ਸਰੀਰ ਲਈ ਲੋੜੀਂਦੀ ਹਿਲਜੁਲ ਵੀ ਨਹੀਂ ਹੋ ਰਹੀ। ਕੁਦਰਤ ਨੇ ਸਾਨੂੰ ਅਨੇਕਾਂ ਜੋੜ ਦਿੱਤੇ ਹਨ, ਜੋ ਕਿ ਹਿਲਜੁਲ ਦੀ ਮੰਗ ਕਰਦੇ ਹਨ, ਉਹਨਾਂ ਨੂੰ ਵਰਤਿਆ ਨਾ ਜਾਣਾ ਆਖਰ ਸਰੀਰ ਨੂੰ ਬਿਮਾਰੀਆਂ ਵੱਲ ਧੱਕਦਾ ਹੈ। ਗੋਡੇ, ਮੋਢੇ ਨਾ ਵਰਤੇ ਜਾਣ ਦੇ ਕਾਰਨ ਇਹਨਾਂ ਜੋੜਾਂ ਦਾ ਜੁੜਨਾ ਇਕ ਵੱਡੀ ਸਮੱਸਿਆ ਬਣਦਾ ਜਾ ਰਿਹਾ ਹੈ। ਵਿਅਕਤੀ ਦਾ ਕੰਮ ਕਰਨ ਵਿਚ ਰੁਝਾਨ ਵੀ ਘਟ ਰਿਹਾ ਹੈ। ਉਹ ਕੁਰਸੀ 'ਤੇ ਬੈਠ ਕੇ ਕੰਮ ਕਰਨ ਵਿਚ ਆਪਣੀ ਟੌਹਰ ਸਮਝਦਾ ਹੈ। ਨਤੀਜੇ ਵਜੋਂ ਜੋ ਇਕ ਸਮੱਸਿਆ ਬਣ ਕੇ ਉੱਭਰ ਰਹੀ ਹੈ, ਉਹ ਹੈ ਮੋਟਾਪਾ। ਹੱਥੀਂ ਕੰਮ ਨਾ ਕਰਨ ਦਾ ਰੁਝਾਨ ਇਕ ਪਰਵਾਰਕ ਸੁਭਾਅ ਵਜੋਂ ਵਿਕਸਤ ਹੋ ਰਿਹਾ, ਨਤੀਜਾ ਤੁਸੀਂ ਮੋਟਾਪੇ ਦਾ ਬੱਚਿਆਂ ਵਿਚ ਵਧਣਾ ਵੀ ਦੇਖਿਆ ਜਾ ਸਕਦਾ ਹੈ।

ਮੋਟਾਪਾ ਆਪਣੇ-ਆਪ ਵਿਚ ਇਕ ਸਮੱਸਿਆ ਜ਼ਰੂਰ ਲੱਗਦਾ ਹੈ, ਪਰ ਇਹ ਆਪਣੇ-ਆਪ ਵਿਚ ਬਿਮਾਰੀਆਂ ਦਾ ਇਕ ਪੂਰਾ ਜਾਲ ਹੈ। ਸਭ ਤੋਂ ਅਹਿਮ ਬਿਮਾਰੀ ਸ਼ੂਗਰ ਦੀ ਬਿਮਾਰੀ ਹੈ ਤੇ ਉਸ ਦੇ ਨਾਲ ਦਿਲ ਦੀਆਂ ਬਿਮਾਰੀਆਂ ਅਤੇ ਇਹ ਸਾਰੀਆਂ ਪੂਰੇ ਸਰੀਰ ਨੂੰ ਆਪਣੀ ਲਪੇਟ ਵਿਚ ਲੈ ਲੈਂਦੀਆਂ ਹਨ। ਸ਼ੂਗਰ ਰੋਗ ਦਾ ਸਭ ਤੋਂ ਵੱਡਾ ਨੁਕਸਾਨ ਇਹ ਹੈ, ਇਸ ਨਾਲ ਸਰੀਰ ਦੀ ਸੁਰੱਖਿਆ ਪ੍ਰਣਾਲੀ ਕਮਜ਼ੋਰ ਹੋ ਜਾਂਦੀ ਹੈ।

ਹੁਣ ਜੇਕਰ ਜੀਵਨ ਸ਼ੈਲੀ ਦੀ ਗੱਲ ਕਰੀਏ ਤਾਂ ਇਸ ਨੂੰ ਅੱਜ ਦੇ ਸੰਦਰਭ ਵਿਚ ਵਿਹਲੜ ਸ਼ੈਲੀ ਕਿਹਾ ਜਾ ਸਕਦਾ ਹੈ। ਜੇ ਅਸੀਂ ਕੁਦਰਤ ਦੀ ਗੱਲ ਕਰੀਏ ਤਾਂ ਉਸ ਵਿਚ ਸਭ ਤੋਂ ਵੱਡਾ ਸੁਨੇਹਾ ਇਹ ਹੈ, ਸਾਰੇ ਹੀ ਆਪਣੇ-ਆਪਣੇ ਕੇਂਦਰ 'ਤੇ ਜੁੜ ਕੇ ਆਪਣੇ ਮਿੱਥੇ ਕੰਮ 'ਤੇ ਲੱਗੇ ਰਹਿੰਦੇ ਸਨ। ਦਿਲ ਅਤੇ ਸ਼ੂਗਰ ਰੋਗ ਵਰਗੀਆਂ ਬਿਮਾਰੀਆਂ ਦਾ ਇਕ ਵੱਡਾ ਕਾਰਨ ਸਾਡੀ ਵਿਹਲੜ ਸ਼ੈਲੀ ਹੈ। ਚੱਲਣ, ਤੁਰਨ-ਫਿਰਨ ਨੂੰ ਲੈ ਕੇ ਕਈ ਤਰ੍ਹਾਂ ਦਾ ਪ੍ਰਚਾਰ ਹੋ ਰਿਹਾ, ਪਰ ਅਸੀਂ ਦੋ ਸੌ ਮੀਟਰ ਦੀ ਦੂਰੀ ਵੀ ਕਿਸੇ ਵਾਹਨ ਤੋਂ ਵਗੈਰ ਕਰਨ ਨੂੰ ਤਿਆਰ ਨਹੀਂ ਹਾਂ। ਵਾਹਨ ਵਿਚ ਸਾਈਕਲ ਵੀ ਇਕ ਵਧੀਆ ਸਵਾਰੀ ਹੈ, ਪਰ ਸਾਨੂੰ ਸਕੂਟਰ ਜਾਂ ਕਾਰ ਚਾਹੀਦੀ ਹੈ।

ਇਹਨਾਂ ਛੋਟੀਆਂ-ਛੋਟੀਆਂ ਗੱਲਾਂ ਬਾਰੇ ਅਸੀਂ ਜਾਣਦੇ ਹਾਂ, ਪਰ ਇਹਨਾਂ ਨੂੰ ਸਿਹਤ ਬਾਰੇ ਜੋੜ ਕੇ ਸੋਚਣ ਦਾ ਸਮਾਂ ਸਾਡੇ ਕੋਲ ਨਹੀਂ ਹੈ। ਇਸ ਤਰ੍ਹਾਂ ਅਸੀਂ ਇਕ ਆਪਣਾ ਸੁਭਾਅ ਬਣਾ ਲਿਆ ਹੈ। ਇਸੇ ਕਰਕੇ ਇਨ੍ਹਾਂ ਅਜੋਕੀਆਂ ਬਿਮਾਰੀਆਂ ਨੂੰ ਜੀਵਨ ਸ਼ੈਲੀ ਦੀਆਂ ਬਿਮਾਰੀਆਂ ਵੀ ਕਿਹਾ ਜਾਂਦਾ ਹੈ।

ਇਹ ਜੀਵਨ ਸ਼ੈਲੀ, ਇਹ ਨਵੀਂ ਕਿਸਮ ਦੀ ਸੋਚ ਅਜਿਹੀ ਬਣ ਗਈ ਹੈ ਕਿ ਅਸੀਂ ਤਨਾਓ ਵਿਚ ਰਹਿਣ ਲੱਗ ਪਏ ਹਾਂ। ਠੀਕ ਹੈ ਜ਼ਿੰਦਗੀ ਵਿਚ ਤਨਾਓ ਦੀ ਆਪਣੀ ਥਾਂ ਹੈ। ਇਹ ਜੀਵਨ ਸ਼ੈਲੀ, ਇਹ ਨਵੀਂ ਕਿਸਮ ਦੀ ਸੋਚ ਅਜਿਹੀ ਬਣ ਗਈ ਹੈ ਕਿ ਅਸੀਂ ਤਨਾਓ ਵਿਚ ਰਹਿਣ ਲੱਗ ਪਏ ਹਾਂ। ਠੀਕ ਹੈ ਜ਼ਿੰਦਗੀ ਵਿਚ ਤਨਾਓ ਦੀ ਆਪਣੀ ਥਾਂ ਹੈ। ਤਨਾਓ ਪ੍ਰੇਰਨਾ ਵੀ ਦਿੰਦਾ ਹੈ ਕਿ ਅਸੀਂ ਆਪਣੇ ਹੱਥ-ਪੈਰ ਹਿਲਾਈਏ ਤੇ ਕੁਝ ਕਰੀਏ। ਅਸੀਂ ਜਿਸ ਕੁਦਰਤ ਵਿਚ ਰਹਿੰਦੇ ਹਾਂ, ਉਹ ਇਕ ਖ਼ੂਬਸੂਰਤ ਥਾਂ ਹੈ, ਜਿੱਥੇ ਅਨੇਕਾਂ ਕਿਸਮ ਦੇ ਰੰਗ-ਬਿਰੰਗੇ ਫੁੱਲ ਹਨ, ਪੰਛੀਆਂ ਦੀ ਚਹਿਚਹਾਟ ਹੈ। ਇਹ ਸਭ ਕੁਝ ਸਾਡੇ ਆਲੇ-ਦੁਆਲੇ ਹੈ, ਏਨਾ ਨੇੜੇ ਕਿ ਕਿਤੇ ਜਾਣ ਦੀ ਲੋੜ ਵੀ ਨਹੀਂ ਪੈਂਦੀ। ਸਿਰਫ਼ ਅੱਖ ਖੋਲ੍ਹ ਕੇ ਦੇਖਣਾ ਹੁੰਦਾ ਹੈ, ਪਰ ਸਾਡੇ ਕੋਲ ਏਨਾ ਸਮਾਂ ਵੀ ਨਹੀਂ ਹੈ ਕਿ ਇਸ ਖ਼ੂਬਸੂਰਤ ਵਾਤਾਵਰਨ ਦਾ ਆਨੰਦ ਲੈ ਸਕੀਏ। ਇਕ ਪਲ ਦਾ ਸਮਾਂ ਕੁਦਰਤ ਨਾਲ ਮਿਲ ਬੈਠਣ ਦਾ ਸਮਾਂ ਜਦੋਂ ਸਾਨੂੰ ਕੁਦਰਤ ਦੇ ਰੂਬਰੂ ਕਰਦਾ ਹੈ ਤਾਂ ਬਹੁਤ ਸਾਰੀਆਂ ਬਿਮਾਰੀਆਂ ਆਪਣੇ-ਆਪ ਰਫੂ-ਚੱਕਰ ਹੋ ਜਾਂਦੀਆਂ ਹਨ।

ਹੁਣ ਜੇਕਰ ਆਪਾਂ ਇਸ ਨਵੇਂ ਵਾਤਾਵਰਨ ਵਿਚ ਪੈਦਾ ਹੋਈਆਂ ਬਿਮਾਰੀਆਂ ਮੋਟਾਪਾ, ਸ਼ੂਗਰ ਰੋਗ, ਦਿਲ ਦੀਆਂ ਬਿਮਾਰੀਆਂ ਤੇ ਉਦਾਸੀ ਰੋਗ, ਜੇ ਇਹਨਾਂ ਵੱਲ ਦੇਖੀਏ ਤੇ ਸੋਚੀਏ ਇਹ ਸਭ ਕਿਵੇਂ ਸ਼ੁਰੂ ਹੋ ਗਿਆ। ਅਸੀਂ ਕਦੇ ਵੀ ਵਿਹਲੇ ਰਹਿਣ ਵਾਲੇ ਵਿਅਕਤੀ ਨਹੀਂ ਹਾਂ। ਕਦੋਂ ਸਾਡਾ ਜੀਵਨ ਭੱਜ-ਦੌੜ ਵਿਚ ਪੈ ਗਿਆ ਤੇ ਆ ਚੰਨ ਦੀ ਚਾਨਣੀ ਵਿਚ ਬੈਠ ਕੇ ਗੱਲਾਂ ਕਰਨ ਵਾਲੇ ਲੋਕ ਹਨੇਰੇ ਵਿਚ ਭਟਕਣ ਲੱਗ ਪਏ। ਜੇਕਰ ਇਸ ਸਭ ਦਾ ਜ਼ਿੰਮੇਵਾਰ ਤਲਾਸ਼ਣ ਦੀ ਕੋਸ਼ਿਸ਼ ਕਰਾਂਗੇ ਤਾਂ ਲੱਗੇਗਾ ਸਾਡੀ ਸੋਚ ਹੀ ਇਸ ਸਭ ਲਈ ਜ਼ਿੰਮੇਵਾਰ ਹੈ। ਅਸੀਂ ਪਤਾ ਨਹੀਂ ਕਦੋਂ ਕੁਦਰਤ ਨਾਲ ਤੁਰਦੇ ਹੋਏ ਏਨਾ ਰਫ਼ਤਾਰੀ ਹੋ ਗਏ ਕਿ ਕੁਦਰਤ ਪਿੱਛੇ ਰਹਿ ਗਈ।

ਕੁਦਰਤ, ਜਿਸ ਨੂੰ ਅਸੀਂ ਮਾਂ ਕਿਹਾ ਹੈ, ਉਹ ਅੱਜ ਵੀ ਆਪਣਾ ਪੱਲੂ ਖੋਲ੍ਹ ਕੇ ਬੈਠੀ ਹੈ ਕਿ ਕਦੋਂ ਉਸ ਦੇ ਬੱਚੇ ਉਸ ਵੱਲ ਪਰਤਣਗੇ। ਕੁਦਰਤ ਅਜੇ ਵੀ ਆਪਣੇ ਮੁੱਖ ਉਦੇਸ਼ ਸੰਸਾਰ ਦੇ ਲੋਕ ਸਿਹਤਮੰਦ ਰਹਿਣ ਲਈ ਤਿਆਰ ਹੈ, ਅਸੀਂ ਹੀ ਕੁਦਰਤ ਵੱਲ ਜਾਣਾ ਹੈ।

**# ਸੰਪਰਕ : 98158-08506**

# ਮੋਰਿੰਡਾ ਦੀ ਖ਼ੂਨੀ ਕੋਤਵਾਲੀ

**ਗੁਰਪ੍ਰੀਤ**




ਸਿੱਖ ਇਤਿਹਾਸ ਦਾ ਪੰਨਾ ਜਦੋਂ ਵੀ ਪੋਹ ਦੇ ਮਹੀਨੇ 'ਤੇ ਆ ਕੇ ਰੁਕਦਾ ਹੈ, ਤਾਂ ਕਲਮ ਲਹੂ ਦੇ ਹੰਝੂ ਕੇਰਨ ਲਗਦੀ ਹੈ। ਇਹ ਉਹ ਸਮਾਂ ਸੀ ਜਦੋਂ ਸਰਸਾ ਦੇ ਵਿਛੋੜੇ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਅਤੇ ਪਰਵਾਰ ਨੂੰ ਵੱਖੋ ਵੱਖ ਕਰ ਦਿੱਤਾ ਸੀ। ਜਿੱਥੇ ਚਮਕੌਰ ਦੀ ਜੰਗ ਵਿੱਚ ਵੱਡੇ ਸਾਹਿਬਜ਼ਾਦੇ ਜੰਗ-ਏ-ਮੈਦਾਨ ਵਿੱਚ ਜੂਝ ਰਹੇ ਸਨ, ਉੱਥੇ ਹੀ ਦੂਜੇ ਪਾਸੇ ਮੋਰਿੰਡਾ ਦੀ ਧਰਤੀ ਇੱਕ ਅਜਿਹੇ ਕਾਲੇ ਇਤਿਹਾਸ ਦੀ ਗਵਾਹ ਬਣ ਰਹੀ ਸੀ, ਜਿਸ ਨੇ ਮਨੁੱਖਤਾ ਦੇ ਹਿਰਦੇ ਵਲੂੰਧਰ ਕੇ ਰੱਖ ਦਿੱਤੇ। ਮੋਰਿੰਡਾ ਵਿੱਚ ਸਥਿਤ ਗੁਰਦੁਆਰਾ ਸ੍ਰੀ ਕੋਤਵਾਲੀ ਸਾਹਿਬ ਕੇਵਲ ਇੱਕ ਇਮਾਰਤ ਨਹੀਂ, ਸਗੋਂ ਧਰਮ ਦੀ ਰੱਖਿਆ ਲਈ ਦਿੱਤੀ ਗਈ ਪਹਿਲੀ ਗ੍ਰਿਫ਼ਤਾਰੀ ਦਾ ਪਵਿੱਤਰ ਯਾਦਗਾਰੀ ਅਸਥਾਨ ਹੈ।

ਵੈਸੇ ਤਾਂ ਸਿੱਖ ਇਤਿਹਾਸ ਵਿੱਚ ਪੋਹ ਦਾ ਮਹੀਨਾ ਕੁਰਬਾਨੀਆਂ ਅਤੇ ਦੁੱਖਾਂ ਦੀ ਅਜਿਹੀ ਦਾਸਤਾਨ ਹੈ, ਜਿਸ ਨੂੰ ਸੁਣ ਕੇ ਅੱਜ ਵੀ ਅੱਖਾਂ ਨਮ ਹੋ ਜਾਂਦੀਆਂ ਹਨ। ਮੋਰਿੰਡਾ ਵਿਖੇ ਸਥਿਤ ਗੁਰਦੁਆਰਾ ਸ੍ਰੀ ਕੋਤਵਾਲੀ ਸਾਹਿਬ ਉਸ ਕੜੀ ਦਾ ਇੱਕ ਅਹਿਮ ਹਿੱਸਾ ਹੈ, ਜਿੱਥੇ ਦੁਨੀਆ ਦੇ ਸਭ ਤੋਂ ਮਾਸੂਮ ਕੈਦੀਆਂ—ਬਾਬਾ ਜ਼ੋਰਾਵਰ ਸਿੰਘ ਜੀ (7 ਸਾਲ) ਅਤੇ ਬਾਬਾ ਫ਼ਤਿਹ ਸਿੰਘ ਜੀ (5 ਸਾਲ) ਨੂੰ ਉਨ੍ਹਾਂ ਦੀ ਦਾਦੀ ਮਾਤਾ ਗੁਜਰ ਕੌਰ ਜੀ ਸਮੇਤ ਕੈਦ ਕੀਤਾ ਗਿਆ ਸੀ। 20-21 ਪੋਹ ਦੀ ਰਾਤ ਨੂੰ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਤੋਂ ਬਾਅਦ ਮੁਗਲ ਫ਼ੌਜਾਂ ਨੇ ਵਾਅਦਾ-ਖ਼ਿਲਾਫ਼ੀ ਕਰਦਿਆਂ ਪਿੱਛੋਂ ਹਮਲਾ ਕਰ ਦਿੱਤਾ। ਸਰਸਾ ਨਦੀ ਦੇ ਕੰਢੇ ਭਾਰੀ ਜੰਗ ਹੋਈ। ਇਸੇ ਹਫੜਾ-ਦਫੜੀ ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਪਰਵਾਰ ਵਿਛੜ ਗਿਆ। ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਨਦੀ ਦੇ ਤੇਜ਼ ਵਹਾਅ ਨੂੰ ਪਾਰ ਕਰਕੇ ਇੱਕ ਪਾਸੇ ਨਿਕਲ ਗਏ। ਮਾਤਾ ਗੁਜਰੀ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ ਨਦੀ ਦੇ ਕੰਢੇ ਕੁੰਮੇ ਮਾਸ਼ਕੀ ਦੀ ਝੁੱਗੀ ਵਿੱਚ ਪਹੁੰਚੇ। ਉੱਥੇ ਦੋ ਦਿਨ ਲਛਮੀ ਨਾਂਅ ਦੀ ਇੱਕ ਸ਼ਰਧਾਲੂ ਬ੍ਰਾਹਮਣੀ ਉਨ੍ਹਾਂ ਨੂੰ ਭੋਜਨ ਛਕਾਉਂਦੀ ਰਹੀ। ਉੱਥੇ ਉਨ੍ਹਾਂ ਨੂੰ ਗੁਰੂ ਘਰ ਦੇ ਲੰਗਰ ਦਾ ਪੁਰਾਣਾ ਸੇਵਾਦਾਰ ਗੰਗੂ ਬ੍ਰਾਹਮਣ ਮਿਲਿਆ।ਇਸ ਦੌਰਾਨ ਗੰਗੂ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਆਪਣੇ ਪਿੰਡ ਸਹੇੜੀ ਲੈ ਗਿਆ। ਗੰਗੂ ਦੀ ਨੀਅਤ ਮਾਤਾ ਜੀ ਕੋਲ ਮੋਹਰਾਂ ਨਾਲ ਭਰੀ ਥੈਲੀ ਦੇਖ ਕੇ ਬਦਲ ਗਈ। ਉਸ ਨੇ ਲਾਲਚ ਵਿੱਚ ਆ ਕੇ ਮੋਹਰਾਂ ਚੋਰੀ ਕਰ ਲਈਆਂ ਅਤੇ ਰੌਲਾ ਪਾ ਦਿੱਤਾ ਕਿ ਚੋਰੀ ਹੋ ਗਈ ਹੈ। ਜਦੋਂ ਮਾਤਾ ਜੀ ਨੇ ਬੜੇ ਧੀਰਜ ਨਾਲ ਕਿਹਾ, ਗੰਗੂ, ਤੂੰ ਰੌਲਾ ਨਾ ਪਾ, ਘਰ ਵਿੱਚ ਕੋਈ ਬਾਹਰੋਂ ਨਹੀਂ ਆਇਆ, ਮੋਹਰਾਂ ਇੱਥੇ ਹੀ ਹੋਣਗੀਆਂ, ਤਾਂ ਗੰਗੂ ਨੇ ਇਸ ਗੱਲ ਦਾ ਗੁੱਸਾ ਮਨਾਇਆ ਅਤੇ ਮਾਤਾ ਜੀ 'ਤੇ ਹੀ ਇਲਜ਼ਾਮ ਲਗਾਉਣ ਲੱਗਾ। ਗੰਗੂ ਨੇ ਉਲਟਾ ਮਾਤਾ ਜੀ 'ਤੇ ਹੀ ਗੁੱਸਾ ਕਰਨਾ ਸ਼ੁਰੂ ਕਰ ਦਿੱਤਾ ਅਤੇ ਵਫ਼ਾਦਾਰੀ ਦਾ ਨਾਟਕ ਰਚਿਆ। ਉਸ ਦੀ ਨੀਅਤ ਇੰਨੀ ਡਿਗ ਗਈ ਕਿ ਮੋਹਰਾਂ ਤਾਂ ਉਸ ਨੇ ਲਈਆਂ ਹੀ, ਪਰ ਉਹ ਸਰਕਾਰੀ ਇਨਾਮ ਦੇ ਲਾਲਚ ਵਿੱਚ ਵੀ ਆ ਗਿਆ।ਲਾਲਚ ਅਤੇ ਗੁੱਸੇ ਵਿੱਚ ਅੰਨ੍ਹੇ ਹੋਏ ਗੰਗੂ ਨੇ ਆਪਣੇ ਪਿੰਡ ਦੇ ਚੌਧਰੀ ਨੂੰ ਨਾਲ ਲਿਆ ਅਤੇ ਮੋਰਿੰਡਾ ਦੇ ਥਾਣਾ ਕੋਤਵਾਲੀ ਪਹੁੰਚ ਗਿਆ। ਉੱਥੇ ਉਸ ਨੇ ਡਿਊਟੀ 'ਤੇ ਤਾਇਨਾਤ ਦੋ ਥਾਣੇਦਾਰਾਂ, ਜਾਨੀ ਖਾਂ ਅਤੇ ਮਾਨੀ ਖਾਂ ਨੂੰ ਗੁਰੂ ਜੀ ਦੇ ਪਰਵਾਰ ਦੇ ਆਪਣੇ ਘਰ ਹੋਣ ਦੀ ਸੂਚਨਾ ਦਿੱਤੀ। ਮੁਖ਼ਬਰੀ ਦੇ ਆਧਾਰ 'ਤੇ ਜਾਨੀ ਖਾਂ ਅਤੇ ਮਾਨੀ ਖਾਂ ਆਪਣੀ ਫ਼ੌਜੀ ਟੁਕੜੀ ਨਾਲ ਸਹੇੜੀ ਪਿੰਡ ਪਹੁੰਚੇ ਅਤੇ ਮਾਤਾ ਜੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਨੂੰ ਪੈਦਲ ਤੋਰ ਕੇ ਮੋਰਿੰਡਾ ਲਿਆਂਦਾ ਗਿਆ। ਇਤਿਹਾਸਕਾਰ ਦੱਸਦੇ ਹਨ ਕਿ ਉਸ ਸਮੇਂ ਮੋਰਿੰਡਾ ਵਿੱਚ ਇੱਕ ਪੁਰਾਣੀ ਕੋਤਵਾਲੀ (ਜੇਲ੍ਹ) ਸੀ, ਜਿਸ ਦੇ ਨਿਸ਼ਾਨ ਅੱਜ ਵੀ ਗੁਰਦੁਆਰਾ ਸਾਹਿਬ ਦੇ ਅੰਦਰ ਸੁਰੱਖਿਅਤ ਹਨ। ਇਨ੍ਹਾਂ ਮਾਸੂਮ ਜਿੰਦਾਂ ਨੂੰ ਉਸ ਹਨੇਰੀ ਅਤੇ ਠੰਢੀ ਕੋਤਵਾਲੀ ਵਿੱਚ ਬੰਦ ਕਰ ਦਿੱਤਾ ਗਿਆ।ਮਾਤਾ ਜੀ ਅਤੇ ਮਾਸੂਮ ਸਾਹਿਬਜ਼ਾਦਿਆਂ ਨੇ ਇੱਕ ਰਾਤ ਮੋਰਿੰਡਾ ਦੀ ਇਸੇ ਕੋਤਵਾਲੀ (ਜੇਲ੍ਹ) ਵਿੱਚ ਕੱਟੀ। ਇਤਿਹਾਸਕਾਰਾਂ ਅਨੁਸਾਰ ਉਨ੍ਹਾਂ ਨੂੰ ਨਾ ਖਾਣ ਲਈ ਅੰਨ ਦਿੱਤਾ ਗਿਆ ਅਤੇ ਨਾ ਹੀ ਪੀਣ ਲਈ ਪਾਣੀ। ਪੋਹ ਦੀ ਕੜਾਕੇ ਦੀ ਠੰਢ ਵਿੱਚ ਬਚਣ ਲਈ ਕੋਈ ਗਰਮ ਕੱਪੜਾ ਜਾਂ ਬਿਸਤਰਾ ਨਹੀਂ ਦਿੱਤਾ ਗਿਆ। ਇਤਿਹਾਸਕ ਹਵਾਲਿਆਂ ਅਨੁਸਾਰ ਇਹ ਉਹ ਸਮਾਂ ਸੀ ਜਦੋਂ ਮੁਗਲ ਹਾਕਮ ਚਾਹੁੰਦੇ ਸਨ ਕਿ ਠੰਢ ਅਤੇ ਭੁੱਖ ਨਾਲ ਇਹ ਮਾਸੂਮ ਟੁੱਟ ਜਾਣ ਅਤੇ ਇਸਲਾਮ ਕਬੂਲ ਕਰ ਲੈਣ। ਪਰ ਗੁਰੂ ਦੇ ਲਾਲ ਅਡੋਲ ਰਹੇ। ਅਗਲੀ ਸਵੇਰ ਹੁੰਦਿਆਂ ਹੀ ਉਨ੍ਹਾਂ ਨੂੰ ਇੱਥੋਂ ਸਰਹਿੰਦ ਦੇ ਸੂਬੇ ਵਜ਼ੀਰ ਖਾਨ ਦੀ ਕਚਹਿਰੀ ਵਿੱਚ ਭੇਜ ਦਿੱਤਾ ਗਿਆ। ਇਸੇ ਦੌਰਾਨ ਸਰਹਿੰਦ ਵਿਖੇ ਬਾਬਾ ਮੋਤੀ ਰਾਮ ਮਹਿਰਾ ਜੀ ਵਰਗੇ ਸ਼ਰਧਾਲੂਆਂ ਨੇ ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਦੁੱਧ ਦੀ ਸੇਵਾ ਕੀਤੀ ਸੀ।

ਸਰਹਿੰਦ ਵਿਖੇ ਜਿੱਥੇ ਛੋਟੇ ਸਾਹਿਬਜ਼ਾਦਿਆਂ ਨੂੰ ਠੰਢੇ ਬੁਰਜ ਅਤੇ ਫਿਰ ਨੀਹਾਂ ਵਿੱਚ ਚਿਣੇ ਜਾਣ ਦੀ ਦਾਸਤਾਨ ਲਿਖੀ ਗਈ। ਪਰ ਉਸ ਮਹਾਨ ਸ਼ਹਾਦਤ ਦੀ ਬੁਨਿਆਦ ਮੋਰਿੰਡਾ ਦੀ ਇਸੇ ਕੋਤਵਾਲੀ ਵਿੱਚ ਰੱਖੀ ਗਈ ਸੀ। ਅੱਜ ਜਦੋਂ ਸੰਗਤਾਂ ਇਸ ਅਸਥਾਨ 'ਤੇ ਨਤਮਸਤਕ ਹੁੰਦੀਆਂ ਹਨ, ਤਾਂ ਉਹ ਪੁਰਾਣੀਆਂ ਕੰਧਾਂ ਅੱਜ ਵੀ ਉਸ ਦਰਦ ਦੀ ਗਵਾਹੀ ਦਿੰਦੀਆਂ ਮਹਿਸੂਸ ਹੁੰਦੀਆਂ ਹਨ। ਗੁਰਦੁਆਰਾ ਸ੍ਰੀ ਕੋਤਵਾਲੀ ਸਾਹਿਬ ਵਿਖੇ ਹਰ ਸਾਲ ਪੋਹ ਦੇ ਮਹੀਨੇ ਭਾਰੀ ਸ਼ਹੀਦੀ ਸਭਾਵਾਂ ਹੁੰਦੀਆਂ ਹਨ। ਸੰਗਤਾਂ ਨੂੰ ਉਹ ਕੋਠੜੀ ਦਿਖਾਈ ਜਾਂਦੀ ਹੈ, ਜਿੱਥੇ ਮਾਤਾ ਜੀ ਤੇ ਗੁਰੂ ਸਾਹਿਬ ਦੇ ਲਾਲਾਂ ਨੂੰ ਰੱਖਿਆ ਗਿਆ ਸੀ। ਇਹ ਅਸਥਾਨ ਸਾਨੂੰ ਸਿਖਾਉਂਦਾ ਹੈ ਕਿ ਧਰਮ ਅਤੇ ਸਚਾਈ ਲਈ ਦਿੱਤੀਆਂ ਕੁਰਬਾਨੀਆਂ ਕਦੇ ਅਜਾਈਂ ਨਹੀਂ ਜਾਂਦੀਆਂ।

**# ਸੰਪਰਕ : 95698-20314**

# ਲੋਕਾਂ ਨੂੰ ਪ੍ਰਭਾਵਿਤ ਕਰ ਰਿਹਾ ਜਲਵਾਯੂ ਪਰਿਵਰਤਨ


ਨਰਿੰਦਰ ਸਿੰਘ

ਜਲਵਾਯੂ ਪਰਿਵਰਤਨ ਹੁਣ ਇਕ ਵਿਸ਼ਵ ਪੱਧਰੀ ਚੁਣੌਤੀ ਬਣ ਗਿਆ ਹੈ। ਜਲਵਾਯੂ ਪਰਿਵਰਤਨ ਕਾਰਨ ਬਾਰਿਸ਼ ਦੇ ਮੌਸਮੀ ਚੱਕਰ ਬਦਲ ਰਹੇ ਹਨ । ਕਦੇ ਬਹੁਤ ਜ਼ਿਆਦਾ ਮੀਂਹ ਪੈਂਦਾ ਹੈ ਅਤੇ ਕਦੇ ਸੋਕਾ, ਜਿਸ ਕਾਰਨ ਫ਼ਸਲਾਂ ਦੀ ਪੈਦਾਵਾਰ ਪ੍ਰਭਾਵਿਤ ਹੁੰਦੀ ਹੈ । ਜਲਵਾਯੂ ਪਰਿਵਰਤਨ ਨਾਲ ਨਾ ਸਿਰਫ਼ ਸਰੀਰਕ ਸਿਹਤ ਪ੍ਰਭਾਵਿਤ ਹੋਣ ਦਾ ਖ਼ਤਰਾ ਹੈ, ਸਗੋਂ ਇਸ ਨਾਲ ਮਾਨਸਿਕ ਸਿਹਤ 'ਤੇ ਅਸਰ ਪੈਣ ਦੀ ਵੀ ਸੰਭਾਵਨਾ ਹੈ। ਜਲਵਾਯੂ ਪਰਿਵਰਤਨ ਦੇ ਕਾਰਨ ਲੰਮੇ ਸਮੇਂ ਤੱਕ ਸੋਕਾ ਪੈਣ ਨਾਲ ਵੱਡੀ ਗਿਣਤੀ ਵਿਚ ਕਿਸਾਨ ਖ਼ੁਦਕੁਸ਼ੀ ਕਰ ਸਕਦੇ ਹਨ ।ਪਿਛਲੇ ਦੋ-ਤਿੰਨ ਸਾਲਾਂ ਵਿੱਚ ਵਧ ਰਹੇ ਤਾਪਮਾਨ ਕਾਰਨ ਫ਼ਸਲਾਂ ਦਾ ਵਾਧਾ ਪ੍ਰਭਾਵਿਤ ਹੋਇਆ ਹੈ। ਇਸ ਵਰਤਾਰੇ ਕਾਰਨ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਸੋਕੇ ਦੀ ਸਥਿਤੀ ਪੈਦਾ ਹੋ ਰਹੀ ਹੈ, ਜਿਸ ਕਾਰਨ ਧਰਤੀ ਹੇਠਲੇ ਪਾਣੀ ਦੀ ਦੁਰਵਰਤੋਂ ਹੋ ਰਹੀ ਹੈ ਅਤੇ ਧਰਤੀ ਹੇਠਲੇ ਪਾਣੀ ਦੇ ਪੱਧਰ ਵਿਚ ਗਿਰਾਵਟ ਆ ਰਹੀ ਹੈ । ਜਿੱਥੇ ਕਿਤੇ ਜ਼ਿਆਦਾ ਵਰਖਾ ਹੋ ਰਹੀ ਹੈ, ਉਥੇ ਮਿੱਟੀ ਦਾ ਕਟਾਅ ਹੋਣ ਕਾਰਨ ਉਸ ਦੀ ਉਪਜਾਊ ਸ਼ਕਤੀ ਘਟ ਰਹੀ ਹੈ। ਸੋਕੇ ਦੀ ਸਥਿਤੀ ਵਿੱਚ ਮਿੱਟੀ ਵਿਚ ਖਾਰਾਪਣ ਵਧ ਜਾਂਦਾ ਹੈ, ਜੋ ਫ਼ਸਲਾਂ ਦੇ ਵਾਧੇ ਵਿੱਚ ਰੁਕਾਵਟ ਪਾਉਂਦਾ ਹੈ। ਬਦਲਦੇ ਮੌਸਮ ਚੱਕਰ ਕਾਰਨ ਕਿਸਾਨ ਫ਼ਸਲਾਂ ਦੇ ਉਤਪਾਦਨ ਵਿੱਚ ਅਨਿਸ਼ਚਿਤਤਾ ਦਾ ਸਾਹਮਣਾ ਕਰ ਰਹੇ ਹਨ। ਜਲਵਾਯੂ ਪਰਿਵਰਤਨ ਨਾਲ ਕਈ ਸਰੀਰਕ ਬਿਮਾਰੀਆਂ ਵਿੱਚ ਵਾਧਾ ਦੇਖਿਆ ਗਿਆ ਹੈ । ਗਰਮੀ, ਸੋਕਾ ਅਤ ਹੜ੍ਹ ਨਾਲ ਸੰਬੰਧਤ ਘਟਨਾਵਾਂ ਕਾਰਨ ਦਿਲ ਦੇ ਰੋਗਾਂ ਅਤੇ ਗੁਰਦੇ ਦੀਆਂ ਸਮੱਸਿਆਵਾਂ ਦੀ ਦਰ ਵਿੱਚ ਵਾਧਾ ਹੋਣ ਦੀ ਸੰਭਾਵਨਾ ਹੈ। ਜਲਵਾਯੂ ਪਰਿਵਰਤਨ ਨਾਲ ਆਫ਼ਤਾਂ ਦੇ ਵਧਦੇ ਵੇਗ ਪੋਸਟ ਟਾਂਮੈਟਿਕ, ਸਟ੍ਰੈਸ ਡਿਸਆਰਡਰ, ਐਡਜਸਟਮੈਂਟ-ਡਿਸਆਰਡਰ ਅਤੇ ਤਣਾਅ ਦਾ ਕਾਰਨ ਬਣਦੇ ਹਨ । ਵਿਸ਼ਵ ਪੱਧਰੀ ਜਲਵਾਯੂ ਪਰਿਵਰਤਨ ਕਾਰਨ ਬੈਕਟੀਰੀਆ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਦਾ ਪ੍ਰਸਾਰ, ਹੜ੍ਹ, ਤੂਫ਼ਾਨ ਅਤੇ ਚੱਕਰਵਾਤ ਵਰਗੇ ਖ਼ਰਾਬ ਮੌਸਮ ਦੀਆਂ ਹਾਲਤਾਂ ਕਾਰਨ ਸੱਟਾਂ ਅਤੇ ਮੌਤਾਂ, ਗਰਮੀ ਦੇ ਸੰਪਰਕ ਵਿਚ ਆਉਣ ਕਾਰਨ ਥਰਮਲ ਜ਼ਖਮ, ਹੜ੍ਹ ਅਤੇ ਸਮੁੰਦਰੀ ਕੰਢਿਆਂ ਵਿਚ ਪਾਣੀ ਦੇ ਗਰਮ ਹੋਣ ਕਾਰਨ ਪਾਣੀ ਤੋਂ ਪੈਦਾ ਹੋਣ ਵਾਲੀਆਂ ਇਨਫੈਕਸ਼ਨਾਂ ਦੇ ਫੈਲਣ ਦਾ ਜੋਖ਼ਮ ਅਤੇ ਖੇਤਰੀ ਫ਼ਸਲ ਦੀ ਪੈਦਾਵਾਰ ਵਿੱਚ ਕਮੀ ਦੇ ਕਾਰਨ ਕੁਪੋਸ਼ਣ ਹੋਣ ਦੀ ਸੰਭਾਵਨਾ ਹੈ । ਸਿਹਤ ਤੇ ਵਿਸ਼ਵ ਪੱਧਰੀ ਜਲਵਾਯੂ ਪਰਿਵਰਤਨ ਦਾ ਪ੍ਰਭਾਵ ਕਾਫ਼ੀ ਵੱਧ ਹੋਣ ਦੀ ਸੰਭਾਵਨਾ ਹੈ । ਜਲਵਾਯੂ ਪਰਿਵਰਤਨ ਕਾਰਨ ਪਿਛਲੇ ਸਾਲਾਂ ਵਿੱਚ ਫ਼ਸਲਾਂ ਦੇ ਕਦੇ ਵੱਧ ਝਾੜ ਅਤੇ ਕਦੇ ਘੱਟ ਝਾੜ ਦੀ ਸਥਿਤੀ ਬਣੀ ਰਹੀ ਹੈ । ਭਾਰਤ ਵਿੱਚ 80 ਫ਼ੀਸਦੀ ਸੀਮਾ 'ਤੇ ਕਿਸਾਨਾਂ ਨੂੰ ਪਿਛਲੇ ਪੰਜ ਸਾਲਾਂ ਵਿੱਚ ਪ੍ਰਤੀਕੂਲ ਮੌਸਮੀ ਘਟਨਾਵਾਂ ਕਾਰਨ ਫ਼ਸਲਾਂ ਦਾ ਨੁਕਸਾਨ ਹੋਇਆ ਹੈ। ਜਲਵਾਯੂ ਪਰਿਵਰਤਨ ਦੇ ਖੇਤੀ 'ਤੇ ਪੈ ਰਹੇ ਮਾੜੇ ਪ੍ਰਭਾਵਾਂ ਤੋਂ ਸੁਚੇਤ ਹੋਣ ਦੀ ਲੋੜ ਹੈ। ਲਗਾਤਾਰ ਘਟਦੀ ਆਮਦਨ ਕਾਰਨ ਦੇਸ਼ ਵਿੱਚ ਕਿਸਾਨਾਂ ਵਿੱਚ ਪਹਿਲਾਂ ਦੀ ਅਸੰਤੁਸ਼ਟੀ ਹੈ । ਜੇ ਉਨ੍ਹਾਂ ਦੀ ਆਮਦਨ ਵਿਚ ਹੋਰ ਗਿਰਾਵਟ ਆਉਂਦੀ ਹੈ ਤਾਂ ਉਨ੍ਹਾਂ ਵਿਚ ਨਿਰਾਸ਼ਾ ਵਧੇਗੀ । ਇਹ ਨਿਰਾਸ਼ਾ ਕਈ ਸਮੱਸਿਆਵਾਂ ਨੂੰ ਜਨਮ ਦੇਵੇਗੀ । ਕੁਦਰਤੀ ਹੈ ਕਿ ਫ਼ਸਲਾਂ ਦੀ ਪੈਦਾਵਾਰ ਘਟਣ ਨਾਲ ਖ਼ੁਰਾਕ ਸੁਰੱਖਿਆ ਨੂੰ ਖ਼ਤਰਾ ਪੈਦਾ ਹੋ ਜਾਂਦਾ ਹੈ। ਤਾਪਮਾਨ ਵਿੱਚ ਵਾਧਾ ਸਿਰਫ਼ ਮੌਸਮ ਦੀ ਤਪਸ਼ ਹੀ ਨਹੀਂ ਲਿਆਉਂਦਾ, ਬਲਕਿ ਇਸ ਕਾਰਨ ਬਹੁਤ ਸਾਰੀਆਂ ਕੁਦਰਤੀ ਅਤੇ ਮਾਨਵ ਸੰਬੰਧੀ ਪ੍ਰਣਾਲੀਆਂ ਵਿੱਚ ਵੀ ਗੰਭੀਰ ਤਬਦੀਲੀਆਂ ਹੁੰਦੀਆਂ ਹਨ। ਪਹਿਲਾ ਮਹੱਤਵਪੂਰਨ ਪ੍ਰਭਾਵ ਸਮੁੰਦਰ ਦੇ ਪੱਧਰ ਵਿੱਚ ਵਾਧਾ ਹੈ। ਜਿਵੇਂ ਜੰਮਣ ਵਾਲੇ ਗਲੇਸ਼ੀਅਰ ਅਤੇ ਧਰਤੀ ਦੇ ਧੁਰਾਂ ਦੇ 'ਤੇ ਬਰਫ ਪਿਘਲ ਰਹੀ ਹੈ। ਸਮੁੰਦਰੀ ਪੱਧਰ ਵਧ ਰਿਹਾ ਹੈ, ਜਿਸ ਨਾਲ ਤੱਟਵਰਤੀ ਖੇਤਰਾਂ ਵਿਚ ਹੜ੍ਹਾਂ ਦੀ ਸੰਭਾਵਨਾ ਵਧ ਗਈ ਹੈ। ਹੜ੍ਹਾਂ ਨਾਲ ਇਨਸਾਨੀ ਜਾਨਾਂ ਅਤੇ ਮਾਲ ਦੇ ਨੁਕਸਾਨ ਦੇ ਨਾਲ-ਨਾਲ ਖੇਤੀਬਾੜੀ ਨੂੰ ਵੀ ਨੁਕਸਾਨ ਪਹੁੰਚਦਾ ਹੈ, ਜੋ ਕਿ ਕਮਜ਼ੋਰ ਅਤੇ ਗਰੀਬ ਆਬਾਦੀ ਲਈ ਬਹੁਤ ਵੱਡੀ ਸਮੱਸਿਆ ਬਣ ਸਕਦਾ ਹੈ। ਬਹੁਤ ਸਾਰੀਆਂ ਜੀਵ ਜਾਤੀਆਂ ਨੂੰ ਉਨ੍ਹਾਂ ਦੇ ਆਬਾਦੀ ਖੇਤਰਾਂ ਵਿੱਚ ਤਬਦੀਲੀਆਂ ਕਾਰਨ ਨਾਸ਼ ਹੋਣ ਦਾ ਖ਼ਤਰਾ ਹੈ। ਇਨ੍ਹਾਂ ਤਬਦੀਲੀਆਂ ਨਾਲ ਕੁਦਰਤੀ ਪਰਿਵਰਤਨ ਦੀ ਪ੍ਰਕਿਰਿਆ ਵਿਚ ਵਿਘਨ ਪੈਂਦਾ ਹੈ, ਜਿਹੜਾ ਕਿ ਪੂਰੀ ਪ੍ਰਕਿਰਿਆ ਦੀ ਸਥਿਰਤਾ ਨੂੰ ਖ਼ਤਰੇ ਵਿਚ ਪਾ ਸਕਦਾ ਹੈ। ਵਧਦੇ ਤਾਪਮਾਨ ਨਾਲ ਬਿਮਾਰੀਆਂ ਜਿਵੇਂ ਕਿ ਮਲੇਰੀਆ ਅਤ ਡੇਂਗੂ ਦੇ ਫੈਲਣ ਦੀ ਸੰਭਾਵਨਾ ਵਧ ਜਾਂਦੀ ਹੈ। ਇਨਫੈਕਸ਼ਨਜ਼ ਦੇ ਫੈਲਣ ਨਾਲ ਸਿਹਤ ਸੇਵਾਵਾਂ 'ਤੇ ਭਾਰੀ ਦਬਾਅ ਪੈਂਦਾ ਹੈ ਅਤੇ ਆਰਥਿਕਤਾ ਨੂੰ ਨੁਕਸਾਨ ਪਹੁੰਚਾਉਂਦਾ ਹੈ । ਤਾਪਮਾਨ ਵਿਚ ਵਾਧੇ ਨੂੰ ਘੱਟ ਕਰਨ ਲਈ ਕਾਰਬਨ-ਡਾਈਆਕਸਾਈਡ ਦੀ ਨਿਕਾਸੀ ਘਟਾਉਣ, ਨਵੀਨ ਊਰਜਾ ਸਰੋਤਾਂ ਦੀ ਵਰਤੋਂ ਵਧਾਉਣ ਅਤੇ ਵਾਤਾਵਰਨ ਸੁਰੱਖਿਆ ਦੀਆਂ ਨੀਤੀਆਂ ਨੂੰ ਲਾਗੂ ਕਰਨ ਵਾਸਤੇ ਯਤਨ ਕਰਨੇ ਚਾਹੀਦੇ ਹਨ। ਮਨੁੱਖ ਵਿਕਾਸ ਦੇ ਚੱਕਰ ਵਿੱਚ ਕੁਦਰਤ ਨਾਲ ਛੇੜ-ਛਾੜ ਕਰਦਾ ਹੈ। ਪਹਾੜ ਕੱਟ ਕੇ ਬੇਤਰਤੀਬ ਢੰਗ ਨਾਲ ਸੜਕਾਂ ਦਾ ਨਿਰਮਾਣ ਕਰਦਾ ਹੈ ।ਫਿਰ ਜ਼ਮੀਨ ਖਿਸਕਣ ਨੂੰ ਕੁਦਰਤੀ ਆਫ਼ਤ ਦੱਸਦਾ ਹੈ। ਪਹਾੜ, ਦਰੱਖਤ, ਜੰਗਲ ਕੱਟ ਕੇ ਸੈਲਾਨੀਆਂ ਲਈ ਹੋਟਲ ਬਣਾ ਰਿਹਾ ਹੈ । ਫਿਰ ਗਲੋਬਲ ਵਾਰਮਿੰਗ ਨੂੰ ਆਫ਼ਤ ਦੱਸਦਾ ਹੈ। ਰੇਤ ਪੱਟ ਕੇ ਨਦੀਆਂ, ਦਰਿਆਵਾਂ ਦੇ ਰਾਹ ਮੋੜ ਦਿੰਦਾ ਹੈ । ਝੀਲਾਂ ਅਤੇ ਤਲਾਬਾਂ ਨੂੰ ਕੱਟ ਕੇ ਕਾਲੋਨੀਆਂ ਬਣਾ ਰਿਹਾ ਹੈ। ਫਿਰ ਉਥੇ ਜਲ ਸੰਕਟ ਨੂੰ ਚਿੰਤਾ ਦਾ ਵਿਸ਼ਾ ਦੱਸਦਾ ਹੈ। ਪਲਾਸਟਿਕ ਅਤੇ ਪੋਲੀਥੀਨ ਦੀ ਅੰਨ੍ਹੇਵਾਹ ਵਰਤੋਂ ਕਰਦਾ ਹੈ ।ਫਿਰ ਜਲਵਾਯੂ ਬਦਲ ਨੂੰ ਆਫ਼ਤ ਦੱਸਦਾ ਹੈ। ਨਦੀਆਂ, ਸਮੁੰਦਰਾਂ ਕੰਢੇ ਉੱਪਰ ਆਪਣੇ ਮੁਨਾਫ਼ੇ ਲਈ ਹੋਟਲ ਬਣਾ ਅਤੇ ਆਪਣੇ ਮਜ਼ੇ ਲਈ ਰਿਹਾਇਸ਼ ਬਣਾ ਲੈਂਦਾ ਹੈ । ਫਿਰ ਸੁਨਾਮੀ ਨੂੰ ਕੁਦਰਤੀ ਆਫ਼ਤ ਦੱਸਦਾ ਹੈ। ਵਿਕਾਸ ਦੇ ਨਾਂਅ 'ਤੇ ਉਦਯੋਗਿਕ ਇਕਾਈਆਂ ਨਾਲ ਪਾਣੀ ਦੀ ਦੁਰਵਰਤੋਂ ਅਤੇ ਗੰਧਲਾ ਕਰਦਾ ਹੈ। ਫਿਰ ਪਾਣੀ ਨੂੰ ਸਾਫ਼ ਕਰਨ ਦਾ ਪ੍ਰੋਜੈਕਟ ਲਗਾਉਣ ਦੀਆਂ ਗੱਲਾਂ ਕਰਦਾ ਹੈ। ਮਨੁੱਖ ਪਹਿਲਾਂ ਤਾਂ ਵਿਕਾਸ ਦੇ ਨਾਂਅ 'ਤੇ ਕੁਦਰਤ ਨਾਲ ਖਿਲਵਾੜ ਕਰਦਾ ਹੈ, ਬਾਅਦ ਵਿੱਚ ਪੂਰਤੀ ਦੇ ਨਾਂਅ 'ਤੇ ਅੱਧੇ-ਅਧੂਰੇ ਉਪਾਅ ਕਰਦਾ ਹੈ, ਫਿਰ ਆਫ਼ਤ ਸਮੇਂ ਸਾਰਾ ਦੋਸ਼ ਕੁਦਰਤ ਸਿਰ ਮੜ੍ਹ ਦਿੰਦਾ ਹੈ । ਭਾਰਤ ਦੇ ਮੌਸਮ ਵਿੱਚ ਹੋ ਰਹੇ ਅਣਕਿਆਸੇ ਬਦਲਾਅ ਇਕ ਗੰਭੀਰ ਚਿੰਤਾ ਦਾ ਵਿਸ਼ਾ ਬਣ ਗਏ ਹਨ । ਸਾਲ ਦਰ ਸਾਲ ਭਾਰਤ ਵਿੱਚ ਮੌਸਮੀ ਤਬਦੀਲੀਆਂ ਨਾ ਸਿਰਫ਼ ਦੇਸ਼ ਦੀ ਆਰਥਿਕਤਾ ਨੂੰ ਪ੍ਰਭਾਵਿਤ ਕਰ ਰਹੀਆਂ ਹਨ, ਸਗੋਂ ਲੋਕਾਂ ਦੀ ਜੀਵਨ-ਜਾਚ ਅਤੇ ਸਿਹਤ 'ਤੇ ਵੀ ਉਸ ਦਾ ਡਾਢਾ ਅਸਰ ਪੈ ਰਿਹਾ ਹੈ। ਦੁਨੀਆ ਭਰ 'ਚ ਵਧ ਰਹੀ ਗਲੋਬਲ ਵਾਰਮਿੰਗ ਕਾਰਨ ਭਾਰਤ ਵਿੱਚ ਵੀ ਤਾਪਮਾਨ ਵਧ ਰਿਹਾ ਹੈ, ਜਿਸ ਕਾਰਨ ਅਚਾਨਕ ਮੌਸਮ ਬਦਲ ਰਹੇ ਹਨ । ਹਵਾ ਦੇ ਰੁੱਖਾਂ ਵਿਚ ਹੋ ਰਹੇ ਜ਼ੋਰਦਾਰ ਬਦਲਾਅ ਵੀ ਮੌਸਮੀ ਤਬਦੀਲੀਆਂ ਵਿਚ ਵਾਧਾ ਕਰ ਰਹੇ ਹਨ। ਕਈ ਖੇਤਰਾਂ ਵਿਚ ਸੋਕਾ ਪੈਣ ਨਾਲ ਮੌਸਮੀ ਤਬਦੀਲੀਆਂ ਹੋਣ ਕਰਕੇ ਖੇਤੀਬਾੜੀ ਤੇ ਪਾਣੀ ਦੀ ਜ਼ਰੂਰਤ ਵਾਲੀਆਂ ਸੇਵਾਵਾਂ 'ਤੇ ਵੱਡਾ ਅਸਰ ਪੈ ਰਿਹਾ ਹੈ ।

ਦਰੱਖਤਾਂ ਨੂੰ ਕੱਟਣਾ ਘੱਟ ਕਰਨਾ ਚਾਹੀਦਾ ਹੈ ਅਤੇ ਮੌਜੂਦਾ ਜੰਗਲਾਂ ਦੀ ਸੁਰੱਖਿਆ ਕਰਨੀ ਚਾਹੀਦੀ ਹੈ, ਕਿਉਂਕਿ ਪੌਦੇ ਕਾਰਬਨਡਾਈਆਕਸਾਈਡ ਨੂੰ ਜਜ਼ਬ ਕਰਦੇ ਹਨ ਅਤ ਆਕਸੀਜਨ ਛੱਡਦੇ ਹਨ, ਜਿਸ ਨਾਲ ਵਾਤਾਵਰਨ ਸਾਫ਼-ਸੁਥਰਾ ਹੁੰਦਾ ਰਹਿੰਦਾ ਹੈ । ਜੰਗਲਾਂ ਦੀ ਕਟਾਈ ਅਤੇ ਵਿਕਾਸ ਦੇ ਦਰਮਿਆਨ ਇਕ ਹਰਾ ਸੰਤੁਲਨ ਬਣਾਉਣਾ ਚਾਹੀਦਾ ਹੈ । ਵਧੇਰੇ ਹਰਿਆਲੀ ਲਈ ਜ਼ਿਆਦਾ ਤੋਂ ਜ਼ਿਆਦਾ ਰੁੱਖ ਲਗਾਉਣੇ ਜ਼ਰੂਰੀ ਹਨ, ਜਿਸ ਨਾਲ ਵਾਤਾਵਰਨ 'ਤੇ ਸਿੱਧਾ ਅਨੁਕੂਲ ਪ੍ਰਭਾਵ ਪੈਂਦਾ ਹੈ ਅਤੇ ਤਾਪਮਾਨ ਨੂੰ ਸਹੀ ਰੱਖਿਆ ਜਾ ਸਕਦਾ ਹੈ। ਜ਼ਿਆਦਾ ਤੋਂ ਜ਼ਿਆਦਾ ਰੁੱਖਾਂ ਕਰਕੇ ਬਾਰਿਸ਼ ਵੀ ਸਹੀ ਸਮੇਂ 'ਤੇ ਹੋਵੇਗੀ ਅਤੇ ਹਵਾ ਪ੍ਰਦੂਸ਼ਨ ਵੀ ਘਟ ਜਾਵੇਗਾ । ਖੇਤੀਬਾੜੀ ਵਿਚ ਸਹੀ ਅਤੇ ਟਿਕਾਊ ਤਰੀਕੇ ਦੀ ਵਰਤੋਂ ਨਾਲ ਮੌਸਮੀ ਤਬਦੀਲੀਆਂ ਦਾ ਸਾਹਮਣਾ ਕਰਨ ਵਿਚ ਮਦਦ ਮਿਲ ਸਕਦੀ ਹੈ । ਇਸ ਲਈ ਜੈਵਿਕ ਖੇਤੀ ਅਤੇ ਪਾਣੀ ਬਚਾਉਣ ਵਾਲੀਆਂ ਤਕਨੀਕਾਂ ਮਹੱਤਵਪੂਰਨ ਸਾਬਤ ਹੋ ਸਕਦੀਆਂ ਹਨ । ਭਾਰਤ ਵਿਚ ਹੋ ਰਹੇ ਮੌਸਮੀ ਬਦਲਾਅ ਤੇ ਅਣਕਿਆਸਾ ਮੌਸਮ ਲੋਕਾਂ ਲਈ ਇਕ ਵੱਡੀ ਚੁਣੌਤੀ ਬਣਦਾ ਜਾ ਰਿਹਾ ਹੈ । ਜੇਕਰ ਇਸ ਸਥਿਤੀ 'ਤੇ ਕਾਬੂ ਪਾਉਣ ਲਈ ਸਮੇਂ ਸਿਰ ਕੁਝ ਉਚਿੱਤ ਉਪਾਅ ਤੇ ਯੋਜਨਾਵਾਂ ਅਪਣਾਈਆਂ ਜਾਂਦੀਆਂ ਹਨ ਤਾਂ ਇਨ੍ਹਾਂ ਦੇ ਪ੍ਰਭਾਵ ਨੂੰ ਘਟਾਇਆ ਜਾ ਸਕਦਾ ਹੈ ਅਤੇ ਸੰਸਾਰ ਵਿਚ ਵਾਤਾਵਰਣਿਕ ਸੰਤੁਲਨ ਬਣਾਇਆ ਜਾ ਸਕਦਾ ਹੈ । ਭਾਰਤ ਨੂੰ ਇਸ ਮੁੱਦੇ 'ਤੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ ।

**# ਸੰਪਰਕ : 98146-62260**

27-DEC-PAGE-5.qxd 12/26/2025 10:43 PM Page 1



# ਫ਼ਾਸ਼ੀਵਾਦ ਤੇ ਫਿਰਕਾਪ੍ਰਸਤੀ ਨੇ ਭਾਈਚਾਰਕ ਸਾਂਝ ਖਤਮ ਕਰਕੇ ਸੰਵਿਧਾਨ ਨੂੰ ਕਮਜ਼ੋਰ ਕੀਤਾ : ਚੌਹਾਨ

## ਸੀ ਪੀ ਆਈ ਦੀ 100ਵੀਂ ਵਰ੍ਹੇਗੰਢ ਇਨਕਲਾਬੀ ਜੋਸ਼ੋ-ਖਰੋਸ਼ ਨਾਲ ਮਨਾਈ



**ਬੁਢਲਾਡਾ (ਅਸ਼ੋਕ ਲਾਕੜਾ)**

ਭਾਰਤੀ ਕਮਿਊਨਿਸਟ ਪਾਰਟੀ ਦੇ 100ਵੀਂ ਵਰ੍ਹੇਗੰਢ ਨੂੰ ਸਮਰਪਤ ਸਥਾਨਕ ਪਾਰਟੀ ਦਫਤਰ ਵਿਖੇ ਝੰਡਾ ਲਹਿਰਾਇਆ ਗਿਆ।

ਇਸ ਸਮੇਂ ਜੁੜੇ ਇਕੱਠ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਸਾਥੀ ਕ੍ਰਿਸ਼ਨ ਚੌਹਾਨ ਨੇ ਕਿਹਾ ਕਿ ਪਾਰਟੀ ਦੇ ਸ਼ਾਨਾਮੱਤੀ ਇਤਿਹਾਸ, ਦੇਸ਼ ਦੀ ਆਜ਼ਾਦੀ, ਗਦਰ ਲਹਿਰ ਤੇ ਮੁਜ਼ਾਰਾ ਲਹਿਰ ਸਮੇਤ ਅਨੇਕਾਂ ਲੋਕ-ਪੱਖੀ ਪ੍ਰਾਪਤੀਆਂ ਹਨ ਤੇ ਪਾਰਟੀ ਵੱਲੋਂ ਲੋਕ ਪੱਖੀ ਸੰਘਰਸ਼ਾਂ ਰਾਹੀਂ ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ, ਮੁਲਾਜ਼ਮਾਂ ਤੇ ਔਰਤਾਂ ਦੇ ਹੱਕਾਂ ਦੇ ਘੋਲ ਲੜਦਿਆਂ ਕਨੂੰਨ ਹੋਂਦ ਵਿੱਚ ਲਿਆਂਦੇ ਹਨ, ਪ੍ਰੰਤੂ ਦੇਸ਼ ਦੀ ਰਾਜਸੱਤਾ 'ਤੇ ਕਾਬਜ਼ ਮੋਦੀ ਸਰਕਾਰ ਵੱਲੋਂ ਕਾਰਪੋਰੇਟ ਘਰਾਣਿਆਂ ਪੱਖੀ ਨੀਤੀਆਂ ਨੂੰ ਲਾਗੂ ਕਰਨ ਲਈ ਲੋਕ ਵਿਰੋਧੀ ਨੀਤੀਆਂ ਲਿਆਂਦੀਆਂ ਜਾ ਰਹੀਆਂ ਹਨ। ਫਿਰਕਾਪ੍ਰਸਤੀ ਰਾਹੀਂ ਫਾਸ਼ੀਵਾਦੀ ਤਾਕਤਾਂ ਸੰਵਿਧਾਨ ਨੂੰ ਖਤਮ ਕਰਕੇ ਭਾਈਚਾਰਕ ਸਾਂਝ ਨੂੰ ਖਤਮ ਕਰ ਰਹੀਆਂ ਹਨ।

ਇਸ ਮੌਕੇ ਤਹਿਸੀਲ ਸਕੱਤਰ ਸੀਤਾ ਰਾਮ ਗੋਬਿੰਦਪੁਰਾ, ਸਹਾਇਕ ਸਕੱਤਰ ਜਗਸੀਰ ਸਿੰਘ ਰਾਏਕੇ, ਮਲਕੀਤ ਸਿੰਘ ਮੰਦਰਾਂ ਨੇ ਕਿਹਾ ਕਿ ਪਾਰਟੀ ਪ੍ਰੋਗਰਾਮ ਹਰ ਇੱਕ ਦੀ ਪਹੁੰਚ ਦਾ ਹਿੱਸਾ ਬਣਾਉਣ ਲਈ ਹਰ ਇੱਕ ਨੂੰ ਯਤਨਸ਼ੀਲ ਹੋਣਾ ਜ਼ਰੂਰੀ ਹੈ। ਇਸ ਸਮੇਂ ਮੋਦੀ ਸਰਕਾਰ ਵੱਲੋਂ ਲਿਆਂਦੇ ਗਏ ਲੋਕ ਵਿਰੋਧੀ ਮਨਰੇਗਾ ਕਾਨੂੰਨ, ਬਿਜਲੀ ਸੋਧ ਬਿਲ, ਬੀਜ਼ ਬਿਲ ਸਮੇਤ ਲੋਕ ਵਿਰੋਧੀ ਫੈਸਲਿਆਂ ਖਿਲਾਫ ਸੰਘਰਸ਼ ਨੂੰ ਹੋਰ ਤਿੱਖਾ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਮਾਸਟਰ ਗੁਰਬਚਨ ਸਿੰਘ ਮੰਦਰਾਂ, ਬਲਬੀਰ ਸਿੰਘ ਸਰਾਂ, ਰਘੂ ਨਾਥ ਸਿੰਗਲਾ, ਰਾਮ ਗੋਪਾਲ, ਕਰਨੈਲ ਸਿੰਘ ਦਾਤੇਵਾਸ, ਕਾਮਰੇਡ ਹਰਦਿਆਲ ਸਿੰਘ, ਗ਼ਰੀਬਾਂ ਸਿੰਘ, ਮਲਕੀਤ ਸਿੰਘ ਬਖਸ਼ੀਵਾਲਾ, ਸਰਪੰਚ ਰਾਜਵਿੰਦਰ ਸਿੰਘ ਚੱਕ ਭਾਈ ਕੇ, ਦਰਸ਼ਨ ਸਿੰਘ, ਬੀਰਬਲ ਸਿੰਘ ਜਗਤਾਰ ਸਿੰਘ ਕਾਲਾ, ਸੁਖਦੇਵ ਸਿੰਘ, ਹਰਮੀਤ ਸਿੰਘ ਬੋੜਾਵਾਲ, ਦਰਸ਼ਨ ਸਿੰਘ ਗੁਰਨੇ, ਗੁਰਦਾਸ ਸਿੰਘ ਟਾਹਲੀਆਂ, ਗੁਲਜ਼ਾਰ ਸਿੰਘ, ਗੁਰਦੇਵ ਸਿੰਘ ਰੱਲੀ, ਚਿਮਨ ਲਾਲ ਕਾਕਾ, ਰਾਣਾ ਬੁਢਲਾਡਾ ਆਦਿ ਨੇ ਵੀ ਸੰਬੋਧਨ ਕੀਤਾ।

# ਰਾਜਪਾਲ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਵਿਖੇ ਹੋਏ ਨਤਮਸਤਕ



**ਫ਼ਤਹਿਗੜ੍ਹ ਸਾਹਿਬ (ਪਰਮੋਦ ਭਾਰਦਵਾਜ)**-ਸ਼ਹੀਦੀ ਸਭਾ ਦੇ ਦੂਜੇ ਦਿਨ ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਨਤਮਸਤਕ ਹੋਏ।ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਸਮੇਤ ਮਾਤਾ ਗੁਜ਼ਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕਰਦਿਆਂ ਰਾਜਪਾਲ ਸ੍ਰੀ ਕਟਾਰੀਆ ਨੇ ਕਿਹਾ ਕਿ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਕੀਤੇ ਗਏ ਸਰਬੰਸ ਦਾਨ ਵਰਗੀ ਕੁਲ ਦੁਨੀਆ ਵਿੱਚ ਕੋਈ ਦੂਜੀ ਉਦਾਹਰਨ ਨਹੀਂ ਮਿਲਦੀ।ਉਨ੍ਹਾ ਕਿਹਾ ਕਿ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੇ ਲਾਸਾਨੀ ਬਲੀਦਾਨ ਤੇ ਅਸਧਾਰਨ ਬਲੀਦਾਨ ਨੂੰ ਅੱਜ ਪੂਰੇ ਦੇਸ਼ ਵਿੱਚ ਨਿਮਰਤਾ ਨਾਲ ਯਾਦ ਕੀਤਾ ਜਾ ਰਿਹਾ ਹੈ।ਸ੍ਰੀ ਕਟਾਰੀਆ ਨੇ ਕਿਹਾ ਕਿ ਇਹ ਉਨ੍ਹਾਂ ਦਾ ਸੁਭਾਗ ਹੈ ਕਿ ਉਨ੍ਹਾਂ ਨੂੰ ਇਸ ਪਵਿੱਤਰ ਧਰਤੀ 'ਤੇ ਸੀਸ ਨਿਵਾਉਣ ਦਾ ਮੌਕਾ ਮਿਲਿਆ ਹੈ, ਜਿੱਥੇ ਗੁਰੂ ਸਾਹਿਬ ਦੇ ਸਾਹਿਬਜ਼ਾਦਿਆਂ ਨੇ ਸੰਸਾਰ ਨੂੰ ਧਰਮ, ਸਚਾਈ ਤੇ ਨੇਕੀ ਨੂੰ ਹਰ ਤਰ੍ਹਾਂ ਦੀ ਸੰਸਾਰੀ ਲਾਲਸਾ ਤੋਂ ਉਪਰ ਰੱਖਣ ਦਾ ਅਟੱਲ ਆਤਮਿਕ ਸੰਦੇਸ਼ ਦਿੱਤਾ। ਉਨ੍ਹਾਂ ਹੋਰ ਕਿਹਾ ਕਿ ਛੋਟੇ ਸਾਹਿਬਜ਼ਾਦਿਆਂ ਦੀ ਇਸ ਅਦੁਤੀ ਤੇ ਮਹਾਨ ਸ਼ਹਾਦਤ ਨੂੰ ਸਦਾ ਯਾਦ ਰੱਖਿਆ ਜਾਵੇਗਾ।ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ, ਜ਼ਿਲ੍ਹਾ ਪੁਲਿਸ ਮੁਖੀ ਸ਼ੁਭਮ ਅਗਰਵਾਲ ਤੋਂ ਇਲਾਵਾ ਹੋਰ ਅਧਿਕਾਰੀ ਮੌਜੂਦ ਸਨ।

# ਸ਼ਹੀਦ ਊਧਮ ਸਿੰਘ ਨੇ ਪੰਜਾਬੀਆਂ ਦੀ ਅਣਖ-ਗ਼ੈਰਤ ਦੀ ਮਸ਼ਾਲ 21 ਸਾਲ ਆਪਣੇ ਦਿਲ 'ਚ ਬਲਦੀ ਰੱਖੀ : ਅਮਨ ਅਰੋੜਾ

## ਕੈਬਨਿਟ ਮੰਤਰੀ ਨੇ ਸ਼ਹੀਦ ਊਧਮ ਸਿੰਘ ਦੇ ਜਨਮ ਦਿਹਾੜੇ ਸੰਬੰਧੀ ਕਰਵਾਏ ਅਖੰਡ ਪਾਠ ਮੌਕੇ ਮੱਥਾ ਟੇਕਿਆ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਮਹਾਨ ਆਜ਼ਾਦੀ ਘੁਲਾਟੀਏ, ਅਣਖੀ ਸੂਰਮੇ ਤੇ ਸੁਨਾਮ ਦੀ ਧਰਤੀ 'ਤੇ ਜਨਮ ਲੈਣ ਵਾਲੇ ਸ਼ਹੀਦ ਊਧਮ ਸਿੰਘ, ਜਿਨ੍ਹਾਂ ਨੇ ਪੰਜਾਬੀਆਂ ਦੀ ਅਣਖ-ਗ਼ੈਰਤ ਦੀ ਮਸ਼ਾਲ 21 ਸਾਲ ਆਪਣੇ ਦਿਲ 'ਚ ਬਲ਼ਦੀ ਰੱਖੀ, ਨੂੰ ਪ੍ਰਣਾਮ ਹੈ।ਆਜ਼ਾਦੀ ਲਈ ਸ਼ਹੀਦੀਆਂ ਦੇਣ ਵਾਲੇ ਮਹਾਨ ਸ਼ਹੀਦਾਂ ਨੂੰ ਰਹਿੰਦੀ ਦੁਨੀਆ ਤੱਕ ਯਾਦ ਰੱਖਿਆ ਜਾਵੇਗਾ।ਸ਼ਹੀਦਾਂ ਵੱਲੋਂ ਵਿਖਾਏ ਮਾਰਗ 'ਤੇ ਚੱਲ ਕੇ ਹੀ ਆਪਸੀ ਸਾਂਝ ਤੇ ਭਾਈਚਾਰਕ ਏਕਤਾ ਨੂੰ ਮਜ਼ਬੂਤ ਕੀਤਾ ਜਾ ਸਕਦਾ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਨੇ ਸ਼ਹੀਦ ਊਧਮ ਸਿੰਘ ਦੇ ਜਨਮ ਦਿਹਾੜੇ ਸਬੰਧੀ ਸ਼ਹੀਦ ਊਧਮ ਸਿੰਘ ਦੇ ਜੱਦੀ ਘਰ ਤੇ ਚੀਮਾ ਮੰਡੀ ਵਿਖੇ ਸ਼ਹੀਦ ਊਧਮ ਪਾਰਕ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਪ੍ਰਕਾਸ਼ ਕਰਵਾਏ ਜਾਣ ਮੌਕੇ ਨਤਮਸਤਕ ਹੋਣ ਉਪਰੰਤ ਮੀਡੀਆ ਨਾਲ ਗੱਲਬਾਤ ਦੌਰਾਨ ਕੀਤਾ।

ਸ੍ਰੀ ਅਰੋੜਾ ਨੇ ਕਿਹਾ ਕਿ ਮਹਾਨ ਹਨ, ਉਹ ਮਾਵਾਂ ਜਿਨ੍ਹਾਂ ਨੇ ਅਜਿਹੇ ਯੋਧਿਆਂ ਨੂੰ ਜਨਮ ਦਿੱਤਾ ਤੇ ਇਨ੍ਹਾਂ ਮਹਾਨ ਯੋਧਿਆਂ ਵੱਲੋਂ ਪਾਏ ਗਏ ਪੂਰਨੇ ਸਾਡੀ ਨੌਜਵਾਨ ਪੀੜ੍ਹੀ ਲਈ ਹਮੇਸ਼ਾ ਪ੍ਰੇਰਣਾ ਸਰੋਤ ਬਣੇ ਰਹਿਣਗੇ।ਉਨ੍ਹਾਂ ਕਿਹਾ ਕਿ ਸ਼ਹੀਦ ਊਧਮ ਸਿੰਘ ਉਹ ਬਹਾਦਰ ਸੂਰਮੇ ਸਨ, ਜਿਨ੍ਹਾਂ ਨੇ ਜਲ੍ਹਿਆਂਵਾਲੇ ਬਾਗ ਦੇ ਖ਼ੂਨੀ ਸਾਕੇ ਦਾ ਬਦਲਾ ਲਿਆ, ਜਿਸ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ।

ਸ੍ਰੀ ਅਰੋੜਾ ਨੇ ਕਿਹਾ ਕਿ ਸਾਡਾ ਇਹ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਮਹਾਨ ਸ਼ਹੀਦਾਂ ਦੇ ਵਿਖਾਏ ਰਸਤੇ 'ਤੇ ਚੱਲ ਕੇ ਇੱਕ ਨਰੋਏ ਸਮਾਜ ਦੀ ਸਿਰਜਣਾ ਕਰੀਏ।ਅੱਜ ਲੋੜ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਆਪਣੇ ਮਹਾਨ ਸ਼ਹੀਦਾਂ ਬਾਰੇ ਵੱਧ ਤੋਂ ਵੱਧ ਜਾਣੂ ਕਰਵਾਈਏ ਤਾਂ ਜੋ ਸਾਡੇ ਨੌਜਵਾਨ ਸਮਾਜਿਕ ਲਾਹਣਤਾਂ ਤੋਂ ਦੂਰ ਰਹਿ ਸਕਣ।ਉਨ੍ਹਾਂ ਕਿਹਾ ਕਿ ਸਾਡਾ ਦੇਸ਼ ਇੱਕ ਅਜਿਹਾ ਦੇਸ਼ ਹੈ, ਜਿੱਥੇ ਕਿ ਵੱਖ-ਵੱਖ ਧਰਮਾਂ ਤੇ ਭਾਸ਼ਾਵਾਂ ਦੇ ਲੋਕ ਰਹਿੰਦੇ ਹਨ।ਇਤਿਹਾਸ ਗਵਾਹ ਹੈ ਕਿ ਜਦੋਂ ਵੀ ਦੇਸ਼ 'ਤੇ ਕੋਈ ਭੀੜ ਪਈ ਤਾਂ ਸਾਰਿਆਂ ਨੇ ਇੱਕ ਜੁੱਟ ਹੋ ਕੇ ਦੁਸ਼ਮਣ ਦਾ ਟਾਕਰਾ ਕੀਤਾ।

ਪੰਜਾਬੀ ਹਮੇਸ਼ਾ ਆਪਣੀ ਬਹਾਦਰੀ ਲਈ ਜਾਣੇ ਜਾਂਦੇ ਰਹੇ ਹਨ ਤੇ ਆਜ਼ਾਦੀ ਦੀ ਲੜਾਈ ਵਿੱਚ ਵੀ ਪੰਜਾਬੀਆਂ ਦਾ ਸਭ ਤੋਂ ਵੱਧ ਯੋਗਦਾਨ ਰਿਹਾ ਹੈ।ਉਨ੍ਹਾਂ ਕਿਹਾ ਕਿ ਅੱਜ ਅਸੀਂ ਜਿਸ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ ਉਹ ਸਾਡੇ ਮਹਾਨ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਦੀ ਹੀ ਦੇਣ ਹੈ।ਇਸ ਲਈ ਸਾਡਾ ਵੀ ਇਹ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਮਹਾਨ ਦੇਸ਼ ਭਗਤਾਂ ਨੂੰ ਹਮੇਸ਼ਾ ਯਾਦ ਰੱਖਦੇ ਹੋਏ ਉਨ੍ਹਾਂ ਵੱਲੋਂ ਦਿੱਤੇ ਏਕਤਾ ਦੇ ਸੰਦੇਸ਼ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਈਏ।ਇਸ ਮੌਕੇ ਵੱਖ ਵੱਖ ਅਹੁਦੇਦਾਰਾਂ ਸਮੇਤ ਵੱਡੀ ਗਿਣਤੀ ਆਮ ਲੋਕ ਹਾਜ਼ਰ ਸਨ।

## ਕਾਤਰਾਂ

### ਸਿਟੀ ਮੀਡੀਆ ਪ੍ਰੈੱਸ ਕਲੱਬ ਵੱਲੋਂ ਸ਼ਹਾਦਤ ਨੂੰ ਸਮਰਪਤ ਲੰਗਰ ਅੱਜ

**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸਿੱਖ ਇਤਿਹਾਸ ਦੀਆਂ ਅਮਰ ਗਾਥਾਵਾਂ ਨੂੰ ਸੰਜੋਏ ਹੋਏ ਮਾਤਾ ਗੁਜਰੀ ਜੀ, ਛੋਟੇ ਸਾਹਿਬਜ਼ਾਦਿਆਂ ਤੇ ਵੱਡੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਦੀ ਯਾਦ ਵਿੱਚ ਸਿਟੀ ਮੀਡੀਆ ਕਲੱਬ (ਰਜਿ.) ਸੁਨਾਮ ਵੱਲੋਂ 27 ਦਸੰਬਰ 2025 ਨੂੰ ਲੰਗਰ ਲਗਾਇਆ ਜਾ ਰਿਹਾ ਹੈ।ਸ਼ਹੀਦੀ ਸਮਾਗਮ ਮੌਕੇ ਮੁੱਖ ਉਦੇਸ਼ ਸਿੱਖ ਨੌਜਵਾਨੀ ਨੂੰ ਆਪਣੇ ਇਤਿਹਾਸ ਨਾਲ ਜੋੜਨਾ ਤੇ ਸੱਚ, ਨਿਆਂ ਤੇ ਧਰਮ ਦੇ ਮਾਰਗ 'ਤੇ ਤੁਰਨ ਦੀ ਪ੍ਰੇਰਣਾ ਦੇਣਾ ਹੈ।ਪ੍ਰਬੰਧਕਾਂ ਨੇ ਦੱਸਿਆ ਕਿ ਇਹ ਸਮਾਗਮ ਸਿਰਫ਼ ਇੱਕ ਧਾਰਮਿਕ ਇਕੱਠ ਨਹੀਂ, ਸਗੋਂ ਕੌਮ ਦੀ ਸੋਚ ਤੇ ਚੇਤਨਾ ਨੂੰ ਮਜ਼ਬੂਤ ਕਰਨ ਵਾਲਾ ਉਪਰਾਲਾ ਹੈ।ਉਨ੍ਹਾਂ ਸਮੂਹ ਸੰਗਤ, ਬੁੱਧੀਜੀਵੀਆਂ ਤੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਾਮਲ ਹੋ ਕੇ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਭੇਟ ਕੀਤੀ ਜਾਵੇ।ਕਲੱਬ ਦੇ ਪ੍ਰਧਾਨ ਤਰੁਣ ਨੇ ਇਸ ਮੌਕੇ ਕਿਹਾ ਕਿ ਮਾਤਾ ਗੁਜਰੀ ਜੀ ਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਸਿੱਖ ਕੌਮ ਹੀ ਨਹੀਂ, ਸਗੋਂ ਸਮੂਹ ਮਨੁੱਖਤਾ ਲਈ ਅਟੱਲ ਹੌਂਸਲੇ, ਧਰਮ ਤੇ ਸੱਚ ਦੀ ਪ੍ਰਤੀਕ ਹੈ।ਉਨ੍ਹਾਂ ਕਿਹਾ ਕਿ ਇਹ ਸਮਾਗਮ ਨੌਜਵਾਨ ਪੀੜ੍ਹੀ ਨੂੰ ਆਪਣੇ ਗੌਰਵਸ਼ਾਲੀ ਇਤਿਹਾਸ ਨਾਲ ਜੋੜਨ ਤੇ ਉਨ੍ਹਾਂ ਵਿੱਚ ਨੈਤਿਕ ਮੁੱਲਾਂ ਦੀ ਮਜ਼ਬੂਤੀ ਲਈ ਲੰਗਰ ਲਗਾਇਆ ਜਾ ਰਿਹਾ ਹੈ।

### ਤਹਿਸੀਲਦਾਰ ਦੀ ਨਿਯੁਕਤੀ ਨਾ ਹੋਣ 'ਤੇ ਲੋਕ ਪ੍ਰੇਸ਼ਾਨ



**ਲਹਿਰਾਗਾਗਾ (ਰੀਤਵਾਲ)**-ਸਥਾਨਕ ਤਹਿਸੀਲ ਅੰਦਰ ਰਜਿਸਟਰੀਆਂ ਕਰਵਾਉਣ ਵਾਲੇ ਰੱਜ ਕੇ ਖੱਜਲ ਖੁਆਰ ਹੋ ਰਹੇ ਹਨ, ਕਿਉਂਕਿ ਇੱਥੇ ਪੱਕੇ ਤੌਰ 'ਤੇ ਤਹਿਸੀਲਦਾਰ ਦੀ ਕੋਈ ਵੀ ਨਿਯੁਕਤੀ ਨਹੀਂ ਹੈ।ਇਸ ਮੌਕੇ ਕੰਮ ਕਰਾਉਣ ਆਏ ਲੋਕਾਂ ਤੋਂ ਇਲਾਵਾ ਅਰਜ਼ੀ ਨਵੀਸਾਂ ਨੇ ਵੀ ਆਪਣਾ ਦੁੱਖ ਬਿਆਨ ਕਰਦਿਆਂ ਕਿਹਾ ਕਿ ਸਵੇਰ ਤੋਂ ਲੈ ਕੇ ਸ਼ਾਮ ਤੱਕ ਰਜਿਸਟਰੀਆਂ ਕਰਵਾਉਣ ਵਾਲਿਆਂ ਤੋਂ ਇਲਾਵਾ ਹੋਰ ਵੀ ਕੰਮਕਾਰ ਵਾਲੇ ਲੋਕ ਬੈਠ ਕੇ ਚਲੇ ਜਾਂਦੇ ਹਨ।ਸਕੂਲੀ ਬੱਚਿਆਂ ਨੂੰ ਜਾਂ ਆਮ ਪਬਲਿਕ ਨੂੰ ਹਲਫਨਾਮੇ ਵੀ ਤਸਦੀਕ ਕਰਵਾਉਣੇ ਪੈਂਦੇ ਹਨ, ਜਿਸ ਕਾਰਨ ਉਨ੍ਹਾਂ ਨੂੰ ਵੀ ਪ੍ਰੇਸ਼ਾਨੀ ਦਾ ਸਾਹਮਣਾ ਪੈਂਦਾ ਹੈ।ਅਰਜ਼ੀ ਨਵੀਸਾਂ ਨੇ ਦੱਸਿਆ ਕਿ ਪਹਿਲਾਂ ਤਾਂ ਅਪਾਇੰਟਮੈਂਟ ਨਹੀਂ ਮਿਲਦੀ, ਜੇਕਰ ਅਪਾਇੰਟਮੈਂਟ ਮਿਲਣ ਤੋਂ ਬਾਅਦ ਰਜਿਸਟਰੀ ਦਾ ਟਾਈਮ ਲੰਘ ਜਾਵੇ ਤਾਂ ਵੀ ਰਜਿਸਟਰੀ ਹੋਣ ਤੋਂ ਕਈ ਵਾਰੀ ਵਾਂਝੀ ਰਹਿ ਜਾਂਦੀ ਹੈ।ਇੱਥੇ ਇਹ ਵੀ ਜ਼ਿਕਰ ਕਰਨਾ ਬਣਦਾ ਹੈ ਕਿ ਲਹਿਰਾਗਾਗਾ ਕੈਬਨਿਟ ਮੰਤਰੀ ਦਾ ਜੱਦੀ ਸ਼ਹਿਰ ਹੈ, ਪ੍ਰੰਤੂ ਇੱਥੇ ਵੀ ਲੋਕਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਉਨ੍ਹਾਂ ਇਸ ਸਮੇਂ ਮੰਤਰੀ ਬਰਿੰਦਰ ਗੋਇਲ ਤੋਂ ਮੰਗ ਕਰਦਿਆਂ ਕਿਹਾ ਕਿ ਇੱਥੇ ਪੱਕੇ ਤੌਰ 'ਤੇ ਤਹਿਸੀਲਦਾਰ ਤੇ ਨਾਇਬ ਤਹਿਸੀਲਦਾਰ ਦੀ ਪੱਕੀ ਨਿਯੁਕਤੀ ਕੀਤੀ ਜਾਵੇ ਤਾਂ ਜੋ ਪਬਲਿਕ ਨੂੰ ਪ੍ਰੇਸ਼ਾਨੀ ਨਾ ਹੋਵੇ।

# ਫਿਰੋਜ਼ਪੁਰ ਦੇ 10 ਸਾਲਾ ਲਾਡਲੇ ਸ਼ਰਵਣ ਸਿੰਘ ਨੇ ਵਧਾਇਆ ਪੰਜਾਬ ਦਾ ਮਾਣ

- ਰਾਸ਼ਟਰਪਤੀ ਹੱਥੋਂ ਮਿਲਿਆ 'ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ'
- ਫੌਜੀਆਂ ਦੀ ਸੇਵਾ ਕਰਨ ਵਾਲੇ ਚੌਥੀ ਜਮਾਤ ਦੇ ਵਿਦਿਆਰਥੀ ਨੂੰ ਦਿੱਲੀ 'ਚ ਮਿਲਿਆ ਸਨਮਾਨ
- ਪੂਰੇ ਪੰਜਾਬ 'ਚੋਂ ਚੁਣਿਆ ਜਾਣ ਵਾਲਾ ਇਕਲੌਤਾ ਬਾਲਕ



**ਫਿਰੋਜ਼ਪੁਰ (ਗੁਰਬਚਨ ਸਿੰਘ)**

ਪੰਜਾਬ ਦੇ ਸਰਹੱਦੀ ਜ਼ਿਲ੍ਹੇ ਫਿਰੋਜ਼ਪੁਰ ਦੇ ਪਿੰਡ ਤਰਾਵਲੀ ਦੇ ਰਹਿਣ ਵਾਲੇ 10 ਸਾਲਾ ਸ਼ਰਵਣ ਸਿੰਘ ਨੇ ਆਪਣੀ ਨਿਸ਼ਕਾਮ ਸੇਵਾ ਤੇ ਦੇਸ਼ ਭਗਤੀ ਦੇ ਜਜ਼ਬੇ ਨਾਲ ਪੂਰੇ ਦੇਸ਼ ਦਾ ਦਿਲ ਜਿੱਤ ਲਿਆ ਹੈ।ਅੱਜ ਦੇਸ਼ ਦੀ ਰਾਜਧਾਨੀ ਨਵੀਂ ਦਿੱਲੀ ਵਿਖੇ 'ਵੀਰ ਬਾਲ ਦਿਵਸ' ਦੇ ਪਵਿੱਤਰ ਮੌਕੇ ਕਰਵਾਏ ਇੱਕ ਵਿਸ਼ੇਸ਼ ਸਮਾਗਮ ਦੌਰਾਨ ਦੇਸ਼ ਦੀ ਰਾਸ਼ਟਰਪਤੀ ਸ੍ਰੀਮਤੀ ਦ੍ਰੋਪਦੀ ਮੁਰਮੂ ਨੇ ਸ਼ਰਵਣ ਸਿੰਘ ਨੂੰ 'ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਨਾਲ' ਸਨਮਾਨਤ ਕੀਤਾ।ਇਹ ਸਨਮਾਨ ਸ਼ਰਵਣ ਨੂੰ ਉਸ ਵੱਲੋਂ ਭਾਰਤੀ ਫੌਜ ਦੇ ਜਵਾਨਾਂ ਪ੍ਰਤੀ ਦਿਖਾਈ ਗਈ ਅਥਾਹ ਸ਼ਰਧਾ ਤੇ ਨਿਰਸਵਾਰਥ ਸੇਵਾ ਬਦਲੇ ਦਿੱਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਇਸ ਸਾਲ ਇਹ ਵੱਕਾਰੀ ਪੁਰਸਕਾਰ ਦੇਸ਼ ਦੇ 18 ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਕੁੱਲ 20 ਬੱਚਿਆਂ ਨੂੰ ਵੱਖ-ਵੱਖ ਖੇਤਰਾਂ ਵਿੱਚ ਸ਼ਾਨਦਾਰ ਪ੍ਰਾਪਤੀਆਂ ਲਈ ਦਿੱਤਾ ਗਿਆ ਹੈ, ਜਿਨ੍ਹਾਂ ਵਿੱਚੋਂ ਪੰਜਾਬ ਦਾ ਨਾਂਅ ਰੌਸ਼ਨ ਕਰਨ ਵਾਲਾ ਸ਼ਰਵਣ ਸਿੰਘ ਇਕਲੌਤਾ ਬੱਚਾ ਹੈ।ਚੌਥੀ ਜਮਾਤ ਵਿੱਚ ਪੜ੍ਹਨ ਵਾਲੇ ਇਸ ਨਿੱਕੇ ਜਿਹੇ ਬਾਲਕ ਦੀ ਕਹਾਣੀ ਬੇਹੱਦ ਪ੍ਰੇਰਨਾਦਾਇਕ ਹੈ।'ਆਪ੍ਰੇਸ਼ਨ ਸਿੰਦੂਰ' ਦੌਰਾਨ ਜਦੋਂ ਭਾਰਤੀ ਫੌਜ ਦੇ ਜਵਾਨ ਫਿਰੋਜ਼ਪੁਰ ਸੈਕਟਰ ਵਿੱਚ ਤਾਇਨਾਤ ਸਨ, ਤਾਂ ਸ਼ਰਵਣ ਨੇ ਆਪਣੀ ਮਰਜ਼ੀ ਨਾਲ ਜਵਾਨਾਂ ਦੀ ਸੇਵਾ ਕਰਨ ਦਾ ਬੀੜਾ ਚੁੱਕਿਆ।ਉਹ ਰੋਜ਼ਾਨਾ ਬਿਨਾਂ ਕਿਸੇ ਲਾਲਚ ਦੇ ਫੌਜੀਆਂ ਲਈ ਆਪਣੇ ਘਰੋਂ ਪਾਣੀ, ਲੱਸੀ, ਦੁੱਧ ਤੇ ਚਾਹ ਲੈ ਕੇ ਜਾਂਦਾ ਸੀ।ਕੜਕਦੀ ਧੁੱਪ ਹੋਵੇ ਜਾਂ ਮੁਸ਼ਕਲ ਹਾਲਾਤ, ਸ਼ਰਵਣ ਨੇ ਜਵਾਨਾਂ ਦੇ ਚਿਹਰਿਆਂ 'ਤੇ ਮੁਸਕਾਨ ਲਿਆਉਣ ਵਿੱਚ ਕੋਈ ਕਸਰ ਨਹੀਂ ਛੱਡੀ।ਉਸ ਦੇ ਇਸ ਜਜ਼ਬੇ ਨੂੰ ਦੇਖਦੇ ਹੋਏ ਫੌਜ ਦੀ 'ਗੋਲਡਨ ਐਰੋ ਡਵੀਜ਼ਨ' ਨੇ ਪਹਿਲਾਂ ਹੀ ਉਸ ਨੂੰ 'ਯੰਗੇਸਟ ਸਿਵਲ ਵਾਰੀਅਰ' (ਸਭ ਤੋਂ ਛੋਟਾ ਨਾਗਰਿਕ ਯੋਧਾ) ਦੇ ਖਿਤਾਬ ਨਾਲ ਨਿਵਾਜਿਆ ਸੀ।ਇੰਨਾ ਹੀ ਨਹੀਂ, ਵੈਸਟਰਨ ਆਰਮੀ ਕਮਾਂਡਰ ਲੈਫਟੀਨੈਂਟ ਜਨਰਲ ਮਨੋਜ ਕੁਮਾਰ ਕਟਿਆਰ ਨੇ ਖੁਦ ਸ਼ਰਵਣ ਨੂੰ ਮਿਲ ਕੇ ਉਸ ਦਾ ਸਨਮਾਨ ਕੀਤਾ ਸੀ ਅਤੇ ਫੌਜ ਵੱਲੋਂ ਉਸ ਦੀ ਅਗਲੀ ਪੜ੍ਹਾਈ ਦਾ ਸਾਰਾ ਖਰਚਾ (ਸਪਾਂਸਰਸ਼ਿਪ) ਚੁੱਕਣ ਦਾ ਐਲਾਨ ਵੀ ਕੀਤਾ ਗਿਆ ਸੀ।ਇਹ ਪੁਰਸਕਾਰ ਸਮਾਰੋਹ 26 ਦਸੰਬਰ ਨੂੰ 'ਵੀਰ ਬਾਲ ਦਿਵਸ' ਮੌਕੇ ਰੱਖਿਆ ਗਿਆ, ਜੋ ਕਿ ਸਿੱਖ ਇਤਿਹਾਸ ਦੇ ਮਹਾਨ ਸ਼ਹੀਦਾਂ ਦਸਮਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ, ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫਤਿਹ ਸਿੰਘ ਜੀ ਦੀ ਲਾਸਾਨੀ ਸ਼ਹਾਦਤ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ।ਸਾਹਿਬਜ਼ਾਦਿਆਂ ਦੀ ਕੁਰਬਾਨੀ ਬੱਚਿਆਂ ਨੂੰ ਹਿੰਮਤ ਤੇ ਧਰਮ 'ਤੇ ਅਟੱਲ ਰਹਿਣ ਦੀ ਪ੍ਰੇਰਣਾ ਦਿੰਦੀ ਹੈ ਅਤੇ ਇਸੇ ਦਿਨ ਸ਼ਰਵਣ ਵਰਗੇ ਬੱਚੇ ਨੂੰ ਸਨਮਾਨਤ ਕਰਨਾ ਸੂਬੇ ਲਈ ਬਹੁਤ ਮਾਣ ਵਾਲੀ ਗੱਲ ਹੈ।ਰਾਸ਼ਟਰਪਤੀ ਤੋਂ ਸਨਮਾਨ ਲੈਣ ਤੋਂ ਬਾਅਦ ਸ਼ਰਵਣ ਸਿੰਘ ਦੇ ਚਿਹਰੇ 'ਤੇ ਵੱਖਰੀ ਹੀ ਖੁਸ਼ੀ ਸੀ।ਉਸ ਨੇ ਬੜੀ ਮਾਸੂਮੀਅਤ ਨਾਲ ਕਿਹਾ 'ਜਦੋਂ ਆਪ੍ਰੇਸ਼ਨ ਸਿੰਦੂਰ ਸ਼ੁਰੂ ਹੋਇਆ ਅਤੇ ਫੌਜੀ ਸਾਡੇ ਪਿੰਡ ਆਏ, ਤਾਂ ਮੇਰੇ ਮਨ ਵਿੱਚ ਆਇਆ ਕਿ ਮੈਨੂੰ ਉਨ੍ਹਾਂ ਦੀ ਸੇਵਾ ਕਰਨੀ ਚਾਹੀਦੀ ਹੈ। ਮੈਂ ਰੋਜ਼ਾਨਾ ਉਨ੍ਹਾਂ ਲਈ ਦੁੱਧ, ਚਾਹ ਤੇ ਬਰਫ਼ ਲੈ ਕੇ ਜਾਂਦਾ ਸੀ।ਮੈਂ ਕਦੇ ਸੁਪਨੇ ਵਿੱਚ ਵੀ ਨਹੀਂ ਸੋਚਿਆ ਸੀ ਕਿ ਮੈਨੂੰ ਇੰਨਾ ਵੱਡਾ ਸਨਮਾਨ ਮਿਲੇਗਾ।ਮੈਂ ਅੱਜ ਬਹੁਤ ਖੁਸ਼ ਹਾਂ।ਸ਼ਰਵਣ ਦੀ ਇਸ ਪ੍ਰਾਪਤੀ ਨੇ ਨਾ ਸਿਰਫ਼ ਉਸ ਦੇ ਪਰਿਵਾਰ ਤੇ ਪਿੰਡ ਤਰਾਵਲੀ ਵਿੱਚ ਜਸ਼ਨ ਦਾ ਮਾਹੌਲ ਪੈਦਾ ਕਰ ਦਿੱਤਾ ਹੈ, ਸਗੋਂ ਪੂਰੇ ਪੰਜਾਬ ਨੂੰ ਉਸ ਦੀ ਬਹਾਦਰੀ ਤੇ ਸੇਵਾ ਭਾਵਨਾ 'ਤੇ ਮਾਣ ਹੈ।

# ਧੂਰੀ ਦੀ ਨਵੀਂ ਵਾਰਡਬੰਦੀ ਨੇ ਸ਼ਹਿਰੀਆਂ ਨੂੰ ਭੰਬਲਭੂਸੇ 'ਚ ਪਾਇਆ

## ਵਾਰਡਾਂ ਦੀ ਅਦਲਾ-ਬਦਲੀ ਤੇ ਗਲੀਆਂ ਦੇ ਵਾਧੇ-ਕਟੌਤੀ ਕਾਰਨ ਲੋਕਾਂ 'ਚ ਰੋਸ

**ਧੂਰੀ (ਮਨੋਹਰ ਸਿੰਘ ਸੱਗੂ, ਮੋਹਿਤ ਗਰਗ)**

ਆਗਾਮੀ ਨਗਰ ਕੌਂਸਲ ਚੋਣਾਂ ਨੂੰ ਧਿਆਨ ਵਿੱਚ ਰੱਖਦਿਆਂ ਪੰਜਾਬ ਸਰਕਾਰ ਦੇ ਸਥਾਨਕ ਸਰਕਾਰਾਂ ਵਿਭਾਗ ਵੱਲੋਂ ਸ਼ਹਿਰ ਧੂਰੀ ਦੀ ਕੀਤੀ ਗਈ ਨਵੀਂ ਵਾਰਡਬੰਦੀ ਨੇ ਸ਼ਹਿਰ ਵਾਸੀਆਂ ਨੂੰ ਭੰਬਲਭੂਸੇ ਵਿੱਚ ਪਾਇਆ ਹੋਇਆ ਹੈ।ਵਾਰਡਾਂ ਦੀ ਹੱਦਬੰਦੀ ਵਿੱਚ ਕੀਤੀਆਂ ਗਈਆਂ ਵੱਡੀਆਂ ਤਬਦੀਲੀਆਂ, ਗਲੀਆਂ ਦੀ ਅਦਲਾ-ਬਦਲੀ ਤੇ ਕੁਝ ਖੇਤਰਾਂ ਦੇ ਅਚਾਨਕ ਵਾਧੇ ਤੇ ਕਟੌਤੀ ਕਾਰਨ ਲੋਕਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।ਇਸ ਵਾਰਡਬੰਦੀ ਨੂੰ ਲੈ ਕੇ ਨਾ ਸਿਰਫ ਆਮ ਨਾਗਰਿਕ ਅਸੰਤੁਸ਼ਟ ਹਨ, ਸਗੋਂ ਵਿਰੋਧੀ ਰਾਜਨੀਤਕ ਪਾਰਟੀਆਂ ਵੱਲੋਂ ਵੀ ਸੱਤਾਧਾਰੀ ਧਿਰ ਨੂੰ ਘੇਰਿਆ ਜਾ ਰਿਹਾ ਹੈ।ਦੱਸਣਯੋਗ ਹੈ ਕਿ ਨਵੀਂ ਵਾਰਡਬੰਦੀ ਅਨੁਸਾਰ ਜਿੱਥੇ ਵਾਰਡ ਨੰਬਰ 15 ਨੂੰ 16 ਤੇ ਵਾਰਡ ਨੰਬਰ 16 ਨੂੰ 15, ਇਸੇ ਤਰ੍ਹਾਂ ਹੀ ਵਾਰਡ ਨੰਬਰ 5 ਨੂੰ 6 ਤੇ ਵਾਰਡ ਨੰਬਰ 6 ਨੂੰ 5 ਕੀਤਾ ਗਿਆ ਹੈ।

ਸਥਾਨਕ ਸਰਕਾਰਾਂ ਵਿਭਾਗ ਵੱਲੋਂ 18 ਦਸੰਬਰ ਨੂੰ ਜਾਰੀ ਨੋਟੀਫਿਕੇਸ਼ਨ ਅਨੁਸਾਰ ਨਗਰ ਕੌਂਸਲ ਧੂਰੀ ਦੇ ਕੁੱਲ 21 ਵਾਰਡ ਤੈਅ ਕੀਤੇ ਗਏ ਹਨ।ਇਨ੍ਹਾਂ ਵਿੱਚੋਂ 2 ਵਾਰਡ ਅਨੁਸੂਚਿਤ ਜਾਤੀਆਂ ਦੀਆਂ ਇਸਤਰੀ ਮੈਂਬਰਾਂ ਲਈ, 3 ਵਾਰਡ ਅਨੁਸੂਚਿਤ ਜਾਤੀਆਂ ਲਈ, 1 ਵਾਰਡ ਪੱਛੜੀਆਂ ਸ਼੍ਰੇਣੀਆਂ ਲਈ, 8 ਵਾਰਡ ਇਸਤਰੀ ਮੈਂਬਰਾਂ ਲਈ ਰਾਖਵੇਂ ਰੱਖੇ ਗਏ ਹਨ, ਜਦਕਿ 7 ਵਾਰਡ ਜਨਰਲ ਸ਼੍ਰੇਣੀ ਵਿੱਚ ਆਉਂਦੇ ਹਨ। ਨੋਟੀਫਿਕੇਸ਼ਨ ਮੁਤਾਬਕ ਵਾਰਡ ਨੰਬਰ 1 ਐੱਸ.ਸੀ. ਇਸਤਰੀ, ਵਾਰਡ ਨੰਬਰ 2 ਜਨਰਲ, ਵਾਰਡ ਨੰਬਰ 3 ਇਸਤਰੀ, ਵਾਰਡ ਨੰਬਰ 4 ਜਨਰਲ, ਵਾਰਡ ਨੰਬਰ 5 ਇਸਤਰੀ, ਵਾਰਡ ਨੰਬਰ 6 ਜਨਰਲ, ਵਾਰਡ ਨੰਬਰ 7 ਐੱਸ.ਸੀ. ਇਸਤਰੀ, ਵਾਰਡ ਨੰਬਰ 8 ਐੱਸ.ਸੀ., ਵਾਰਡ ਨੰਬਰ 9 ਇਸਤਰੀ, ਵਾਰਡ ਨੰਬਰ 10 ਜਨਰਲ, ਵਾਰਡ ਨੰਬਰ 11 ਇਸਤਰੀ, ਵਾਰਡ ਨੰਬਰ 12 ਐੱਸ.ਸੀ., ਵਾਰਡ ਨੰਬਰ 13 ਇਸਤਰੀ, ਵਾਰਡ ਨੰਬਰ 14 ਜਨਰਲ, ਵਾਰਡ ਨੰਬਰ 15 ਇਸਤਰੀ, ਵਾਰਡ ਨੰਬਰ 16 ਜਨਰਲ, ਵਾਰਡ ਨੰਬਰ 17 ਐੱਸ.ਸੀ., ਵਾਰਡ ਨੰਬਰ 18 ਤੇ 19 ਇਸਤਰੀ, ਵਾਰਡ ਨੰਬਰ 20 ਜਨਰਲ ਤੇ ਵਾਰਡ ਨੰਬਰ 21 ਪੱਛੜੀ ਸ਼੍ਰੇਣੀ ਲਈ ਰਾਖਵਾਂ ਕੀਤਾ ਗਿਆ ਹੈ।

ਨਵੀਂ ਵਾਰਡਬੰਦੀ ਨੂੰ ਲੈ ਕੇ ਵਿਰੋਧੀ ਧਿਰਾਂ ਵੱਲੋਂ ਸਖ਼ਤ ਪ੍ਰਤੀਕਿਰਿਆ ਸਾਹਮਣੇ ਆ ਰਹੀ ਹੈ।ਹਲਕਾ ਧੂਰੀ ਤੋਂ ਪੰਜਾਬ ਕਾਂਗਰਸ ਕਿਸਾਨ ਵਿੰਗ ਦੇ ਜਨਰਲ ਸਕੱਤਰ ਹਰਦੀਪ ਸਿੰਘ ਦੌਲਤਪੁਰ, ਪੰਜਾਬ ਯੂਥ ਕਾਂਗਰਸ ਦੇ ਜਨਰਲ ਸਕੱਤਰ ਸ਼ੁਭਮ ਸੂਭੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਰਣਜੀਤ ਸਿੰਘ ਕਾਤਰੋਂ ਨੇ ਇਸ ਵਾਰਡਬੰਦੀ 'ਤੇ ਗੰਭੀਰ ਸਵਾਲ ਖੜੇ ਕੀਤੇ ਹਨ।ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਨਗਰ ਕੌਂਸਲ ਧੂਰੀ ਦੀਆਂ ਹੱਦਾਂ ਵਿੱਚ ਨਾ ਕੋਈ ਵਾਧਾ ਹੋਇਆ ਹੈ ਤੇ ਨਾ ਹੀ ਅਬਾਦੀ ਵਿੱਚ ਕੋਈ ਵਾਧਾ ਹੋਇਆ ਹੈ ਤਾਂ ਫਿਰ ਵਾਰਡਾਂ ਦੀ ਨਵੀਂ ਬਣਤਰ ਦੀ ਲੋੜ ਕਿਓਂ ਪਈ? ਵਿਰੋਧੀ ਆਗੂਆਂ ਅਨੁਸਾਰ ਇਹ ਸਾਰੀ ਕਵਾਇਦ ਰਾਜਨੀਤਕ ਲਾਭ ਹਾਸਲ ਕਰਨ ਦੀ ਨੀਅਤ ਨਾਲ ਕੀਤੀ ਗਈ ਲੱਗਦੀ ਹੈ।ਕਈ ਨਾਗਰਿਕਾਂ ਵੱਲੋਂ ਇਸ ਵਾਰਡਬੰਦੀ ਖ਼ਿਲਾਫ਼ ਲਿਖਤੀ ਇਤਰਾਜ਼ ਦਰਜ ਕਰਵਾਏ ਜਾ ਰਹੇ ਹਨ ਅਤੇ ਕਿਹਾ ਜਾ ਰਿਹਾ ਹੈ ਕਿ ਨਵੀਂ ਵਾਰਡਬੰਦੀ ਉਨ੍ਹਾਂ ਦੇ ਅਧਾਰ ਕਾਰਡ, ਵੋਟਰ ਕਾਰਡ, ਪਾਸਪੋਰਟ ਸਣੇ ਹੋਰ ਦਸਤਾਵੇਜ਼ ਤੇ ਨਵੇਂ ਪਤੇ ਤਬਦੀਲ ਕਰਵਾਉਣ ਲਈ ਮਜਬੂਰ ਕਰ ਦੇਵੇਗੀ।ਕਾਂਗਰਸੀ ਆਗੂ ਸ਼ੁਭਮ ਸ਼ਰਮਾ ਵੱਲੋਂ ਮਾਣਯੋਗ ਹਾਈ ਕੋਰਟ ਦਾ ਦਰਵਾਜ਼ਾ ਖੜਕਾਉਣ ਦੀ ਗੱਲ ਵੀ ਆਖੀ ਜਾ ਚੁੱਕੀ ਹੈ।ਨਵੀਂ ਵਾਰਡਬੰਦੀ ਨੇ ਸ਼ਹਿਰ ਦੇ ਸਿਆਸੀ ਤੇ ਸਮਾਜਿਕ ਮਾਹੌਲ ਨੂੰ ਗਰਮਾ ਦਿੱਤਾ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਇਸ ਮਸਲੇ 'ਤੇ ਸਿਆਸੀ ਤਕਰਾਰ ਵਧਣ ਦੀ ਸੰਭਾਵਨਾ ਦਿਖਾਈ ਦੇ ਰਹੀ ਹੈ।

# ਕ੍ਰਿਸ਼ਨ ਬਰਗਾੜੀ ਯਾਦਗਾਰੀ ਸਨਮਾਨ ਸਮਾਗਮ 8 ਫਰਵਰੀ ਨੂੰ : ਰਾਜਿੰਦਰ ਭਦੌੜ

- ਤਰਕਸ਼ੀਲ ਮੈਗਜ਼ੀਨ ਮੁਹਿੰਮ ਦੀ ਸ਼ੁਰੂਆਤ 5 ਤੋਂ



**ਬਰਨਾਲਾ (ਰਾਜਿੰਦਰ ਬਰਾੜ)**-ਤਰਕਸ਼ੀਲ ਸੁਸਾਇਟੀ ਪੰਜਾਬ ਦੀ ਸੂਬਾ ਵਰਕਿੰਗ ਕਮੇਟੀ ਦੀ ਮੀਟਿੰਗ ਤਰਕਸ਼ੀਲ ਭਵਨ ਬਰਨਾਲਾ ਵਿਖੇ ਸੂਬਾਈ ਜਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸੁਸਾਇਟੀ ਦੇ ਦੋ ਮਾਸਿਕ ਤਰਕਸ਼ੀਲ ਮੈਗਜ਼ੀਨ ਦੇ ਪਾਠਕਾਂ ਦਾ ਘੇਰਾ ਹੋਰ ਵਿਸ਼ਾਲ ਕਰਨ ਲਈ 5 ਤੋਂ 12 ਜਨਵਰੀ ਤੱਕ ਮੈਗਜ਼ੀਨ ਹਫਤਾ ਮਨਾਉਣ ਤੇ 8 ਫਰਵਰੀ ਨੂੰ ਕ੍ਰਿਸ਼ਨ ਬਰਗਾੜੀ ਯਾਦਗਾਰੀ ਸਨਮਾਨ ਸਮਾਗਮ ਕਰਵਾਉਣ ਦਾ ਫੈਸਲਾ ਕੀਤਾ ਗਿਆ।ਮੀਟਿੰਗ ਦੀ ਕਾਰਵਾਈ ਪ੍ਰੈੱਸ ਨੂੰ ਜਾਰੀ ਕਰਦਿਆਂ ਸੂਬਾਈ ਆਗੂਆਂ ਮਾਸਟਰ ਰਾਜਿੰਦਰ ਭਦੌੜ, ਹੇਮ ਰਾਜ ਸਟੈਨੋ, ਰਾਜੇਸ਼ ਅਕਲੀਆ, ਰਾਜਪਾਲ ਬਠਿੰਡਾ, ਸੁਖਵਿੰਦਰ ਬਾਗਪੁਰ ਤੇ ਸੁਮੀਤ ਅੰਮ੍ਰਿਤਸਰ ਨੇ ਦੱਸਿਆ ਕਿ ਮੀਟਿੰਗ ਵਿੱਚ 14-15 ਮਾਰਚ ਨੂੰ ਕਾਡਰ ਦਾ ਦੋ ਰੋਜ਼ਾ ਵਿਸ਼ੇਸ਼ ਸੂਬਾਈ ਚੇਤਨਾ ਕੈਂਪ ਲਗਾਉਣ ਦੇ ਇਲਾਵਾ ਆਮ ਲੋਕਾਂ ਤੇ ਖਾਸ ਕਰਕੇ ਔਰਤਾਂ, ਨੌਜਵਾਨਾਂ ਤੇ ਵਿਦਿਆਰਥੀਆਂ ਨੂੰ ਤਰਕਸ਼ੀਲ ਲਹਿਰ ਨਾਲ ਜੋੜਨ ਦੀ ਵਿਸ਼ੇਸ਼ ਮੁਹਿੰਮ ਚਲਾਉਣ ਤੇ ਦੇਸ਼ ਵਿੱਚ ਵਧ ਰਹੇ ਫ਼ਿਰਕੂ ਫਾਸ਼ੀਵਾਦੀ ਮਾਹੌਲ ਵਿੱਚ ਆਜ਼ਦਾਨਾ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਉੱਤੇ ਸਖ਼ਤ ਪਾਬੰਦੀਆਂ ਲਾਉਣ ਵਿਰੁੱਧ ਤੇ ਅਹਿਮ ਲੋਕ ਪੱਖੀ ਮੁੱਦਿਆਂ ਉੱਤੇ ਹਮਖਿਆਲ ਜਨਤਕ ਜਥੇਬੰਦੀਆਂ ਵੱਲੋਂ ਕੀਤੀਆਂ ਜਾਂਦੀਆਂ ਸਰਗਰਮੀਆਂ ਵਿੱਚ ਭਰਵੀਂ ਸ਼ਮੂਲੀਅਤ ਕਰਨ ਸੰਬੰਧੀ ਫੈਸਲੇ ਕੀਤੇ ਗਏ।ਇਸ ਮੌਕੇ ਸੂਬਾਈ ਆਗੂਆਂ ਰਾਮ ਸਵਰਨ ਲੱਖੇਵਾਲੀ, ਜਸਵਿੰਦਰ ਫਗਵਾੜਾ, ਗੁਰਪ੍ਰੀਤ ਸ਼ਹਿਣਾ, ਜੋਗਿੰਦਰ ਕੁੱਲੇਵਾਲ, ਕੁਲਜੀਤ ਡੰਗਰਖੇੜਾ, ਸੁਰਜੀਤ ਟਿੱਬਾ, ਜੁਝਾਰ ਲੌਂਗੋਵਾਲ ਤੇ ਮੋਹਨ ਬਡਲਾ ਵੱਲੋਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਦਾ ਦਾਇਰਾ ਹੋਰ ਵਧਾਉਣ, ਸੋਸ਼ਲ ਮੀਡੀਆ ਰਾਹੀਂ ਵਿਗਿਆਨਕ ਸੋਚ ਦਾ ਪ੍ਰਚਾਰ-ਪ੍ਰਸਾਰ ਤੇਜ਼ ਕਰਨ ਦੇ ਇਲਾਵਾ ਪੰਜਾਬ ਵਿੱਚ ਅੰਧ ਵਿਸ਼ਵਾਸ ਰੋਕੂ ਕਾਨੂੰਨ ਲਾਗੂ ਕਰਵਾਉਣ ਲਈ ਜਨਤਕ ਜਾਗਰੂਕਤਾ ਮੁਹਿੰਮ ਤੇਜ਼ ਕਰਨ ਤੇ ਜਥੇਬੰਦਕ ਸੰਘਰਸ਼ ਕਰਨ ਦੀ ਲੋੜ ਉਤੇ ਜ਼ੋਰ ਦਿੱਤਾ ਗਿਆ।

ਮੀਟਿੰਗ ਵਿੱਚ ਜ਼ੋਨ ਆਗੂਆਂ ਸੁਖਦੇਵ ਫਗਵਾੜਾ ਜਲੰਧਰ, ਅਜੀਤ ਪ੍ਰਦੇਸੀ ਚੰਡੀਗੜ੍ਹ, ਜਸਵੰਤ ਜੀਰਖ ਲੁਧਿਆਣਾ, ਮਾਸਟਰ ਜਗਦੀਸ਼ ਰਾਏਪੁਰ ਡਿੱਬਾ ਨਵਾਂ ਸ਼ਹਿਰ, ਬਲਰਾਜ ਮੌੜ ਬਠਿੰਡਾ ਤੇ ਪ੍ਰਵੀਨ ਜੰਡਵਾਲਾ ਫਾਜ਼ਿਲਕਾ ਵੱਲੋਂ ਵਿਚਾਰ ਵਟਾਂਦਰਾ ਕਰਦਿਆਂ ਆਪਣੇ ਕਾਡਰ ਨੂੰ ਹੋਰ ਵੱਧ ਸਰਗਰਮ ਕਰਨ ਹਿੱਤ ਜ਼ੋਨ ਪੱਧਰ 'ਤੇ ਬੌਧਿਕ ਵਿਚਾਰਧਾਰਕ ਵਰਕਸ਼ਾਪਾਂ ਲਗਾਉਣ, ਸਮਾਜ ਵਿੱਚ ਲੋਕ ਪੱਖੀ ਸੱਭਿਆਚਾਰਕ ਬਦਲ ਪੇਸ਼ ਕਰਨ ਲਈ ਇਕਾਈ ਪੱਧਰ 'ਤੇ ਪਰਿਵਾਰਕ ਮਿਲਣੀਆਂ ਦਾ ਪ੍ਰੋਗਰਾਮ ਜਲਦੀ ਨੇਪਰੇ ਚਾੜ੍ਹਨ ਤੇ ਤਰਕਸ਼ੀਲ਼ ਸਾਹਿਤ ਵੈਨ ਨੂੰ ਪੰਜਾਬ ਦੇ ਸਾਰੇ ਵਿੱਦਿਅਕ ਅਦਾਰਿਆਂ, ਪਿੰਡਾਂ, ਕਸਬਿਆਂ ਤੇ ਸ਼ਹਿਰਾਂ ਵਿੱਚ ਨਿਰਧਾਰਤ ਰੂਟ ਅਨੁਸਾਰ ਪ੍ਰਦਰਸ਼ਿਤ ਕਰਨ ਦਾ ਪ੍ਰੋਗਰਾਮ ਵੀ ਉਲੀਕਿਆ ਗਿਆ।

# ਫਰੀਦਕੋਟ ਦੀ ਨਵੀਂ ਵਾਰਡਬੰਦੀ 'ਤੇ ਭਖਿਆ ਵਿਵਾਦ, 'ਆਪ' ਆਗੂ ਸੱਚਰ ਨੇ ਖੋਲ੍ਹਿਆ ਮੋਰਚਾ

## ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਵਾਰਡਬੰਦੀ ਦੇ ਫੈਸਲੇ 'ਤੇ ਮੁੜ ਵਿਚਾਰ ਕਰਨ ਦੀ ਕੀਤੀ ਮੰਗ



**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਫਰੀਦਕੋਟ ਸ਼ਹਿਰ ਵਿੱਚ ਪ੍ਰਸਤਾਵਿਤ ਨਵੀਂ ਵਾਰਡ ਬੰਦੀ ਨੂੰ ਲੈ ਕੇ ਜਨਤਾ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਪ੍ਰਸਿੱਧ ਸਮਾਜ ਸੇਵੀ ਅਰਸ਼ ਸੱਚਰ ਨੇ ਇਸ ਵਾਰਡ ਬੰਦੀ ਨੂੰ 'ਗੈਰ-ਵਿਗਿਆਨਕ' ਤੇ 'ਪ੍ਰਸ਼ਾਸਕੀ ਅਰਾਜਕਤਾ' ਫੈਲਾਉਣ ਵਾਲੀ ਕਰਾਰ ਦਿੱਤਾ ਹੈ।ਸੱਚਰ ਨੇ ਇਸ ਸਬੰਧੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਧਿਕਾਰਕ ਪੱਤਰ ਭੇਜ ਕੇ ਤੁਰੰਤ ਦਖ਼ਲ ਦੇਣ ਤੇ ਇਸ ਦੀ ਨਿਰਪੱਖ ਸਮੀਖਿਆ ਕਰਵਾਉਣ ਦੀ ਮੰਗ ਕੀਤੀ ਹੈ।ਅਰਸ਼ ਸੱਚਰ ਨੇ ਪ੍ਰੈੱਸ ਨੋਟ ਰਾਹੀਂ ਦੱਸਿਆ ਕਿ ਮੌਜੂਦਾ ਵਾਰਡ ਬੰਦੀ ਵਿੱਚ ਭੂਗੋਲਿਕ ਸਥਿਤੀਆਂ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਇੱਕ-ਦੂਜੇ ਨਾਲ ਜੁੜੇ ਇਲਾਕਿਆਂ ਨੂੰ ਜਾਣ-ਬੁੱਝ ਕੇ ਵੱਖੋ-ਵੱਖਰੇ ਵਾਰਡਾਂ ਵਿੱਚ ਵੰਡਿਆ ਗਿਆ ਹੈ।ਦੂਰ-ਦੁਰਾਡੇ ਦੇ ਖੇਤਰਾਂ ਨੂੰ ਇੱਕੋ ਵਾਰਡ ਵਿੱਚ ਸ਼ਾਮਲ ਕਰਕੇ ਲੋਕਾਂ ਲਈ ਮੁਸ਼ਕਲਾਂ ਖੜ੍ਹੀਆਂ ਕਰ ਦਿੱਤੀਆਂ ਗਈਆਂ ਹਨ ਤੇ ਕਈ ਵਾਰਡਾਂ ਵਿੱਚ ਅਬਾਦੀ ਦਾ ਸੰਤੁਲਨ ਇੰਨਾ ਵਿਗੜਿਆ ਹੋਇਆ ਹੈ ਕਿ ਬਰਾਬਰ ਪ੍ਰਤੀਨਿਧਤਾ ਦੇ ਅਸੂਲ ਦੀਆਂ ਧੱਜੀਆਂ ਉੱਡ ਰਹੀਆਂ ਹਨ।

# ਕੇ ਪੀ ਐੱਮ ਯੂ ਨਰੇਗਾ ਵਿਰੋਧੀ ਪ੍ਰਦਰਸ਼ਨਾਂ 'ਚ ਸ਼ਾਮਲ ਹੋਵੇਗੀ : ਲਖਬੀਰ ਸਿੰਘ ਲੱਖਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ (ਕੇ ਪੀ ਐੱਮ ਯੂ) ਨੇ ਆਪਣੀ ਕਨਵੈਨਸ਼ਨ ਕਰਨ ਲਈ ਛੇ ਮੈਂਬਰੀ ਕਨਵੈਨਸ਼ਨ ਤਿਆਰੀ ਕਮੇਟੀ ਪੰਜਾਬ ਦਾ ਗਠਨ ਕੀਤਾ ਹੈ ਅਤੇ ਲਖਬੀਰ ਸਿੰਘ ਨੂੰ ਇਸ ਦਾ ਕਨਵੀਨਰ ਚੁਣਿਆ ਹੈ।

ਕਨਵੈਨਸ਼ਨ ਤਿਆਰੀ ਕਮੇਟੀ ਦੇ ਕਨਵੀਨਰ ਲਖਵੀਰ ਸਿੰਘ ਲੱਖਾ ਨੇ ਦੱਸਿਆ ਕਿ ਅੱਜ ਮੋਗਾ ਵਿਖੇ ਕਨਵੈਨਸ਼ਨ ਤਿਆਰੀ ਕਮੇਟੀ ਦੀ ਮੀਟਿੰਗ ਕੀਤੀ ਗਈ।ਕਮੇਟੀ ਨੇ ਕਿਹਾ ਕਿ ਮੋਦੀ ਸਰਕਾਰ ਵੱਲੋਂ ਨਰੇਗਾ ਕਾਨੂੰਨ ਸਮਾਪਤ ਕਰਕੇ, ਉਸ ਦੀ ਜਗ੍ਹਾ 'ਵਿਕਸਿਤ ਭਾਰਤ ਜੀ ਰਾਮ ਜੀ' ਲਿਆਉਣਾ ਗਰੀਬ ਮਜ਼ਦੂਰਾਂ ਦੀ ਕੋਲੋਂ ਕੰਮ ਖੋਹਣਾ ਹੈ।ਨਰੇਗਾ ਸਕੀਮ ਦੇ ਵਿੱਚ ਕੇਂਦਰ ਸਰਕਾਰ 90% ਬਜਟ ਦਿੰਦੀ ਸੀ ਤੇ 10% ਪੰਜਾਬ ਸਰਕਾਰ ਹਿੱਸਾ ਪਾਂਉਂਦੀ ਸੀ ਅਤੇ ਨਰੇਗਾ ਕਾਨੂੰਨ 2005 ਮਜ਼ਦੂਰ ਨੂੰ ਇਕ ਸੌ ਦਿਨ ਕੰਮ ਦੇਣ ਦੀ ਗਰੰਟੀ ਕਰਦਾ ਸੀ।ਮੋਦੀ ਸਰਕਾਰ ਨੇ 'ਵਿਕਸਿਤ ਭਾਰਤ ਜੀ ਰਾਮ ਜੀ' ਮੁਤਾਬਕ 125 ਦਿਨ ਕੰਮ ਦੇਣ ਦੀ ਗਰੰਟੀ ਕੀਤੀ ਹੈ, ਪਰ ਇਸ ਦੇ ਬਜਟ ਵਿੱਚ ਸੂਬਾ ਸਰਕਾਰ ਨੂੰ 10% ਦੀ ਤਾਂ 40% ਦੇਣ ਲਈ ਕਿਹਾ ਹੈ।ਕੇਂਦਰ ਸਿਰਫ 60% ਹਿੱਸਾ ਪਾਵੇਗਾ।ਟੈਕਸਾਂ ਦੇ ਸਰੋਤਾਂ ਨੂੰ ਕੇਂਦਰੀਕਰਨ ਕਰਕੇ ਕੇਂਦਰ ਸਰਕਾਰ ਪਹਿਲਾਂ ਹੀ ਆਪਣੇ ਕੋਲ ਲਿਜਾ ਚੁੱਕੀ ਹੈ।ਇਸ ਲਈ ਪੰਜਾਬ ਸਰਕਾਰ 40% ਬਜਟ ਦਾ ਨਹੀਂ ਪਾ ਸਕੇਗੀ।ਇਸ ਲਈ ਇਸ ਸਕੀਮ ਠੁੱਸ ਹੋ ਜਾਵੇਗੀ।ਮੋਦੀ ਸਰਕਾਰ ਨੇ ਇਹ ਸਕੀਮ ਕਿੱਥੇ ਸ਼ੁਰੂ ਕਰਨੀ ਹੈ, ਉਹ ਅਧਿਕਾਰ ਵੀ ਕੇਂਦਰ ਨੇ ਆਪਣੇ ਕੋਲ ਰੱਖਿਆ ਹੋਇਆ ਹੈ।ਜ਼ਰੂਰੀ ਨਹੀਂ ਮੋਦੀ ਸਰਕਾਰ ਸਾਰੇ ਸੂਬਿਆਂ ਵਿੱਚ ਇਸ ਸਕੀਮ ਨੂੰ ਲਾਗੂ ਕਰਨ।ਇਸ ਕਰਕੇ ਵੀ ਜਿਹੜਾ ਨਰੇਗਾ ਕਾਨੂੰਨ 2005 ਰੱਦ ਕੀਤਾ ਹੈ, ਉਹ ਗਰੀਬ ਮਜ਼ਦੂਰਾਂ ਨੂੰ ਆਰਥਿਕ ਤੌਰ 'ਤੇ ਹੋਰ ਰੋਲ ਦੇਵੇਗਾ।

ਕਨਵੈਨਸ਼ਨ ਤਿਆਰੀ ਕਮੇਟੀ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਨੇ ਫੈਸਲਾ ਕੀਤਾ ਹੈ ਕਿ 29 ਦਸੰਬਰ ਨੂੰ ਡੀ ਸੀ ਦਫਤਰਾਂ ਅੱਗੇ ਕਿਸਾਨ ਮਜ਼ਦੂਰ ਮੋਰਚੇ ਵੱਲੋਂ ਧਰਨੇ ਦਿੱਤੇ ਜਾ ਰਹੇ ਹਨ, ਉਨ੍ਹਾਂ ਵਿੱਚ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰੇਗੀ।ਕਨਵੀਨਰ ਲਖਬੀਰ ਸਿੰਘ ਲੱਖਾ ਨੇ ਦੱਸਿਆ ਕਿ 15 ਜਨਵਰੀ ਨੂੰ ਸਿੰਘਾਂ ਵਾਲਾ ਵਿਖੇ ਕਨਵੈਨਸ਼ਨ ਤਿਆਰੀ ਕਮੇਟੀ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੀ ਪੰਜਾਬ ਪੱਧਰ ਦੀ ਕਨਵੈਨਸ਼ਨ ਕਰਕੇ, ਪੰਜਾਬ ਕਮੇਟੀ ਦਾ ਗਠਨ ਕੀਤਾ ਜਾਵੇਗਾ।ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਤੇ ਹਮ ਖਿਆਲ ਜਥੇਬੰਦੀਆਂ ਦੇ ਡੈਲੀਗੇਟਾਂ ਨੂੰ ਇਸ ਕਨਵੈਨਸ਼ਨ ਵਿੱਚ ਪੁੱਜਣ ਦੀ ਅਪੀਲ ਕੀਤੀ ਹੈ।

# ਅਟਲ ਬਿਹਾਰੀ ਵਾਜਪਾਈ ਨੂੰ 101ਵੀਂ ਜਯੰਤੀ ਮੌਕੇ ਸ਼ਰਧਾਂਜਲੀ



**ਮੋਗਾ (ਇਕਬਾਲ ਸਿੰਘ ਖਹਿਰਾ)**

ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਤੇ ਭਾਜਪਾ ਦੇ ਮਿਹਨਤੀ ਤੇ ਮਿਹਨਤੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ 101ਵੀਂ ਜਯੰਤੀ ਦੇ ਮੌਕੇ ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਦਫ਼ਤਰ ਮੋਗਾ ਵਿਖੇ ਉਨ੍ਹਾਂ ਦੀ ਤਸਵੀਰ 'ਤੇ ਸ਼ਰਧਾਂਜਲੀ ਭੇਟ ਕੀਤੀ ਗਈ।ਇਸ ਮੌਕੇ ਭਾਰਤੀ ਜਨਤਾ ਪਾਰਟੀ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਡਾ: ਸੀਮਾਂਤ ਗਰਗ, ਜਨਰਲ ਸਕੱਤਰ ਵਿੱਕੀ ਸਿਤਾਰਾ, ਵਪਾਰ ਸੈੱਲ ਇੰਚਾਰਜ ਸੰਜੀਵ ਅਗਰਵਾਲ, ਓਵਰਸੀਜ਼ ਸੈੱਲ ਇੰਚਾਰਜ ਵਿਜੇ ਮਿਸ਼ਰਾ, ਮੰਡਲ ਪ੍ਰਧਾਨ ਅਮਿਤ ਗੁਪਤਾ, ਆਈ.ਟੀ. ਸੈੱਲ ਇੰਚਾਰਜ ਮੁਕੇਸ਼ ਕੁਮਾਰ, ਰਜਿੰਦਰ ਗਾਬਾ, ਪਵਨ ਗਰਗ, ਜਤਿੰਦਰ ਚੱਢਾ, ਹੇਮੰਤ ਸੂਦ, ਮੰਡਲ ਪ੍ਰਧਾਨ ਦੀਪਕ ਤਲਵਾੜ ਬਾਘਾ ਪੁਰਾਣਾ, ਧਰਮਵੀਰ ਭਾਰਤੀ, ਮੰਡਲ ਪ੍ਰਧਾਨ ਉਮਾਕਾਂਤ, ਸ਼ਸ਼ੀਕਾਂਤ, ਸੁਕੇਸ਼ ਸੂਦ, ਡਿੰਪੀ ਸੂਦ, ਸਚਿਨ ਕੁਮਾਰ, ਮੰਡਲ ਪ੍ਰਧਾਨ ਭੁਪਿੰਦਰ ਹੈਪੀ, ਸੋਨੀ ਮੰਗਲਾ, ਵਿਕਾਸ ਸ਼ਰਮਾ, ਨਰਿੰਦਰ ਸੇਠੀ, ਅਸ਼ਵਨੀ ਕੁਮਾਰ, ਚੇਤਨ ਕੁਮਾਰ, ਸੁੱਖਾ ਸਿੰਘ, ਗੋਲਡੀ ਕੌਰ ਤੋਂ ਇਲਾਵਾ ਭਾਰਤੀ ਜਨਤਾ ਪਾਰਟੀ ਦੇ ਸਮੂਹ ਵਰਕਰ ਮੌਜੂਦ ਸਨ।

ਇਸ ਦੌਰਾਨ ਅਟਲ ਬਿਹਾਰੀ ਵਾਜਪਾਈ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਡਾ: ਸੀਮਾਂਤ ਗਰਗ ਨੇ ਕਿਹਾ ਕਿ ਸ੍ਰੀ ਵਾਜਪਾਈ ਨੇ ਵੱਖ-ਵੱਖ ਖੇਤਰਾਂ ਵਿੱਚ ਸ਼ਾਨਦਾਰ ਕੰਮ ਕੀਤਾ, ਜਿਸ ਲਈ ਉਨ੍ਹਾਂ ਨੂੰ ਕਈ ਪੁਰਸਕਾਰਾਂ ਨਾਲ ਸਨਮਾਨਤ ਕੀਤਾ ਗਿਆ।

# ਮਾਤਾ ਗੁਜਰੀ ਕਾਲਜ ਵਿਖੇ ਸ਼ਹੀਦੀ ਸਭਾ ਨੂੰ ਸਮਰਪਤ ਤਿੰਨ ਦਿਨਾ ਸਮਾਗਮ ਜਾਰੀ

- ਕਾਲਜ ਦਾ ਸਟਾਫ਼ ਤੇ ਵਿਦਿਆਰਥੀ ਸੇਵਾ ਕਾਰਜਾਂ 'ਚ ਵਧ-ਚੜ੍ਹ ਕੇ ਪਾ ਰਹੇ ਨੇ ਹਿੱਸਾ




**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫ਼ਤਹਿ ਸਿੰਘ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਤ ਤਿੰਨ ਦਿਨਾਂ ਸਮਾਗਮਾਂ ਦੀ ਸ਼ੁਰੂਆਤ ਮਾਤਾ ਗੁਜਰੀ ਕਾਲਜ ਵਿਖੇ ਸ਼ਰਧਾ ਭਾਵਨਾ ਨਾਲ ਹੋਈ।ਵਰਣਨਯੋਗ ਹੈ ਕਿ ਇਨ੍ਹਾਂ ਸਮਾਗਮਾਂ ਵਿੱਚ ਕਾਲਜ ਦੇ ਲਗਭਗ 500 ਵਲੰਟੀਅਰ ਵਿਦਿਆਰਥੀ ਸ਼ਹੀਦੀ ਸਭਾ ਦੇ ਸੇਵਾ ਕਾਰਜਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਪਾ ਰਹੇ ਹਨ।ਕਾਲਜ ਦੀ ਗਵਰਨਿੰਗ ਬਾਡੀ ਦੇ ਐਡੀਸ਼ਨਲ ਸਕੱਤਰ ਇੰਜ: ਸੁਖਮਿੰਦਰ ਸਿੰਘ ਨੇ ਕਾਲਜ ਵੱਲੋਂ ਸ਼ਹੀਦੀ ਸਭਾ ਮੌਕੇ ਕਰਵਾਏ ਗਏ ਵੱਖ-ਵੱਖ ਸੇਵਾ ਕਾਰਜਾਂ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਇਨ੍ਹਾਂ ਸਮਾਗਮਾਂ ਦਾ ਮੁੱਖ ਉਦੇਸ਼ ਨੌਜਵਾਨ ਪੀੜ੍ਹੀ ਨੂੰ ਆਪਣੇ ਅਮੀਰ ਸਿੱਖ ਵਿਰਸੇ ਤੇ ਧਾਰਮਿਕ ਸੱਭਿਆਚਾਰ ਬਾਰੇ ਜਾਗਰੂਕ ਕਰਨਾ ਹੈ ਤਾਂ ਜੋ ਉਹ ਫ਼ਤਹਿਗੜ੍ਹ ਸਾਹਿਬ ਦੀ ਮੁਕੱਦਸ ਧਰਤੀ 'ਤੇ ਹੋਈਆਂ ਸ਼ਹਾਦਤਾਂ ਤੋਂ ਸੇਧ ਲੈ ਕੇ ਆਪਣੇ ਗੌਰਵਮਈ ਵਿਰਸੇ ਨਾਲ ਜੁੜ ਸਕਣ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਜੂਨੀਅਰ ਮੀਤ ਪ੍ਰਧਾਨ ਸ੍ਰ. ਅਵਤਾਰ ਸਿੰਘ ਰਿਆ ਨੇ ਮਹਾਨ ਸ਼ਹੀਦਾਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਦੁਨੀਆ ਦੇ ਇਤਿਹਾਸ ਵਿੱਚ ਅਜਿਹੀ ਅਦੁੱਤੀ ਕੁਰਬਾਨੀ ਦੀ ਮਿਸਾਲ ਕਿੱਧਰੇ ਹੋਰ ਦੇਖਣ-ਸੁਣਨ ਨੂੰ ਨਹੀਂ ਮਿਲਦੀ, ਇਸ ਲਈ ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਸਿੱਖ ਇਤਿਹਾਸ, ਸਿੱਖ ਸਿਧਾਂਤਾਂ ਤੇ ਸਿੱਖ ਵਿਚਾਰਧਾਰਾ ਨਾਲ ਜੁੜਨ ਲਈ ਉਤਸ਼ਾਹਤ ਕਰੀਏ।ਉਨ੍ਹਾਂ ਕਾਲਜ ਦੇ ਫ਼ਾਈਨ ਆਰਟਸ ਵਿਭਾਗ ਵੱਲੋਂ ਆਯੋਜਿਤ 'ਰੰਗ-ਏ-ਰੂਹਾਨੀਅਤ' ਕਲਾ ਪ੍ਰਦਰਸ਼ਨੀ ਦੀ ਵਿਸ਼ੇਸ਼ ਤੌਰ 'ਤੇ ਪ੍ਰਸੰਸਾ ਕਰਦਿਆਂ ਵਿਭਾਗ ਦੀਆਂ ਸਰਗਰਮੀਆਂ ਨੂੰ ਉਤਸ਼ਾਹਤ ਕਰਨ ਲਈ 31,000 ਰੁਪਏ ਦੇਣ ਦਾ ਵਿਸ਼ੇਸ਼ ਤੌਰ 'ਤੇ ਐਲਾਨ ਕੀਤਾ।ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਕਾਲਜ ਵੱਲੋਂ ਕਰਵਾਏ ਗਏ ਸੇਵਾ ਕਾਰਜਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਾਲਜ ਦੇ ਐੱਨ.ਸੀ.ਸੀ. ਕੈਡਿਟ, ਐੱਨ.ਐੱਸ.ਐੱਸ. ਯੂਨਿਟ ਤੇ ਯੂਥ ਰੈੱਡ ਕਰਾਸ ਯੂਨਿਟ ਦੇ ਵਿਦਿਆਰਥੀ, ਮਾਤਾ ਗੁਜਰੀ ਸਟੱਡੀ ਸਰਕਲ ਦੇ ਵਲੰਟੀਅਰ, ਪੱਤਰਕਾਰੀ ਵਿਭਾਗ ਦੇ ਵਿਦਿਆਰਥੀ, ਵੱਖ-ਵੱਖ ਕਮੇਟੀਆਂ ਦੇ ਅਧਿਆਪਕ ਸਾਹਿਬਾਨ ਤੇ ਵਿਦਿਆਰਥੀ ਸ਼ਹੀਦੀ ਸਭਾ ਦੌਰਾਨ ਸੰਗਤਾਂ ਦੇ ਸੇਵਾ ਕਾਰਜਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਪਾ ਰਹੇ ਹਨ। ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਨੇ ਕਿਹਾ ਕਿ ਇਨ੍ਹਾਂ ਸੇਵਾ ਕਾਰਜਾਂ ਵਿੱਚ ਹਿੱਸਾ ਲੈਣ ਨਾਲ ਵਿਦਿਆਰਥੀਆਂ ਵਿੱਚ ਨਿਮਰਤਾ, ਨਿਸ਼ਕਾਮ ਸੇਵਾ, ਧਰਮ ਪ੍ਰਤੀ ਜਾਗਰੂਕਤਾ ਤੇ ਆਪਸੀ ਸਹਿਯੋਗ ਦੀ ਭਾਵਨਾ ਪੈਦਾ ਹੁੰਦੀ ਹੈ, ਜਿਸ ਨਾਲ ਵਿਦਿਆਰਥੀਆਂ ਦਾ ਸਰਬਪੱਖੀ ਵਿਕਾਸ ਹੁੰਦਾ ਹੈ।

ਸ਼ਹੀਦੀ ਸਭਾ ਦੇ ਪਹਿਲੇ ਦਿਨ ਕਾਲਜ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੀ ਸ੍ਰੀ ਗੁਰੂ ਰਾਮਦਾਸ ਮੈਡੀਕਲ ਯੂਨੀਵਰਸਿਟੀ ਦੇ ਸਹਿਯੋਗ ਨਾਲ ਸੰਗਤ ਦੀਆਂ ਸਿਹਤ ਸਹੂਲਤਾਂ ਲਈ ਮੁਫ਼ਤ ਫ਼ਸਟ ਏਡ ਕੈਂਪ ਲਗਾਇਆ ਗਿਆ।ਕਾਲਜ ਦੇ ਪੱਤਰਕਾਰੀ ਤੇ ਜਨਸੰਚਾਰ ਵਿਭਾਗ ਵੱਲੋਂ ਪ੍ਰਕਾਸ਼ਿਤ ਕੀਤੇ ਲੈਬ ਜਰਨਲ 'ਫ਼ਤਹਿ' ਦਾ ਸ਼ਹੀਦੀ ਸਭਾ ਨੂੰ ਸਮਰਪਤ ਵਿਸ਼ੇਸ਼ ਅੰਕ ਵੀ ਰਿਲੀਜ਼ ਕੀਤਾ ਗਿਆ।ਇਸ ਤੋਂ ਇਲਾਵਾ ਮਾਤਾ ਗੁਜਰੀ ਸਟੱਡੀ ਸਰਕਲ, ਐੱਨ.ਸੀ.ਸੀ. ਤੇ ਐੱਨ.ਐੱਸ.ਐੱਸ. ਦੇ ਵਿਦਿਆਰਥੀਆਂ ਵੱਲੋਂ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਖੇ ਜੋੜਾ ਘਰ ਦੀ ਸੇਵਾ ਵੀ ਬਾਖੂਬੀ ਨਿਭਾਈ ਜਾ ਰਹੀ ਹੈ।ਕਾਲਜ ਵੱਲੋਂ ਸ਼ਰਧਾਲੂਆਂ ਦੇ ਰਹਿਣ ਲਈ ਵੱਡੇ ਪੱਧਰ 'ਤੇ ਰੈਣ ਬਸੇਰੇ ਬਣਾਏ ਗਏ ਹਨ।ਇਸ ਤੋਂ ਇਲਾਵਾ ਯਾਤਰੀਆਂ ਲਈ ਮੁਫ਼ਤ ਬੱਸ ਸੇਵਾ ਤੇ ਕੌਫ਼ੀ ਦੇ ਲੰਗਰ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਇਸ ਮੌਕੇ ਕਾਲਜ ਦੇ ਕੰਟਰੋਲਰ ਪ੍ਰੀਖਿਆਵਾਂ ਡਾ. ਹਰਜੀਤ ਸਿੰਘ, ਡਾ. ਜਗਦੀਸ਼ ਸਿੰਘ, ਡਾ. ਸੁਖਜੀਤ ਕੌਰ, ਡਾ. ਸਤਨਾਮ ਸਿੰਘ, ਪ੍ਰੋ. ਬੀਰਇੰਦਰ ਸਿੰਘ ਸਰਾਓ, ਪ੍ਰੋ. ਰਵਿੰਦਰ ਕੌਰ, ਡਾ. ਅਵਨੀਤ ਕੌਰ, ਡਾ. ਗੁਰਬਾਜ ਸਿੰਘ, ਪ੍ਰੋ. ਹਰਭਿੰਦਰ ਸਿੰਘ, ਡਾ. ਜੁਝਾਰ ਸਿੰਘ, ਡਾ. ਪੁਸ਼ਪਿੰਦਰ ਸਿੰਘ, ਡਾ. ਹਰਗੁਣਪ੍ਰੀਤ ਸਿੰਘ, ਪ੍ਰੋ. ਬਨਿੰਦਰ ਕੌਰ, ਪ੍ਰੋ. ਗੁਰਲੀਨ ਕੌਰ, ਹਰਿੰਦਰ ਸਿੰਘ, ਗੁਰਪਿੰਦਰ ਸਿੰਘ, ਕੋਚ ਬਹਾਦਰ ਸਿੰਘ ਤੇ ਹੋਰ ਸਟਾਫ਼ ਮੈਂਬਰ ਹਾਜ਼ਰ ਸਨ।

# ਸੀ ਓ ਪੀ ਡੀ ਦੁਨੀਆ ਭਰ 'ਚ ਤੀਜਾ ਸਭ ਤੋਂ ਵੱਡਾ ਮੌਤ ਦਾ ਕਾਰਨ : ਡਾ. ਅਪਰਜੋਤ ਬਰਾੜ




**ਪਟਿਆਲਾ (ਰਾਜਿੰਦਰ ਥਿੰਦ)**-ਪਾਰਕ ਹਸਪਤਾਲ ਪਟਿਆਲਾ ਦੇ ਡਾਕਟਰਾਂ ਦੀ ਟੀਮ, ਪਲਮੋਨੋਲੋਜੀ ਕੰਸਲਟੈਂਟ ਡਾ. ਅਪਾਰਜੋਤ ਬਰਾੜ, ਇੰਟਰਨਲ ਮੈਡੀਸਨ ਕੰਸਲਟੈਂਟ ਡਾ. ਕਮਲਦੀਪ ਸਿੰਘ ਸੋਢੀ, ਡਾ. ਬਲਵਿੰਦਰ ਕੁਮਾਰ, ਡਾ. ਅਮਰਜੀਤ ਸਿੰਘ ਤੇ ਮੈਡੀਕਲ ਆਪ੍ਰੇਸ਼ਨਜ਼ ਦੇ ਮੀਤ ਪ੍ਰਧਾਨ ਡਾ. ਬ੍ਰਹਮ ਪ੍ਰਕਾਸ਼ ਸਮੇਤ ਪਾਰਕ ਹਸਪਤਾਲ ਪਟਿਆਲਾ ਦੇ ਡਾਕਟਰਾਂ ਦੀ ਇੱਕ ਟੀਮ ਨੇ ਸ਼ੁੱਕਰਵਾਰ ਨੂੰ ਇਕ ਪ੍ਰੈੱਸ ਕਾਨਫਰੰਸ ਦੌਰਾਨ ਕ੍ਰੋਨਿਕ ਓਬਸਟ੍ਰਕਟਿਵ ਪਲਮਨਰੀ ਰੋਗਾਂ (ਸੀਓਪੀਡੀ) ਬਾਰੇ ਵੱਖ-ਵੱਖ ਤੱਥਾਂ ਤੇ ਮਿੱਥਾਂ ਨੂੰ ਸਾਂਝਾ ਕੀਤਾ।ਪਲਮੋਨੋਲੋਜੀ ਕੰਸਲਟੈਂਟ ਡਾ. ਅਪਾਰਜੋਤ ਬਰਾੜ ਪਾਰਕ ਹਸਪਤਾਲ ਪਟਿਆਲਾ ਨੇ ਕਿਹਾ ਕਿ ਸੀਓਪੀਡੀ ਭਾਰਤ ਵਿੱਚ ਲਗਭਗ 63 ਮਿਲੀਅਨ ਲੋਕਾਂ ਨੂੰ ਪ੍ਰਭਾਵਤ ਕਰਦਾ ਹੈ, ਜੋ ਕਿ ਵਿਸ਼ਵ ਦੀ ਸੀਓਪੀਡੀ ਆਬਾਦੀ ਦਾ ਲਗਭਗ 32%ਹੈ।ਦੁਨੀਆ ਭਰ ਵਿੱਚ ਦਿਲ ਦੀਆਂ ਸਮੱਸਿਆਵਾਂ ਤੇ ਕੈਂਸਰ ਤੋਂ ਬਾਅਦ ਇਸ ਦਾ ਤੀਜਾ ਸਭ ਤੋਂ ਵੱਡਾ ਮੌਤ ਦਾ ਕਾਰਨ ਹੈ।ਇਹ ਏਡਜ਼, ਟੀਬੀ, ਮਲੇਰੀਆ ਤੇ ਸ਼ੂਗਰ ਤੋਂ ਵੱਧ ਮੌਤਾਂ ਦਾ ਕਾਰਨ ਹੈ।ਕੰਸਲਟੈਂਟ-ਇੰਟਰਨਲ ਮੈਡੀਸਨ ਪਾਰਕ ਹਸਪਤਾਲ ਪਟਿਆਲਾ ਡਾ. ਬਲਵਿੰਦਰ ਕੁਮਾਰ ਨੇ ਦੱਸਿਆ ਕਿ ਭਾਰਤ ਵਿੱਚ ਸੀਓਪੀਡੀ ਦਾ ਪ੍ਰਸਾਰ ਲਗਭਗ 5.5 ਤੋਂ 7.55% ਹੈ ਤੇ ਹਾਲ ਹੀ ਦੇ ਅਧਿਐਨਾਂ ਤੋਂ ਪਤਾ ਚਲਦਾ ਹੈ ਕਿ ਪੁਰਸ਼ਾਂ ਵਿੱਚ ਸੀਓਪੀਡੀ ਦਾ ਪ੍ਰਸਾਰ ਦਰ ਮਰਦਾਂ ਵਿੱਚ 22%ਤੇ ਔਰਤਾਂ ਵਿੱਚ 19% ਤੱਕ ਹੈ।ਡਾ. ਕਮਲਦੀਪ ਸਿੰਘ ਸੋਢੀ ਨੇ ਸਾਂਝਾ ਕੀਤਾ ਕਿ ਸੀਓਪੀਡੀ ਦਾ ਕੋਈ ਸਥਾਈ ਇਲਾਜ ਨਹੀਂ ਹੈ, ਪਰ ਵਧੇਰੇ ਨੁਕਸਾਨ ਨੂੰ ਰੋਕਣ ਤੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਲਈ ਇਲਾਜ ਦੇ ਵਿਕਲਪ ਉਪਲਬਧ ਹਨ।ਡਾ. ਅਮਰਜੀਤ ਸਿੰਘ ਨੇ ਕਿਹਾ ਕਿ ਜਿਵੇਂ ਜਿਵੇਂ ਤਾਪਮਾਨ ਘਟਦਾ ਹੈ, ਸੀਓਪੀਡੀ ਵਾਲੇ ਲੋਕਾਂ ਨੂੰ ਬਿਮਾਰੀ ਦਾ ਖਤਰਾ ਵਧੇਰੇ ਹੁੰਦਾ ਹੈ।ਠੰਡੇ ਮੌਸਮ ਦੌਰਾਨ ਲੱਛਣ ਵਧੇਰੇ ਵਿਗੜ ਜਾਂਦਾ ਹੈ।ਫੇਫੜਿਆਂ 'ਤੇ ਠੰਡੇ ਮੌਸਮ ਦੇ ਪ੍ਰਭਾਵ ਬਹੁਤ ਜ਼ਿਆਦਾ ਹੋ ਸਕਦੇ ਹਨ ਤੇ ਠੰਡੇ ਵਾਤਾਵਰਣ ਦੇ ਗੰਭੀਰ ਸੰਪਰਕ ਸਾਹ ਪ੍ਰਣਾਲੀ ਵਿੱਚ ਨਾਟਕੀ ਤਬਦੀਲੀਆਂ ਦਾ ਕਾਰਨ ਬਣਦੇ ਹਨ।ਜੇ ਕੋਈ ਸੀਓਪੀਡੀ ਮਰੀਜ਼ ਕੋਵਿਡ ਦਾ ਵਿਕਾਸ ਕਰਦਾ ਹੈ, ਤਾਂ ਇਹ ਜਾਨਲੇਵਾ ਹੋ ਸਕਦਾ ਹੈ।

# ਗਲੋਬਲ ਸਕੂਲ 'ਚ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਵਸ ਮਨਾਇਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸੀ ਬੀ ਐੱਸ ਈ ਤੋਂ ਮਾਨਤਾ ਪ੍ਰਾਪਤ ਸਰਾਫ਼ ਐਜੂਬੀਕਨਜ਼ ਗਲੋਬਲ ਡਿਸਕਵਰੀ ਸਕੂਲ ਰਾਮਪੁਰਾ ਫੂਲ ਵਿੱਚ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਵਸ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ।ਇਸ ਪ੍ਰੋਗਰਾਮ ਦਾ ਉਦੇਸ਼ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਮਹਾਨ ਸ਼ਹਾਦਤ ਨੂੰ ਯਾਦ ਕਰਦਿਆਂ ਵਿਦਿਆਰਥੀਆਂ ਵਿੱਚ ਤਿਆਗ, ਸਾਹਸ ਤੇ ਧਾਰਮਿਕ ਨਿਸ਼ਠਾ ਦੀ ਭਾਵਨਾ ਨੂੰ ਵਿਕਸਿਤ ਕਰਨਾ ਸੀ। ?ਸਕੂਲ ਵਿੱਚ ਇਕ ਵਿਸ਼ੇਸ਼ ਪ੍ਰਾਰਥਨਾ ਸਭਾ ਦੌਰਾਨ ਵਿਦਿਆਰਥੀਆਂ ਤੇ ਅਧਿਆਪਕਾਂ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਨਮਨ ਕਰਦਿਆਂ ਉਨ੍ਹਾਂ ਨੂੰ ਭਾਵਪੂਰਨ ਸ਼ਰਧਾਂਜਲੀ ਅਰਪਿਤ ਕੀਤੀ।ਇਸ ਮੌਕੇ ਵਿਦਿਆਰਥੀਆਂ ਨੇ ਭਾਸ਼ਣ, ਕਵਿਤਾਵਾਂ, ਸ਼ਬਦ ਗਾਇਨ ਤੇ ਵਿਚਾਰ ਪੇਸ਼ ਕਰਕੇ ਸਾਹਿਬਜ਼ਾਦਿਆਂ ਦੇ ਅਦੁੱਤੀ ਬਲਿਦਾਨ ਤੇ ਉਨ੍ਹਾਂ ਦੇ ਆਦਰਸ਼ਾਂ ਨੂੰ ਉਜਾਗਰ ਕੀਤਾ।ਪ੍ਰੋਗਰਾਮ ਦੌਰਾਨ ਸਕੂਲ ਦੇ ਉੱਪ-ਚੇਅਰਮੈਨ ਅਮਿਤ ਸਰਾਫ ਨੇ ਕਿਹਾ ਕਿ ਸਾਹਿਬਜ਼ਾਦਿਆਂ ਦੀ ਸ਼ਹਾਦਤ ਸਿਰਫ਼ ਇਤਿਹਾਸ ਨਹੀਂ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਸਾਹਸ, ਧਰਮ ਤੇ ਸੱਚ ਦੇ ਮਾਰਗ 'ਤੇ ਰਹਿਣ ਦੀ ਅਮਰ ਪ੍ਰੇਰਣਾ ਹੈ।ਸਾਨੂੰ ਉਨ੍ਹਾਂ ਦੇ ਆਦਰਸ਼ਾਂ ਨੂੰ ਅਪਣੇ ਜੀਵਨ ਵਿੱਚ ਅਪਣਾ ਕੇ ਸਮਾਜ ਤੇ ਰਾਸ਼ਟਰ ਪ੍ਰਤੀ ਅਪਣੇ ਕਰਤੱਵਾਂ ਨੂੰ ਨਿਸ਼ਠਾ ਨਾਲ ਨਿਭਾਉਣਾ ਚਾਹੀਦਾ ਹੈ।ਉਨ੍ਹਾਂ ਵਿਦਿਆਰਥੀਆਂ ਨੂੰ ਨੈਤਿਕ ਮੁੱਲਾਂ, ਅਨੁਸ਼ਾਸਨ ਤੇ ਮਨੁੱਖਤਾ ਨੂੰ ਜੀਵਨ ਦਾ ਅਧਾਰ ਬਣਾਉਣ ਦਾ ਸੰਦੇਸ਼ ਦਿੱਤਾ।ਪ੍ਰਾਰਥਨਾ ਸਭਾ ਦੇ ਅੰਤ ਵਿੱਚ ਸਭ ਨੇ ਸਾਹਿਬਜ਼ਾਦਿਆਂ ਵੱਲੋਂ ਵਿਖਾਏ ਮਾਰਗ 'ਤੇ ਚੱਲਣ ਤੇ ਸੱਚ ਅਤੇ ਧਰਮ ਦੀ ਰੱਖਿਆ ਲਈ ਸਦਾ ਤੱਤਪਰ ਰਹਿਣ ਦਾ ਸੰਕਲਪ ਲਿਆ।ਮਨ ਵਿੱਚ ਸਾਹਸ ਤੇ ਨੈਤਿਕ ਮੁੱਲਾਂ 'ਤੇ ਅਧਾਰਤ ਮਾਰਗ 'ਤੇ ਸਥਿਰ ਰਹਿਣ ਦੀ ਭਾਵਨਾ ਨੂੰ ਹੋਰ ਮਜ਼ਬੂਤ ਕੀਤੀ ਗਿਆ।

# ਬਿਜਲੀ ਨਿਗਮ ਦੀਆਂ ਜਾਇਦਾਦਾਂ ਵੇਚਣ ਦਾ ਵਿਰੋਧ ਕਰ ਰਹੇ ਇੰਜੀਨੀਅਰ ਆਗੂਆਂ ਦੇ ਕੀਤੇ ਤਬਾਦਲੇ

## ਮੁਲਾਜ਼ਮਾਂ ਵੱਲੋਂ 2 ਜਨਵਰੀ ਤੋਂ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ



**ਪਟਿਆਲਾ/ਸਨੌਰ (ਰਾਜਿੰਦਰ ਸਿੰਘ ਥਿੰਦ)**

ਬਿਜਲੀ ਨਿਗਮਾਂ ਦੀਆਂ ਜ਼ਮੀਨਾਂ ਵੇਚਣ ਵਿਰੁੱਧ ਰੋਪੜ ਥਰਮਲ ਵਿਖੇ 800 ਮੈਗਾਵਾਟ ਦੇ ਦੋ ਯੂਨਿਟਾਂ ਦੀ ਸਥਾਪਨਾ ਦੀ ਪ੍ਰਕਿਰਿਆ 'ਚ ਪੈਦਾ ਕੀਤੀਆਂ ਜਾ ਰਹੀਆਂ ਰੁਕਾਵਟਾਂ ਤੇ ਬਿਜਲੀ ਸੋਧ ਬਿੱਲ 2025 ਲਾਗੂ ਕਰਨ ਦੀਆਂ ਕੋਸ਼ਿਸ਼ਾਂ ਦੇ ਵਿਰੋਧ 'ਚ ਬਿਜਲੀ ਵਿਭਾਗ ਦੀਆਂ ਵੱਖ-ਵੱਖ ਜਥੇਬੰਦੀਆਂ, ਜਿਨ੍ਹਾਂ ਵਿੱਚ ਇੰਜੀਨੀਅਰ, ਮੁਲਾਜ਼ਮ ਤੇ ਪੈਨਸ਼ਨਰਜ਼ ਸ਼ਾਮਲ ਹਨ, ਵੱਲੋਂ ਸਾਂਝੇ ਸੰਘਰਸ਼ ਦੇ ਐਲਾਨ ਤੋਂ ਬਾਅਦ ਘਬਰਾਹਟ ਵਿੱਚ ਆਈ ਸਰਕਾਰ ਨੇ ਇੰਜੀਨੀਅਰ ਐਸੋਸੀਏਸ਼ਨ ਦੇ ਸੀਨੀਅਰ ਨੇਤਾਵਾਂ ਦੇ ਤਬਾਦਲੇ ਕਰ ਦਿੱਤੇ ਹਨ, ਜਿਸ ਦਾ ਪੰਜਾਬ ਭਰ ਤੋਂ ਡੱਟਵਾਂ ਵਿਰੋਧ ਹੋਇਆ ਹੈ।

ਇੰਜੀਨੀਅਰ ਅਜੇਪਾਲ ਸਿੰਘ ਅਟਵਾਲ, ਜਿਹੜੇ ਕਿ ਪਾਵਰ ਇੰਜੀਨੀਅਰ ਐਸੋਸੀਏਸ਼ਨ ਦੇ ਜਨਰਲ ਸਕੱਤਰ ਹਨ, ਨੂੰ ਪਟਿਆਲਾ ਮੁੱਖ ਦਫਤਰ ਤੋਂ ਬਦਲ ਕੇ ਮੰਡੀ ਗੋਬਿੰਦਗੜ੍ਹ ਵਿਖੇ ਤਾਇਨਾਤ ਕਰ ਦਿੱਤਾ ਗਿਆ ਹੈ।ਇਸ ਦੇ ਨਾਲ ਹੀ ਇੰਜੀਨੀਅਰ ਜਤਿੰਦਰ ਗਰਗ ਜਿਹੜੇ ਕਿ ਪਟਿਆਲਾ ਟਾਊਨ ਵਿਖੇ ਤਾਇਨਾਤ ਸਨ ਤੇ ਇਸ ਸਮੇਂ ਇੰਜੀਨੀਅਰ ਐਸੋਸੀਏਸ਼ਨ ਦੇ ਆਫਿਸ ਬੀਅਰਰ ਵਜੋ ਐਸੋਸੀਏਸ਼ਨ ਦੀ ਮੁੱਢਲੀ ਕਤਾਰ ਦੇ ਨੇਤਾ ਹਨ, ਨੂੰ ਵੀ ਅਚਨਚੇਤ ਪਟਿਆਲਾ ਤੋਂ ਬਦਲ ਕੇ ਸੰਗਰੂਰ ਲਗਾ ਦਿੱਤਾ ਗਿਆ ਹੈ।ਇਥੇ ਹੀ ਬਸ ਨਹੀਂ ਐਸੋਸੀਏਸ਼ਨ ਦੇ ਸੈਕਟਰੀ ਫਾਈਨਾਂਸ ਇੰਜੀਨੀਅਰ ਦਵਿੰਦਰ ਕੁਮਾਰ ਗੋਇਲ ਨੂੰ ਬਦਲ ਕੇ ਲੁਧਿਆਣਾ ਪਹੁੰਚਾ ਦਿੱਤਾ ਗਿਆ ਹੈ।ਇਕ-ਦੋ ਹੋਰ ਸੀਨੀਅਰ ਨੇਤਾ ਵੀ ਬਦਲ ਦਿੱਤੇ ਗਏ ਹਨ।ਹਾਲਾਂਕਿ ਸਰਕਾਰ ਇਸ ਨੂੰ ਰੂਟੀਨ ਤਬਾਦਲੇ ਦਾ ਦਾਅਵਾ ਕਰ ਰਹੀ ਰਹੀ ਹੈ, ਪਰ ਇਨ੍ਹਾਂ ਇੰਜੀਨੀਅਰ ਸੀਨੀਅਰ ਨੇਤਾਵਾਂ ਦੀਆਂ ਬਦਲੀਆਂ ਅਜਿਹੀ ਥਾਵਾਂ 'ਤੇ ਕੀਤੀਆਂ ਹਨ, ਜਿੱਥੇ ਬਹੁਤ ਜ਼ਿਆਦਾ ਵਿਅਸਤ ਹੋਵੇ ਤੇ ਇਨ੍ਹਾਂ ਦਾ ਧਿਆਨ ਸੰਘਰਸ਼ ਤੋਂ ਹਟ ਜਾਵੇ, ਪਰ ਦੂਸਰੇ ਪਾਸੇ ਸਰਕਾਰ ਖਿਲਾਫ ਸਾਂਝੇ ਮੋਰਚੇ ਵੱਲੋਂ ਸੰਘਰਸ਼ ਦਾ ਐਲਾਨ ਕਰ ਦਿੱਤਾ ਗਿਆ ਹੈ।ਸੰਘਰਸ਼ ਦੀਆਂ ਤਿਆਰੀਆਂ ਲਈ ਪਟਿਆਲਾ ਵਿਖੇ ਮੀਟਿੰਗ ਹੋਈ, ਜਿਸ 'ਚ ਹੋਏ ਫੈਸਲੇ ਮੁਤਾਬਕ ਪੀ. ਐੱਸ. ਈ. ਬੀ. ਇੰਜੀਨੀਅਰਜ਼ ਐਸੋਸੀਏਸ਼ਨ, ਕੌਂਸਲ ਆਫ ਜੂਨੀਅਰ ਇੰਜੀਨੀਅਰਜ਼, ਬਿਜਲੀ ਮੁਲਾਜ਼ਮ ਸੰਘਰਸ਼ਸ਼ੀਲ ਮੋਰਚਾ, ਪੈਨਸ਼ਨਰ ਐਸੋਸੀਏਸ਼ਨ ਆਈ. ਟੀ. ਆਫਿਸ ਐਸੋਸੀਏਸ਼ਨ, ਐੱਚ ਆਰ ਆਫਿਸਰਜ਼ ਐਸਸੀਏਸ਼ਨ, ਅਕਾਊਂਟਸ ਐਸੋਸੀਏਸ਼ਨ ਆਦਿ ਵੱਲੋਂ ਸਾਂਝੇ ਤੌਰ 'ਤੇ 'ਪਾਵਰ ਸੈਕਟਰ ਕਰਮਚਾਰੀਆਂ, ਇੰਜੀਨੀਅਰਾਂ ਤੇ ਪੈਨਸ਼ਨਰਾਂ ਦੀ ਸਾਂਝੀ ਐਕਸ਼ਨ ਕਮੇਟੀ' ਦੇ ਨਾਂ ਹੇਠ ਉਕਤ ਤਿੰਨੋਂ ਮੁੱਦਿਆਂ 'ਤੇ ਸਾਂਝੀ ਲੜਾਈ ਲੜਨ ਦਾ ਫੈਸਲਾ ਕੀਤਾ ਗਿਆ ਹੈ।ਸਾਂਝੀ ਐਕਸ਼ਨ ਕਮੇਟੀ ਵੱਲੋਂ ਪੰਜਾਬ ਭਰ ਵਿੱਚ ਕੀਤੇ ਸੰਘਰਸ਼ ਦੇ ਐਲਾਨ ਤਹਿਤ 2 ਜਨਵਰੀ 2026 ਨੂੰ ਅੰਮ੍ਰਿਤਸਰ ਵਿਖੇ ਜ਼ੋਨਲ ਧਰਨਾ ਤੇ ਰੋਸ ਪ੍ਰਦਰਸ਼ਨ, 6 ਜਨਵਰੀ 2026 ਨੂੰ ਬਠਿੰਡਾ ਵਿਖੇ, 9 ਜਨਵਰੀ 2026 ਨੂੰ ਪਟਿਆਲਾ ਵਿਖੇ, 15 ਜਨਵਰੀ 2026 ਨੂੰ ਲੁਧਿਆਣਾ ਵਿਖੇ, 20 ਜਨਵਰੀ 2026 ਨੂੰ ਜਲੰਧਰ ਵਿਖੇ ਜ਼ੋਨਲ ਧਰਨਾ ਤੇ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਗਿਆ ਹੈ।ਸਾਂਝੀ ਐਕਸ਼ਨ ਕਮੇਟੀ ਦੇ ਬੁਲਾਰਿਆਂ ਅਵਤਾਰ ਸਿੰਘ ਕੈਂਥ, ਇੰਜੀ. ਅਮਨਦੀਪ ਜੇਹਲਵੀ ਤੇ ਇੰਜੀ ਜਤਿੰਦਰ ਗਰਗ ਨੇ ਦੱਸਿਆ ਕਿ ਜਨਵਰੀ ਦੇ ਆਖ਼ਰੀ ਹਫ਼ਤੇ 'ਚ ਮੁੱਖ ਦਫਤਰ ਪਾਵਰਕਾਮ ਦੇ ਬਾਹਰ ਧਰਨਾ ਲਗਾਇਆ ਜਾਵੇਗਾ ਤੇ ਜੇਕਰ ਫਿਰ ਵੀ ਪਾਵਰ ਸੈਕਟਰ ਵਿਰੋਧੀ ਗਤੀਵਿਧੀਆਂ ਬੰਦ ਨਾ ਕੀਤੀਆਂ ਗਈਆਂ ਤਾਂ ਬਿਜਲੀ ਖੇਤਰ ਦੇ ਸਮੁੱਚੇ ਕਰਮਚਾਰੀ, ਅਧਿਕਾਰੀ ਤੇ ਇੰਜੀਨੀਅਰ ਸਮੂਹਕ ਛੁੱਟੀ 'ਤੇ ਜਾਣਗੇ।

# ਡੀਪੂ ਹੋਲਡਰ ਫੈਡਰੇਸ਼ਨ ਵੱਲੋਂ ਡਾਇਰੈਕਟਰ ਫੂਡ ਸਪਲਾਈ ਨਾਲ ਮੀਟਿੰਗ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਰਾਸ਼ਨ ਡਿਪੂ ਹੋਲਡਰ ਫੈਡਰੇਸ਼ਨ (118) ਵੱਲੋਂ ਡਾਇਰੈਕਟਰ ਫੂਡ ਸਪਲਾਈ ਵਰਿੰਦਰ ਸ਼ਰਮਾ ਤੇ ਜੁਆਇੰਟ ਡਾਇਰੈਕਟਰ ਮੈਡਮ ਅੰਜੂਮ ਭਾਸਕਰ ਨਾਲ ਪੰਜਾਬ ਪ੍ਰਧਾਨ ਸੁਖਵਿੰਦਰ ਸਿੰਘ ਕਾਂਜਲਾ ਦੀ ਅਗਵਾਈ ਵਿਚ ਅਨਾਜ ਭਵਨ ਚੰਡੀਗੜ੍ਹ ਵਿਖੇ ਇਕ ਮੀਟਿੰਗ ਕੀਤੀ ਗਈ, ਜਿਸ 'ਚ ਮੰਗ ਕੀਤੀ ਗਈ ਹੈ ਕਿ ਦਿੱਲੀ ਦੀ ਤਰਜ 'ਤੇ 200 ਰੁਪਏ ਕੁਇੰਟਲ ਕਮਿਸ਼ਨ, ਲੋਡਿੰਗ, ਅਣਲੋਡਿੰਗ, ਟਰਾਂਸਫਰ ਤੇ ਲੇਬਰ ਦੀ ਰਕਮ ਜੋ ਠੇਕੇਦਾਰ ਨੂੰ ਦਿੱਤੀ ਜਾਂਦੀ ਹੈ, ਉਹ ਡਿਪੂ ਹੋਲਡਰ ਨੂੰ ਦਿੱਤੀ ਜਾਵੇ। ਜ਼ਿਲ੍ਹਾ ਪ੍ਰਧਾਨ ਫਿਰੋਜ਼ਪੁਰ ਰਜਿੰਦਰ ਸਿੰਘ ਫੁੱਲਰਵੰਨ ਨੇ ਕਿਹਾ ਕਿ ਜੇ ਸਾਡੀਆਂ ਜਾਇਜ਼ ਮੰਗਾਂ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਡਿਪੂ ਹੋਲਡਰਾਂ ਵੱਲੋਂ ਵੱਡੇ ਪੱਧਰ 'ਤੇ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਸੰਗਰੂਰ ਸੁਰਜੀਤ ਸਿੰਘ, ਪ੍ਰਧਾਨ ਧਰਮਾਲ ਸ਼ਰਮਾ, ਬਠਿੰਡਾ ਪ੍ਰਧਾਨ ਸੰਤੋਖ ਸਿੰਘ, ਬਿੱਟੂ, ਬਲਵਿੰਦਰ ਸਿਆਲ, ਹੁਸ਼ਿਆਰ ਸਿੰਘ, ਬਲਕਰਨਜੀਤ ਸਿੰਘ ਹਾਜ਼ੀ ਵਾਲਾ, ਬਲਕਾਰ ਸਿੰਘ, ਬਖਸ਼ੀਸ਼ ਮਹਿਮਾ, ਜਗਤਾਰ ਭੁੱਲਰ, ਰਾਜਿੰਦਰ ਅਰੋੜਾ, ਅਤੁਲ ਕੁਮਾਰ, ਤਲਵਿੰਦਰ ਉੱਪਲ, ਜਸਵਿੰਦਰ ਆਰਿਫ਼ ਕੇ, ਕੁਲਬੀਰ ਸਿੰਘ ਨੂਰਪੁਰ ਸੇਠਾਂ ਆਦਿ ਹਾਜ਼ਰ ਸਨ।

ਤਹੀ ਪ੍ਰਕਾਸ ਹਮਾਰਾ ਭਯੋ॥ ਪਟਨਾ ਸਹਰ ਬਿਖੈ ਭਵ ਲਯੋ॥

ਸਾਹਿਬ-ਏ-ਕਮਾਲ, ਸਰਬੰਸਦਾਨੀ
ਦਸਮ ਪਾਤਸ਼ਾਹ
ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ
ਪ੍ਰਕਾਸ਼ ਗੁਰਪੁਰਬ
ਦੀਆਂ
ਦੇਸ਼ ਵਿਦੇਸ਼ ਦੀਆਂ ਸੰਗਤਾਂ ਨੂੰ
ਹਾਰਦਿਕ ਵਧਾਈਆਂ

ਆਓ! ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਹੋ ਕੇ ਉਨ੍ਹਾਂ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਦਾ ਪ੍ਰਣ ਕਰੀਏ।

-ਗੁਰੂ ਪੰਥ ਦਾ ਦਾਸ-
ਐਡਵੋਕੇਟ ਹਰਜਿੰਦਰ ਸਿੰਘ ਧਾਮੀ
ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।


ਵੱਲੋਂ: ਮੁੱਖ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

# ਗੁਰੂ ਨਾਨਕ ਨੈਸ਼ਨਲ ਕਾਲਜ ਵਿਖੇ ਵੀਰ ਬਾਲ ਦਿਵਸ ਮਨਾਇਆ



**ਦੋਰਾਹਾ (ਹਰਮਿੰਦਰ ਸੇਠ)**-ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਦੇ ਐੱਨ ਐੱਸ ਐੱਸ ਯੂਨਿਟ ਵੱਲੋਂ ਦਸਮਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਨਮਨ ਕਰਦਿਆਂ ਵੀਰ ਬਾਲ ਦਿਵਸ ਮਨਾਇਆ ਗਿਆ।ਇਸ ਮੌਕੇ ਐੱਨ ਐੱਸ ਵਾਲੰਟੀਅਰ ਜਸਕਰਨ ਸਿੰਘ ਨੇ ਵਿਦਿਆਰਥੀਆਂ ਨੂੰ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਜੀ ਦੀ ਲਾਸਾਨੀ ਕੁਰਬਾਨੀ ਬਾਰੇ ਪ੍ਰੇਰਨਾਦਾਇਕ ਭਾਸ਼ਣ ਦਿੱਤਾ।ਇਸ ਮੌਕੇ ਉਚੇਚੇ ਤੌਰ 'ਤੇ ਹਾਜ਼ਰ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਵਿਦਿਆਰਥੀਆਂ ਨੂੰ ਹਮੇਸ਼ਾ ਸੱਚ ਦੇ ਮਾਰਗ ਉੱਤੇ ਚੱਲਣ ਲਈ ਪ੍ਰੇਰਿਆ।ਇਸ ਗਤੀਵਿਧੀ ਦੇ ਆਯੋਜਨ ਵਿੱਚ ਪ੍ਰੋਗਰਾਮ ਅਫ਼ਸਰ ਡਾ. ਲਵਲੀਨ ਬੈਂਸ, ਪ੍ਰੋ. ਅਮਨਦੀਪ ਚੀਮਾ ਤੇ ਡਾ. ਗੁਰਪ੍ਰੀਤ ਸਿੰਘ ਨੇ ਯੋਗਦਾਨ ਪਾਇਆ।ਇਸ ਮੌਕੇ ਪ੍ਰੋ. ਰਣਜੀਤ ਕੌਰ, ਡਾ. ਅਮਨਦੀਪ ਕੁਲਾਰ, ਡਾ. ਸੋਮਪਾਲ ਹੀਰਾ ਤੇ ਪ੍ਰੋ. ਗੁਰਪ੍ਰੀਤ ਕੌਰ ਹਾਜ਼ਰ ਸਨ।ਇਸ ਮੌਕੇ ਕਾਲਜ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਸ੍ਰ. ਹਰਪ੍ਰਤਾਪ ਸਿੰਘ ਬਰਾੜ, ਜਨਰਲ ਸਕੱਤਰ ਡਾ. ਪਵਿੱਤਰਪਾਲ ਸਿੰਘ ਪਾਂਗਲੀ, ਐਗਜ਼ੀਕਿਊਟਿਵ ਮੈਂਬਰ ਸ੍ਰੀਮਤੀ ਰੁਪਿੰਦਰ ਕੌਰ ਬਰਾੜ, ਅਹੁਦੇਦਾਰਾਂ, ਮੈਂਬਰ ਸਾਹਿਬਾਨ ਤੇ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਸਮੁੱਚੀ ਟੀਮ ਦੀ ਸ਼ਲਾਘਾ ਕੀਤੀ ਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਪ੍ਰਣਾਮ ਕਰਦਿਆਂ ਸ਼ਰਧਾਂਜਲੀ ਭੇਟ ਕੀਤੀ।

# ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਬਲਾਕ ਰਾਮਪੁਰਾ ਫੂਲ ਦੀ ਮੀਟਿੰਗ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਬਲਾਕ ਰਾਮਪੁਰਾ ਫੂਲ ਦੀ ਮਹੀਨਾਵਾਰ ਮੀਟਿੰਗ ਡਾਕਟਰ ਨਿਰਮਲ ਸਿੰਘ ਚਾਉਕੇ ਬਲਾਕ ਪ੍ਰਧਾਨ ਦੀ ਹਾਜ਼ਰੀ ਵਿੱਚ ਹੋਈ।ਸਟੇਜ ਦੀ ਕਾਰਵਾਈ ਜਨਰਲ ਸਕੱਤਰ ਡਾਕਟਰ ਦੇਵ ਰਾਜ ਨੇ ਨਿਭਾਈ, ਜਿਸ ਵਿੱਚ ਇਸ ਮਹੀਨੇ ਵਿੱਛੜੀਆਂ ਰੂਹਾਂ ਨੂੰ ਯਾਦ ਕੀਤਾ ਗਿਆ।ਸ਼ਹੀਦੀ ਦਿਹਾੜੇ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਵਿਛੋੜੇ ਤੇ ਚਾਰ ਸਾਹਿਬਜ਼ਾਦੇ ਮਾਤਾ ਗੁਜ਼ਰ ਕੌਰ ਤੇ ਅਨੇਕਾਂ ਸਿੰਘਾਂ ਨੂੰ ਯਾਦ ਕੀਤਾ ਗਿਆ।ਕੁੱਲ ਮਨੁੱਖਤਾ ਲਈ ਦਿੱਤੀ ਸ਼ਹੀਦੀ ਨੂੰ ਯਾਦ ਕੀਤਾ ਗਿਆ ਤੇ ਸਾਨੂੰ ਗੁਰੂਆਂ ਦੇ ਦੱਸੇ ਸੱਚ ਦੇ ਮਾਰਗ 'ਤੇ ਚੱਲਣ ਲਈ ਤੇ ਮਾਨਵਤਾ ਦੀ ਸੇਵਾ ਵਿੱਚ ਹਰ ਸਮੇਂ ਤਿਆਰ ਰਹਿਣ ਲਈ ਕਿਹਾ ਗਿਆ।ਡਾਕਟਰ ਰੇਸ਼ਮ ਸਿੰਘ ਫੂਲ ਨੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਕਿਹਾ ਕਿ ਸਾਥੀਆਂ ਦੀ ਸਮੱਸਿਆ ਵੱਲ ਧਿਆਨ ਦਿੱਤਾ ਜਾਵੇ ਤੇ ਸਰਕਾਰ ਵੱਲੋਂ ਸਾਡੇ ਨਾਲ ਕੀਤੇ ਵਾਅਦੇ ਯਾਦ ਕਰਵਾਏ ਜਾਣ ਤੇ ਹੱਲ ਕੀਤੇ ਜਾਣ।ਡਾਕਟਰ ਰਵੇਲ ਸਿੰਘ ਮਹਿਰਾਜ ਨੇ ਸਾਥੀਆਂ ਨੂੰ ਮੀਟਿੰਗ ਵਿੱਚ ਗਿਣਤੀ ਵਧਾਉਣ, ਸਾਫ ਸੁਥਰੀ ਤੇ ਨਸ਼ਿਆਂ ਤੋਂ ਰਹਿਤ ਪ੍ਰੈਕਟਿਸ ਕਰਨ ਲਈ ਕਿਹਾ।ਡਾਕਟਰ ਕੌਰ ਸਿੰਘ ਫੂਲ ਕੈਸ਼ੀਅਰ ਨੇ ਯੂਨੀਅਨ ਦੇ ਹਿਸਾਬ ਕਿਤਾਬ ਬਾਰੇ ਦੱਸਿਆ ਤੇ ਸਮਾਜ 'ਚ ਫੈਲੀਆਂ ਮਾੜੀਆਂ ਕੁਰੀਤੀਆਂ ਦਾ ਵਿਰੋਧ ਕਰਨ ਲਈ ਕਿਹਾ।ਡਾਕਟਰ ਜਗਤਾਰ ਸਿੰਘ ਫੂਲ ਨੇ ਕਿਹਾ ਕਿ ਸਾਨੂੰ ਰਲਮਿਲ ਕੇ ਜਥੇਬੰਦੀ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ ਤਾਂ ਕਿ ਆਉਣ ਵਾਲੇ ਸਮੇਂ ਵਿੱਚ ਸਾਨੂੰ ਕੋਈ ਮੁਸ਼ਕਲ ਨਾ ਆਵੇ।ਡਾਕਟਰ ਨਿਰਮਲ ਸਿੰਘ ਚਾਉਕੇ ਨੇ ਸਾਰੇ ਸਾਥੀਆਂ ਦਾ ਮੀਟਿੰਗ ਵਿੱਚ ਪਹੁੰਚਣ 'ਤੇ ਧੰਨਵਾਦ ਕੀਤਾ।ਇਸ ਮੌਕੇ ਡਾਕਟਰ ਹਰਜਿੰਦਰ ਸਿੰਘ ਭਾਈਰੂਪਾ, ਡਾਕਟਰ ਗੁਰਸੇਵਕ ਸਿੰਘ ਢੱਡੇ, ਡਾਕਟਰ ਵੇਦ ਵਿਆਸ, ਡਾਕਟਰ ਰਜਿੰਦਰ ਕੁਮਾਰ, ਡਾਕਟਰ ਲੱਖਾ, ਡਾ. ਇਕਬਾਲ, ਡਾਕਟਰ ਗੁਰਦੀਪ ਸਿੰਘ ਭੋਲਾ, ਡਾਕਟਰ ਕੁਲਵੰਤ ਸਿੰਘ, ਭਗਵੰਤ ਸਿੰਘ ਢਿਪਾਲੀ ਤੇ ਹੋਰ ਡਾਕਟਰ ਸਾਥੀ ਹਾਜ਼ਰ ਸਨ।ਇਸ ਦੀ ਜਾਣਕਾਰੀ ਪ੍ਰੈੱਸ ਸਕੱਤਰ ਡਾਕਟਰ ਮਨਜੀਤ ਸਿੰਘ ਫੂਲ ਨੇ ਪ੍ਰੈੱਸ ਨਾਲ ਸਾਂਝੀ ਕੀਤੀ।

# ਸਾਲਾਨਾ ਮਿਲਣੀ 29 ਨੂੰ



**ਦਿੜ੍ਹਬਾ (ਜਸਵੀਰ ਲਾਡੀ)**-ਪੰਜਾਬ ਸਟੂਡੈਂਟਸ ਯੂਨੀਅਨ ਤੇ ਨੌਜਵਾਨ ਭਾਰਤ ਸਭਾ ਦੇ ਪੁਰਾਣੇ ਯਾਰਾਂ-ਬੇਲੀਆਂ ਦੀ ਇਕੱਤਰਤਾ ਸ਼ਹੀਦ ਭਗਤ ਸਿੰਘ ਲਾਇਬ੍ਰੇਰੀ ਛਾਜਲੀ ਵਿਖੇ ਜਗਜੀਤ ਭੁਟਾਲ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ 'ਚ ਪਿਛਲੇ ਸਮੇਂ ਦੌਰਾਨ ਵਿਛੜ ਗਏ ਸਾਥੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਫੈਸਲਾ ਕੀਤਾ ਗਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਇਸ ਗਰੁੱਪ ਦੇ ਮੈਂਬਰਾਂ ਦੀ ਸਲਾਨਾ ਮਿਲਣੀ 29 ਦਸੰਬਰ ਨੂੰ ਟਿਊਲਿਪ ਫਾਰਮ ਛਾਜਲੀ ਵਿਖੇ ਹੋਵੇਗੀ।

ਪੰਤਾਲੀ ਸਾਲ ਪਹਿਲਾਂ, ਜਦੋਂ ਸਮੇਂ ਦੀ ਸਰਕਾਰ ਨੇ ਅਚਨਚੇਤ ਬੱਸਾਂ ਦੇ ਕਿਰਾਏ ਵਿੱਚ 43 ਫ਼ੀਸਦੀ ਵਾਧਾ ਕਰਕੇ ਲੋਕਾਂ ਦੀਆਂ ਜੇਬਾਂ ਉੱਤੇ ਭਾਰੀ ਬੋਝ ਪਾ ਦਿੱਤਾ ਸੀ ਤਾਂ ਪੰਜਾਬ ਭਰ 'ਚ ਵਧੇ ਬੱਸ ਕਿਰਾਏ ਵਿਰੋਧੀ ਅੰਦੋਲਨ ਛਿੜ ਪਿਆ ਸੀ ਤੇ ਪੰਜਾਬ ਸਟੂਡੈਂਟਸ ਯੂਨੀਅਨ ਤੇ ਨੌਜਵਾਨ ਭਾਰਤ ਸਭਾ ਵੱਲੋਂ 29 ਦਸੰਬਰ 1980 ਨੂੰ ਬੱਸਾਂ ਦੇ ਘਿਰਾਓ ਤੇ ਹਵਾ ਕੱਢਣ ਦਾ ਸੱਦਾ ਦਿੱਤਾ ਗਿਆ ਸੀ।

ਉਸ ਦਿਨ ਪਿੰਡ ਛਾਜਲੀ ਵਿਖੇ ਪੁਲਸ ਵੱਲੋਂ ਸ਼ਾਂਤਮਈ ਅੰਦੋਲਨ ਕਰ ਰਹੇ ਲੋਕਾਂ 'ਤੇ ਗੋਲੀ ਚਲਾ ਕੇ ਕਈ ਲੋਕਾਂ ਨੂੰ ਫੱਟੜ ਕਰ ਦਿੱਤਾ ਗਿਆ ਸੀ।ਇਸ ਦਿਨ ਦੀ ਯਾਦ ਨੂੰ ਸਮਰਪਤ ਇਸ ਮਿਲਣੀ ਵਿੱਚ ਉਸ ਮੌਕੇ ਪੁਲਸ ਵੱਤਲੋਂ ਕੀਤੀ ਗਈ ਗੋਲੀਬਾਰੀ ਦੌਰਾਨ ਗੰਭੀਰ ਰੂਪ ਵਿੱਚ ਫੱਟੜ ਹੋਏ ਪਿੰਡ ਛਾਜਲੀ ਦੇ ਸ਼ੇਰ ਸਿੰਘ ਤੇ ਜਸਵਿੰਦਰ ਸਿੰਘ (ਭੋਲਾ) ਨੂੰ ਸਨਮਾਨਤ ਕੀਤਾ ਜਾਵੇਗਾ।ਇਸ ਮਿੱਤਰ ਮਿਲਣੀ 'ਚ ਨੌਜਵਾਨ ਭਾਰਤ ਸਭਾ, ਸੱਭਿਆਚਾਰਕ ਸਭਾ ਲਹਿਰਾਗਾਗਾ, ਲੋਕ ਨਾਟਕ ਮੰਡਲੀ ਲਹਿਰਾਗਾਗਾ ਤੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਪੁਰਾਣੇ ਵਰਕਰ ਅਤੇ ਆਗੂ ਆਪਣੇ ਸੰਘਰਸ਼ਮਈ ਜੀਵਨ ਦੀਆਂ ਯਾਦਾਂ ਤਾਜ਼ੀਆਂ ਕਰਨਗੇ।

# ਪੋਹ ਮਹੀਨੇ ਦੇ ਸ਼ਹੀਦਾਂ ਨੂੰ ਸਮਰਪਤ ਸੁੰਦਰ ਦਸਤਾਰ ਮੁਕਾਬਲਾ

**ਦੋਰਾਹਾ, (ਹਰਮਿੰਦਰ ਸੇਠ)** ਪੋਹ ਮਹੀਨੇ ਦੇ ਸ਼ਹੀਦਾਂ ਦੀ ਪਵਿੱਤਰ ਯਾਦ ਨੂੰ ਸਮਰਪਤ ਸੁੰਦਰ ਦਸਤਾਰ ਮੁਕਾਬਲਾ ਸੁਹਾਗ ਜਵੈਲਜ਼ ਵੱਲੋਂ 26 ਦਸੰਬਰ ਨੂੰ ਕਰਾਇਆ ਗਿਆ।ਇਹ ਧਾਰਮਿਕ ਅਤੇ ਸੱਭਿਆਚਾਰਕ ਮੁਕਾਬਲਾ ਸਵੇਰੇ 10 ਵਜੇ ਸੁਹਾਗ ਜਵੈਲਜ਼ ਦੇ ਵਿਹੜੇ ਵਿੱਚ ਆਯੋਜਤ ਕੀਤਾ ਗਿਆ, ਜਿਸ ਦੌਰਾਨ ਭਾਗ ਲੈਣ ਵਾਲਿਆਂ ਅਤੇ ਸੰਗਤ ਲਈ ਗੁਰੂ ਕਾ ਲੰਗਰ ਵੀ ਲਾਇਆ ਗਿਆ। ਉਥੇ ਕਾਰੋਬਾਰੀ ਤੇ ਸਮਾਜ ਸੇਵਕ ਵਿਨੀਤ ਅਸ਼ਟ (ਸੁਹਾਗ ਜਵੈਲਜ਼) ਨੇ ਦੱਸਿਆ ਕਿ ਇਸ ਮੁਕਾਬਲੇ ਦਾ ਮੁੱਖ ਉਦੇਸ਼ ਨੌਜਵਾਨ ਪੀੜ੍ਹੀ ਨੂੰ ਸਿੱਖ ਇਤਿਹਾਸ ਨਾਲ ਜੋੜਨਾ ਤੇ ਪੋਹ ਮਹੀਨੇ ਦੇ ਸ਼ਹੀਦਾਂ ਦੀ ਮਹਾਨ ਕੁਰਬਾਨੀ ਤੋਂ ਪ੍ਰੇਰਣਾ ਲੈਣ ਦਾ ਸੰਦੇਸ਼ ਦੇਣਾ ਹੈ।ਉਨ੍ਹਾਂ ਕਿਹਾ ਕਿ ਅਜਿਹੇ ਸਮਾਗਮ ਸਿੱਖ ਰਿਵਾਇਤਾਂ ਅਤੇ ਸੰਸਕ੍ਰਿਤੀ ਨੂੰ ਸੰਭਾਲਣ ਵਿੱਚ ਅਹੰਕਾਰਪੂਰਕ ਭੂਮਿਕਾ ਨਿਭਾਉਂਦੇ ਹਨ।ਵਿਨੀਤ ਅਸ਼ਟ ਨੇ ਅੱਗੇ ਦੱਸਿਆ ਕਿ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ, ਜਦਕਿ ਸ਼੍ਰੇਸ਼ਟ ਪ੍ਰਦਰਸ਼ਨ ਕਰਨ ਵਾਲੇ ਬੱਚਿਆਂ ਲਈ ਆਕਰਸ਼ਕ ਨਕਦ ਇਨਾਮ ਰੱਖੇ ਗਏ। ਦਸਤਾਰ ਮੁਕਾਬਲੇ ਵਿੱਚ ਚੇਤਨਜੋਤ ਸਿੰਘ ਨੇ ਪਹਿਲਾ ਸਥਾਨ, ਗੁਰਕੀਰਤ ਸਿੰਘ ਨੇ ਦੂਜਾ ਸਥਾਨ ਤੇ ਹਰਪ੍ਰੀਤ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਜੇਤੂਆਂ ਨੂੰ ਕ੍ਰਮਵਾਰ 2100 ਰੁਪਏ, 1500 ਰੁਪਏ ਤੇ 1100 ਰੁਪਏ ਨਕਦ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ।ਸਾਬਕਾ ਵਿਧਾਇਕ ਤੇ ਜ਼ਿਲ੍ਹਾ ਕਾਂਗਰਸ ਪ੍ਰਧਾਨ ਸ੍ਰੀ ਲਖਵੀਰ ਸਿੰਘ ਲੱਖਾ ਤੇ ਕੋਆਰਡੀਨੇਟਰ ਤੇ ਚੇਅਰਮੈਨ ਬੰਤ ਸਿੰਘ ਦੋਬੁਰਜੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਸਮਾਗਮ ਦੀ ਪ੍ਰਸ਼ੰਸਾ ਕੀਤੀ।

# ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਕੌਰ ਦੀ ਸ਼ਹਾਦਤ ਨੂੰ ਸਮਰਪਤ ਵਿਸ਼ਾਲ ਧਾਰਮਿਕ ਸਮਾਗਮ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਜੋਗਿੰਦਰਾ ਕਾਨਵੈਂਟ ਸਕੂਲ 'ਚ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦੀ ਮਹਾਨ ਸ਼ਹਾਦਤ ਨੂੰ ਸਮਰਪਤ ਇੱਕ ਸ਼ਰਧਾਮਈ ਧਾਰਮਿਕ ਸਮਾਗਮ ਤੇ ਸਹਿਜ ਪਾਠ ਦਾ ਆਯੋਜਨ ਕੀਤਾ ਗਿਆ। ਇਸ ਪਾਵਨ ਮੌਕੇ 'ਤੇ ਸਕੂਲ ਕੰਪਲੈਕਸ ਪੂਰੀ ਤਰ੍ਹਾਂ ਅਧਿਆਤਮਕ ਰੰਗ ਵਿੱਚ ਰੰਗਿਆ ਨਜ਼ਰ ਆਇਆ। ਸਮਾਗਮ ਦੌਰਾਨ ਸਕੂਲ ਦੇ ਪ੍ਰਧਾਨ ਹਰਦੀਪ ਸਿੰਘ ਧਾਲੀਵਾਲ ਦੇ ਸਵ: ਪਿਤਾ ਜੋਗਿੰਦਰ ਸਿੰਘ ਧਾਲੀਵਾਲ ਜੀ ਦੇ 86ਵੇਂ ਜਨਮ ਦਿਨ ਦੀ ਮਿੱਠੀ ਯਾਦ ਵਿੱਚ ਵਿਸ਼ੇਸ਼ ਅਰਦਾਸ ਕੀਤੀ ਗਈ ਅਤੇ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਪ੍ਰਾਰਥਨਾ ਕੀਤੀ ਗਈ।ਸਹਿਜ ਪਾਠ ਦੀ ਸਮਾਪਤੀ ਉਪਰੰਤ ਸਕੂਲ ਦੇ ਵਿਦਿਆਰਥੀਆਂ ਨੇ ਬਹੁਤ ਹੀ ਭਾਵੁਕ ਵਾਤਾਵਰਣ ਵਿੱਚ ਮਾਤਾ ਗੁਜਰੀ ਕੌਰ ਜੀ ਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਧਾਰਮਿਕ ਸ਼ਬਦ, ਕੀਰਤਨ ਤੇ ਇਤਿਹਾਸਕ ਭਾਸ਼ਣ ਪੇਸ਼ ਕੀਤੇ। ਵਿਦਿਆਰਥੀਆਂ ਦੀਆਂ ਇਨ੍ਹਾਂ ਪੇਸ਼ਕਾਰੀਆਂ ਨੇ ਸਮੂਹ ਸੰਗਤ ਨੂੰ ਭਾਵੁਕ ਕਰ ਦਿੱਤਾ ਅਤੇ ਸ਼ਹਾਦਤ ਦੇ ਮਹਾਨ ਸੰਦੇਸ਼ ਨੂੰ ਮੁੜ ਸੁਰਜੀਤ ਕਰ ਦਿੱਤਾ। ਸਮਾਗਮ ਦੇ ਅੰਤ ਵਿੱਚ ਸਕੂਲ ਦੇ ਪ੍ਰਿੰਸੀਪਲ ਸਰਦਾਰ ਸਿਮਰਨਦੀਪ ਸਿੰਘ ਧਾਲੀਵਾਲ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਪ੍ਰਣਾਮ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਕੁਰਬਾਨੀ ਸਾਨੂੰ ਸੱਚ, ਸਾਹਸ ਤੇ ਧਰਮ ਦੇ ਮਾਰਗ 'ਤੇ ਅਟੱਲ ਰਹਿਣਾ ਸਿਖਾਉਂਦੀ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਜੀਵਨ ਵਿੱਚ ਸੱਚਾਈ ਤੇ ਸੇਵਾ ਦੇ ਮਾਰਗ ਨੂੰ ਅਪਣਾਉਣ ਦੀ ਪ੍ਰੇਰਣਾ ਦਿੱਤੀ ਤੇ ਸਮਾਗਮ ਵਿੱਚ ਪਹੁੰਚੇ ਸਮੂਹ ਮਾਪਿਆਂ ਦਾ ਧੰਨਵਾਦ ਕੀਤਾ।

# ਰੇਲ ਯਾਤਰੀ ਦਾ ਬੈਗ ਵਾਪਸ ਕੀਤਾ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-25 ਦਸੰਬਰ ਨੂੰ ਗੱਡੀ ਨੰਬਰ 12716 (ਅੰਮ੍ਰਿਤਸਰ-ਹਜ਼ੂਰ ਸਾਹਿਬ ਨਾਂਦੇੜ ਸੱਚਖੰਡ ਐਕਸਪ੍ਰੈਸ) ਦੇ ਕੋਚ ਬੀ-05 ਵਿੱਚ ਸਫ਼ਰ ਕਰ ਰਿਹਾ ਇਕ ਰੇਲ ਯਾਤਰੀ ਅੰਬਾਲਾ ਸਟੇਸ਼ਨ 'ਤੇ ਉਤਰਦੇ ਸਮੇਂ ਜਲਦਬਾਜ਼ੀ 'ਚ ਆਪਣਾ ਟਰਾਲੀ ਬੈਗ ਰੇਲਗੱਡੀ ਵਿਚ ਹੀ ਭੁੱਲ ਗਿਆ। ਅੰਮ੍ਰਿਤਸਰ ਦੇ ਟੀਟੀਆਈ ਸੁਖਰਾਮ ਮੀਨਾ ਨੇ ਆਪਣੀ ਸੂਝ-ਬੂਝ ਦਾ ਪ੍ਰਦਰਸ਼ਨ ਕਰਦੇ ਹੋਏ ਵਣਜ ਕੰਟਰੋਲ ਦੀ ਮੱਦਦ ਨਾਲ ਉਸ ਸੀਟ 'ਤੇ ਸਫ਼ਰ ਕਰਨ ਵਾਲੇ ਯਾਤਰੀ ਨਾਲ ਸੰਪਰਕ ਕੀਤਾ। ਯਾਤਰੀ ਨੇ ਦੱਸਿਆ ਕਿ ਅੰਬਾਲਾ ਛਾਉਣੀ ਸਟੇਸ਼ਨ 'ਤੇ ਉਤਰਨ ਵੇਲੇ ਕਾਹਲੀ ਵਿਚ ਉਸਦਾ ਟਰਾਲੀ ਬੈਗ ਰੇਲਗੱਡੀ ਵਿਚ ਰਹਿ ਗਿਆ ਸੀ, ਜਿਸ ਵਿਚ ਕੀਮਤੀ ਤੇ ਹੋਰ ਸਾਮਾਨ ਮੌਜੂਦ ਸੀ। ਸੁਖਰਾਮ ਮੀਨਾ ਨੇ ਨਵੀਂ ਦਿੱਲੀ ਰੇਲਵੇ ਸਟੇਸ਼ਨ 'ਤੇ ਪੂਰੀ ਤਸਦੀਕ ਕਰਨ ਉਪਰੰਤ ਉਕਤ ਯਾਤਰੀ ਦੇ ਪਰਵਾਰਕ ਮੈਂਬਰ ਨੂੰ ਟਰਾਲੀ ਬੈਗ ਸੌਂਪ ਦਿੱਤਾ। ਇਹ ਕਾਰਜ ਇਮਾਨਦਾਰੀ, ਫ਼ਰਜ਼ ਨਿਭਾਉਣ ਦੀ ਭਾਵਨਾ ਤੇ ਉੱਤਮ ਵਿਵਹਾਰ ਦਾ ਪ੍ਰਤੀਕ ਹੈ, ਜੋ ਭਾਰਤੀ ਰੇਲਵੇ ਦੇ ਅਕਸ ਨੂੰ ਹੋਰ ਮਜ਼ਬੂਤ ਕਰਦਾ ਹੈ। ਰੇਲ ਯਾਤਰੀ ਨੇ ਟਿਕਟ ਚੈਕਿੰਗ ਸਟਾਫ ਦੀ ਸ਼ਲਾਘਾ ਕਰਦੇ ਹੋਏ ਭਾਰਤੀ ਰੇਲਵੇ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਘਟਨਾ ਤੋਂ ਬਾਅਦ ਸੀਨੀਅਰ ਡਿਵੀਜ਼ਨਲ ਕਮਰਸ਼ੀਅਲ ਮੈਨੇਜਰ ਪਰਮਦੀਪ ਸਿੰਘ ਸੈਣੀ ਨੇ ਟੀਟੀਆਈ ਸੁਖਰਾਮ ਮੀਨਾ ਦੇ ਇਸ ਸ਼ਲਾਘਾਯੋਗ ਕਾਰਜ ਲਈ ਉਨ੍ਹਾਂ ਨੂੰ ਪ੍ਰਸ਼ੰਸਾ ਪੱਤਰ ਦੇਣ ਦਾ ਐਲਾਨ ਕੀਤਾ ਹੈ, ਤਾਂ ਜੋ ਹੋਰ ਟਿਕਟ ਚੈਕਿੰਗ ਸਟਾਫ਼ ਵੀ ਪ੍ਰੇਰਿਤ ਹੋ ਕੇ ਅਜਿਹੇ ਨੇਕ ਕਾਰਜ ਕਰ ਸਕੇ।

ਰੇਲਯਾਤਰੀ ਕਿਰਪਾ ਧਿਆਨ ਦੇਣ !

ਮਹੱਤਵਪੂਰਨ ਸੂਚਨਾ

ਰੇਲਯਾਤਰੀਆਂ ਦੀ ਗਿਣਤੀ ਵਿਚ ਵਾਧੇ ਨੂੰ ਵੇਖਦੇ ਹੋਏ ਰੇਲਵੇ ਦੁਆਰਾ ਹੇਠਾਂ ਲਿਖਤ ਵਿਸ਼ੇਸ਼ ਰੇਲਗੱਡੀਆਂ ਸੰਚਾਲਿਤ ਕਰਨ ਦਾ ਫੈਸਲਾ ਲਿਆ ਗਿਆ ਹੈ, ਜਿਨ੍ਹਾਂ ਦਾ ਵੇਰਵਾ ਹੇਠਾਂ ਅਨੁਸਾਰ ਹੈ:-

ਰੇਲਗੱਡੀ ਨੰ. 04081/04082 ਨਵੀਂ ਦਿੱਲੀ - ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ - ਨਵੀਂ ਦਿੱਲੀ ਰੀਜ਼ਰਵ ਵਿਸ਼ੇਸ਼ ਐਕਸਪ੍ਰੈਸ ਰੇਲਗੱਡੀ — 10 ਫੇਰੇ

| ਗੱਡੀ ਨੰ. 04081 ਆਉਣਾ | ਗੱਡੀ ਨੰ. 04081 ਜਾਣਾ | ↓ ਸਟੇਸ਼ਨ ↑ | ਗੱਡੀ ਨੰ. 04082 ਆਉਣਾ | ਗੱਡੀ ਨੰ. 04082 ਜਾਣਾ |
|---|---|---|---|---|
| ---- | 23:45 | ਨਵੀਂ ਦਿੱਲੀ | 10:00 | ---- |
| 12:00 | ---- | ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | ---- | 21:20 |

ਚੱਲਣ ਦੇ ਦਿਨ : 04081 ਨਵੀਂ ਦਿੱਲੀ ਤੋਂ ਮਿਤੀ 27.12.2025, ਤੋਂ 31.12.2025 ਤਕ ਅਤੇ 04082 ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ ਤੋਂ ਮਿਤੀ 28.12.2025 ਤੋਂ 01.01.2026 ਤਕ।
ਠਹਿਰਾਓ: ਪਾਨੀਪਤ ਜੰ., ਕੁਰੂਕਸ਼ੇਤਰ ਜੰ., ਅੰਬਾਲਾ ਛਾਉਣੀ, ਲੁਧਿਆਣਾ, ਜੰ., ਜਲੰਧਰ ਛਾਉਣੀ, ਪਠਾਨਕੋਟ ਛਾਉਣੀ, ਜੰਮੂ ਤਵੀ ਸ਼ਹੀਦ ਕਪਤਾਨ ਤੁਸ਼ਾਰ ਮਹਾਜਨ ਸਟੇਸ਼ਨ।
ਸਥਾਨ: ਫਸਟ ਏਸੀ., ਏਸੀ. 2 ਟੀਯਰ ਏਸੀ. 3 ਟੀਯਰ, ਏਸੀ. ਸਲੀਪਰ ਅਤੇ ਜਨਰਲ ਕਲਾਸ।

ਰੇਲਗੱਡੀ ਨੰ. 04024/04023 ਦਿੱਲੀ ਜੰ. - ਵਾਰਾਨਸੀ ਜੰ. - ਦਿੱਲੀ ਜੰ. ਰੀਜ਼ਰਵ ਸੁਪਰਫਾਸਟ ਵਿਸ਼ੇਸ਼ ਐਕਸਪ੍ਰੈਸ ਰੇਲਗੱਡੀ — 06 ਫੇਰੇ

| ਗੱਡੀ ਨੰ. 04024 ਆਉਣਾ | ਗੱਡੀ ਨੰ. 04024 ਜਾਣਾ | ↓ ਸਟੇਸ਼ਨ ↑ | ਗੱਡੀ ਨੰ. 04023 ਆਉਣਾ | ਗੱਡੀ ਨੰ. 04023 ਜਾਣਾ |
|---|---|---|---|---|
| ---- | 19:25 | ਦਿੱਲੀ ਜੰ. | 08:50 | ---- |
| 03:30 | 03:40 | ਲਖਨਊ | 00:10 | 00:20 |
| 09:40 | ---- | ਵਾਰਾਨਸੀ ਜੰ. | ---- | 18:35 |

ਚੱਲਣ ਦੇ ਦਿਨ : 04024 ਦਿੱਲੀ ਜੰ. ਤੋਂ ਮਿਤੀ 27.12.2025, 29.12.2025 ਅਤੇ 31.12.2025 ਨੂੰ ਅਤੇ 04023 ਵਾਰਾਨਸੀ ਜੰ. ਤੋਂ ਮਿਤੀ 28.12.2025, 30.12.2025 ਅਤੇ 01.01.2026 ਨੂੰ।
ਠਹਿਰਾਓ: ਗਾਜੀਆਬਾਦ ਜੰ., ਮੁਰਾਦਾਬਾਦ ਜੰ., ਲਖਨਊ, ਰਾਯਬਰੇਲੀ ਜੰ. ਅਤੇ ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗੜ੍ਹ ਜੰ. ਸਟੇਸ਼ਨ।
ਸਥਾਨ: ਫਸਟ ਏਸੀ., ਏਸੀ. 2 ਟੀਯਰ ਏਸੀ. 3 ਟੀਯਰ, ਏਸੀ. ਸਲੀਪਰ ਅਤੇ ਜਨਰਲ ਕਲਾਸ।

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੇ ਵੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ.139 'ਤੇ ਸੰਪਰਕ ਕਰਨ ਜਾਂ ਰੇਲਵੇ ਦੀ ਵੈਬਸਾਈਟ https://enquiry.indianrail.gov.in ਜਾਂ NTES ਐਪ ਵੇਖਣ।

4008/2025 'ਤੇ ਸਾਨੂੰ ਫਾਲੋ ਕਰੋ
ਉੱਤਰ ਰੇਲਵੇ
ਤੁਹਾਡੀ ਸੁਵਿਧਾ - ਸਾਡਾ ਲਕਸ਼
ਸਾਨੂੰ www.nr.indianrailways.gov.in 'ਤੇ ਮਿਲੋ
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਨਵੇਂ ਸਾਲ 'ਤੇ ਮੁਲਾਜ਼ਮਾਂ ਲਈ ਪੰਜਾਬ ਸਰਕਾਰ ਦਾ ਵੱਡਾ ਐਲਾਨ, ਤਨਖ਼ਾਹ 'ਚ ਕੀਤਾ ਵਾਧਾ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਸਰਕਾਰ ਦੇ ਕਿਰਤ ਵਿਭਾਗ ਨੇ 24 ਦਸੰਬਰ ਨੂੰ ਇੱਕ ਸਰਕੂਲਰ ਜਾਰੀ ਕੀਤਾ ਸੀ, ਜਿਸ ਵਿੱਚ ਫੈਕਟਰੀਆਂ, ਨਗਰ ਕੌਂਸਲਾਂ ਤੇ ਨਗਰ ਨਿਗਮਾਂ ਵਿੱਚ ਕੰਮ ਕਰਨ ਵਾਲੇ ਕਾਮਿਆਂ ਲਈ ਘੱਟੋ-ਘੱਟ ਮਜ਼ਦੂਰੀ ਦਰਾਂ ਵਿੱਚ ਵਾਧਾ ਕੀਤਾ ਗਿਆ।ਪੰਜਾਬ ਸਰਕਾਰ ਦੇ ਕਿਰਤ ਵਿਭਾਗ ਨੇ 24 ਦਸੰਬਰ ਨੂੰ ਇੱਕ ਸਰਕੂਲਰ ਜਾਰੀ ਕੀਤਾ ਸੀ, ਜਿਸ ਵਿੱਚ ਫੈਕਟਰੀਆਂ, ਨਗਰ ਕੌਂਸਲਾਂ ਤੇ ਨਗਰ ਨਿਗਮਾਂ ਵਿੱਚ ਕੰਮ ਕਰਨ ਵਾਲੇ ਕਾਮਿਆਂ ਲਈ ਘੱਟੋ-ਘੱਟ ਮਜ਼ਦੂਰੀ ਦਰਾਂ ਵਿੱਚ ਵਾਧਾ ਕੀਤਾ ਗਿਆ।ਇਸ ਦੇ ਨਾਲ ਹੀ ਇਹ ਨੋਟੀਫਿਕੇਸ਼ਨ 1 ਸਤੰਬਰ 2025 ਤੋਂ ਲਾਗੂ ਕੀਤਾ ਗਿਆ ਹੈ। ਨੋਟੀਫਿਕੇਸ਼ਨ ਅਨੁਸਾਰ, ਹੁਣ ਸੂਬੇ ਵਿੱਚ ਅਨਸਕਿਲਡ (ਚਪੜਾਸੀ, ਚੌਕੀਦਾਰ ਤੇ ਹੈਲਪਰ ਆਦਿ) ਲਈ 11,726.40 ਰੁਪਏ, ਸੈਮੀ-ਸਕਿਲਡ (ਅਣਕੁਸ਼ਲ ਅਹੁਦੇ 'ਤੇ 10 ਸਾਲ ਦਾ ਤਜਰਬਾ ਜਾਂ ਨਵੇਂ ਆਈ.ਟੀ.ਆਈ. ਡਿਪਲੋਮਾ ਧਾਰਕ) ਲਈ 12,506.40 ਰੁਪਏ, ਹੁਨਰਮੰਦ (ਲੁਹਾਰ ਤੇ ਇਲੈਕਟ੍ਰੀਸ਼ੀਅਨ ਆਦਿ) ਲਈ 13,403.40 ਰੁਪਏ, ਹਾਈ ਸਕਿਲਡ (ਗ੍ਰੈਜੂਏਟ ਤਕਨੀਕੀ ਡਿਗਰੀ ਧਾਰਕ, ਟਰੱਕ ਤੇ ਕਰੇਨ ਡਰਾਈਵਰ ਆਦਿ) ਲਈ 14,435.40 ਰੁਪਏ ਨਿਰਧਾਰਤ ਕੀਤਾ ਗਿਆ ਹੈ।ਇਸੇ ਤਰ੍ਹਾਂ ਸਟਾਫ ਸ਼੍ਰੇਣੀ-ਏ (ਪੋਸਟ ਗ੍ਰੈਜੂਏਟ, ਐੱਮਬੀਏ ਆਦਿ) ਲਈ ਤਨਖਾਹ 16,896.40 ਰੁਪਏ, ਸਟਾਫ ਸ਼੍ਰੇਣੀ-ਬੀ (ਗ੍ਰੈਜੂਏਟ) ਲਈ 15,226.40 ਰੁਪਏ, ਸਟਾਫ ਸ਼੍ਰੇਣੀ-ਸੀ (ਅੰਡਰ ਗ੍ਰੈਜੂਏਟ) ਲਈ 13,726.40 ਰੁਪਏ, ਸਟਾਫ ਸ਼੍ਰੇਣੀ-ਡੀ (ਦਸਵੀਂ ਪਾਸ) ਲਈ 12,526.40 ਰੁਪਏ ਨਿਰਧਾਰਤ ਕੀਤੀ ਗਈ ਹੈ।

ਉੱਤਰ ਰੇਲਵੇ

ਈ-ਟੈਂਡਰ ਸੂਚਨਾ

ਸੂਚਨਾ ਨੰਬਰ No 770-W/01/WA/JAT/2025 69-2025-26-DRM-JAT, 70-2025-26-DRM-JAT, 71-2025-26-DRM-JAT (to be opened on 16.01.2026) ਭਾਰਤ ਦੇ ਰਾਸ਼ਟਰ-ਪਤੀ ਦੀ ਤਰਫ ਤੋਂ ਕੰਮ ਕਰਦੇ ਹੋਏ ਹੇਠਾ ਦਿਤੇ ਗਏ ਸ਼ੀਰਸ਼ਕ ਵਾਲੀ ਟੈਂਡਰਾ ਦੇ ਵਿਰੁਧ ਖੁਲੀ ਟੈਂਡਰਾ (ਈ-ਟੈਂਡਰਾ) ਮੰਗ ਕਰਦੀ ਹੈ ਅਤੇ www.ireps.gov.in ਉਤੇ ਉਪਲਬਧ ਹੈ, ਜਿਨ੍ਹਾਂ ਦੀ ਆਖਰੀ ਮਿਤੀ 16.01.2026 ਨੂੰ 15:00 ਵਜੇ ਤਕ ਹੈ। ਬੋਲੀਦਾਤਾ ਅਪਣੀ ਮੂਲ/ਸੰਸ਼ੋਧਿਤ ਬੋਲੀਆਂ ਕੇਵ ਸਮਾਪਨ ਮਿਤੀ ਅਤੇ ਸਮੇਂ ਤਕ ਹੀ ਜਮਾਂ ਕਰ ਸਕਣਗੇ, ਇਨ੍ਹਾਂ ਟੈਂਡਰਾਂ ਦੇ ਵਿਰੁਧ ਮੈਨੂੰਅਲ ਪ੍ਰਸਤਾਵ ਦੀ ਅਨੁਮਤੀ ਨਹੀਂ ਹੈ ਅਤੇ ਪ੍ਰਾਪਤ ਹੋਣ ਵਾਲੇ ਐਸੇ ਕਿਸੀ ਵੀ ਮੈਨੂੰਅਲ ਪ੍ਰਸਾਤਵ ਨੂੰ ਨਜ਼ਰਅੰਦਾਜ ਕਰ ਦਿਤਾ ਜਾਵੇਗਾ। ਠੇਕੇਦਾਰਾਂ ਨੂੰ ਇਸ ਟੈਂਡਰ ਦੇ ਵਿਰੁਧ ਟੈਂਡਰ ਦਸਤਾਵੇਜ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ ਆਈਆਰਈਪੀਐਸ ਪੋਰਟਲ ਉਤੇ ਉਪਲਬਧ ਭੁਗਤਾਨ ਵਿਧੀਆਂ ਜਿਸਤਰ੍ਹਾਂ ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਕਾਰਡ ਆਦਿ ਦੇ ਦੁਵਾਰਾ ਤੋਂ ਕਰਨ ਦੀ ਅਨੁਮਤੀ ਹੈ।

| ਲ. ਨੰ: | ਟੈਂਡਰ ਨੰ: | ਟੈਂਡਰ ਦਾ ਵੇਰਵਾ | | |
|---|---|---|---|---|
| 1. | 69-2025-26-DRM-JAT | ਸਹਾਇਕ ਮੰਡਲ ਇੰਜੀਨੀਅਰ, ਜੰਮੂ ਦੇ ਅੰਤਰਗਤ ਸੀਨੀਅਰ ਅਨੁਭਾਗ ਇੰਜੀਨੀਅਰ ਕਠੂਆ ਦੇ ਅਧਿਕਾਰ ਖੇਤਰ ਵਿਚ ਸਥਿਤ ਲੇਵਲ ਕਰੋਸਿੰਗ ਨੰਬਰ C-23, C-18, C-30, C-45, C44 ਅਤੇ C-46 ਉਤੇ ਸੜਕ ਦੀ ਸਤਰ ਅਤੇ ਸੀਮੇਂਟ ਕੰਕਰੀਟ (CC) ਪੇਵਰ ਦੀ ਮੁਰੰਮਤ ਕੰਮ। | | |
| | | ਵਿਗਿਆਪਨ ਮੂਲ (ਰੁ:) | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
| | | 3499751.65 | 60 ਦਿਨ | 12 ਮਹੀਨੇ |
| 2. | 70-2025-26-DRM-JAT | ਸਹਾਇਕ ਮੰਡਲ ਇੰਜੀਨੀਅਰ ਪਾਲਮਪੁਰ ਅਤੇ ਨਗਰੋਟਾ ਦੇ ਅਧਿਕਰ ਖੇਤਰ ਦੀ ਮੁੱਖ ਲਾਇਨ ਵਿਚ ਸਥਿਤ ਸਟਾਫ ਕਵਾਟਰਾਂ ਅਤੇ ਭਵਨਾਂ ਦੀ ਸੇਵਾਵਾਂ ਦੇ ਸਮਾਨਯ ਮੁਰੰਮਤ ਅਤੇ ਅਨੁਰੱਖਸ਼ਣ ਲਈ ਸਲਾਨਾ ਜੋਨ ਕੰਮ। | | |
| | | ਵਿਗਿਆਪਨ ਮੂਲ (ਰੁ:) | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
| | | 8995600 | 60 ਦਿਨ | 12 ਮਹੀਨੇ |
| 3. | 71-2025-26-DRM-JAT | ਸਹਾਇਕ ਮੰਡਲ ਇੰਜੀਨੀਅਰ, ਜੰਮੂ ਦੇ ਅੰਤਰਗਤ ਸੀਨੀਅਰ ਅਨੁਭਾਗ ਇੰਜੀਨੀਅਰ ਜੰਮੂ ਦੇ ਅਧਿਕਾਰ ਖੇਤਰ ਦੇ ਪੂਰਵੀ ਕਾਲੋਨੀ ਵਿਚ ਪਲਮਿਬੰਗ ਪਾਇਪਾਂ ਸਹਿਤ 01 ਨੰਬਰ 225 ਕੇਐਲ ਆਰਸੀਸੀ ਓਵਰਹੇਡ ਜਲ ਟੈਂਕ ਦੀ ਵਿਵਸਥਾ (ਪ੍ਰਾਵਧਾਨ)। | | |
| | | ਵਿਗਿਆਪਨ ਮੂਲ (ਰੁ:) | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
| | | 10499338.38 | 60 ਦਿਨ | 06 ਮਹੀਨੇ |

ਨੋਟ:- 1. ਠੇਕੇਦਾਰਾਂ ਨੂੰ ਸਲਾਹ ਦਿਤੀ ਜਾਂਦੀ ਹੈ ਕਿ ਉਹ ਬੋਲੀਆਂ ਪੇਸ਼ ਕਰਨ ਤੋਂ ਪਹਿਲਾ ਇਸ ਟੈਂਡਰ ਦੇ ਵਿਰੁਧ ਜਾਰੀ ਕਿਸੀ ਵੀ ਸ਼ੁੱਧੀਪੱਤਰ ਦੇ ਲਈ ਆਈਆਰਈਪੀਐਸ ਵੇਬਸਾਈਟ ਦੇਖੇ। 2. ਜੇਕਰ ਹਿੰਦੀ ਵਿਗਿਆਪਨ ਵਿਚ ਕੋਈ ਗਲਤੀ ਪਾਈ ਜਾਂਦੀ ਹੈ, ਤਾਂ ਅੰਗ੍ਰੇਜ਼ੀ ਵਿਗਿਆਪਨ ਮਾਨਯ ਹੋਵੇਗਾ।

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 4003/25

Capital Small Finance Bank Ltd.
HO:- MIDAS Corporate Park, 3rd Floor, 37, G.T. Road, Jalandhar-144001, Punjab, India

ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)

ਜਿਵੇਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ (ਐਕਟ, 2002 (54 ਆਫ 2002) ਅਧੀਨ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 29.08.2025 ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ 1. ਸ੍ਰੀ ਅੰਮ੍ਰਿਤਪਾਲ ਸਿੰਘ ਪੁੱਤਰ ਗੁਰਬੰਸ ਸਿੰਘ, ਵਾਸੀ ਪਿੰਡ ਤੇ ਡਾਕ. ਪੱਕਾ ਕਾਲੇ ਵਾਲਾ, ਚੱਕ ਸੋਹਲੇਵਾਲਾ, ਫਾਜ਼ਿਲਕਾ, ਪੰਜਾਬ-152024 2. ਸ੍ਰੀਮਤੀ ਲਖਵੀਰ ਕੌਰ ਪਤਨੀ ਅੰਮ੍ਰਿਤਪਾਲ ਸਿੰਘ, ਪਿੰਡ ਤੇ ਡਾਕ. ਪੱਕਾ ਕਾਲੇ ਵਾਲਾ, ਚੱਕ ਸੋਹਲੇਵਾਲਾ, ਲਾਧੂਵਾਲਾ ਉਤਾੜ, ਫਾਜ਼ਿਲਕਾ, ਪੰਜਾਬ-152024 (ਇਸ ਤੋਂ ਬਾਅਦ ਕਰਜ਼ਦਾਰਾਂ ਵਜੋਂ ਹਵਾਲਾ) ਅਤੇ ਗਰੰਟਰ 3. ਸ੍ਰੀ ਜਸਪਾਲ ਸਿੰਘ ਪੁੱਤਰ ਜੀਤ ਸਿੰਘ ਵਾਸੀ ਚੱਕ ਸਵਾਹ ਵਾਲਾ, ਫਿਰੋਜ਼ਪੁਰ, ਪੰਜਾਬ-152024 (ਇਸ ਤੋਂ ਬਾਅਦ ਗਰੰਟਰ ਵਜੋਂ ਹਵਾਲਾ) ਨੂੰ ਡਿਮਾਂਡ ਨੋਟਿਸ 'ਚ ਦਰਸਾਏ ਅਨੁਸਾਰ ਐੱਲ ਏ ਪੀ/013602004859 'ਚ ਬਕਾਇਆ ਰਕਮ ਸਮੇਤ 01.08.2025 ਤੋਂ ਭਵਿੱਖੀ ਵਿਆਜ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਲਈ ਕਿਹਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ, ਇਸ ਲਈ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਨਿਯਮ 9 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਖੁਦ ਨੂੰ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰਾਂ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਵੱਲੋਂ ਐੱਲ ਏ ਪੀ/013602004859 ਵਿੱਚ ਬਕਾਇਆ ਰਾਸ਼ੀ ਰੁਪਏ 9,67,658/- ਮਿਤੀ 01.08.2025 ਤੋਂ ਭਵਿੱਖੀ ਵਿਆਜ ਸਮੇਤ ਵਸੂਲੀ ਜਾਵੇਗੀ।

ਅਚੱਲ ਜਾਇਦਾਦ ਦਾ ਵੇਰਵਾ

ਪ੍ਰਾਇਮਰੀ ਸਕਿਉਰਟੀ : ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਤਬਾਦਲਾ ਬੈਨਾਮਾ ਨੰ. 2023-24/57/1/1486 ਮਿਤੀ 02.08.2023 ਅਨੁਸਾਰ ਅੰਮ੍ਰਿਤਪਾਲ ਸਿੰਘ ਪੁੱਤਰ ਗੁਰਬੰਸ ਸਿੰਘ ਦੀ ਮਲਕੀਅਤ ਜਾਇਦਾਦ ਰਕਬਾ 18 ਮਰਲਾ 6 ਸਰਸਾਈ, ਪਿੰਡ ਚੱਕ ਸੁਹੇਲੇ ਵਾਲਾ, ਤਹਿਸੀਲ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ ਨਾਲ ਸੰਬੰਧਤ ਸਭ ਕੁੱਝ।

ਮਿਤੀ : 23.12.2025, ਸਥਾਨ : ਤਹਿਸੀਲ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ (ਅਧਿਕਾਰਤ ਅਫਸਰ)

AXIS BANK
Retail Asset Centre: AXIS Bank Ltd, 2nd Floor, Property # 7-E, Municipal 3903/1142/16, Malhar Road, Sarabha Nagar, Ludhiana - 141001,.Corporate Office: 'Axis House', Block-B, Bombay Dyeing Mills Compound, Pandurang Budhkar Marg, Worli, Mumbai-400025., Registered Office: 'Trishul', 3rd floor, opposite Samartheswar Temple, Law garden, Ellisbridge, Ahmadabad-380006.

ਸਰਫੇਸੀ ਐਕਟ 2002 ਦੇ ਸੈਕਸ਼ਨ 13 (4) ਅਧੀਨ ਜਾਇਦਾਦ ਦੇ ਕਬਜ਼ੇ ਸੰਬੰਧੀ ਨੋਟਿਸ ਦੀ ਪ੍ਰਕਾਸ਼ਨਾ

ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨਾਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ 2002 (54 ਆਫ 2002) ਅਧੀਨ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੀਆਂ ਤਾਕਤਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਵਰਨਣ ਮਿਤੀਆਂ ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ ਨੂੰ ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਰਾਸ਼ੀ ਮੋੜਨ ਦਾ ਸੱਦਾ ਦਿੱਤਾ ਗਿਆ ਸੀ।

ਕਰਜ਼ਦਾਰ ਰਾਸ਼ੀ ਮੋੜਨ 'ਚ ਨਾਕਾਮ ਰਹੇ ਹਨ। ਇਸ ਦੁਆਰਾ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਦਰਸਾਏ ਐਕਟ ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਦਰਸਾਏ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਦਰਸਾਈਆਂ ਮਿਤੀਆਂ ਨੂੰ ਹੇਠਾਂ ਵਰਨਣ ਜਾਇਦਾਦਾਂ ਦਾ ਕਬਜ਼ਾ ਪ੍ਰਾਪਤ ਕਰ ਲਿਆ ਹੈ।

ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਨਾ ਕਰਨ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਹੇਠਾਂ ਦਰਸਾਈ ਬਕਾਇਆ ਰਾਸ਼ੀ ਅਤੇ ਇਸ ਉਪਰ ਵਿਆਜ ਲਈ ਐਕਸਿਸ ਬੈਂਕ ਲਿਮਟਿਡ ਦੀ ਦੇਣਦਾਰੀ ਦਾ ਵਿਸ਼ਾ ਹੋਵੇਗਾ।

ਕਰਜ਼ਦਾਰਾਂ ਦਾ ਧਿਆਨ ਸੁਰੱਖਿਅਤ ਐੱਸਟਸ ਦੇ ਪੁਨਰਗ੍ਰਹਿਣ ਲਈ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਪ੍ਰਤੀ ਦਿਵਾਇਆ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ | ਐੱਨ ਪੀ ਏ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ 'ਚ ਰਾਸ਼ੀ (ਰੁਪਏ) |
|---|---|---|---|---|---|
| 1. | 1. ਸ੍ਰੀ ਅਨਿਲ ਕੁਮਾਰ ਪੁੱਤਰ ਜੁਗਲ ਕਿਸ਼ੋਰ (ਕਰਜ਼ਦਾਰ) 2. ਸ੍ਰੀ ਅਜੈ ਕੁਮਾਰ ਪੁੱਤਰ ਜੁਗਲ ਕਿਸ਼ੋਰ (ਸਹਿ-ਕਰਜ਼ਦਾਰ) 3. ਸ੍ਰੀਮਤੀ ਸ਼ੋਭਾ ਰਾਣੀ ਪਤਨੀ ਜੁਗਲ ਕਿਸ਼ੋਰ (ਸਹਿ-ਕਰਜ਼ਦਾਰ/ਰਹਿਣਕਾਰ) | 08 ਸਤੰਬਰ 2025 | 11 ਸਤੰਬਰ 2025 | 23 ਦਸੰਬਰ 2025 | ਰੁਪਏ 14,96,361/- (ਚੌਦਾਂ ਲੱਖ ਛਿਆਨਵੇਂ ਹਜ਼ਾਰ ਤਿੰਨ ਸੌ ਇਕਾਹਠ ਰੁਪਏ ਕੇਵਲ) |

ਰਹਿਣ ਕੀਤੀ ਜਾਇਦਾਦ ਦਾ ਵੇਰਵਾ

ਬੈਨਾਮਾ ਦਸਤਾਵੇਜ਼ ਨੰ. 2019-20/186/1/11869 ਮਿਤੀ 17 ਫਰਵਰੀ 2020 ਅਨੁਸਾਰ ਸ੍ਰੀਮਤੀ ਸ਼ੋਭਾ ਰਾਣੀ ਪਤਨੀ ਜੁਗਲ ਕਿਸ਼ੋਰ ਦੇ ਨਾਂਅ ਰਜਿਸਟਰਡ ਰਿਹਾਇਸ਼ੀ ਜਾਇਦਾਦ ਮਕਾਨ ਨੰ. 6 ਦਾ ਹਿੱਸਾ, ਰਕਬਾ 03 ਮਰਲੇ08 ਵਰਗ ਫੁੱਟ, ਖੱਤਾ ਨੰ. 2176/2492-2493, ਖਸਰਾ ਨੰ. 1635, 1636, 1639, ਜਮ੍ਹਾਂਬੰਦੀ ਸਾਲ 2009-2010, ਹੱਦਬਸਤ ਨੰ. 307/2, ਸ਼ਹੀਦ ਬਾਬੂ ਲਾਭ ਸਿੰਘ ਨਗਰ, ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁੱਝ। ਹੱਦਾਂ (ਦਸਤਾਵੇਜ਼ ਅਨੁਸਾਰ) : ਪੂਰਬ : ਬਖਸ਼ੀਸ਼ ਕੁਮਾਰ ਦਾ ਮਕਾਨ/12'-6", ਪੱਛਮ : ਸੜਕ/12'-6", ਉੱਤਰ : ਮਕਾਨ ਨੰ. 5, ਅਸ਼ੋਕ ਕੁਮਾਰ/50'-6", ਦੱਖਣ : ਮਕਾਨ ਨੰ. 6-ਸੁਰਿੰਦਰ ਸਿੰਘ/50'-6"

ਮਿਤੀ : 23.12.2025 ਸਹੀ/-(ਅਧਿਕਾਰਤ ਅਫ਼ਸਰ)
ਸਥਾਨ : ਲੁਧਿਆਣਾ ਐਕਸਿਸ ਬੈਂਕ ਲਿਮਟਿਡ

PUNJAB NATIONAL BANK
BRANCH:- Machhiwara. DISTT. LUDHIANA, Punjab. Email:-bo814102@pnb.co.in

ਰੂਲ-8 (1) ਕਬਜ਼ਾ ਨੋਟਿਸ (ਅਚੱਲ-ਜਾਇਦਾਦ ਲਈ)

ਜਦੋਂ ਕਿ ਨਿਮਨਹਸਤਾਖਰੀ ਨੇ ਸਕਿਓਰਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰੈਸਟ ਐਕਟ 2002 ਅਧੀਨ ਪੰਜਾਬ ਨੈਸ਼ਨਲ ਬੈਂਕ ਮਾਛੀਵਾੜਾ, ਲੁਧਿਆਣਾ ਦਾ ਅਧਿਕਾਰਤ ਅਫਸਰ ਹੋਣ ਦੇ ਨਾਤੇ ਅਤੇ ਸਕਿਓਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਕਰਜ਼ਦਾਰਾਂ/ਗਰੰਟਰਾਂ ਨੂੰ ਸੈਕਸ਼ਨ 13 (2) ਤਹਿਤ ਹੇਠਾਂ ਦਰਸਾਈਆਂ ਮਿਤੀਆਂ 'ਤੇ ਡਿਮਾਂਡ ਨੋਟਿਸ ਜਾਰੀ ਕਰਦਿਆਂ ਨੋਟਿਸ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਨੋਟਿਸ 'ਚ ਦਰਸਾਈ ਰਕਮ ਅਦਾ ਕਰਨ ਲਈ ਕਿਹਾ ਸੀ।

ਕਰਜ਼ਦਾਰ/ਗਰੰਟਰ/ਰਹਿਣਕਾਰ ਰਾਸ਼ੀ ਅਦਾ ਕਰਨ ਵਿੱਚ ਅਸਫਲ ਰਹੇ ਹਨ। ਜਾਇਦਾਦ ਦੇ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨ ਹਸਤਾਖਰੀ ਨੇ ਸਕਿਓਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸ਼ੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠਾਂ ਦਰਸਾਈਆਂ ਜਾਇਦਾਦਾਂ ਦਾ ਹਰੇਕ ਖਾਤੇ ਵਿਰੁੱਧ ਦਰਸਾਈਆਂ ਗਈਆਂ ਮਿਤੀਆਂ ਨੂੰ (ਭੌਤਿਕ/ਸੰਕੇਤਕ ਕਬਜ਼ਾ) ਪ੍ਰਾਪਤ ਕਰ ਲਿਆ ਹੈ।

ਵਿਸ਼ੇਸ਼ ਕਰਕੇ ਕਰਜ਼ਦਾਰਾਂ/ਗਰੰਟਰਾਂ ਅਤੇ ਆਮ ਜਨਤਾ ਨੂੰ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ ਸੰਬੰਧੀ ਕੋਈ ਲੈਣ-ਦੇਣ ਨਾ ਕਾਰਨ ਅਤੇ ਜਾਇਦਾਦ ਸੰਬੰਧੀ ਕੀਤਾ ਗਿਆ ਕੋਈ ਵੀ ਲੈਣ-ਦੇਣ ਪੰਜਾਬ ਨੈਸ਼ਨਲ ਬੈਂਕ ਮਾਛੀਵਾੜਾ, ਲੁਧਿਆਣਾ ਦੀ ਹੇਠਾਂ ਦਰਸਾਈ ਰਕਮ ਅਤੇ ਉਸ ਉੱਪਰ ਭਵਿੱਖੀ ਵਿਆਜ ਅਤੇ ਲਾਗਤਾਂ ਆਦਿ ਦੀ ਵਸੂਲੀ ਹੇਠ ਹੋਵੇਗਾ।

ਉਪਲਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਦਾ ਧਿਆਨ ਐਕਟ ਦੇ ਸ਼ੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।

| ਕਰਜ਼ਦਾਰ/ਗਰੰਟਰ/ਜਾਇਦਾਦ ਦੇ ਮਾਲਕ ਦਾ ਨਾਂਅ | ਰਹਿਣ ਕੀਤੀ ਜਾਇਦਾਦ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਕਬਜ਼ੇ ਦੀ ਕਿਸਮ / ਬਕਾਇਆ ਰਕਮ |
|---|---|---|---|---|
| (1) (ਕਰਜ਼ਦਾਰ/ਰਹਿਣਕਾਰ) : ਸ੍ਰੀ ਨਰਿੰਦਰ ਪਾਲ ਸਿੰਘ ਬਾਜਵਾ ਪੁੱਤਰ ਸ੍ਰੀ ਵਿਰਸਾ ਸਿੰਘ # ਦਸਮੇਸ਼ ਨਗਰ, ਮਾਛੀਵਾੜਾ, ਜ਼ਿਲ੍ਹਾ ਲੁਧਿਆਣਾ, ਦੂਸਰਾ ਪਤਾ : ਮਕਾਨ ਨੰ. 67, ਪਿੰਡ ਹੇਡੋਂ ਬੇਟ, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ। (2) ਸ੍ਰੀਮਤੀ ਸੁਖਜੀਤ ਕੌਰ ਪਤਨੀ ਸ੍ਰੀ ਨਰਿੰਦਰ ਪਾਲ ਸਿੰਘ # ਦਸਮੇਸ਼ ਨਗਰ, ਮਾਛੀਵਾੜਾ, ਜ਼ਿਲ੍ਹਾ ਲੁਧਿਆਣਾ ਦੂਸਰਾ ਪਤਾ : ਮਕਾਨ ਨੰ. 67, ਪਿੰਡ ਹੇਡੋਂ ਬੇਟ, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ (3) (ਗਰੰਟਰ) ਸ੍ਰੀ ਅਮਰੀਕ ਸਿੰਘ ਪੁੱਤਰ ਸ੍ਰੀ ਕਲਕਤਾ ਸਿੰਘ # ਗਰੇਨ ਮਾਰਕਿਟ, ਮਾਛੀਵਾੜਾ, ਜ਼ਿਲ੍ਹਾ ਲੁਧਿਆਣਾ। | ਇਕੁਈਟੇਬਲ ਮਾਰਟਗੇਜ਼ ਰਿਹਾਇਸ਼ੀ ਅਚੱਲ ਕੁੱਲ ਜਾਇਦਾਦ ਰਕਬਾ 0 ਕਨਾਲ 3-1/4 ਮਰਲਾ, ਜਮ੍ਹਾਂਬੰਦੀ ਸਾਲ 2006-2007 ਅਨੁਸਾਰ ਪਤਾ ਦਸਮੇਸ਼ ਨਗਰ, ਮਾਛੀਵਾੜਾ -1, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ ਸੇਲ ਡੀਡ ਅਨੁਸਾਰ ਵਸੀਕਾ ਨੰ. 783 ਮਿਤੀ 19-07-2010 ਸ੍ਰੀ ਨਰਿੰਦਰ ਪਾਲ ਸਿੰਘ ਬਾਜਵਾ ਪੁੱਤਰ ਸ੍ਰੀ ਵਿਰਸਾ ਸਿੰਘ ਦੇ ਨਾਂਅ, ਵੇਰਵਾ ਹੇਠਾਂ ਅਨੁਸਾਰ : ਜਾਇਦਾਦ ਰਕਬਾ 0 ਕਨਾਲ 2-1/4 ਮਰਲਾ, ਜੋ ਕਿ 2-1/4-/844 ਹਿੱਸਾ ਜ਼ਮੀਨ 42 ਕਨਾਲ 4 ਮਰਲੇ ਖੇਵਟ ਨੰ. 447, ਖਤੌਨੀ ਨੰ. 503, ਕਿਲਾ ਨੰ. 92//5/3 (0-3), 6/3 (2-0), 7/1 (6-13) 4/3 (0-1), 14 (8-0), 15/1 (1-16), 16/4 (1-4), 17 (8-0), 18/1 (1-18), 23/2 (3-12), 24 (6-12), 25/1 (1-6), 28 (1-8) ਜਾਇਦਾਦ ਰਕਬਾ 0 ਕਨਾਲ-1 ਮਰਲਾ, ਜੋ ਕਿ 1/35 ਹਿੱਸਾ ਜ਼ਮੀਨ 6 ਕਨਾਲ-16 ਮਰਲੇ, ਖੇਵਟ ਨੰ. 448, ਖਤੌਨੀ ਨੰ. 504, ਕਿਲਾ ਨੰ. 92//8/3 (3-2), 13/2 (3-13) ਹੱਦਬੰਦੀ : ਪੂਰਬ : ਗਲੀ, ਪੱਛਮ : ਗਲੀ, ਉੱਤਰ : ਗਲੀ, ਦੱਖਣ : ਗਲੀ। | 31.07.2025 | 26.12.2025 | ਸੰਕੇਤਕ ਕਬਜ਼ਾ / 31.05.2025 ਨੂੰ ਰੁਪਏ 3,49,659.49 (ਤਿੰਨ ਲੱਖ ਉਨੰਜਾ ਹਜ਼ਾਰ ਛੇ ਸੌ ਉਨਾਹਠ ਰੁਪਏ ਅਤੇ ਉਨੰਜਾ ਪੈਸੇ ਕੇਵਲ) ਸਮੇਤ ਹੋਰ ਵਿਆਜ ਤੇ ਅਚਨਚੇਤੀ ਖਰਚੇ, ਮੁਕੰਮਲ ਅਦਾਇਗੀ ਤੱਕ। |

ਮਿਤੀ : 26.12.2025 ਸਥਾਨ : ਮਾਛੀਵਾੜਾ ਅਧਿਕਾਰਤ ਅਫਸਰ

YES BANK
Registered and Corporate Office: YES BANK House, Off Western Express Highway, Santacruz East, Mumbai – 400055 India. Website: www.yesbank.in
Email: comminications@yesbank.in, CIN: L65190MH2003PLC143249

ਸਰਫੇਸੀ ਐਕਟ ਦੇ ਸੈਕਸ਼ਨ 13 (2) ਅਧੀਨ ਨੋਟਿਸ ਦੀ ਪ੍ਰਕਾਸ਼ਨਾ

ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਏ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ, ਜਿਨ੍ਹਾਂ ਨੇ ਬੈਂਕ ਤੋਂ ਲਈ ਕਰਜ਼ਾ ਸਹੂਲਤ ਦਾ ਮੂਲ ਅਤੇ ਵਿਆਜ ਵਾਪਸ ਮੋੜਨ 'ਚ ਅਸਫਲਤਾ ਦਿਖਾਈ ਅਤੇ ਜਿਨ੍ਹਾਂ ਦੇ ਕਰਜ਼ਾ ਖਾਤੇ ਨਾਨ-ਪ੍ਰਫਾਰਮਿੰਗ ਐੱਸਟਸ (ਐੱਨ ਪੀ ਏ) ਵਰਗੀਕ੍ਰਿਤ ਕਰ ਦਿੱਤੇ ਗਏ ਹਨ। ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਦੇ ਸੈਕਸ਼ਨ 13 (2) ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ 2002 (ਸਰਫੇਸੀ ਐਕਟ) ਤਹਿਤ ਉਨ੍ਹਾਂ ਦੇ ਜਾਣਕਾਰੀ ਵਾਲੇ ਆਖਰੀ ਪਤਿਆਂ 'ਤੇ ਨੋਟਿਸ ਜਾਰੀ ਕੀਤੇ ਗਏ ਸਨ ਅਤੇ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਜਾਣਕਾਰੀ ਦਿੱਤੀ ਗਈ ਹੈ।

| ਕਰਜ਼ਦਾਰ/ਸਹਿ-ਕਰਜ਼ਦਾਰ, ਰਹਿਣਕਾਰ ਦਾ ਨਾਂਅ, ਖਾਤਾ ਨੰਬਰ/ਕਰਜ਼ੇ ਦੀ ਕਿਸਮ | ਸਕਿਉਰਡ ਐਸਟਸ ਦਾ ਵੇਰਵਾ | ਐਨ ਪੀ ਏ ਦੀ ਮਿਤੀ/ਨੋਟਿਸ ਦੀ ਮਿਤੀ/ਓ/ਐਸ 13(2) |
|---|---|---|
| 1. ਮੈਸਰਜ਼ ਚੌਧਰੀ ਅਤੇ ਕਰਜ਼ਦਾਰ ਰਾਹੀਂ ਇਸ ਦੇ ਮਾਲਕ ਮੁਨੀਸ਼ ਚੌਧਰੀ ਪਤਾ 1018 1733 ਗਲੀ ਨੰ. 8 ਮਿਲਰ ਗੰਜ ਮੁਰਾਦਪੁਰਾ, ਪਿਛਵਾੜੇ ਨਿਊ ਸਾਈਕਲ ਮਾਰਕੀਟ, ਲੁਧਿਆਣਾ, ਪੰਜਾਬ 141005 (2) ਮੁਨੀਸ਼ ਚੌਧਰੀ (ਸਹਿ-ਕਰਜ਼ਦਾਰ ਤੇ ਰਹਿਣਕਾਰ) ਮਾਲਕ ਮੈਸਰਜ ਚੌਧਰੀ ਐਂਡ ਕੰਪਨੀ ਪੁੱਤਰ ਬਲਦੇਵ ਸਿੰਘ ਚੌਧਰੀ, ਪਤਾ 1018 1733 ਗਲੀ ਨੰ. 8 ਮਿਲਰ ਗੰਜ ਮੁਰਾਦਪੁਰਾ, ਪਿਛਵਾੜੇ ਨਿਊ ਸਾਈਕਲ ਮਾਰਕੀਟ, ਲੁਧਿਆਣਾ, ਪੰਜਾਬ 141005 ਇੱਥੇ ਵੀ : ਮਕਾਨ ਨੰ. 160 ਫੇਸ-1 ਅਰਬਨ ਇਸਟੇਟ, ਦੁਗਰੀ ਬਸੰਤ ਐਵਨਿਊ, ਲੁਧਿਆਣਾ, ਪੰਜਾਬ 141013 (3) ਬਲਦੇਵ ਸਿੰਘ ਚੌਧਰੀ (ਸਹਿ-ਕਰਜ਼ਦਾਰ ਤੇ ਗਰੰਟਰ) ਪੁੱਤਰ ਜਗਦੀਸ਼ ਲਾਲ ਪਤਾ ਮਕਾਨ ਨੰ. 227 ਫੇਸ-1, ਅਰਬਨ ਇਸਟੇਟ, ਦੁੱਗਰੀ ਬਸੰਤ ਐਵੇਨਿਊ, ਲੁਧਿਆਣਾ, ਪੰਜਾਬ-141013 ਖਾਤਾ ਨੰ. : MOR007101257719 & 39088900000855 ਕਰਜ਼ ਦੀ ਕਿਸਮ : ਐਸ ਬੀ ਐਲ-ਡਰਾਪ-ਲਾਈਨ ਓਵਰ ਡਰਾਫਟ ਸਹੂਲਤ | ਜਾਇਦਾਦ #1 ਅਚੱਲ ਜਾਇਦਾਦ ਦਾ ਸਮੁੱਚਾ ਅਟੁੱਟ ਹਿੱਸਾ ਨੰਬਰ-1018/1733 ਗਲੀ ਨੰ. 8 ਪ੍ਰੋ ਨੰ. ਬੀ-16-1018, ਪੁਰਾਣਾ ਬੀ-16-1733, 100 ਵਰਗ ਗਜ਼, ਪਤਾ ਪੀਰੂਬੰਦਾ, ਹੱਦਬਸਤ ਨੰ. 167, ਆਬਾਦੀ ਮੁਰਾਦਪੁਰਾ, ਤਹਿ ਤੇ ਜ਼ਿਲ੍ਹਾ ਲੁਧਿਆਣਾ, ਮਾਲਕ ਮੁਨੀਸ਼ ਚੌਧਰੀ, ਹੱਦਬੰਦੀ : ਪੂਰਬ : ਵਲੈਤੀ ਰਾਮ 21 ਫੁੱਟ, ਉੱਤਰ : ਤੇਜਾ ਸਿੰਘ 43 ਫੁੱਟ, ਦੱਖਣ : ਯੋਗ ਰਾਜ 43 ਫੁੱਟ, ਪੱਛਮ : ਗਲੀ 21 ਫੁੱਟ, ਜਾਇਦਾਦ #2 ਸਮੁੱਚਾ ਅਚੱਲ ਜਾਇਦਾਦ ਦਾ ਅਟੁੱਟ ਹਿੱਸਾ, ਜਾਇਦਾਦ # ਬੀ-16-1007/1716, ਜਾਇਦਾਦ 90 ਵਰਗ ਗਜ਼ ਪਤਾ ਪਿੰਡ ਤਰਫ ਪੀਰੂਬੰਦਾ, ਮੁਹੱਲਾ ਮੁਰਾਦਪੁਰਾ, ਗਲੀ #8, ਤਹਿ ਤੇ ਜ਼ਿਲ੍ਹਾ ਲੁਧਿਆਣਾ, ਮਾਲਕ ਮੁਨੀਸ਼ ਚੌਧਰੀ ਪੁੱਤਰ ਬਲਦੇਵ ਚੌਧਰੀ, ਹੱਦਬੰਦੀ : ਪੂਰਬ : ਸੰਤ ਸਿੰਘ, ਉੱਤਰ : ਦੇਵਾ ਸਿੰਘ, ਦੱਖਣ : ਗਲੀ 20 ਫੁੱਟ, ਪੱਛਮ : ਗੁਰਦਿਆਲ ਸਿੰਘ | 29/06/2025 12/12/2025 ਰੁਪਏ 59,03,413.16/- (ਰੁਪਏ ਉਨਾਹਠ ਲੱਖ ਤਿੰਨ ਹਜ਼ਾਰ ਚਾਰ ਸੌ ਤੇਰਾਂ ਰੁਪਏ ਸੋਲਾਂ ਪੈਸੇ ਕੇਵਲ) 11.12.2025 ਤੱਕ |
| 2. (1) ਅਭਨੀਤ ਸਿੰਘ ਪੁੱਤਰ ਸੁਧੀਰ ਸਿੰਘ (ਕਰਜ਼ਦਾਰ ਤੇ ਰਹਿਣਕਾਰ) ਵਾਸੀ ਮਕਾਨ ਨੰ. ਜੇ-258, ਗਰਾਉਂਡ ਫਲੋਰ, ਸਾਈਟ 1, ਐਨ ਆਰ ਆਰ ਪੁਰਮ ਕਲੋਨੀ, ਨੇੜੇ ਰਾਮਾਲਾਇਮ ਟੈਂਪਲ ਬੋਰਾਬੰਦਾ, ਹੈਦਰਾਬਾਦ, ਤੇਲੰਗਾਨਾ 500018 (2) ਸ੍ਰੀ ਮਨਦੀਪ ਸਿੰਘ ਪੁੱਤਰ ਨਿਰਮਲ ਸਿੰਘ (ਸਹਿ ਕਰਜ਼ਦਾਰ), ਵਾਸੀ ਮਕਾਨ ਨੰ. 67, ਨੇੜੇ ਕੈਪੀਟਲ ਲੈਬ ਓਲਡ ਮਾਤਾ ਗੌਰੀ ਮੰਦਿਰ, ਖਰੜ, ਐਸ ਏ ਐਸ ਨਗਰ, ਮੋਹਾਲੀ, ਪੰਜਾਬ-140301 ਖਾਤਾ ਨੰ. : AFH001501562822 ਕਰਜ਼ ਦੀ ਕਿਸਮ : ਹੋਮ ਲੋਨ | "ਜਾਇਦਾਦ ਦਾ ਸਮੁੱਚਾ ਅਟੁੱਟ ਹਿੱਸਾ, ਜੋ ਕਿ ਮਕਾਨ ਜਾਇਦਾਦ ਟੈਕਸ ਨੰ. ਬੀ-01580133/111 ਰਕਬਾ 2-9/10 ਮਰਲਾ (86.88 ਗਜ਼) 29/1020 ਜ਼ਮੀਨ ਦਾ ਹਿੱਸਾ ਰਕਬਾ 5 ਕਨਾਲ 2 ਮਰਲਾ, ਖੇਵਟ/ਖਤੌਨੀ ਨੰ. 479/494, ਖਸਰਾ ਨੰ. 791/4 (0-8), 70//1/3/2 (0-11) 10-2 (4-3) ਟੁੱਕੜੇ (ਕਿੱਤੇ) (ਜਮ੍ਹਾਂਬੰਦੀ 2016-17) ਪਤਾ ਖਰੜ (ਹੱਦਬਸਤ ਨੰ. 184), ਐਮ ਸੀ ਅਤੇ ਤਹਿਸੀਲ ਖਰੜ ਜ਼ਿਲ੍ਹਾ ਐਸ ਏ ਐਸ ਨਗਰ, ਪੰਜਾਬ" | 03/12/2025 10/12/2025 ਰੁਪਏ 29,26,659.51/- (ਰੁਪਏ ਉਨੱਤੀ ਲੱਖ ਛੱਬੀ ਹਜ਼ਾਰ ਛੇ ਸੌ ਉਨਾਹਠ ਤੇ ਇਕਵੰਜਾ ਪੈਸੇ ਕੇਵਲ) 10.12.2025 ਤੱਕ |
| 3. (1) ਗਗਨਦੀਪ ਸਿੱਕਾ ਪੁੱਤਰ ਕੈਲਾਸ਼ ਚੰਦਰ, ਪਤਾ ਮਕਾਨ ਨੰ. 243 ਗਲੀ ਨੰ. 11, ਕ੍ਰਿਸ਼ਨਾ ਨਗਰ ਜਲੰਧਰ-1, ਜਲੰਧਰ, ਪੰਜਾਬ-144001 (ਕਰਜ਼ਦਾਰ ਤੇ ਰਹਿਣਕਾਰ) (2) ਸੁਸ਼ਮਾ ਪਤਨੀ ਕੈਲਾਸ਼ ਚੰਦਰ ਪਤਾ ਮਕਾਨ ਨੰ. 243 ਗਲੀ ਨੰ. 11, ਕ੍ਰਿਸ਼ਨਾ ਨਗਰ ਜਲੰਧਰ-1, ਜਲੰਧਰ, ਪੰਜਾਬ-144001 (ਸਹਿ-ਕਰਜ਼ਦਾਰ ਤੇ ਰਹਿਣਕਾਰ) ਖਾਤਾ ਨੰ. : 7188900000249 | ਗੈਰ-ਖੇਤੀ ਜਾਇਦਾਦ ਦਾ ਸਮੁੱਚਾ ਅਟੁੱਟ ਹਿੱਸਾ, ਰਕਬਾ 4 ਮਰਲਾ, ਫਸਟ ਫਲੋਰ (ਜਾਇਦਾਦ ਨੰ. ਡਬਲਯੂ ਐਫ-133) ਫਸਟ ਫਲੋਰ 229, ਵਰਗ ਗਜ਼, ਪਤਾ ਅਲੀ ਮੁਹੱਲਾ, ਜਲੰਧਰ, ਜ਼ਿਲ੍ਹਾ ਤੇ ਤਹਿਸੀਲ ਜਲੰਧਰ 144001, ਪੰਜਾਬ | 01/05/2025 16/12/2025 ਰੁਪਏ 10,84,921.62/- (ਰੁਪਏ ਦਸ ਲੱਖ ਚੁਰਾਸੀ ਹਜ਼ਾਰ ਨੌਂ ਸੌ ਇੱਕੀ ਤੇ ਬਾਹਠ ਪੈਸੇ ਕੇਵਲ) 06.11.2025 ਤੱਕ ਕ੍ਰਮਵਾਰ |

ਉਪਰੋਕਤ ਕਰਜ਼ਦਾਰ ਅਤੇ/ਜਾਂ ਉਨ੍ਹਾਂ ਦੇ ਗਰੰਟਰ/ਰਹਿਣਕਾਰ (ਜਦੋਂ ਵੀ ਲਾਗੂ ਹੋਵੇ) ਨੂੰ ਬਕਾਇਆ ਰਕਮ, ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾ ਕਰਨ ਦਾ ਸੱਦਾ ਦਿੱਤਾ ਜਾਂਦਾ ਹੈ। ਅਸਫਲ ਰਹਿਣ 'ਤੇ 60 ਦਿਨ ਗੁਜਰ ਜਾਣ ਤੋਂ ਬਾਅਦ ਸਰਫੇਸੀ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਤਹਿਤ ਅਗਲੇ ਕਦਮ ਉਠਾਏ ਜਾਣਗੇ। ਇਸ ਤੋਂ ਅੱਗੇ ਇਹ ਵੀ ਤੁਹਾਡੇ ਧਿਆਨ 'ਚ ਲਿਆਂਦਾ ਜਾਂਦਾ ਹੈ ਕਿ ਉਕਤ ਐਕਟ ਦੇ ਸੈਕਸ਼ਨ 13 (8) ਤਹਿਤ, ਜੇਕਰ ਸਾਡੇ ਬਕਾਏ ਸਮੇਤ ਸਾਡੇ ਵੱਲੋਂ ਸਹਿਣ ਕੀਤੀਆਂ ਗਈਆਂ ਲਾਗਤਾਂ, ਚਾਰਜਿਜ਼ ਅਤੇ ਖਰਚੇ ਵਿਕਰੀ ਜਾਂ ਜਨਤਕ ਨਿਲਾਮੀ ਤੈਅ ਕੀਤੀ ਗਈ ਮਿਤੀ ਤੋਂ ਪਹਿਲਾਂ ਕਿਸੇ ਸਮੇਂ ਵੀ ਅਦਾ ਕਰ ਦਿੱਤੇ ਜਾਂਦੇ ਹਨ ਤਾਂ ਸਾਡੇ ਵੱਲੋਂ ਸਕਿਉਰਡ ਐੱਸਟ ਵਿਕਰੀ ਜਾਂ ਤਬਦੀਲ ਨਹੀਂ ਕੀਤੇ ਜਾਣਗੇ ਅਤੇ ਸਾਡੇ ਵੱਲੋਂ ਸਕਿਉਰਡ ਐੱਸਟ ਨੂੰ ਤਬਦੀਲ ਜਾਂ ਵਿਕਰੀ ਕਰਨ ਸੰਬੰਧੀ ਅਗਲੇ ਕਦਮ ਨਹੀਂ ਉਠਾਏ ਜਾਣਗੇ।

ਸਹੀ/- (ਅਧਿਕਾਰਤ ਅਫ਼ਸਰ)
ਮਿਤੀ : 27.12.2025, ਸਥਾਨ : ਪੰਜਾਬ ਯੈੱਸ ਬੈਂਕ ਲਿਮਟਿਡ

# ਸ਼ਹੀਦੀ ਸਭਾ ਦੇ ਦੂਜੇ ਦਿਨ ਪੁਸਤਕ ਮੇਲਾ, ਐੱਨ ਐੱਸ ਐੱਸ ਕੈਂਪ ਤੇ ਵਿਦਿਆਰਥੀ ਮੁਹਿੰਮਾਂ



ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ) ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿੱਚ ਸ਼ਹੀਦੀ ਸਭਾ-ਸਮਰਪਤ ਕਾਰਜਕ੍ਰਮਾਂ ਦੇ ਦੂਜੇ ਦਿਨ ਵਿੱਚ ਵਿਦਿਆਰਥੀਆਂ ਲਈ ਵਿਦਿਆਤਮਕ, ਸਾਂਸਕ੍ਰਿਤਿਕ ਤੇ ਸਮਾਜਿਕ ਸੇਵਾ ਸੰਬੰਧੀ ਕਈ ਮੁਹਿੰਮਾਂ ਸਫਲਤਾਪੂਰਵਕ ਸੰਚਾਲਤ ਕੀਤੀਆਂ ਗਈਆਂ। ਚੱਲ ਰਹੇ ਪੁਸਤਕ ਮੇਲੇ ਤੇ ਵਿਦਿਆਰਥੀ ਮੁਕਾਬਲਿਆਂ ਦੇ ਨਾਲ-ਨਾਲ ਯੂਨੀਵਰਸਿਟੀ ਵਿੱਚ ਵਿਸ਼ੇਸ਼ ਐਨਐੱਸਐੱਸ ਕੈਂਪ ਤੇ ਫਿਜ਼ਿਓਥੈਰਪੀ ਕੈਂਪਾਂ ਦਾ ਆਯੋਜਨ ਵੀ ਕੀਤਾ ਗਿਆ, ਜਿਸ ਨਾਲ ਵਿਦਿਆਰਥੀਆਂ ਦੀ ਸਹਭਾਗਤਾ ਤੇ ਸਮਾਜਿਕ ਸੇਵਾ ਪ੍ਰਤੀ ਯੂਨੀਵਰਸਿਟੀ ਦੀ ਵਚਨਬੱਧਤਾ ਦਰਸਾਈ ਗਈ।ਪੁਸਤਕ ਮੇਲੇ ਤੇ ਵਿਦਿਆਰਥੀ ਮੁਕਾਬਲਿਆਂ ਵਿੱਚ ਵੱਖ-ਵੱਖ ਮੁਕਾਬਲਿਆਂ ਦੇ ਜੇਤੂਆਂ ਨੂੰ ਸਨਮਾਨਤ ਕੀਤਾ ਗਿਆ।

ਸੰਬੋਧਨ ਕਰਦਿਆਂ ਵਾਈਸ-ਚਾਂਸਲਰ, ਪ੍ਰੋਫੈਸਰ (ਡਾ.) ਪ੍ਰਿਤਪਾਲ ਸਿੰਘ ਨੇ ਨੌਜਵਾਨ ਪੀੜ੍ਹੀ ਨੂੰ ਸਿੱਖ ਵਿਰਾਸਤ ਤੇ ਪੁਸਤਕਾਂ ਦੀ ਸੰਸਕ੍ਰਿਤੀ ਨਾਲ ਜੋੜਨ ਦੇ ਮਹੱਤਵ 'ਤੇ ਜ਼ੋਰ ਦਿੱਤਾ।ਪ੍ਰੋਫੈਸਰ ਸਿੰਘ ਨੇ ਉਮੀਦਵਾਰਾਂ ਅਤੇ ਸੰਗਤ ਦੀ ਸਰਗਰਮ ਭਾਗੀਦਾਰੀ ਨੂੰ ਇੱਕ ਸਕਾਰਾਤਮਕ ਤੇ ਪ੍ਰੇਰਣਾਦਾਇਕ ਰੁਝਾਨ ਵਜੋਂ ਪ੍ਰਸ਼ੰਸਿਤ ਕੀਤਾ।ਪ੍ਰੋਫੈਸਰ (ਡਾ.) ਸੁਖਵਿੰਦਰ ਸਿੰਘ ਬਿਲਿੰਗ, ਡੀਨ ਅਕਾਦਮਿਕ ਮਾਮਲੇ ਨੇ ਵਿਦਿਆਰਥੀਆਂ ਦੀ ਪ੍ਰਦਰਸ਼ਨ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਵਿਦਿਆਤਮਕ ਉਪਰਾਲੇ ਵਿਦਿਆਰਥੀਆਂ ਦੀ ਬੌਧਿਕ ਵਿਕਾਸ, ਆਤਮ-ਵਿਸ਼ਵਾਸ ਅਤੇ ਸਾਂਸਕ੍ਰਿਤਿਕ ਜਾਗਰੂਕਤਾ ਨੂੰ ਮਜ਼ਬੂਤ ਕਰਦੇ ਹਨ।

ਵਿਦਿਆਰਥੀ ਮੁਕਾਬਲਿਆਂ ਤੇ ਪੁਸਤਕ ਮੇਲੇ ਦੇ ਸੰਯੋਜਕ ਅਤੇ ਫੈਕਲਟੀ ਆਫ ਸ੍ਰੀ ਗੁਰੂ ਗ੍ਰੰਥ ਸਾਹਿਬ ਸਟਡੀਆਂ ਦੇ ਡੀਨ, ਡਾ. ਹਰਦੇਵ ਸਿੰਘ ਨੇ ਮੁਕਾਬਲਿਆਂ ਦੇ ਨਤੀਜੇ ਐਲਾਨ ਕੀਤੇ।ਕਵਿਤਾ ਪਾਠ ਮੁਕਾਬਲੇ ਵਿੱਚ ਪਹਿਲਾ ਇਨਾਮ ਮਨਰੀਤ ਕੌਰ (ਗੋਬਿੰਦਗੜ੍ਹ ਪਬਲਿਕ ਸਕੂਲ) ਨੂੰ ਦਿੱਤਾ ਗਿਆ, ਜਦਕਿ ਦੂਜਾ ਇਨਾਮ ਹਰੀਂਦਰ ਕੌਰ (ਪ੍ਰਭਜੋਤ ਸਿੰਘ ਦੀ ਧੀ), ਜਗਜੀਤ ਸਿੰਘ (ਅਮਰਿੰਦਰਪਾਲ ਸਿੰਘ ਦਾ ਪੁੱਤਰ) ਤੇ ਅਨਹਦ ਸਿੰਘ (ਗੁਰਦਰਸ਼ਨ ਸਿੰਘ ਦਾ ਪੁੱਤਰ) ਸਾਰੇ ਦਸ਼ਮੇਸ਼ ਅਕੈਡਮੀ, ਲੁਧਿਆਣਾ ਤੋਂ ਸਾਂਝਾ ਤੌਰ 'ਤੇ ਦਿੱਤਾ ਗਿਆ।ਭਾਸ਼ਣ ਮੁਕਾਬਲੇ 'ਚ ਪਹਿਲਾ ਇਨਾਮ ਜਪਨਜੋਤ ਕੌਰ (ਦਸ਼ਮੇਸ਼ ਅਕੈਡਮੀ) ਅਤੇ ਦੂਜਾ ਇਨਾਮ ਪ੍ਰਭਸੀਰਤ ਕੌਰ (ਦਸ਼ਮੇਸ਼ ਅਕੈਡਮੀ, ਲੁਧਿਆਣਾ) ਨੂੰ ਮਿਲਿਆ। ਸੋਸ਼ਿਆਲੌਜੀ ਵਿਭਾਗ ਦੀ ਪ੍ਰਧਾਨ ਡਾ. ਨਵ ਸ਼ਗਨ ਦੀਪ ਕੌਰ ਨੇ ਦੱਸਿਆ ਕਿ ਪੁਸਤਕ ਮੇਲੇ ਵਿੱਚ ਭਾਗ ਲੈ ਰਹੇ ਪ੍ਰਕਾਸ਼ਕ ਵਿਦਿਆਰਥੀਆਂ ਤੇ ਸੰਗਤ ਦੇ ਉਤਸ਼ਾਹਿਤ ਸਵਾਗਤ ਨਾਲ ਬਹੁਤ ਖੁਸ਼ ਹੋਏ। ਉਨ੍ਹਾਂ ਸਾਰੇ ਪ੍ਰਕਾਸ਼ਕਾਂ ਅਤੇ ਵਿਦਿਆਰਥੀ ਭਾਗੀਦਾਰਾਂ ਦਾ ਧੰਨਵਾਦ ਕੀਤਾ।ਇਹ ਵਿਦਿਆਤਮਕ ਤੇ ਸੰਸਕ੍ਰਿਤਕ ਕਾਰਜਕ੍ਰਮਾਂ ਦੇ ਨਾਲ-ਨਾਲ ਯੂਨੀਵਰਸਿਟੀ ਦੇ ਐਨਐੱਸਐੱਸ ਕੈਂਪ ਨੇ ਵਿਦਿਆਰਥੀਆਂ ਨੂੰ ਸਮਾਜਿਕ ਸੇਵਾ ਵਿੱਚ ਸ਼ਾਮਲ ਹੋਣ ਦਾ ਮੌਕਾ ਦਿੱਤਾ, ਜਦਕਿ ਫ਼ਿਜ਼ਿਓਥੈਰਪੀ ਕੈਂਪਾਂ, ਜੋ ਡੀਪਾਰਟਮੈਂਟ ਆਫ਼ ਫਿਜ਼ਿਓਥੈਰਪੀ ਵੱਲੋਂ ਸੰਚਾਲਤ ਕੀਤੀਆਂ ਗਈਆਂ, ਮੁਫ਼ਤ ਸਿਹਤ ਜਾਂਚ ਤੇ ਸਲਾਹ-ਮਸ਼ਵਰਾ ਪ੍ਰਦਾਨ ਕਰਦੀਆਂ ਹਨ, ਜੋ ਯੂਨੀਵਰਸਿਟੀ ਦੀ ਵਿਦਿਆਰਥੀ ਵਿਕਾਸ ਤੇ ਸਮਾਜਿਕ ਭਲਾਈ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦੀਆਂ ਹਨ।

# ਪੁਲ਼ ਦੇ ਉਦਘਾਟਨ ਨੂੰ ਲੈ ਕੇ ਹੋਇਆ ਹਾਈ ਵੋਲਟੇਜ਼ ਡਰਾਮਾ



ਬਠਿੰਡਾ (ਪਰਵਿੰਦਰ ਜੀਤ ਸਿੰਘ) ਸ਼ਹਿਰ 'ਚ ਸਭ ਤੋਂ ਪੁਰਾਣਾ ਪੁਲ ਢਾਹ ਕੇ ਉਸ ਦੀ ਥਾਂ ਨਵੇਂ ਪੁਲ ਦਾ ਨਿਰਮਾਣ ਕੀਤਾ ਗਿਆ ਸੀ।ਇਹ ਪੁਲ਼ ਲਗਭਗ ਤਿਆਰ ਹੋ ਚੁੱਕਾ ਸੀ, ਪਰ ਆਮ ਆਦਮੀ ਦੇ ਲੀਡਰਾਂ ਕੋਲ ਉਹਦਾ ਉਦਘਾਟਨ ਕਰਨ ਦਾ ਸਮਾਂ ਨਹੀਂ ਸੀ, ਜਿਸ ਕਾਰਨ ਇਸ ਨੂੰ ਰਾਹਗੀਰਾਂ ਲਈ ਖੋਲ੍ਹਿਆ ਨਹੀਂ ਜਾ ਰਿਹਾ ਸੀ, ਇਸ ਗੱਲ ਤੋਂ ਅੱਕ 23 ਦਸੰਬਰ ਨੂੰ ਦੁਪਹਿਰ ਬਾਅਦ ਪੁਲ ਦੇ ਛਿਪਦੇ ਪਾਸੇ ਮੁਲਤਾਨੀਆਂ ਰੋਡ ਦੇ ਵਸਨੀਕਾਂ ਨੇ ਆਪਣੇ ਐਮ ਸੀ ਸੁਖਰਾਜ ਸਿੰਘ ਔਲਖ ਦੀ ਅਗਵਾਈ ਹੇਠ ਧਰਨਾ ਲਾ ਲਿਆ।ਇਹ ਗੱਲ ਜੰਗਲ ਦੀ ਅੱਗ ਵਾਂਗ ਫੈਲ ਗਈ।ਉਸ ਤੋਂ ਬਾਅਦ ਧਰਨੇ ਵਾਲੀ ਥਾਂ 'ਤੇ ਆਮ ਆਦਮੀ ਪਾਰਟੀ ਨਾਲ ਸਬੰਧਤ ਨਗਰ ਨਿਗਮ ਦਾ ਮੌਜੂਦਾ ਮੇਅਰ ਪਦਮਜੀਤ ਮਹਿਤਾ ਵੀ ਆਪਣਾ ਲਾਮ ਲਕਸ਼ ਲੈ ਕੇ ਆ ਪਹੁੰਚਿਆ। ਡਿਪਟੀ ਕਮਿਸ਼ਨਰ ਰਾਕੇਸ਼ ਧੀਮਾਨ ਵੀ ਘਟਨਾ ਸਥਾਨ ਉੱਪਰ ਆ ਗਏ। ਜਦੋਂ ਖਬਰ ਮੌਜੂਦਾ ਸ਼ਹਿਰੀ ਐਮਐਲਏ ਜਗਰੂਪ ਗਿੱਲ ਨੂੰ ਲੱਗੀ ਤਾਂ ਉਹ ਵੀ ਕੁਝ ਦੇਰੀ ਨਾਲ ਧਰਨੇ ਵਾਲੀ ਥਾਂ ਆ ਪਹੁੰਚੇ।ਲੋਕਾਂ ਅੱਗੇ ਆਪਣੀ ਦਾਲ ਨਾ ਗਲਦੀ ਵੇਖ ਪੁਲ਼ ਚਾਲੂ ਹੋਇਆ ਵੇਖ ਉਨ੍ਹਾਂ ਇੱਜ਼ਤ ਇਹ ਕਹਿ ਕੇ ਰੱਖਣ ਦੀ ਅਸਫਲ ਕੋਸ਼ਿਸ਼ ਕੀਤੀ ਕਿ ਪੁਲ ਟਰਾਇਲ ਵਜੋਂ ਚਲਾਇਆ ਹੈ। ਘਟਨਾਕ੍ਰਮ ਪਿੱਛੇ ਲਾਈਨੋਂ ਪਾਰ ਖੇਤਰ 'ਚ ਰਹਿਣ ਵਾਲੇ ਡੇਢ ਲੱਖ ਤੋਂ ਵੱਧ ਲੋਕਾਂ ਦਾ ਦਰਦ ਛੁਪਿਆ ਹੋਇਆ ਹੈ।ਅਸਲ ਵਿੱਚ ਪੰਜਾਬ ਦੀ ਮੌਜੂਦਾ ਸਰਕਾਰ ਵੱਲੋਂ ਇਸ ਖੇਤਰ ਨਾਲ ਸਬੰਧਤ ਤਿੰਨ-ਚਾਰ ਪੁਲ਼ ਇਕੱਠੇ ਹੀ ਬਣਾਉਣੇ ਸ਼ੁਰੂ ਕਰ ਦਿੱਤੇ, ਜਿਸ ਕਾਰਨ ਇਸ ਖੇਤਰ ਦੇ ਲੋਕਾਂ ਨੂੰ ਸ਼ਹਿਰ ਵਿੱਚ ਆਉਣ ਲਈ ਦੋ ਰਸਤੇ ਬਚੇ।ਪਹਿਲਾ ਰਸਤਾ ਸੰਗੂਆਣਾ ਬਸਤੀ ਵਿੱਚੋਂ ਲੰਘ ਕੇ ਬਾਜ਼ਾਰ ਪਹੁੰਚਣ ਦਾ ਸੀ ਪਰ ਉਸ ਤੋਂ ਤਿੰਨ ਫਾਟਕ ਪਾਰ ਕਰਨੇ ਪੈਂਦੇ ਸਨ ਅਤੇ ਜੇ ਇੱਕ ਫਾਟਕ ਲੱਗਿਆ ਹੋਵੇ ਤਾਂ ਇਥੋਂ ਜਲਦੀ ਨਿਕਲਿਆ ਨਹੀਂ ਜਾਂਦਾ। ਘੱਟੋ ਘੱਟ ਇੱਕ ਘੰਟਾ ਜਰੂਰ ਖਤਮ ਹੁੰਦਾ ਹੈ। ਦੂਜਾ ਰਸਤਾ ਠੰਡੀ ਸੜਕ ਉੱਤੋਂ ਦੀ ਹੈ। ਉਹ ਰਸਤਾ ਸ਼ਹਿਰ ਪਹੁੰਚਣ ਲਈ ਤਿੰਨ ਚਾਰ ਕਿਲੋਮੀਟਰ ਦੂਰ ਜਾਣਾ ਪੈਂਦਾ ਹੈ।


**ਕੋਰਟ ਨੋਟਿਸ, ਜ਼ਿਲ੍ਹਾ ਮੈਰਿਜ ਅਫ਼ਸਰ, ਜਲੰਧਰ V/S ਆਮ ਜਨਤਾ**

**ਵਿਸ਼ਾ : ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਬਾਰੇ।**



ਬਿਨੈਕਾਰ ਦਾ ਨਾਮ : ਗੁਰਮੇਜ ਕੌਰ ਪਿਤਾ/ਪਤੀ ਦਾ ਨਾਮ : ਦਵਿੰਦਰ ਸਿੰਘ
ਪਤਾ: House No.17 Pratap Nagar PO Model Town Jalandhar, Tehsil - Jalandhar-1/ District-Jalandhar, Punjab
ਉਪਰੋਕਤ ਪ੍ਰਾਰਥੀ ਨੇ ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਲਈ ਸੇਵਾ ਕੇਂਦਰ ਵਿੱਚ ਆਪਣੇ ਪੁੱਤਰ ਦੇ ਲਈ ਬਿਨੈ ਪੱਤਰ ਦਿੱਤਾ ਹੈ। ਜਿਸ ਦੇ ਵੇਰਵੇ ਹੇਠ ਲਿਖੇ ਦਿੱਤੇ ਗਏ ਹਨ।
ਨਾਮ : ਹਰਮਨਦੀਪ ਸਿੰਘ ਪੱਕਾ ਪਤਾ: House No.17 Pratap Nagar PO Model Town Jalandhar, Jalandhar-1, Jalandhar, Punjab ਵਿਦੇਸ਼ੀ ਪਤਾ: 46240 Bottrop Kreul Shof 29 German/ 46240 ਬੋਟਰੋਪ ਕ੍ਰਲ ਸ਼ੋਫ 29 ਜ਼ਰਮਨ
ਉਮਰ/ਜਨਮ ਮਿਤੀ : 33 (24-05-1990)
ਬਿਨੈਕਾਰ ਨੇ ਕਿਹਾ ਹੈ ਕਿ ਉਸਦਾ ਭਾਰਤ ਵਿੱਚ ਕੋਈ ਵਿਆਹੁਤਾ ਸੰਬੰਧ ਨਹੀਂ ਹੈ।
ਆਮ ਲੋਕਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਜੇ ਉਪਰੋਕਤ ਸਰਟੀਫ਼ਿਕੇਟ ਜਾਰੀ ਕਰਨ ਬਾਰੇ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੈ ਤਾਂ ਉਹ ਵਿਅਕਤੀ ਜਾਂ ਉਸਦੇ ਨੁਮਾਇੰਦੇ ਇਸ ਨੋਟਿਸ ਦੇ ਜਾਰੀ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਆਪਣੀ ਇਤਰਾਜ਼ (ਸ਼ਿਕਾਇਤ)ਪੇਸ਼ ਕਰ ਸਕਦੇ ਹਨ। ਉਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਮੰਨਿਆ ਜਾਵੇਗਾ।
ਇਹ ਇਸ਼ਤਿਹਾਰ ਮੇਰੇ ਦਸਤਖ਼ਤਾਂ ਹੇਠ ਅਦਾਲਤੀ ਮੋਹਰ ਨਾਲ ਮਿਤੀ 26-12-2025 ਨੂੰ ਜਾਰੀ ਹੋਇਆ।
ਨੰਬਰ 105/ਨੰਬਰ/ਰੀਡਰ ਮਤੀ 26.12.2025 ਜ਼ਿਲਾ ਮੈਰਿਜ ਅਫ਼ਸਰ,ਜਲੰਧਰ,ਪੰਜਾਬ,ਭਾਰਤ

**ਕੋਰਟ ਨੋਟਿਸ, ਜ਼ਿਲ੍ਹਾ ਮੈਰਿਜ ਅਫ਼ਸਰ, ਜਲੰਧਰ V/S ਆਮ ਜਨਤਾ**

**ਵਿਸ਼ਾ : ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਬਾਰੇ।**



ਬਿਨੈਕਾਰ ਦਾ ਨਾਮ : ਜਰਨੈਲ ਸਿੰਘ ਪਿਤਾ/ਪਤੀ ਦਾ ਨਾਮ : ਕਪੂਰ ਸਿੰਘ
ਪਤਾ: Village Sindhar, Village - Sindhar/Tehsil - Sub-Tehsil - Shahkot/ District-Jalandhar, Punjab
ਉਪਰੋਕਤ ਪ੍ਰਾਰਥੀ ਨੇ ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਲਈ ਸੇਵਾ ਕੇਂਦਰ ਵਿੱਚ ਆਪਣੇ ਪੁੱਤਰ ਦੇ ਲਈ ਬਿਨੈ ਪੱਤਰ ਦਿੱਤਾ ਹੈ। ਜਿਸ ਦੇ ਵੇਰਵੇ ਹੇਠ ਲਿਖੇ ਦਿੱਤੇ ਗਏ ਹਨ।
ਨਾਮ : ਸੁਰਜੀਤ ਸਿੰਘ
ਪੱਕਾ ਪਤਾ: Village Sindhar Tehsil Shahkot Distt Jalandhar, Sindhar, Sub-Tehsil-Shahkot, Jalandhar, Punjab
ਉਮਰ/ਜਨਮ ਮਿਤੀ : 38-(27/03/1987)
ਬਿਨੈਕਾਰ ਨੇ ਕਿਹਾ ਹੈ ਕਿ ਉਸਦਾ ਭਾਰਤ ਵਿੱਚ ਕੋਈ ਵਿਆਹੁਤਾ ਸੰਬੰਧ ਨਹੀਂ ਹੈ।
ਆਮ ਲੋਕਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਜੇ ਉਪਰੋਕਤ ਸਰਟੀਫ਼ਿਕੇਟ ਜਾਰੀ ਕਰਨ ਬਾਰੇ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੈ ਤਾਂ ਉਹ ਵਿਅਕਤੀ ਜਾਂ ਉਸਦੇ ਨੁਮਾਇੰਦੇ ਇਸ ਨੋਟਿਸ ਦੇ ਜਾਰੀ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਆਪਣੀ ਇਤਰਾਜ਼ (ਸ਼ਿਕਾਇਤ)ਪੇਸ਼ ਕਰ ਸਕਦੇ ਹਨ। ਉਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਮੰਨਿਆ ਜਾਵੇਗਾ।
ਇਹ ਇਸ਼ਤਿਹਾਰ ਮੇਰੇ ਦਸਤਖ਼ਤਾਂ ਹੇਠ ਅਦਾਲਤੀ ਮੋਹਰ ਨਾਲ ਮਿਤੀ 26-12-2025 ਨੂੰ ਜਾਰੀ ਹੋਇਆ।
ਨੰਬਰ 103/ਨੰਬਰ/ਰੀਡਰ ਮਤੀ 26.12.2025 ਜ਼ਿਲਾ ਮੈਰਿਜ ਅਫ਼ਸਰ,ਜਲੰਧਰ,ਪੰਜਾਬ,ਭਾਰਤ

**UMMEED HOUSING FINANCE PVT. LTD**
CIN: U64990HR2016PTC057984
Regd. Off.: 2009-2014, 20th Floor, Magnum Global Park, Golf Course Extn. Road, Sector 58, Gurugram-122011

**ਅਚੱਲ ਜਾਇਦਾਦਾਂ ਦੀ ਵਿਕਰੀ ਵਾਸਤੇ ਵਿਕਰੀ ਨੋਟਿਸ**

ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲ, 2002 ਦੇ ਰੂਲ 8 (6) ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ, 2002 ਦੇ ਰੂਲ 8 (5) ਤਹਿਤ ਅਚੱਲ ਐੱਸਟਸ ਦੀ ਵਿਕਰੀ ਵਾਸਤੇ ਨਿਲਾਮੀ ਵਿਕਰੀ ਨੋਟਿਸ
ਆਮ ਜਨਤਾ ਅਤੇ ਖਾਸ ਕਰਕੇ ਕਰਜ਼ਦਾਰ (ਕਰਜ਼ਦਾਰਾਂ) ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ, ਜਿਸ ਦਾ ਵੇਰਵਾ ਹੇਠਾਂ ਦਰਸਾਈ ਸਾਰਣੀ 'ਚ ਦਿੱਤਾ ਗਿਆ ਹੈ ਕਿ ਹੇਠਾਂ ਦਰਸਾਈ ਅਚੱਲ ਜਾਇਦਾਦ ਜੋ ਸਕਿਉਰਡ ਕ੍ਰੈਡਿਟਰ ਕੋਲ ਰਹਿਨ/ਚਾਰਜ਼ਡ ਹੈ, ਦਾ ਭੌਤਿਕ [illegible]

| ਕਰਜ਼ਦਾਰਾਂ ਅਤੇ ਗਰੰਟਰਾਂ ਦਾ ਨਾਂਅ ਤੇ ਪਤਾ | [illegible] | [illegible] |
|---|---|---|
| [illegible] | [illegible] | [illegible] |

ਛੇ ਸੌ [illegible] + 27 ਦਸੰਬਰ 2025 ਤੋਂ [illegible]


# ਆਈ ਟੀ ਆਈ ਨੰਗਲ ਵਿਖੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਕੀਤਾ ਨਮਨ



**ਨੰਗਲ ਭਲਾਣ : ( ਹਰਭਜਨ ਸਿੰਘ ਢਿੱਲੋਂ)** - ਡਾਇਰੈਕਟਰ ਤਕਨੀਨੀ ਸਿੱਖਿਆਂ ਅਤੇ ਉਦਯੋਗਿਕ ਸਿਖਲਾਈ ਵਿਭਾਗ ਵਲੋਂ ਜਾਰੀ ਹੁਕਮਾਂ ਅਨੁਸਾਰ ਸ਼ੁੱਕਰਵਾਰ ਨੂੰ ਸਰਬੰਸਦਾਨੀ, ਸਾਹਿਬ-ਏ-ਕਮਾਲ,ਦਸਮ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਿਜਦਾ ਕੀਤਾ ਗਿਆ।ਇਸ ਮੌਕੇ ਸਥਾਨਕ ਉਦਯੋਗਿਕ ਸਿਖਲਾਈ ਸੰਸਥਾ ਨੰਗਲ ਵਿਖੇ ਵਿਸ਼ੇਸ਼ ਸਮਾਗਮ ਕਰਵਾਇਆ ਗਿਆ ।ਇਸ ਮੌਕੇ ਸਿੱਖਿਆਰਥੀਆਂ ਵਲੋਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਨਾਲ ਸਬੰਧਤ ਕਵਿਤਾਵਾਂ,ਸ਼ਬਦ ਅਤੇ ਲੈਕਚਰ ਪੜ੍ਹੇ ਗਏ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਨਮਨ ਕੀਤਾ ਗਿਆ। ਪ੍ਰਿੰਸੀਪਲ ਗੁਰਨਾਮ ਸਿੰਘ ਭੱਲੜੀ ਨੇ ਕਿਹਾ ਕਿ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਇਤਿਹਾਸ ਆਪਣੇ ਆਪ 'ਚ ਲਾਸਾਨੀ ਅਤੇ ਵਿਲੱਖਣ ਹੈ। ਦੁਨੀਆ ਦੇ ਧਾਰਮਿਕ ਇਤਿਹਾਸ ਅੰਦਰ ਅਜਿਹੀ ਮਿਸਾਲ ਹੋਰ ਕਿਧਰੇ ਨਹੀਂ ਮਿਲਦੀ। ਇਤਿਹਾਸ 'ਚ ਸਾਕਾ ਸਰਹਿੰਦ ਉਹ ਘਟਨਾ ਹੈ, ਜਿਸ ਨੇ ਸਿੱਖ ਮਨਾਂ ਅੰਦਰ ਸਮੇਂ ਦੀ ਹਕੂਮਤ ਵਿਰੁੱਧ ਗੁੱਸੇ ਤੇ ਰੋਹ ਦੀ ਅੱਗ ਨੂੰ ਹੋਰ ਤਿੱਖਾ ਕੀਤਾ ਅਤੇ ਇਸ ਤੋਂ ਸ਼ਕਤੀ ਤੇ ਪ੍ਰੇਰਨਾ ਲੈ ਕੇ ਸਿੱਖਾਂ ਨੇ ਜਾਲਮ ਮੁਗਲ ਹਕੂਮਤ ਨਾਲ ਜਬਰਦਸਤ ਟੱਕਰ ਲਈ। ਜਿਸ ਸਮੇਂ ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਨੂੰ ਸੂਬਾ ਸਰਹਿੰਦ ਦੇ ਹੁਕਮ ਨਾਲ ਜਿੰਦਾ ਨੀਹਾਂ 'ਚ ਚਿਣ ਕੇ ਸ਼ਹੀਦ ਕੀਤਾ ਗਿਆ ਤਾਂ ਸਾਹਿਬਜ਼ਾਦਿਆਂ ਦੀ ਉਮਰ ਭਾਵੇਂ ਬਹੁਤ ਛੋਟੀ ਸੀ, ਪਰੰਤੂ ਉਨ੍ਹਾਂ ਨੇ ਜਿਸ ਦਲੇਰੀ, ਸਿਦਕਦਿਲੀ ਅਤੇ ਜਿੰਦਾਦਿਲੀ ਨਾਲ ਸੂਬੇ ਦੀ ਕਚਹਿਰੀ 'ਚ ਸਵਾਲਾਂ ਦੇ ਜਵਾਬ ਦਿੱਤਾ, ਉਸ ਵਲੋਂ ਧਰਮ ਛੱਡਣ ਖਾਤਰ ਦਿੱਤੇ ਜਾ ਰਹੇ ਲਾਲਚਾਂ ਨੂੰ ਠੁਕਰਾਇਆ ,ਜਿਸ ਦੀ ਵਿਸ਼ਵ ਦੇ ਧਰਮ ਇਤਿਹਾਸ ਅੰਦਰ ਕੋਈ ਮਿਸਾਲ ਨਹੀਂ ਮਿਲਦੀ। ਇਸ ਮੌਕੇ ਇੰਸਟਰਕਟਰ ਗੁਰਦੀਪ ਕੁਮਾਰ ਅਤੇ ਅਸ਼ੋਕ ਕੁਮਾਰ ਵਲੋਂ ਵੀ ਸਾਹਿਬਜ਼ਾਦਿਆਂ ਦੇ ਜੀਵਨ ਅਤੇ ਉਨ੍ਹਾਂ ਦੀ ਲਾਸਾਨੀ ਸ਼ਹੀਦੀ ਸਬੰਧੀ ਜਾਣਕਾਰੀ ਦਿੱਤੀ ਗਈ।

# ਡਾ. ਰਾਜੀਵ ਪ੍ਰਾਸ਼ਰ ਨੇ ਸਿਵਲ ਸਰਜਨ ਦਾ ਅਹੁਦਾ ਸੰਭਾਲਿਆ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਡਾ. ਰਾਜੀਵ ਪਰਾਸ਼ਰ ਵੱਲੋਂ ਸਿਵਲ ਸਰਜਨ ਦਾ ਅਹੁਦਾ ਸੰਭਾਲਿਆ ਗਿਆ। ਦਫਤਰ ਸਿਵਲ ਸਰਜਨ ਦੇ ਸਮੂਹ ਪ੍ਰੋਗਰਾਮ ਆਫਿਸਰ ਤੇ ਸਟਾਫ਼ ਵੱਲੋਂ ਡਾ. ਰਾਜੀਵ ਪ੍ਰਾਸ਼ਰ ਨੂੰ ਫੁੱਲਾਂ ਦਾ ਗੁੱਲਦਸਤਾ ਦੇ ਕੇ ਸਵਾਗਤ ਕੀਤਾ। ਡਾ. ਰਾਜੀਵ ਪ੍ਰਾਸ਼ਰ ਨੇ ਨਵੰਬਰ 1995 ਵਿੱਚ ਫ਼ਿਰੋਜ਼ਪੁਰ ਵਿਖੇ ਹੀ ਬਤੌਰ ਮੈਡੀਕਲ ਅਫ਼ਸਰ ਸਿਹਤ ਵਿਭਾਗ ਵਿਚ ਤੈਨਾਤ ਹੋਏ ਸਨ। ਇਸ ਉਪਰੰਤ ਉਨ੍ਹਾਂ ਵੱਖ-ਵੱਖ ਅਹੁਦਿਆਂ 'ਤੇ ਰਹਿ ਕੇ ਆਮ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ। ਡਾ. ਰਾਜੀਵ ਪ੍ਰਾਸ਼ਰ ਵੱਲੋਂ ਕਪੂਰਥਲਾ ਜ਼ਿਲ੍ਹੇ 'ਚ ਬਤੌਰ ਜ਼ਿਲ੍ਹਾ ਸਿਹਤ ਅਫਸਰ ਦੇ ਅਹੁਦੇ 'ਤੇ ਵੀ ਸੇਵਾਵਾਂ ਨਿਭਾਈਆਂ। ਸਿਵਲ ਸਰਜਨ ਦਾ ਅਹੁਦਾ ਸੰਭਾਲਣ ਤੋਂ ਬਾਅਦ ਡਾਕਟਰ ਰਾਜੀਵ ਪ੍ਰਾਸ਼ਰ ਨੇ ਕਿਹਾ ਕਿ ਸਾਰੇ ਸਰਕਾਰੀ ਪ੍ਰੋਗਰਾਮਾਂ ਨੂੰ ਇੰਨ-ਬਿੰਨ ਲਾਗੂ ਕਰਨਾ ਤੇ ਆਮ ਆਦਮੀ ਕਲੀਨਿਕ ਅਤੇ ਸਰਕਾਰੀ ਹਸਪਤਾਲਾਂ ਵਿਚ ਆਮ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਦੇਣਾ ਹੀ ਮੇਰਾ ਮੁੱਖ ਮਕਸਦ ਹੈ। ਉਨ੍ਹਾਂ ਕਿਹਾ ਕਿ ਸਟਾਫ਼ ਨਾਲ ਮੀਟਿੰਗ ਕਰਕੇ ਵੱਖ ਵੱਖ ਪ੍ਰੋਗਰਾਮ ਬਾਰੇ ਜਾਣਕਾਰੀ ਲਈ ਗਈ ਹੈ। ਉਨ੍ਹਾਂ ਸਖ਼ਤ ਸ਼ਬਦਾਂ 'ਚ ਮਿਲਾਵਟ ਖੋਰਾ ਨੂੰ ਚੇਤਾਵਨੀ ਦਿੱਤੀ ਕਿ ਖਾਣੇ ਵਿਚ ਕਿਸੇ ਵੀ ਤਰ੍ਹਾਂ ਦੀ ਮਿਲਾਵਟ ਨੂੰ ਬਰਦਾਸਤ ਨਹੀਂ ਕੀਤਾ ਜਾਵੇਗਾ ਤੇ ਲੋਕਾਂ ਨੂੰ ਖਾਣ ਪੀਣ ਵਾਲਿਆਂ ਵਸਤੂਆ ਸ਼ੁੱਧ ਅਤੇ ਸਾਫ਼ ਮਿਲਣ, ਇਸ ਲਈ ਹਰ ਸੰਭਵ ਉਪਰਾਲੇ ਕੀਤੇ ਜਾਣਗੇ। ਉਨ੍ਹਾਂ ਕਿਹਾ ਨਸ਼ੇ ਦੇ ਮਾੜੇ ਪ੍ਰਭਾਵਾਂ ਬਾਰੇ ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ ਤੇ ਨਸ਼ਾ ਛੁਡਾਊ ਕੇਂਦਰ ਵਿਚ ਮਰੀਜ਼ਾਂ ਨੂੰ ਸਹੀ ਇਲਾਜ ਮਿਲੇ ਇਸ ਬਾਰੇ ਹਰ ਸੰਭਵ ਕਦਮ ਚੁੱਕੇ ਜਾਣਗੇ। ਸਰਕਾਰੀ ਹਸਪਤਾਲਾਂ ਵਿਚ ਔਰਤ ਰੋਗੀਆਂ, ਬਜ਼ੁਰਗਾਂ ਤੇ ਬੱਚਿਆਂ ਨੂੰ ਇਲਾਜ ਲਈ ਪਹਿਲ ਦਿੱਤੀ ਜਾਵੇਗੀ। ਫ਼ਿਰੋਜ਼ਪੁਰ ਦੀਆਂ ਸਰਕਾਰੀ ਸਿਹਤ ਸੰਸਥਾਵਾਂ ਵਿਖੇ ਇਲਾਜ ਕਰਾਉਣ ਆਏ ਮਰੀਜ਼ਾਂ ਨੂੰ ਆਪਣੇ ਪੱਲਿਓਂ ਪੈਸੇ ਖਰਚ ਨਾ ਕਰਨੇ ਪੈਣ, ਇਸ ਲਈ ਉਚੇਚੇ ਪ੍ਰਬੰਧ ਕੀਤੇ ਜਾਣਗੇ। ਉਨ੍ਹਾਂ ਸਾਰੇ ਸਟਾਫ ਨੂੰ ਹਦਾਇਤ ਕੀਤੀ ਕਿ ਸਾਫ ਸੁਥਰਾ ਕੰਮ ਕੀਤਾ ਜਾਵੇ।


**PUBLIC NOTICE**

Notice for Public in large that Sh. Vikram Kumar Sons of Sh. Satish Kumar S/o Sh. Lal Chand (hereinafter referred to as customer) have approached to my client M/s CHOLA-MANDALAM INVESTMENT AND FINANCE COMPANY LIMITED (CIFCL)Branch Abohar for availing a Loan which is sanctioned vide Application no 61536101 in favour of above customer. That the Original of sale deed executed by Smt. Amandeep kaur W/o Sh. Malkit Singh S/o Sh. Resham Singh has sold the property in favour of Sh. Ashish Kumar S/o Sh. Subhash Chander S/o Sh. Niyamat Rai vide the registered sale deed bearing wasika no. 1595 dated 17-08-2016 and Original of sale deed executed by Sh. Ashish Kumar S/o Sh. Subhash Chander S/o Sh. Niyamat Rai has sold the property in favour of (1) Sh. Gurwinder Singh, (2) Sh. Kulwinder Singh Sons of Sh. Harjinder Singh S/o Sh. Dalip Singh in equal share in vide the registered sale deed bearing wasika no. 2593 dated 26-12-2017 has lost during the renovation of house & same is not traceable. As per the declaration furnished by the present applicant namely Sh. Vikram Kumar Sons of Sh. Satish Kumar S/o Sh. Lal Chand aforesaid the said property is an unencumbered and no mortgage, Charge & Loan etc. Created over the said property in favour of any bank or any financial institution. If anyone from public in large has the concern. Please contact in writing to the undersigned with supporting documentary evidence at the address mentioned herein with in 7 days from the date of publication, failing which the claim, if any of such person will be concemed to have waived and my client shall proceed with the disbursement of loan and creation of mortgage in respect thereof.

Gaurav Dhuria Advocate
Office. Chamber No. 275 Court Complex Abohar

**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

**ਜਨਤਕ ਸੂਚਨਾ**

**ਨਿਲਾਮੀ ਦੀ ਵਾਪਸੀ (ਸਰਫੇਸੀ ਐਕਟ, 2002 ਦੇ ਅਧੀਨ)**

ਇਹ ਆਮ ਜਨਤਾ ਅਤੇ ਸਾਰੇ ਸੰਬੰਧਤਾਂ ਦੀ ਸੂਚਨਾ ਲਈ ਹੈ ਕਿ 'ਦਾ ਇੰਡੀਅਨ ਐਕਸਪ੍ਰੈਸ' ਅਤੇ 'ਨਵਾਂ ਜ਼ਮਾਨਾਂ' ਅਖਬਾਰਾਂ 'ਚ 22.11.2025 ਨੂੰ ਪ੍ਰਕਾਸ਼ਿਤ ਈ-ਨਿਲਾਮੀ/ਜਨਤਕ ਨਿਲਾਮੀ ਨੋਟਿਸ, ਜੋ ਕਿ ਮੈਸ. ਕਾਲੜਾ ਸਵੀਟ ਸ਼ਾਪ ਦੇ ਕਰਜ਼ਾ ਖਾਤਾ 'ਚ ਹੇਠਾਂ ਦਰਸਾਏ ਸਕਿਉਰਡ ਐੱਸਟ ਦੀ ਵਿਕਰੀ ਲਈ ਮਿਤੀ 29.12.2025 ਨਿਰਧਾਰਤ ਹੈ, ਨੂੰ ਇਸ ਦੁਆਰਾ ਵਾਪਸ ਲਿਆ ਜਾਂਦਾ ਹੈ।
ਸਕਿਉਰਡ ਐਸਟ ਦੇ ਵੇਰਵੇ : ਬੈਨਾਮਾ ਦਸਤਾਵੇਜ ਨੰ. 1979 ਮਿਤੀ 26.03.2018 [illegible] ਪੁੱਤਰ ਮੋਹਨ ਲਾਲ ਕਾਲੜਾ ਦੀ ਮਲਕੀਅਤ ਅਚੱਲ ਜਾਇਦਾਦ ਰਕਬਾ 8 ਮਰਲੇ, [illegible] ਨਾਲ ਸੰਬੰਧਤ ਸਭ ਕੁੱਝ।
ਇਹ ਨਿਲਾਮੀ ਨਿਰਧਾਰਤ ਮਿਤੀ 'ਤੇ ਨਹੀਂ ਕੀਤੀ ਜਾਵੇਗੀ।
ਆਮ ਜਨਤਾ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਇਸ ਨੂੰ ਵਾਪਸ ਲਿਆ ਸਮਝਿਆ ਜਾਵੇ।

ਮਿਤੀ : 26.12.2025, ਸਥਾਨ : ਜਲੰਧਰ ਅਧਿਕਾਰਤ ਅਫ਼ਸਰ


# ਚਲਦੀ ਗੱਡੀ 'ਚ ਡਰਾਈਵਰ ਨੂੰ ਦੌਰਾ ਪੈਣ ਕਾਰਨ ਵਾਪਰਿਆ ਹਾਦਸਾ

**ਬਲਾਚੌਰ : ( ਜਸਵਿੰਦਰ ਬੈਂਸ )** -ਸ਼ਹੀਦ ਭਗਤ ਸਿੰਘ ਨਗਰ ਦੀ ਸਬ ਡਿਵੀਜ਼ਨ ਬਲਾਚੌਰ ਦੇ ਨੇੜੇ ਨੈਸ਼ਨਲ ਹਾਈਵੇ 'ਤੇ ਇੱਕ ਦਰਦਨਾਕ ਸੜਕ ਹਾਦਸਾ ਵਾਪਰਨ ਦੀ ਖ਼ਬਰ ਹੈ। ਇਸ ਹਾਦਸੇ ਵਿੱਚ ਨਵਾਂ ਸ਼ਹਿਰ ਤੋਂ ਰੋਪੜ ਵੱਲ ਜਾ ਰਹੀਆਂ ਦੋ ਗੱਡੀਆਂ ਆਪਸ ਵਿੱਚ ਟਕਰਾ ਗਈਆਂ। ?ਜਾਣਕਾਰੀ ਅਨੁਸਾਰ, ਨਵਾਂਸ਼ਹਿਰ ਤੋਂ ਰੋਪੜ ਵੱਲ ਜਾ ਰਹੀ ਹੁੰਡਈ ਗੱਡੀ ਦੇ ਡਰਾਈਵਰ ਸੁਮਿਤ ਦੱਤਾ ਨੂੰ ਬਲਾਚੌਰ ਪੁਲ ਦੇ ਉੱਪਰ ਅਚਾਨਕ ਦੌਰਾ ਪੈ ਗਿਆ। ਸੰਤੁਲਨ ਵਿਗੜਨ ਕਾਰਨ ਹੁੰਡਈ ਗੱਡੀ ਨੇ ਅੱਗੇ ਜਾ ਰਹੀ ਸਵਿਫਟ ਕਾਰ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ। ?ਹੁੰਡਈ ਗੱਡੀ ਦੇ ਡਰਾਈਵਰ ਸੁਮਿਤ ਦੱਤਾ ਪੁੱਤਰ ਇੰਦਰ ਮੋਹਣ ਦੱਤਾ (ਨਵਾਂਸ਼ਹਿਰ) ਦੀ ਹਾਲਤ ਨੂੰ ਦੇਖਦਿਆਂ ਉਨ੍ਹਾਂ ਨੂੰ ਤੁਰੰਤ ਬਲਾਚੌਰ ਦੇ ਨਿੱਜੀ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ ਹੈ। ਸਵਿਫਟ ਕਾਰ ਦੇ ਚਾਲਕ ਦੀ ਪਛਾਣ ਵਿਕਾਸ ਕੌਸ਼ਲ ਪੁੱਤਰ ਅਸ਼ੋਕ ਕੁਮਾਰ (ਵਾਸੀ ਵਾਰਡ ਨੰਬਰ 12, ਬਲਾਚੌਰ) ਵਜੋਂ ਹੋਈ ਹੈ ।



# ਕਲਾਸੀਫਾਈਡ ਇਸ਼ਤਿਹਾਰ

## Change of Name

I Deepak Mahay W/O Mohinder Singh R/O Vill Bhanun Po Sahdra Teh Balachaur Distt. SBS Nagar Punjab Have Changed My Name To Deepak Mahey. All Please Note.

I Harjinder Kaur wife of Major Singh residence of Village Shalapur Bet Tehsil Sultanpur Lodhi District Kapurthala that the Harjinder Kaur and Rajinder Kaur are both name of mine that the Harjinder Kaur and Rajinder Kaur which the one person.

I Kirandeep Kaur w/o Dalraj Singh R/O. VPO Rajdhan, Tehsil Baba Bakala Sahib, District Amritsar, Punjab, India. I have changed my name as the first name is Kirandeep and surname is Kaur. note it.

I, Saroj Bala W/ o Satinder Kumar R/o House No. 251, Shiv Nagar, Jalandhar, declare that Saroj Bala W/o Satinder Kumar and Saroj Rani W/o Pawan Kumar both names are of one & the same person.

I, Dawinder Singh S/o Gurdeep Singh R/o Vill. Cholang, PO. Samrai, Teh. Phillaur, Jalandhar have changed my name to Given Name as Dawinder & Surname as Singh. All concerned please note.

I, Balvir Masih S/o Paramjit Singh R/o Village Dhanda, P.O. Sang Dhesian, Tehsil Phillaur, Distt. Jalandhar, Punjab-144409, India have changed my name from Balvir Masih to Balvir Bangar. All concerned please note.

I, Balvir Masih S/o Paramjit Singh R/o Village Dhanda, P.O. Sang Dhesian, Tehsil Phillaur, Distt. Jalandhar, Punjab-144409, India have changed the name of my minor daughter from Kristal Kumari to Kristal Bangar. All concerned please note.

I hitherto known as Shubham Dhimaan S/o Surinder Kumar, Residing at B2/186, Nurmahal, Tehsil - Phillaur, Distt. - Jalandhar (Punjab) - 144039, have changed my name and shall hereafter be known as Shubham Dhiman.

I, Kiran W/o Rajinder Kumar R/o Plot No. 4, 88 Ft. Road, Majitha Road, Near Sharma Building Material, Laxmi Vihar, Amritsar Punjab have changed my name from Kiran to Kiran Bala.

I, Rishu W/O Rajiv Chopra R/O H. No. 27/C, B D A Enclave, Near KMV College, Pathankot Chownk, Distt. Jalandhar - 144004, Punjab have changed my name from Rishu to Rishu Chopra. (After Marriage I have added my surname as Chopra). All note.

I, Malkeet Singh S/O Dilbag Singh R/O Vill. Mustfapur Po.wadala Banger , District Gurdaspur, Punjab, India Pin Code 143505 , I Have Changed My Name From Malkeet Singh To Singh Malkeet , Surname As Singh And Given Name As Malkeet.

I, Sandeep Singh S/O Dilbag Singh R/O Vill. Mustfapur Po.wadala Banger , District Gurdaspur, Punjab, India Pin Code 143505 , I Have Changed My Name From Sandeep Singh To Singh Sandeep ,Surname As Singh And Given Name As Sandeep .

## Change of Name

I, Mandeep Singh S/o Karnail Singh R/o VPO Bundala Distt Amritsar have declare that Singh is my Surname Mandeep is my given name

I, Avnish Chawla W/o Satwant Singh R/o VPO Baba Bakala, House No 573A, Distt Amritsar have changed my name from Avnish Chawla to Avnish Kaur.

I, Puja Devi W/o Shatrudhan Kumar R/o H.No-39 Gali No-9 Parkash Vihar Majitha Road Amritsar Bindu Devi To Puja Devi.

I, Harish s/o Manjit Ram r/o H.No. B 16/349, Khalwara Gate, Baba Gadhia, Phagwara, Distt. Kapurthala have changed my name from Harish to Harish Kumar. All Please Note.

I, Chander Shekhar Arora S/o Sita Ram R/o H.No.340-B, Krishna Square-I, Amritsar have changed my name from Chander Shekhar Arora to Chander Shekhar.

I, Dharminder S/O Sukhnam Singh R/O At Near Govt. Sr. Sec. School Rania, Lal Bagh, Dhariwal, Gurdaspur, Punjab - 143519, Do Hereby Declare That I Have Changed The Name Of My Minor Son Anuraag, Aged 11 Years, From Anuraag To Anuraag Taak.

I, Amarjeet Singh S/o Tarlochan Singh R/o H.No.23 Hari Paradise Opp Ivy Hospital Palm Grove Airport Road Amritsar have changed my name to Amarjit Singh.

I Kuldip Kaur W/O Balwinder Singh R/O Palahi Road, New Vishawkarma Nagar, NRI Colony, Phagwara, Distt. Kapurthala, Punjab I Have Changed My Name From Kuldip Kaur To Kuldeep Kaur. All note.

## ਆਮ ਸੂਚਨਾ

ਮੈਂ ਭਰਪੂਰ ਸਿੰਘ ਪੁੱਤਰ ਭਾਗ ਸਿੰਘ ਵਾਸੀ ਧਨੌਲਾ ਦਾ ਹਾਂ ਮੈਨੂੰ ਭੂਰਾ ਸਿੰਘ ਨਾਲ ਜਾਣਿਆ ਜਾਂਦਾ ਹੈ ਇਸ ਲਈ ਮੈਨੂੰ ਭਰਪੂਰ ਸਿੰਘ ਉਰਫ ਭੂਰਾ ਸਿੰਘ ਦੋਵਾਂ ਨਾਂਵਾਂ ਨਾਲ ਜਾਣਿਆ ਜਾਵੇ ਮੇਰਾ ਅਧਾਰ ਕਾਰਡ ਨੰਬਰ 567-616785656 ਇਹ ਸਹੀ ਹੈ।

ਮੈਂ, ਸ਼ਾਂਤੀ ਦੇਵੀ ਪੁੱਤਰੀ ਬੰਤ ਰਾਮ ਪੁੱਤਰ ਗੁਜਰ ਮੱਲ ਪਿੰਡ ਲੋਧੀ ਚੱਲ ਜ਼ਿਲ੍ਹਾ ਹੁਸ਼ਿਆਰਪੁਰ ਨੇ ਆਪਣੇ ਵਿਆਹ ਪਿਛੋਂ ਨਾਮ ਬਦਲ ਕੇ ਸਤਨਾਮ ਕੌਰ ਪਤਨੀ ਬਲਵੰਤ ਸਿੰਘ ਵਾਸੀ ਡੱਲਾ ਜ਼ਿਲ੍ਹਾ ਜਲੰਧਰ ਰੱਖ ਲਿਆ ਹੈ। ਮੇਰਾ ਮਾਲ ਮਹਿਕਮੇ 'ਚ ਨਾਮ ਸ਼ਾਂਤੀ ਦੇਵੀ ਲਿਖਿਆ ਹੈ। ਹੁਣ ਮੈਨੂੰ ਸਤਨਾਮ ਕੌਰ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਮੇਰੇ ਨਾਮ ਦੀ ਦਰੁਸਤੀ ਕੀਤੀ ਜਾਵੇ।

ਅਸੀਂ ਧਰਮਿੰਦਰ ਸਿੰਘ ਪੁੱਤਰ ਰਛਪਾਲ ਸਿੰਘ ਅਤੇ ਪਲਵਿੰਦਰ ਕੌਰ ਪਤਨੀ ਧਰਮਿੰਦਰ ਸਿੰਘ ਦੋਵੇਂ ਵੀਪੀਓ ਨੂਰਪੁਰ ਲੁਬਾਣਾ, ਜ਼ਿਲ੍ਹਾ ਕਪੂਰਥਲਾ, ਪੰਜਾਬ, ਭਾਰਤ ਦੇ ਵਸਨੀਕ ਹਾਂ, ਇਸ ਦੁਆਰਾ ਗੰਭੀਰਤਾ ਅਤੇ ਇਮਾਨਦਾਰੀ ਨਾਲ ਪੁਸ਼ਟੀ ਕਰਦੇ ਹਾਂ ਅਤੇ ਹੇਠ ਲਿਖੇ ਅਨੁਸਾਰ ਦੱਸਦੇ ਹਾਂ:- ਕਿ ਮੈਂ ਉਪਰੋਕਤ ਪਤੇ ਦਾ ਸਥਾਈ ਨਿਵਾਸੀ ਹਾਂ। ਕਿ ਜਸਕਰਨ ਸਿੰਘ ਮੇਰਾ ਪੁੱਤਰ ਹੈ ਅਤੇ ਉਸਦੀ ਜਨਮ ਮਿਤੀ 18.02.2008 ਹੈ ਅਤੇ ਜਨਮ ਸਥਾਨ ਨੂਰਪੁਰ ਲੁਬਾਣਾ, ਜ਼ਿਲ੍ਹਾ ਕਪੂਰਥਲਾ, ਪੰਜਾਬ ਹੈ, ਅਤੇ ਪਾਸਪੋਰਟ ਨੰਬਰ S8219512 ਦਾ ਧਾਰਕ ਹੈ ਜੋ 02.11.2018 ਨੂੰ ਜਲੰਧਰ ਤੋਂ ਜਾਰੀ ਕੀਤਾ ਗਿਆ ਅਤੇ 01.11.2023 ਤੱਕ ਵੈਧ ਹੈ। ਸਾਡੇ ਪੁੱਤਰ ਦਾ ਉਕਤ ਪਾਸਪੋਰਟ ਨੰਬਰ S8219512 ਪੈਰਿਸ (ਫਰਾਂਸ) ਵਿਚ ਗੁਆਚ ਗਿਆ ਹੈ। ਹੁਣ ਸਾਡਾ ਪੁੱਤਰ ਫਰਾਂਸ ਵਿੱਚ ਆਪਣਾ ਪਾਸਪੋਰਟ ਲਈ ਅਪਲਾਈ ਕਰ ਰਿਹਾ ਹੈ, ਜਿਸ ਵਿੱਚ ਸਾਨੂੰ ਕੋਈ ਇਤਰਾਜ਼ ਨਹੀਂ ਹੈ।


**ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ**

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ / ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


## ਬੇਦਖਲੀ ਨੋਟਿਸ

ਅਸੀਂ, ਕੁਲਜੀਤ ਰਾਮ ਪੁੱਤਰ ਸ੍ਰੀ ਉਜਾਗਰ ਰਾਮ ਅਤੇ ਲਜਿਆ ਪਤਨੀ ਕੁਲਜੀਤ ਰਾਮ ਵਾਸੀਆਨ ਪਿੰਡ ਗੜ੍ਹੀਬਖ਼ਸ਼ਾ ਜ਼ਿਲ੍ਹਾ ਜਲੰਧਰ ਬਿਆਨ ਕਰਦੇ ਹਾਂ ਕਿ ਸਾਡੇ ਲੜਕੇ ਓਮ ਪ੍ਰਕਾਸ਼ ਅਤੇ ਉਸਦੀ ਪਤਨੀ ਸੰਤੋਸ਼ ਕੁਮਾਰ, ਚਰਨਜੀਤ ਸਿੰਘ ਅਤੇ ਉਸਦੀ ਪਤਨੀ ਕ੍ਰਿਸ਼ਨਾ ਦੇਵੀ, ਬਲਵਿੰਦਰ ਸਿੰਘ ਅਤੇ ਉਸਦੀ ਪਤਨੀ ਮਨਜੀਤ ਕੌਰ, ਹਰਦੀਪ ਕੁਮਾਰ ਅਤੇ ਉਸਦੀ ਪਤਨੀ ਕਿਰਨ ਕੁਮਾਰੀ ਅਤੇ ਸਾਡੀ ਲੜਕੀ ਬਲਵਿੰਦਰ ਕੌਰ ਉਸਦਾ ਪਤੀ ਰਾਵਲ ਸਿੰਘ ਅਤੇ ਇਹਨਾਂ ਸਾਰਿਆਂ ਦੇ ਵਾਰਸ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਉਕਤ ਸਾਰਿਆਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦੇ ਹਾਂ। ਜੇਕਰ ਕੋਈ ਵਿਅਕਤੀ ਸਾਡੇ ਲੜਕਿਆਂ ਵਾ ਲੜਕੀ ਨਾਲ ਕਿਸੇ ਕਿਸਮ ਦਾ ਕੋਈ ਲੈਣ ਦੇਣ ਕਰੇਗਾ ਉਹ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਅਤੇ ਸਾਡੇ ਕਿਸੇ ਵੀ ਪਰਿਵਾਰਕ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਅਸੀਂ ਪਰਮਜੀਤ ਪੁੱਤਰ ਸੋਮ ਨਾਥ ਅਤੇ ਅਮਰਜੀਤ ਕੌਰ ਪਤਨੀ ਪਰਮਜੀਤ, ਵਾਸੀ ਮਕਾਨ ਨੰਬਰ 225, ਬਸ਼ੀਰਪੁਰਾ, ਜਲੰਧਰ, ਪੰਜਾਬ ਇਹ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਗੌਤਮ ਕੁਮਾਰ, ਉਸਦੀ ਪਤਨੀ ਅੰਜੂ ਅਤੇ ਉਹਨਾਂ ਦਾ ਲੜਕਾ ਸਾਡੇ ਕਹਿਣੇ ਤੋਂ ਬਾਹਰ ਹਨ । ਇਸ ਲਈ ਅਸੀਂ ਇਹਨਾਂ ਨੂੰ ਆਪਣੀ ਚੱਲ - ਅੱਚਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਹਨਾ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ । ਸੰਬਧਿਤ ਨੋਟ ਕਰਨ।

ਮੈਂ, ਕਾਂਤਾ ਰਾਣੀ ਪਤਨੀ ਰਮੇਸ਼ ਕੁਮਾਰ, ਵਾਸੀ ਮਕਾਨ ਨੰਬਰ 105, ਗਲੋਬ ਕਲੋਨੀ, ਗੁੱਜਾ ਪੀਰ, ਜਲੰਧਰ ਇਹ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਪੰਕਜ ਧੀਰ ਅਤੇ ਉਸਦੀ ਪਤਨੀ ਆਂਚਲ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਹਨਾਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ । ਸੰਬਧਿਤ ਨੋਟ ਕਰਨ।

ਮੈਂ, ਹਰਵਿੰਦਰ ਸਿੰਘ ਪੁੱਤਰ ਗੁਰਮੇਜ ਸਿੰਘ ਵਾਸੀ ਪਿੰਡ ਵਡਾਲਾ ਕਲ੍ਹਾਂ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਮਨਪ੍ਰੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਵਾ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਅਸੀਂ ਅਸ਼ੋਕ ਕੁਮਾਰ ਲੂਥਰਾ ਪੁੱਤਰ ਚਮਨ ਲਾਲ ਲੂਥਰਾ ਅਤੇ ਸੋਨੀਆ ਲੂਥਰਾ ਪਤਨੀ ਅਸ਼ੋਕ ਕੁਮਾਰ ਲੂਥਰਾ ਵਾਸੀ ਮਕਾਨ ਨੰਬਰ 113, ਗਲੀ ਨੰਬਰ 9, ਜੁਝਾਰ ਸਿੰਘ ਐਵੀਨਿਊ, ਅਜਨਾਲਾ ਰੋਡ, ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਸਾਹਿਲ ਲੂਥਰਾ ਅਤੇ ਉਸ ਦੀ ਪਤਨੀ ਸੂਮਨ ਲੂਥਰਾ ਸਾਡੇ ਕਹਿਣ ਤੋਂ ਬਾਹਰ ਹਨ। ਅਸੀਂ ਇਹਨਾਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਅਸੀਂ ਅਤੇ ਸਾਡਾ ਪਰਿਵਾਰ ਇਹਨਾਂ ਦੇ ਕਿਸੇ ਲੈਣ ਦੇਣ ਦਾ ਜਿੰਮੇਵਾਰ ਨਹੀਂ ਹੋਵੇਗਾ।

ਮੈਂ, ਸੰਤੋਸ਼ ਲਾਲ ਪੁੱਤਰ ਬੂਟਾ ਰਾਮ ਵਾਸੀ ਪਿੰਡ ਤੇ ਡਾਕਖਾਨਾ ਰਸੂਲਪੁਰ ਕਲਾਂ, ਤਹਿਸੀਲ ਨਕੋਦਰ, ਜਿਲਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਕਪਲਦੀਪ ਸਿੱਧੂ ਅਤੇ ਮੇਰੀ ਨੂੰਹ ਬੰਦਨਾ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬਧਿਤ ਨੋਟ ਕਰਨ।

ਮੈਂ, ਇੰਦਰ ਸਿੰਘ ਪੁੱਤਰ ਸਾਹਿਬ ਸਿੰਘ ਵਾਸੀ ਪਿੰਡ ਲੱਖੋਵਾਲ, ਡਾਕਖਾਨਾ ਹੇਮਰਾਜਪੁਰ, ਤਹਿਸੀਲ ਤੇ ਜ਼ਿਲ੍ਹਾ ਗੁਰਦਾਸਪੁਰ-143521, ਮੇਰਾ ਲੜਕਾ ਦਿਲਸ਼ੇਰ ਸਿੰਘ ਅਤੇ ਉਸ ਦੀ ਪਤਨੀ ਹਰਮਨਪ੍ਰੀਤ ਕੌਰ, ਜੋ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਹਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ, ਜੋ ਇਹਨਾਂ ਨਾਲ [illegible]

## ਬੇਦਖਲੀ ਨੋਟਿਸ

[illegible]

## PUBLIC NOTICE

I, Anju Bala W/o Parminder Singh R/o H.No. B-1/943, Gurdwara Gali, Ward No. 5, Kothe Ghurala, Gurdaspur, P.O. Gurdaspur, Tehsil/Distt. Gurdaspur, Punjab-143521, India. Declare that my given name as Anju and my surname as Bala.

I, Parminder Singh S/o Harnam Singh R/o H.No. B-1/943, Gurdwara Gali, Ward No. 5, Kothe Ghurala, Gurdaspur, P.O. Gurdaspur, Tehsil/Distt. Gurdaspur, Punjab-143521, India. Declare that my given name as Parminder and my surname as Singh.

I, Rishabhdeep Singh S/o Parminder Singh R/o H.No. B-1/943, Gurdwara Gali, Ward No. 5, Kothe Ghurala, Gurdaspur, P.O. Gurdaspur, Tehsil/Distt. Gurdaspur, Punjab-143521, India. Declare that my given name as Rishabhdeep and my surname as Singh.

## ਨਾਂਅ ਦੀ ਬਦਲੀ

ਮੈਂ ਚਰਨਜੀਤ ਕੋਰ ਔਜਲਾ ਪੁੱਤਰੀ ਸ਼੍ਰੀ ਕੁਲਦੀਪ ਸਿੰਘ ਵਾਸੀ ਪਿੰਡ ਔਜਲਾ ਜੋਗੀ ਜਿਲਾ ਕਪੂਰਥਲਾ ਆਪਣਾ ਨਾਮ ਬਦਲ ਕੇ ਚਰਨਜੀਕ ਕੋਰ ਔਜਲਾ ਤੋ ਚਰਨਜੀਤ ਕੋਰ ਰੱਖ ਲਿਆ ਹੈ । ਸਾਰੇ ਸਬੰਧਤ ਨੋਟ ਕਰਨ।

ਮੈਂ, ਲਖਵੀਰ ਸਿੰਘ ਪਟਵਾਲੀਆ ਪੁੱਤਰ ਜੋਗਾ ਸਿੰਘ ਵਾਸੀ ਪਿੰਡ ਗੁਰਾਲਾ, ਡਾਕ. ਜਲਾਲਪੁਰ, ਤਹਿ. ਟਾਂਡਾ (ਹੁਸ਼ਿਆਰਪੁਰ) ਮੇਰਾ ਨਾਂਅ ਜਮ੍ਹਾਂਬੰਦੀ ਵਿਚ ਲਖਵੀਰ ਸਿੰਘ ਚੱਲ ਰਿਹਾ ਹੈ। ਹੁਣ ਮੈਂ ਆਪਣਾ ਨਾਂਅ ਲਖਵੀਰ ਸਿੰਘ ਪਟਵਾਲੀਆ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸ੍ਰ. ਅੰਗਦਪ੍ਰੀਤ ਸਿੰਘ ਬਰਾੜ ਨਾਇਬ ਤਹਿਸੀਲਦਾਰ ਕਮ [illegible]
ਕੇਸ ਨੰਬਰ 293 ਮਿਤੀ ਦਾਇਰ : 16/10/2025 ਕਿਸਮ ਕੇਸ [illegible]
ਪਿੰਡ ਸਾਧਪੁਰ ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ
ਅਨਵਾਨ : ਤਰਸੇਮ ਸਿੰਘ ਪੁੱਤਰ ਸੋਹਣ ਸਿੰਘ ਪੁੱਤਰ ਹਰੀ ਸਿੰਘ ਵਾਸੀਆਨ [illegible]

[illegible]

## ਅਦਾਲਤੀ ਇਸ਼ਤਿਹਾਰ

[illegible]

## ਅਦਾਲਤੀ ਇਸ਼ਤਿਹਾਰ

[illegible]

## ਅਦਾਲਤੀ ਇਸ਼ਤਿਹਾਰ

[illegible]


**YES BANK**

ਅਚੱਲ ਜਾਇਦਾਦਾਂ ਦੀ ਵਿਕਰੀ ਲਈ ਵਿਕਰੀ ਨੋਟਿਸ

[illegible]

ਜਾਇਦਾਦ ਦਾ ਵੇਰਵਾ

[illegible]

ਕਰਜ਼ਦਾਰਾਂ/ਗਰੰਟਰਾਂ ਲਈ ਵਿਕਰੀ ਨੋਟਿਸ

[illegible]

**YES BANK**

[illegible]

ਜਾਇਦਾਦ ਦਾ ਵੇਰਵਾ

[illegible]

ਕਰਜ਼ਦਾਰਾਂ/ਗਰੰਟਰਾਂ ਲਈ ਵਿਕਰੀ ਨੋਟਿਸ

[illegible]

27 Dec Page 8.qxd 12/26/2025 11:05 PM Page 1



# ਕਿਸਾਨਾਂ ਵੱਲੋਂ ਵਿਰੋਧ ਕਰਨ 'ਤੇ ਟਾਵਰ ਲਾਉਣ ਆਏ ਕਰਮਚਾਰੀ ਵਾਪਸ ਪਰਤੇ

**ਮਹਿਲਪੁਰ (ਸਫਰੀ)**- ਬਲਾਕ ਮਾਹਿਲਪੁਰ ਅਧੀਨ ਪੈਂਦੇ ਪਿੰਡ ਗੰਧੋਵਾਲ ਜਿੱਥੇ ਕਿਸਾਨਾਂ ਨੇ ਰੇਲਵੇ ਨੂੰ ਦਿੱਤੀ ਜਾਣ ਵਾਲੀ ਬਿਜਲੀ ਦੇ ਟਾਵਰ ਲਾਉਣ ਦਾ ਵਿਰੋਧ ਕੀਤਾ । ਕਿਸਾਨਾਂ ਨੇ ਕਿਹਾ ਕਿ ਇਹ ਟਾਵਰ ਲੱਗਣ ਨਾਲ ਅਸੀਂ ਪੂਰੀ ਤਰਾਂ ਤਬਾਹ ਹੋ ਜਾਵਾਂਗੇ ਕਿਉਂਕਿ ਅਸੀਂ ਛੋਟੇ ਕਿਸਾਨ ਹਾਂ। ਸਾਡੀਆਂ ਛੋਟੀਆਂ ਜ਼ਮੀਨਾਂ ਹਨ, ਜਿਨ੍ਹਾਂ ਵਿੱਚ ਤੁਸੀਂ ਟਾਵਰ ਲਗਾ ਰਹੇ ਹੋ ਉਹ ਬੇ-ਅਰਥ ਹੋ ਜਾਣਗੀਆਂ । ਕਿਸਾਨਾਂ ਨੇ ਇਸ ਗੱਲ ਦਾ ਵੀ ਰੋਸਾ ਕੀਤਾ ਕਿ ਸਾਨੂੰ ਬਿਨਾਂ ਦੱਸੇ ਸਾਡੇ ਖੇਤਾਂ ਵਿੱਚ ਪੁਲਸ ਨੂੰ ਨਾਲ ਲੈ ਕੇ ਟਾਵਰ ਲਾਉਣ ਕਿਉਂ ਆਏ ।ਇਹ ਸਰਕਾਰ ਸਾਡੇ ਨਾਲ ਜ਼ਬਰਦਸਤੀ ਕਰ ਰਹੀ ਹੈ । ਉਹਨਾਂ ਕਿਹਾ ਕਿ ਜਿਨ੍ਹਾਂ ਜ਼ਮੀਨਾਂ ਵਿਚ ਸਰਕਾਰ ਟਾਵਰ ਲਗਾ ਰਹੀ ਹੈ, ਉਹ ਜ਼ਮੀਨਾਂ ਪੂਰੀ ਤਰ੍ਹਾਂ ਵਿਅਰਥ ਹੋ ਜਾਣਗੀਆਂ । ਜ਼ਮੀਨ ਸਾਡੀ ਰੋਜ਼ੀ ਰੋਟੀ ਦਾ ਸਿਰਫ ਇੱਕੋ ਇੱਕ ਜ਼ਰੀਆ ਹੈ। ਉਹਨਾਂ ਕਿਹਾ ਕਿ ਅਸੀਂ ਟਾਵਰਾਂ ਨਜ਼ਦੀਕ ਨਾ ਘਰ ਬਣਾ ਸਕਦੇ ਹਾਂ, ਨਾ ਫਸਲ ਬੀਜ ਸਕਦੇ ਹਾਂ ।ਇਸ ਜ਼ਮੀਨ ਨੂੰ ਕੋਈ ਕੌਡੀਆਂ ਦੇ ਭਾਅ ਵੀ ਨਹੀਂ ਖਰੀਦੇਗਾ ਕਿਉਂਕਿ ਇਸ ਵਿੱਚ ਟਾਵਰ ਲੱਗੇ ਹੋਏ ਹਨ । ਕਿਸਾਨਾਂ ਨੇ ਕਿਹਾ ਕਿ ਅਸੀਂ ਟਾਵਰ ਲਗਾਉਣ ਦੇ ਵਿਰੋਧ ਵਿਚ ਨਹੀਂ ਹਾਂ, ਅਸੀਂ ਤਾਂ ਸਿਰਫ ਇਹ ਕਹਿ ਰਹੇ ਹਾਂ ਕਿ ਟਾਵਰਾਂ ਨੂੰ ਇੱਕ ਪਾਸੇ ਤੋਂ ਹੀ ਬਣਾਓ ਇਹਨਾਂ ਨੂੰ ਖੇਤਾਂ ਦੇ ਵਿਚਕਾਰ ਨਾ ਲਗਾਓ । ਮੌਕੇ 'ਤੇ ਪਹੁੰਚੇ ਤਹਿਸੀਲਦਾਰ ਗੜ੍ਹਸ਼ੰਕਰ, ਸਬ ਇੰਸਪੈਕਟਰ ਰਮਨਦੀਪ ਕੌਰ ਮਾਹਿਲਪੁਰ ਅਤੇ ਮਹਿਕਮੇ ਦੇ ਐਕਸੀਅਨ ਨੇ ਕਿਸਾਨਾਂ ਨੂੰ ਛੇ-ਸੱਤ ਦਿਨ ਵਿੱਚ ਇਸ ਮਸਲੇ ਦਾ ਹੱਲ ਕਰਨ ਦਾ ਵਾਅਦਾ ਕਰਕੇ ਵਾਪਸ ਚਲੇ ਗਏ।



# ਬੱਚਿਆਂ ਦੀ ਭਲਾਈ ਮਾਨ ਸਰਕਾਰ ਦੀ ਪਹਿਲੀ ਤਰਜੀਹ : ਡਾ. ਬਲਜੀਤ ਕੌਰ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਦੇ ਹਰ ਵਰਗ ਦੀ ਭਲਾਈ ਲਈ ਵਚਨਬੱਧ ਹੈ। ਇਸੇ ਕੜੀ ਤਹਿਤ ਆਸ਼ਰਿਤ ਅਤੇ ਅਨਾਥ ਬੱਚਿਆਂ ਦੇ ਸੁਰੱਖਿਅਤ, ਸਨਮਾਨਤ ਅਤੇ ਸਰਵਪੱਖੀ ਵਿਕਾਸ ਨੂੰ ਯਕੀਨੀ ਬਣਾਉਣ ਲਈ ਸਰਕਾਰ ਵੱਲੋਂ ਲਗਾਤਾਰ ਢੁੱਕਵੇਂ ਕਦਮ ਚੁੱਕੇ ਜਾ ਰਹੇ ਹਨ।ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਹੁਣ ਤੱਕ ਸੂਬੇ ਦੇ ਆਸ਼ਰਿਤ ਅਤੇ ਅਨਾਥ ਬੱਚਿਆਂ ਲਈ 314.22 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਜਾਰੀ ਕੀਤੀ ਜਾ ਚੁੱਕੀ ਹੈ, ਜਿਸ ਨਾਲ ਹਜ਼ਾਰਾਂ ਬੱਚਿਆਂ ਦੇ ਜੀਵਨ ਵਿੱਚ ਸੁਰੱਖਿਆ ਅਤੇ ਸਥਿਰਤਾ ਆਈ ਹੈ।ਉਨ੍ਹਾਂ ਦੱਸਿਆ ਕਿ ਇਸ ਯੋਜਨਾ ਤਹਿਤ ਸੂਬੇ ਦੇ 2 37406 ਆਸ਼ਰਿਤ ਅਤੇ ਅਨਾਥ ਬੱਚਿਆਂ ਨੂੰ ਨਿਯਮਿਤ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ, ਤਾਂ ਜੋ ਇਹ ਬੱਚੇ ਆਰਥਿਕ ਸਹਾਰੇ ਨਾਲ ਪੜ੍ਹ-ਲਿਖ ਕੇ ਸਮਾਜ ਦੀ ਮੁੱਖ ਧਾਰਾ ਨਾਲ ਜੁੜ ਸਕਣ ਅਤੇ ਆਤਮ-ਨਿਰਭਰ ਜੀਵਨ ਵੱਲ ਅੱਗੇ ਵਧ ਸਕਣ। ਕੈਬਨਿਟ ਮੰਤਰੀ ਨੇ ਅੱਗੇ ਦੱਸਿਆ ਕਿ ਇਸ ਯੋਜਨਾ ਦਾ ਲਾਭ ਉਹ ਬੱਚੇ ਲੈ ਸਕਦੇ ਹਨ ਜੋ 21 ਸਾਲ ਤੋਂ ਘੱਟ ਉਮਰ ਦੇ ਹਨ ਅਤੇ ਜਿਨ੍ਹਾਂ ਦੇ ਮਾਤਾ-ਪਿਤਾ ਜਾਂ ਤਾਂ ਦੋਵੇਂ ਨਹੀਂ ਰਹੇ, ਜਾਂ ਦੋਵੇਂ ਘਰੋਂ ਗੈਰ-ਹਾਜ਼ਰ ਹਨ, ਜਾਂ ਸਰੀਰਕ ਅਤੇ ਮਾਨਸਿਕ ਤੌਰ 'ਤੇ ਅਸਮਰੱਥ ਹੋਣ ਕਾਰਨ ਪਰਿਵਾਰ ਦੀ ਦੇਖਭਾਲ ਕਰਨ ਵਿੱਚ ਅਸਮਰੱਥ ਹਨ।

# ਸੀਟੀ ਗਰੁੱਪ ਨੇ ਕਵੀਸ਼ਰੀ ਸਮਾਗਮ ਕਰਵਾਇਆ

**ਜਲੰਧਰ (ਸ਼ੈਲੀ ਐਲਬਰਟ)**- ਸੀਟੀ ਗਰੁੱਪ ਆਫ਼ ਇੰਸਟੀਟਿਊਸ਼ਨਜ਼, ਸ਼ਾਹਪੁਰ ਕੈਂਪਸ ਵਿੱਚ ਚਾਰ ਸਾਹਿਬਜ਼ਾਦਿਆਂ ਦੀ ਮਹਾਨ ਸ਼ਹਾਦਤ ਨੂੰ ਸਨਮਾਨਿਤ ਕਰਨ ਲਈ ਕਵਿਸ਼ਰੀ ਸਮਾਗਮ ਆਯੋਜਿਤ ਕੀਤਾ ਗਿਆ।ਇਸ ਸਮਾਗਮ ਦੌਰਾਨ ਜ਼ੁਲਮ ਦੇ ਸਾਹਮਣੇ ਉਨ੍ਹਾਂ ਦੀ ਬੇਮਿਸਾਲ ਬਹਾਦਰੀ, ਅਟੱਲ ਆਸਥਾ ਅਤੇ ਸ਼ਹੀਦੀ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।ਪ੍ਰੋਗਰਾਮ ਦਾ ਉਦੇਸ਼ ਸਾਹਿਬਜ਼ਾਦਿਆਂ ਵੱਲੋਂ ਸਹਿਣ ਕੀਤੀਆ ਗਈਆਂ ਤਕਲੀਫ਼ਾਂ ਅਤੇ ਉਹਨਾਂ ਕੁਰਬਾਨੀਆਂ 'ਤੇ ਵਿਚਾਰ ਕਰਨਾ ਸੀ, ਜਿਨ੍ਹਾਂ ਨਾਲ ਸਿੱਖ ਮੁੱਲਾਂ ਅਤੇ ਪਹਿਚਾਣ ਦੀ ਰੱਖਿਆ ਅਤੇ ਮਜ਼ਬੂਤੀ ਸੰਭਵ ਹੋ ਸਕੀ।ਕਵਿਸ਼ਰੀ ਪ੍ਰਸਤੁਤੀਆਂ ਰਾਹੀਂ ਵਿਦਿਆਰਥੀਆਂ ਅਤੇ ਕਲਾਕਾਰਾਂ ਨੇ ਸਿੱਖ ਇਤਿਹਾਸ ਦੇ ਦਰਦਨਾਕ ਤੇ ਗੌਰਵਸ਼ਾਲੀ ਪ੍ਰਸੰਗਾਂ ਨੂੰ ਜੀਵੰਤ ਢੰਗ ਨਾਲ ਬਿਆਨ ਕੀਤਾ। ਇਨ੍ਹਾਂ ਪ੍ਰਸਤੁਤੀਆਂ ਨੇ ਸਾਹਿਬਜ਼ਾਦਿਆਂ ਦੀ ਬਹਾਦਰੀ, ਧਰਮ ਦੇ ਪ੍ਰਤੀ ਨਿਸ਼ਠਾ ਅਤੇ ਆਤਮਿਕ ਦ੍ਰਿੜਤਾ ਨੂੰ ਉਜਾਗਰ ਕੀਤਾ। ਕਵਿਸ਼ਰੀ—ਸਿੱਖ ਪਰੰਪਰਾ ਦੀ ਇਕ ਮਾਣਯੋਗ ਕਾਵਿ ਕਲਾ ਹੈ, ਜਿਸਨੇ ਇਤਿਹਾਸ ਦਾ ਜੀਉਂਦਾ ਮਾਧਿਅਮ ਬਣ ਕੇ ਪਵਿੱਤਰ ਕਥਾਵਾਂ ਨੂੰ ਸੰਭਾਲਦੀ, ਸੱਭਿਆਚਾਰਕ ਮਾਣ ਨੂੰ ਮਜ਼ਬੂਤ ਕਰਦੀ ਅਤੇ ਨੌਜਵਾਨ ਪੀੜ੍ਹੀ ਨੂੰ ਧਰਮ ਤੇ ਨਿਆਂ ਦੀ ਰੱਖਿਆ ਲਈ ਦਿੱਤੀਆਂ ਕੁਰਬਾਨੀਆਂ ਨਾਲ ਜਾਣੂ ਕਰਾਉਂਦੀ ਹੈ। ਕਵਿਸ਼ਰੀ ਸਮਾਗਮ ਤੋਂ ਬਾਅਦ ਗਤਕਾ ਦੀਆਂ ਪ੍ਰਸਤੁਤੀਆਂ ਹੋਈਆਂ, ਜਿਨ੍ਹਾਂ ਵਿੱਚ ਸਿੱਖਾਂ ਦੀ ਪਰੰਪਰਾਗਤ ਯੁੱਧ ਕਲਾ ਰਾਹੀਂ ਅਨੁਸ਼ਾਸਨ, ਸਵੈ-ਰੱਖਿਆ ਅਤੇ ਆਤਮਿਕ ਦ੍ਰਿੜਤਾ ਦਾ ਪ੍ਰਤੀਕ ਦਰਸਾਇਆ ਗਿਆ। ਗਤਕਾ ਪੰਜਾਬੀ ਵਿਰਾਸਤ ਦਾ ਅਟੁੱਟ ਹਿੱਸਾ ਹੈ। ਸਮਾਗਮ ਵਿੱਚ ਸੀਟੀ ਗਰੁੱਪ ਪ੍ਰਬੰਧਨ ਦੀ ਹਾਜ਼ਰੀ ਰਹੀ, ਜਿਸ ਵਿੱਚ ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ, ਵਾਈਸ ਚੇਅਰਮੈਨ ਹਰਪ੍ਰੀਤ ਸਿੰਘ, ਡਾਇਰੈਕਟਰ ਆਫ਼ ਕੈਂਪਸ ਡਾ. ਸ਼ਿਵ ਕੁਮਾਰ, ਸੀਟੀ ਗਰੁੱਪ ਆਫ਼ ਇੰਸਟੀਟਿਊਸ਼ਨਜ਼ ਸ਼ਾਹਪੁਰ ਕੈਂਪਸ ਅਤੇ ਸੀਟੀ ਯੂਨੀਵਰਸਿਟੀ ਦੇ ਡੀਐਸਡਬਲਿਊ ਡਾ. ਅਰਜਨ ਸਿੰਘ ਅਤੇ ਦਵਿੰਦਰ ਸਿੰਘ ਸ਼ਾਮਲ ਸਨ। ਉਨ੍ਹਾਂ ਨੇ ਜ਼ੋਰ ਦਿੱਤਾ ਕਿ ਕਵਿਸ਼ਰੀ ਸਮਾਗਮ ਜੀਵੰਤ ਕਲਾਸਰੂਮਾਂ ਵਾਂਗ ਕੰਮ ਕਰਦੇ ਹਨ, ਜੋ ਕਲਾ, ਯਾਦ ਅਤੇ ਸਮੂਹਿਕ ਭਾਗੀਦਾਰੀ ਰਾਹੀਂ ਚਾਰ ਸਾਹਿਬਜ਼ਾਦਿਆਂ ਦੀ ਵਿਰਾਸਤ ਨੂੰ ਜੀਉਂਦਾ ਰੱਖਦੇ ਹਨ।ਇਸ ਪਹਿਲ ਰਾਹੀਂ ਸੀਟੀ ਗਰੁੱਪ ਨੇ ਮੁੱਲ-ਅਧਾਰਿਤ ਸਿੱਖਿਆ, ਸੱਭਿਆਚਾਰਕ ਸੰਰਖਣ ਅਤੇ ਪੰਜਾਬ ਦੀ ਸਮ੍ਰਿੱਧ ਸਿੱਖ ਵਿਰਾਸਤ ਦੇ ਪ੍ਰਚਾਰ ਪ੍ਰਤੀ ਆਪਣੀ ਵਚਨਬੱਧਤਾ ਨੂੰ ਮੁੜ ਦ੍ਰਿੜ ਕੀਤਾ।



# ਫਰੀਡਮ ਫਾਈਟਰ ਜਥੇਬੰਦੀਆਂ ਵੱਲੋਂ ਮੰਗਾਂ ਨੂੰ ਲੈ ਕੇ ਚੌਲਾਂਗ ਟੋਲ ਪਲਾਜ਼ੇ 'ਤੇ ਧਰਨਾ 29 ਨੂੰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਆਲ ਇੰਡੀਆ ਫਰੀਡਮ ਫਾਈਟਰ ਫੈਮਿਲੀ ਐਸੋਸੀਏਸ਼ਨ ਅਤੇ ਫਰੀਡਮ ਫਾਈਟਰ ਉੱਤਰਾਧਿਕਾਰੀ ਆਰਗੇਨਾਈਜੇਸ਼ਨ (ਰਜਿ:) ਵੱਲੋਂ ਸਰਦਾਰ ਬਖਤਾਵਰ ਸਿੰਘ ਪ੍ਰਧਾਨ ਆਲ ਇੰਡੀਆ ਫਰੀਡਮ ਫਾਈਟਰ ਫੈਮਿਲੀ ਐਸੋਸੀਏਸ਼ਨ ਦੀ ਪ੍ਰਧਾਨਗੀ ਹੇਠ ਅਤੇ ਹੋਰ ਪੰਜਾਬ ਦੀਆਂ ਜਥੇਬੰਦੀਆਂ ਵੱਲੋਂ 29 ਦਸੰਬਰ ਨੂੰ ਸਾਰੇ ਦੇਸ਼ ਦੇ ਟੋਲ ਪਲਾਜ਼ੇ ਫਰੀ ਕਰਨ ਲਈ ਚੌਲਾਂਗ ਟੋਲ ਪਲਾਜ਼ਾ 'ਤੇ ਧਰਨਾ ਦਿੱਤਾ ਜਾਵੇਗਾ। ਕਿਉਂਕਿ ਮਾਨਯੋਗ ਡੀਸੀ ਸਾਹਿਬ ਹੁਸ਼ਿਆਰਪੁਰ ਅਤੇ ਮਾਨਯੋਗ ਮੰਤਰੀ ਨਿਤਿਨ ਗਡਕਰੀ ਕੇਂਦਰ ਸਰਕਾਰ ਨੂੰ ਵੀ ਕਾਫੀ ਪੱਤਰ ਲਿਖੇ ਗਏ ਸਨ ਪ੍ਰੰਤੂ ਉਨ੍ਹਾਂ ਵੱਲੋਂ ਕੋਈ ਵੀ ਜਵਾਬ ਅਜੇ ਤੱਕ ਨਹੀਂ ਦਿੱਤਾ ਗਿਆ।ਇਸ ਲਈ ਫਰੀਡਮ ਫਾਈਟਰ ਦੇ ਪਰਵਾਰਾਂ ਵਿੱਚ ਇਸ ਗੱਲ ਦਾ ਰੋਸ ਹੈ ਕਿ ਪੰਜਾਬ ਸਰਕਾਰ ਦੇ ਟੋਲ ਪਲਾਜ਼ੇ ਫਰੀ ਕਰਨ ਦੇ ਪੱਤਰ ਦਿਖਾਉਣ ਦੇ ਬਾਵਜੂਦ ਵੀ ਟੋਲ ਪਲਾਜੇ ਵਾਲੇ ਫਰੀਡਮ ਫਾਈਟਰ ਪਰਵਾਰਾਂ ਨੂੰ ਬਿਨਾਂ ਵਜ੍ਹਾ ਤੰਗ ਪ੍ਰੇਸ਼ਾਨ ਕੀਤਾ ਜਾਂਦਾ ਹੈ।ਇਸ ਲਈ ਜੇਕਰ ਸਰਕਾਰ ਨੇ 29 ਦਸੰਬਰ ਦੇ ਧਰਨੇ ਦੇ ਬਾਅਦ ਵੀ ਸਾਡੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਸਾਡੀਆਂ ਜਥੇਬੰਦੀਆਂ ਵੱਲੋਂ ਸੰਘਰਸ਼ ਨੂੰ ਹੋਰ ਵੀ ਤੇਜ਼ ਕੀਤਾ ਜਾਵੇਗਾ। ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਦੀ ਹੋਵੇਗੀ। ਇਸ ਮੌਕੇ ਸੁਲੱਖਣ ਸਿੰਘ ਗੁਰਾਇਆ, ਹੈਰਾਪੁਰੀ ਹੁਸ਼ਿਆਰਪੁਰ, ਮੀਤ ਪ੍ਰਧਾਨ ਗੁਰਕਿਰਪਾਲ ਸਿੰਘ ਗੋਲਡੀ, ਪ੍ਰਧਾਨ ਕੈਪਟਨ ਤਰਸੇਮ ਸਿੰਘ, ਕੈਪਟਨ ਸਵਰਨ ਸਿੰਘ ਮਾਨ, ਰਵਿੰਦਰ ਸਿੰਘ ਜਾਗੋਵਾਲ, ਦਲਵੀਰ ਸਿੰਘ ਡੂਗਰੀ, ਅਜੀਤ ਸਿੰਘ ਹੁਸ਼ਿਆਰਪੁਰ ਆਦਿ ਬਹੁਤ ਸਾਰੇ ਫਰੀਡਮ ਫਾਈਟਰ ਪਰਿਵਾਰ ਹਾਜ਼ਰ ਸਨ।



# ਦੁੱਧ ਦਾ ਲੰਗਰ ਲਗਾਇਆ



**ਮਹਿਤਪੁਰ (ਰਾਜਾ)** ਲੋਕ ਭਲਾਈ ਸਭਾ (ਰਜਿ.) ਰੇਲਵੇ ਰੋਡ, ਨਕੋਦਰ ਵੱਲੋਂ ਦਸ਼ਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦੀ ਬੇਮਿਸਾਲ ਕੁਰਬਾਨੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਰੇਲਵੇ ਰੋਡ ਵਿਖੇ ਦੁੱਧ ਦਾ ਅਟੁੱਟ ਲੰਗਰ ਲਗਾਇਆ ਗਿਆ।ਇਸ ਮੌਕੇ ਸਭਾ ਦੇ ਸੇਵਾਦਾਰਾਂ ਅਤੇ ਇਲਾਕਾ ਨਿਵਾਸੀਆਂ ਨੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਸੇਵਾ ਨਿਭਾਈ ਅਤੇ ਰਾਹਗੀਰਾਂ ਨੂੰ ਗਰਮ ਦੁੱਧ ਛਕਾਇਆ। ਸਭਾ ਦੇ ਮੈਂਬਰਾਂ ਨੇ ਆਖਿਆ ਕਿ ਅਜਿਹੇ ਸਮਾਗਮ ਕਰਵਾਉਣ ਦਾ ਮੁੱਖ ਮਕਸਦ ਨਵੀਂ ਪੀੜ੍ਹੀ ਨੂੰ ਆਪਣੇ ਮਾਨਮੱਤੇ ਵਿਰਸੇ ਅਤੇ ਸ਼ਹੀਦਾਂ ਦੀਆਂ ਕੁਰਬਾਨੀਆਂ ਤੋਂ ਜਾਣੂ ਕਰਵਾਉਣਾ ਹੈ। ਉਨ੍ਹਾਂ ਸ਼ਹਿਰ ਨਿਵਾਸੀਆਂ ਦਾ ਸਹਿਯੋਗ ਲਈ ਧੰਨਵਾਦ ਕਰਦਿਆਂ ਅਪੀਲ ਕੀਤੀ ਕਿ ਸਾਨੂੰ ਸਾਹਿਬਜ਼ਾਦਿਆਂ ਦੇ ਦਰਸਾਏ ਸਬਰ ਅਤੇ ਸਿਦਕ ਦੇ ਮਾਰਗ 'ਤੇ ਚੱਲਣਾ ਚਾਹੀਦਾ ਹੈ।ਇਸ ਸੇਵਾ ਕਾਰਜ ਦੌਰਾਨ ਲੋਕ ਭਲਾਈ ਸਭਾ ਨਕੋਦਰ ਦੇ ਸਮੂਹ ਮੈਂਬਰ ਅਤੇ ਰੇਲਵੇ ਰੋਡ ਦੀ ਸਮੁੱਚੀ ਸੰਗਤ ਵੱਡੀ ਗਿਣਤੀ ਵਿੱਚ ਹਾਜ਼ਰ ਸੀ।

# ਰੰਧਾਵਾ ਨੇ ਰੱਖਿਆ ਬਨੂੜ ਤੋਂ ਜਲਾਲਪੁਰ ਸੜਕ ਦਾ ਨੀਂਹ ਪੱਥਰ

**ਲਾਲੜੂ (ਵਿਨੈ ਕੁਮਾਰ ਜੈਨ)** ਪੰਜਾਬ ਦੇ ਵਿੱਚ ਸਰਬਪੱਖੀ ਵਿਕਾਸ ਦੇ ਨਾਲ ਭਾਈਚਾਰਕ ਸਾਂਝ ਨੂੰ ਕਾਇਮ ਰੱਖਣਾ ਵੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸੋਚ ਹੈ ਤਾਂ ਜੋ ਪੰਜਾਬ ਨੂੰ ਵਿਕਾਸ ਦੇ ਪੱਖੋਂ ਬੁਲੰਦੀਆਂ ਤੇ ਲਿਜਾਇਆ ਜਾ ਸਕੇ।ਇਹ ਪ੍ਰਗਟਾਵਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਬਨੂੜ ਤੋਂ ਜਲਾਲਪੁਰ ਵਾਰਡ ਨੰਬਰ ਦਸ ਤੱਕ ਦੀ ਸੜਕ ਦਾ ਨੀਂਹ ਪੱਥਰ ਰੱਖਣ ਦੀ ਸ਼ੁਰੂਆਤ ਮੌਕੇ ਕੀਤਾ।ਉਨ੍ਹਾਂ ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਇਹ ਸੜਕ ਨਗਰ ਕੌਂਸਲ ਲਾਲੜੂ ਵੱਲੋਂ ਲਗਭਗ ਆਉਂਦੇ ਤਿੰਨ ਮਹੀਨਿਆਂ ਦੇ ਅੰਦਰ ਬਣਾ ਦਿੱਤੀ ਜਾਵੇਗੀ।ਇਸ ਸੜਕ 'ਤੇ 2 ਕਰੋੜ 15 ਲੱਖ 35 ਹਜ਼ਾਰ ਰੁਪਏ ਦੀ ਲਾਗਤ ਆਵੇਗੀ, ਜਿਸ ਲਈ ਫ਼ੰਡ ਨਗਰ ਕੌਂਸਲ ਲਾਲੜੂ ਵੱਲੋਂ ਮੁਹੱਈਆ ਕਰਵਾਇਆ ਗਿਆ ਹੈ।ਉਨ੍ਹਾਂ ਕਿਹਾ ਕਿ ਇਸ ਸੜਕ ਦੇ ਬਣਨ ਨਾਲ ਇਲਾਕੇ ਦੇ ਲੋਕਾਂ ਨੂੰ ਵੱਡਾ ਫਾਇਦਾ ਹੋਵੇਗਾ। ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਕਿਹਾ ਕਿ ਇਹ ਲੋਕਾਂ ਦੀ ਲੰਬੇ ਸਮੇਂ ਤੋਂ ਮੰਗ ਸੀ ਕਿ ਇਸ ਸੜਕ ਨੂੰ ਬਣਾਇਆ ਜਾਵੇ, ਅੱਜ ਇਸ ਕੰਮ ਦੀ ਸ਼ੁਰੂਆਤ ਅੱਜ ਹੋ ਚੁੱਕੀ ਹੈ। ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਅਜਿਹੇ ਵਿਕਾਸ ਕਾਰਜ ਹਲਕੇ ਦੀ ਤਸਵੀਰ ਬਦਲ ਦੇਣਗੇ ਅਤੇ ਲੋਕਾਂ ਨੂੰ ਆਧੁਨਿਕ ਸਹੂਲਤਾਂ ਪ੍ਰਦਾਨ ਕਰਨਗੇ। ਉਨ੍ਹਾਂ ਕਿਹਾ ਕਿ ਪਿੰਡਾਂ ਦੇ ਵਿੱਚ ਬਿਨਾਂ ਕਿਸੇ ਪੱਖਪਾਤ ਅਤੇ ਬਿਨਾਂ ਕਿਸੇ ਲੜਾਈ ਝਗੜੇ ਦੇ ਆਰਾਮ ਨਾਲ ਵਿਕਾਸ ਮੁਖੀ ਕੰਮਾਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ ਅਤੇ ਇਸ ਸੜਕ ਦਾ ਕੰਮ ਵੀ ਤੈਅ ਕੀਤੀ ਗਈ ਲਗਭਗ ਤਿੰਨ ਮਹੀਨੇ ਦੀ ਸਮਾਂ-ਸੀਮਾ ਵਿੱਚ ਪੂਰਾ ਕਰ ਲਿਆ ਜਾਵੇਗਾ।ਸੜਕ ਦੇ ਨੀਂਹ ਪੱਥਰ ਦੀ ਸ਼ੁਰੂਆਤ ਸਮੇਂ ਨਗਰ ਕੌਂਸਲ ਪ੍ਰਧਾਨ, ਪਾਰਟੀ ਦੇ ਬਲਾਕ ਪ੍ਰਧਾਨ, ਕੌਂਸਲਰ ਸਾਹਿਬਾਨ ਸਮੇਤ ਪਾਰਟੀ ਦੀ ਸਮੁੱਚੀ ਟੀਮ ਤੇ ਸਥਾਨਕ ਵਾਰਡ ਵਾਸੀ ਵੀ ਮੌਜੂਦ ਸਨ।



# ਸ਼ਹੀਦ ਊਧਮ ਸਿੰਘ ਦਾ ਜਨਮ ਦਿਹਾੜਾ ਮਨਾਇਆ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਸ਼ਹੀਦ ਊਧਮ ਸਿੰਘ ਦੇ ਜਨਮ ਦਿਹਾੜੇ ਨੂੰ ਸ਼ਹੀਦ ਊਧਮ ਸਿੰਘ ਮੈਮੋਰੀਅਲ ਟਰੱਸਟ ਵੱਲੋਂ ਸ਼ਰਧਾ ਤੇ ਸਤਿਕਾਰ ਸਹਿਤ ਮਨਾਇਆ ਗਿਆ। ਇਸ ਮੌਕੇ ਟਰੱਸਟ ਅਤੇ ਵੱਖ-ਵੱਖ ਸਿਆਸੀ ਪਾਰਟੀਆਂ ਤੇ ਜਥੇਬੰਦੀਆਂ ਦੇ ਆਗੂਆਂ ਵੱਲੋਂ ਸ਼ਹੀਦ ਊਧਮ ਸਿੰਘ ਦੇ ਬੁੱਤ 'ਤੇ ਫੁੱਲ ਅਰਪਿਤ ਕੀਤੇ ਗਏ ਅਤੇ ਉਨ੍ਹਾਂ ਨੂੰ ਯਾਦ ਕੀਤਾ ਗਿਆ। ਸ਼ਹੀਦ ਊਧਮ ਸਿੰਘ ਟਰਸਟ ਦੇ ਚੇਅਰਮੈਨ ਪ੍ਰੋ. ਚਰਨ ਸਿੰਘ ਦੀ ਦੇਖ ਰੇਖ ਹੇਠ ਸਮਾਗਮ ਹੋਇਆ। ਟਰੱਸਟ ਦੇ ਸਕੱਤਰ ਐਡਵੋਕੇਟ ਰਜਿੰਦਰ ਸਿੰਘ ਰਾਣਾ , ਡਾਕਟਰ ਬਲਜੀਤ ਕੌਰ ਅਤੇ ਹੋਰ ਆਗੂਆਂ ਨੇ ਕਿਹਾ ਕਿ ਮੁਲਕ ਦੀ ਆਜ਼ਾਦੀ ਲਈ ਦਿੱਤੀ ਬੇਮਿਆਲ ਕੁਰਬਾਨੀ ਭਵਿੱਖ ਦੀਆਂ ਪੀੜ੍ਹੀਆਂ ਲਈ ਪ੍ਰੇਰਨਾ ਸਰੋਤ ਰਹੇਗੀ। ਇਸ ਮੌਕੇ ਸੱਜਣ ਸਿੰਘ ਚੀਮਾ, ਨਰਿੰਦਰ ਸਿੰਘ ਖਿੰਡਾ, ਐਡਵੋਕੇਟ ਰਜਿੰਦਰ ਸਿੰਘ ਰਾਣਾ ਐਡਵੋਕੇਟ ਕੇਅਰ ਸਿੰਘ ਐਡਵੋਕੇਟ, ਸਤਨਾਮ ਸਿੰਘ ਮੋਮੀ ਐਡਵੋਕੇਟ, ਜਰਨੈਲ ਸਿੰਘ ਸੰਧਾ ਪ੍ਰਧਾਨ ਬਾਰ ਐਸੋਸੀਏਸ਼ਨ, ਐਡਵੋਕੇਟ ਜਸਪਾਲ ਸਿੰਘ ਧੰਜੂ ਸਾਬਕਾ ਚੇਅਰਮੈਨ, ਮੁਖਤਿਆਰ ਸਿੰਘ ਚੰਦੀ, ਡਾਕਟਰ ਸਵਰਨ ਸਿੰਘ, ਮਾਸਟਰ ਚਰਨ ਸਿੰਘ , ਮਾਸਟਰ ਸੁੱਚਾ ਸਿੰਘ ਮਿਰਜ਼ਾਪੁਰ, ਦੀਪਕ ਧੀਰ ਰਾਜੂ, ਅਸ਼ੋਕ ਮੋਗਲਾ, ਡਾਕਟਰ ਬਲਜੀਤ ਕੌਰ, ਰਾਜਵੀਰ ਸਿੰਘ ਰਾਜੂ, ਪ੍ਰੋ ਰੂਬਲ ਕਨੋਜੀਆ , ਜਰਨੈਲ ਸਿੰਘ ਡੋਗਰਾਂਵਾਲ, ਸੁਖਦੇਵ ਸਿੰਘ ਜੱਜ, ਸੁਖਦੇਵ ਸਿੰਘ ਨਾਨਕਪੁਰ, ਤੇਜਵੰਤ ਸਿੰਘ ਸਾਬਕਾ ਚੇਅਰਮੈਨ, ਕੁਲਵਿੰਦਰ ਕੰਵਲ ਆਦਿ ਹਾਜ਼ਰ ਸਨ।



# ਮਾਡਲ ਟਾਊਨ ਚੌਕ ਨੂੰ ਮਿਲੀ ਨਵੀਂ ਦਿੱਖ

**ਜਲੰਧਰ (ਸੁਰਿੰਦਰ ਕੁਮਾਰ)**- ਸ਼ਹਿਰ ਦੇ ਮਾਡਲ ਹਾਊਸ ਚੌਕ, ਜਿਸ ਨੂੰ ਨਵੀਨੀਕਰਨ ਉਪਰੰਤ ਨਵੀਂ ਦਿੱਖ ਪ੍ਰਦਾਨ ਕੀਤੀ ਗਈ ਹੈ, ਨੂੰ ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ, ਮੇਅਰ ਵਿਨੀਤ ਧੀਰ ਅਤੇ ਨਗਰ ਨਿਗਮ ਜਲੰਧਰ ਦੇ ਕਮਿਸ਼ਨਰ ਸੰਦੀਪ ਰਿਸ਼ੀ ਵੱਲੋਂ ਜਨਤਾ ਨੂੰ ਸਮਰਪਿਤ ਕੀਤਾ ਗਿਆ। ਕੈਬਨਿਟ ਮੰਤਰੀ, ਜਿਨ੍ਹਾਂ ਨਾਲ ਸੀਨੀਅਰ 'ਆਪ' ਆਗੂ ਨਿਤਿਨ ਕੋਹਲੀ ਅਤੇ ਰਾਜਵਿੰਦਰ ਕੌਰ ਥਿਆੜਾ ਵੀ ਮੌਜੂਦ ਸਨ, ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ਹਿਰ ਭਰ ਦੇ ਪ੍ਰਮੁੱਖ ਚੌਕਾਂ ਅਤੇ ਚੌਰਾਹਿਆਂ ਦੇ ਨਵੀਨੀਕਰਨ ਲਈ ਇੱਕ ਵਿਸ਼ੇਸ਼ ਪਹਿਲਕਦਮੀ ਸ਼ੁਰੂ ਕੀਤੀ ਗਈ ਹੈ। ਇਸ ਮੁਹਿੰਮ ਤਹਿਤ ਸੁੰਦਰੀਕਰਨ ਅਤੇ ਆਧੁਨਿਕ ਡਿਜ਼ਾਈਨਾਂ ਨਾਲ ਪਹਿਲਾਂ ਹੀ ਕਈ ਚੌਕਾ ਦੀ ਨੁਹਾਰ ਬਦਲੀ ਜਾ ਚੁੱਕੀ ਹੈ। ਉਨ੍ਹਾਂ ਨੇ ਇਨ੍ਹਾਂ ਚੌਕਾਂ ਦੀ ਸਾਂਭ-ਸੰਭਾਲ ਵਿੱਚ ਸਥਾਨਕ ਅਥਾਰਟੀ ਨੂੰ ਸਹਿਯੋਗ ਦੇਣ ਲਈ ਪ੍ਰਾਈਵੇਟ ਸੰਸਥਾਵਾਂ/ਕੰਪਨੀਆਂ ਦੇ ਯੋਗਦਾਨ ਦੀ ਵੀ ਸ਼ਲਾਘਾ ਕੀਤੀ, ਜਿਸ ਨਾਲ ਇਨ੍ਹਾਂ ਚੌਕਾਂ ਦੀ ਸੁੰਦਰਤਾ ਨੂੰ ਆਉਣ ਵਾਲੇ ਸਮੇਂ ਲਈ ਬਰਕਰਾਰ ਰੱਖਿਆ ਜਾ ਸਕੇਗਾ। ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ ਜਲੰਧਰ ਨਗਰ ਨਿਗਮ ਦੀ ਨਵੀਨੀਕਰਨ ਮੁਹਿੰਮ ਦੀ ਅਗਵਾਈ ਕਰਨ ਲਈ ਸ਼ਲਾਘਾ ਕੀਤੀ। ਉਨ੍ਹਾਂ ਅਧਿਕਾਰੀਆਂ ਨੂੰ ਇਨ੍ਹਾਂ ਫਰਮਾਂ ਨਾਲ ਤਾਲਮੇਲ ਕਰਨ ਅਤੇ ਇਨ੍ਹਾਂ ਚੌਕਾਂ ਦੇ ਰਖ-ਰਖਾਅ ਵਿੱਚ ਸਹਾਇਤਾ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਅੱਗੇ ਕਿਹਾ ਕਿ ਵਸਨੀਕਾਂ ਨੂੰ ਜਲਦ ਹੀ ਕਈ ਹੋਰ ਚੌਕਾਂ ਦੀ ਵੱਡੀ ਪੱਧਰ 'ਤੇ ਬਦਲੀ ਹੋਈ ਨੁਹਾਰ ਦੇਖਣ ਨੂੰ ਮਿਲੇਗੀ, ਜਿਸ ਨਾਲ ਜਲੰਧਰ ਨੂੰ ਇੱਕ ਨਵੀਂ, ਜੀਵੰਤ ਅਤੇ ਆਧੁਨਿਕ ਦਿੱਖ ਮਿਲੇਗੀ।

# ਸ਼ਹੀਦਾਂ ਦੀ ਯਾਦ 'ਚ ਦੁੱਧ ਤੇ ਬਿਸਕੁਟ ਦਾ ਲੰਗਰ ਲਗਾਇਆ

**ਬਲਾਚੌਰ (ਜਸਵਿੰਦਰ ਬੈਂਸ)**- ਬਲਾਚੌਰ ਦੇ ਕੰਗਣਾ ਪੁਲ ਵਿਖੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਦੀ ਲਾਸਾਨੀ ਯਾਦ ਨੂੰ ਸਮਰਪਿਤ ਪਿੰਡ ਖੋਜਾਂ ਬੇਟ ਦੀ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਬਲਾਚੌਰ ਕੰਗਣਾ ਪੁਲ ਤੇ ਸਵੇਰੇ ਅਰਦਾਸ ਕਰਨ ਉਪਰੰਤ ਦੁੱਧ ਅਤੇ ਬਿਸਕੁਟਾਂ ਦਾ ਲੰਗਰ ਲਗਾਇਆ ਗਿਆ। ਸਮੂਹ ਸੰਗਤਾਂ ਵੱਲੋਂ ਬੜੀ ਸ਼ਰਧਾ ਭਾਵਨਾ ਨਾਲ ਸੇਵਾ ਕੀਤੀ ਗਈ। ਇਸ ਮੌਕੇ ਤੇ ਖੋਜਾਂ ਬੇਟ ਦੇ ਸਰਪੰਚ ਸਰਦਾਰ ਸੰਤੋਖ ਸਿੰਘ ਸ਼ਿਵਾਲਿਕ ਨੇ ਕਿਹਾ ਕੀ ਸਾਨੂੰ ਗੁਰੂਆਂ ਦੇ ਦਰਸਾਏ ਮਾਰਗ ਤੇ ਚੱਲਣਾ ਚਾਹੀਦਾ ਹੈ ਤੇ ਸਾਨੂੰ ਆਪਣੇ ਬੱਚਿਆਂ ਨੂੰ ਗੁਰੂਆਂ ਵੱਲੋਂ ਕੀਤੀਆਂ ਕੁਰਬਾਨੀਆਂ ਬਾਰੇ ਜਾਣੂ ਕਰਵਾਣਾ ਚਾਹੀਦਾ ਹੈ। ਉਹਨਾਂ ਨੇ ਕਿਹਾ ਕਿ ਬੱਚਿਆਂ ਦਾ ਇਤਿਹਾਸ ਨਾਲ ਜਾਣੂ ਹੋਣਾ ਬਹੁਤ ਜ਼ਰੂਰੀ ਹੈ। ਇਸ ਮੌਕੇ ਤੇ ਪੰਚਾਇਤ ਮੈਂਬਰ ਅਤੇ ਪ੍ਰਦੀਪ, ਸੋਨਾ ਡਾਕਟਰ, ਹਰਜਿੰਦਰ ਸਿੰਘ ਵਿੱਕੀ ਡਾਕਟਰ ,ਹਰਿੰਦਰ ਸਿੰਘ ਰਿੰਕੂ, ਗੁਰਦੀਪ ਸਿੰਘ ਸੋਨੂੰ, ਗੁਰਮੁੱਖ ਸਿੰਘ, ਹਰਵਿੰਦਰ ਸਿੰਘ, ਰਣਜੀਤ ਸਿੰਘ ,ਦਵਿੰਦਰ ਸਿੰਘ ,ਲਖਵਿੰਦਰ ਸਿੰਘ ,ਕੁਲਵਿੰਦਰ ਸਿੰਘ, ਸਾਬਕਾ ਸਰਪੰਚ ਮੰਨੂ, ਸਰਬਜੀਤ ਸਿੰਘ ਅਤੇ ਪਿੰਡ ਵਾਸੀ ਮੌਜੂਦ ਸਨ।





# ਖੋਜੇਵਾਲ ਚਰਚ ਵਿਖੇ ਕ੍ਰਿਸਮਸ ਸਬੰਧੀ ਕਰਵਾਏ ਸਮਾਗਮ 'ਚ ਮਹਿੰਦਰ ਭਗਤ ਨੇ ਕੀਤੀ ਸ਼ਿਰਕਤ

**ਕਪੂਰਥਲਾ (ਪ੍ਰੀਤ ਸੰਗੋਜਲਾ)**- ਪੰਜਾਬ ਦੇ ਰੱਖਿਆ ਸੇਵਾਵਾਂ ਭਲਾਈ, ਸੁਤੰਤਰਤਾ ਸੈਨਾਨੀ ਅਤੇ ਬਾਗਬਾਨੀ ਮੰਤਰੀ ਮੋਹਿੰਦਰ ਭਗਤ ਵੱਲੋਂ ਕ੍ਰਿਸਮਿਸ ਦੇ ਸ਼ੁਭ ਦਿਹਾੜੇ 'ਤੇ ਖੋਜੇਵਾਲ ਸਥਿਤ ਚਰਚ ਵਿੱਚ ਸ਼ਿਰਕਤ ਕੀਤੀ ਗਈ ਅਤੇ ਇਸਾਈ ਭਾਈਚਾਰੇ ਨਾਲ ਇਸ ਪਵਿੱਤਰ ਦਿਹਾੜੇ ਦੀ ਖੁਸ਼ੀ ਸਾਂਝੀ ਕੀਤੀ ਗਈ ਅਤੇ ਸਮੁੱਚੇ ਸੂਬਾ ਵਾਸੀਆਂ ਨੂੰ ਕ੍ਰਿਸਮਿਸ ਦੇ ਸ਼ੁਭ ਦਿਹਾੜੇ ਦੀ ਵਧਾਈ ਦਿੱਤੀ। ਇਸ ਮੌਕੇ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਮੋਹਿੰਦਰ ਭਗਤ ਅਤੇ ਐਡਵੋਕੇਟ ਕਰਮਬੀਰ ਸਿੰਘ ਚੰਦੀ ਹਲਕਾ ਇੰਚਾਰਜ ਨੇ ਕਿਹਾ ਕਿ ਪ੍ਰਭੂ ਯਿਸੂ ਮਸੀਹ ਨੇ ਸਮੁੱਚੀ ਮਾਨਵਤਾ ਨੂੰ ਜਿੰਦਗੀ ਵਿੱਚ ਜਿੰਨੀਆਂ ਵੀ ਔਕੜਾਂ ਆ ਜਾਣ ਬਾਵਜੂਦ ਸੱਚ ਉੱਤੇ ਪੂਰੀ ਦ੍ਰਿੜਤਾ ਤੇ ਲਗਨ ਨਾਲ ਚੱਲਣ ਦਾ ਰਾਹ ਦਿਖਾਇਆ ਹੈ। ਮੋਹਿੰਦਰ ਭਗਤ ਨੇ ਕਿਹਾ ਕਿ ਅਜਿਹੇ ਮੌਕੇ ਨਾ ਸਿਰਫ਼ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਦੇ ਹਨ ਸਗੋਂ ਮਨੁੱਖਤਾ ਦੀ ਸੇਵਾ ਭਾਵਨਾ ਪ੍ਰਤੀ ਸਮਾਜ ਨੂੰ ਪ੍ਰੇਰਿਤ ਵੀ ਕਰਦੇ ਹਨ। ਉਨ੍ਹਾਂ ਕਿਹਾ ਕਿ ਪ੍ਰਭੂ ਯਿਸੂ ਮਸੀਹ ਦੀਆਂ ਸਿੱਖਿਆਵਾਂ ਅੱਜ ਦੇ ਵਰਤਮਾਨ ਯੁੱਗ ਵਿੱਚ ਵੀ ਸਾਰਥਕ ਹਨ ਅਤੇ ਲੋਕਾਂ ਲਈ ਰਾਹ ਦਸੇਰਾ ਹਨ।

# ਲੋਹੀਆਂ 'ਚ 60 ਲੱਖ ਦੀ ਲਾਗਤ ਨਾਲ ਬਣੇਗਾ ਖੇਡ ਸਟੇਡੀਅਮ : ਬਾਲ ਮੁਕੰਦ ਸ਼ਰਮਾ

**ਲੋਹੀਆਂ ਖਾਸ (ਯੋਗੇਸ਼ਵਰ, ਰੀਨਾ ਸ਼ਰਮਾ)**- ਲੋਹੀਆਂ ਖਾਸ ਦੇ ਸਰਕਾਰੀ ਸੀਨੀਅਰ ਸੈਕੇਂਡਰੀ ਸਕੂਲ ਦੇ ਖੇਡ ਮੈਦਾਨ ਜਿਸ ਨੂੰ ਕੁਟੀਆ ਵਾਲੀ ਗਰਾਊਂਡ ਵੀ ਕਿਹਾ ਜਾਂਦਾ ਹੈ ਤੇ ਲੋਹੀਆਂ ਖਾਸ ਵਿੱਚ ਪੰਜਾਬ ਸਰਕਾਰ ਵੱਲੋਂ ਲਗਭਗ 60 ਲੱਖ ਰੁਪਏ ਦੀ ਲਾਗਤ ਨਾਲ ਇੱਕ ਆਧੁਨਿਕ ਖੇਡ ਸਟੇਡੀਅਮ ਉਸਾਰਿਆ ਜਾਵੇਗਾ। ਇਸ ਗੱਲ ਦਾ ਪ੍ਰਗਟਾਵਾ ਕਰਦੇ ਲੋਹੀਆਂ ਖਾਸ ਦੇ ਜਸਪਾਲ ਅਤੇ ਪੰਜਾਬ ਫੂਡ ਕਮਿਸ਼ਨਰ ਦੇ ਚੇਅਰਮੈਨ ਬਾਲ ਮੁਕੰਦ ਸ਼ਰਮਾ ਨੇ ਚੰਡੀਗੜ੍ਹ ਵਿਖੇ ਖੇਡਾਂ ਦੇ ਯੁਵਕ ਸੇਵਾਵਾਂ ਮਹਿਕਮੇ ਦੇ ਵਧੀਕ ਮੁੱਖ ਸਕੱਤਰ ਸਰਬਜੀਤ ਸਿੰਘ ਨਾਲ ਮੁਲਾਕਾਤ ਕੀਤੀ ਤੇ ਉਸ ਤੋਂ ਬਾਅਦ ਆਪਣੇ ਸ਼ਹਿਰ ਦੇ ਖੇਡ ਸਟੇਡੀਅਮ ਲਈ ਫੰਡ ਜਾਰੀ ਕਰਵਾਉਣ ਦੇ ਮਕਸਦ ਨਾਲ ਵਧੀਕ ਮੁੱਖ ਸਕੱਤਰ ਸਰਬਜੀਤ ਸਿੰਘ ਕੋਲ ਸਨ। ਇਸ ਮੌਕੇ ਤੇ ਸਰਬਜੀਤ ਸਿੰਘ ਵਧੀਕ ਮੁੱਖ ਸਕੱਤਰ ਨੇ ਤੁਰੰਤ ਡਿਪਟੀ ਕਮਿਸ਼ਨਰ ਜਲੰਧਰ ਨੂੰ ਫੋਨ ਕਰਕੇ ਲੋਹੀਆਂ ਖਾਸ ਦੇ ਖੇਡ ਸਟੇਡੀਅਮ ਦਾ ਕੇਸ ਪ੍ਰਵਾਨਗੀ ਹਿੱਤ ਉਨ੍ਹਾਂ ਨੂੰ ਭੇਜਣ ਲਈ ਕਿਹਾ ਗਿਆ। ਜਿਸ ਤੋਂ ਬਾਅਦ ਹੁਣ ਲੋਹੀਆਂ ਖਾਸ ਵਾਸੀਆਂ ਦੀ ਇਸ ਚਿਰੋਕਨੀ ਮੰਗ ਨੂੰ ਬੂਰ ਪੈ ਰਿਹਾ ਲਗਦਾ ਹੈ। ਇੱਥੇ ਜ਼ਿਕਰਯੋਗ ਹੈ ਕਿ ਕਿਸੇ ਵੇਲੇ ਕੌਮਾਂਤਰੀ ਖਿਡਾਰੀ ਫੌਜਾ ਸਿੰਘ, ਹਰਬੰਸ ਸਿੰਘ ਕੰਗ (ਦੋਵੇਂ ਮਸ਼ਹੂਰ) ਅਤੇ ਮੌਜੂਦਾ ਕੌਮਾਂਤਰੀ ਕਬੱਡੀ ਖਿਡਾਰੀ ਪਾਲਾ ਜਲਾਲਪੁਰੀਆਂ ਅਤੇ ਓਕਾਂਰ ਸਿੰਘ ਅੰਕਾ ਦੀ ਧਰਤੀ ਹੋਣ ਕਰਕੇ ਇਸ ਖੇਡ ਸਟੇਡੀਅਮ ਦੀ ਮਹੱਤਤਾ ਨੂੰ ਵੇਖਦਿਆਂ ਬਾਲ ਮੁਕੰਦ ਸ਼ਰਮਾ ਨੇ ਇਸ ਖੇਡ ਸਟੇਡੀਅਮ ਨੂੰ ਖੇਡਾਂ ਦੀ ਨਰਸਰੀ ਵਜੋਂ ਵਿਕਸਿਤ ਕਰਨ ਦੀ ਲੋੜ ਵੱਲ ਵਧੀਕ ਮੁੱਖ ਸਕੱਤਰ ਸਰਬਜੀਤ ਸਿੰਘ ਦਾ ਉਚੇਚਾ ਧਿਆਨ ਦਿਵਾਇਆ।



# ਫੰਡ ਘਟਾ ਕੇ ਮਨਰੇਗਾ ਨੂੰ ਕਮਜ਼ੋਰ ਕੀਤਾ ਜਾ ਰਿਹੈ : ਡਾ. ਰਵਜੋਤ ਸਿੰਘ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਮਨਰੇਗਾ ਯੋਜਨਾ ਦਾ ਨਾਂਅ ਬਦਲਣਾ ਮਹਿਜ਼ ਇਕ ਬਹਾਨਾ ਹੈ, ਅਸਲ ਇਰਾਦਾ ਇਸ ਦੇ ਅੰਦਰ ਬਦਲਾਅ ਕਰਨਾ ਹੈ ਜੋ ਗ਼ਰੀਬਾਂ ਅਤੇ ਮਜ਼ਦੂਰ ਵਰਗ ਨੂੰ ਨੁਕਸਾਨ ਪਹੁੰਚੇ। ਉਨ੍ਹਾਂ ਕਿਹਾ ਕਿ ਪਹਿਲਾਂ ਕੇਂਦਰ ਸਰਕਾਰ ਮਨਰੇਗਾ ਲਈ 90 ਪ੍ਰਤੀਸ਼ਤ ਫੰਡਿੰਗ ਦਿੰਦਾ ਸੀ, ਜਿਸ ਨੂੰ ਹੁਣ ਘਟਾ ਕੇ 60:40 ਕਰ ਦਿੱਤਾ ਗਿਆ ਹੈ। ਇਸ ਦੌਰਾਨ ਰਾਜਾਂ ਦੇ ਆਰ ਡੀ ਐੱਫ ਤੇ ਜੀ ਐੱਸ ਟੀ ਫੰਡ ਵੀ ਰੋਕੇ ਜਾ ਰਹੇ ਹਨ, ਜੋ ਰਾਜਾਂ ਦੇ ਅਧਿਕਾਰਾਂ 'ਤੇ ਸਿੱਧਾ ਹਮਲਾ ਹੈ। ਡਾ. ਰਵਜੋਤ ਸਿੰਘ ਨੇ ਕਿਹਾ ਕਿ ਹੁਣ ਕੇਂਦਰ ਸਰਕਾਰ ਇਹ ਵੀ ਤੈਅ ਕਰੇਗੀ ਕਿ ਪਿੰਡਾਂ ਵਿੱਚ ਕਿਹੜੇ ਕੰਮ ਹੋਣਗੇ ਅਤੇ ਕਿਹੜੇ ਨਹੀਂ। ਪਾਈਪਲਾਈਨਾਂ, ਬਾਜ਼ਾਰਾਂ, ਨਿਰਮਾਣ ਕਾਰਜਾਂ ਅਤੇ ਹੋਰ ਵਿਕਾਸ ਪ੍ਰੋਜੈਕਟਾਂ 'ਤੇ ਪਾਬੰਦੀਆਂ ਲਗਾਈਆਂ ਜਾ ਰਹੀਆਂ ਹਨ। ਪਿੰਡਾਂ ਦੇ ਤਲਾਬਾਂ ਦੀ ਸਫ਼ਾਈ ਪੰਜ ਸਾਲਾਂ ਵਿੱਚ ਸਿਰਫ ਇਕ ਵਾਰ ਦੀ ਸ਼ਰਤ ਕੀਤੀ ਜਾਵੇਗੀ, ਇਹ ਪੁੱਛਿਆ ਜਾਣਾ ਚਾਹੀਦਾ ਹੈ ਕਿ 125 ਦਿਨਾਂ ਦਾ ਰੁਜ਼ਗਾਰ ਕਿਵੇਂ ਦਿੱਤਾ ਜਾਵੇਗਾ। ਇਹ ਗ਼ਰੀਬਾਂ ਦੇ ਮੂੰਹੋਂ ਰੋਟੀ ਖੋਹਣ ਵਾਂਗ ਹੈ, ਜਿਸ ਦਾ ਜ਼ੋਰਦਾਰ ਵਿਰੋਧ ਕੀਤਾ ਜਾਵੇਗਾ ਅਤੇ ਵਿਧਾਨ ਸਭਾ ਵਿੱਚ ਉਠਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪਹਿਲਾਂ 10 ਪ੍ਰਤੀਸ਼ਤ ਯੋਗਦਾਨ ਪਾਉਂਦੀ ਸੀ, ਪਰ ਹੁਣ 40 ਪ੍ਰਤੀਸ਼ਤ ਯੋਗਦਾਨ ਪਾਉਣਾ ਪੈਂਦਾ ਹੈ, ਜਦੋਂ ਕਿ ਕੇਂਦਰ ਸਰਕਾਰ ਦਾ ਕੰਮ 'ਤੇ ਪੂਰਾ ਕੰਟਰੋਲ ਹੈ। 'ਜਿਸ ਦਾ ਖੇਤ ਉਸ ਦੀ ਰੇਤ' ਵਰਗੀਆਂ ਸਕੀਮਾਂ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਅਜਿਹਾ ਮਾਡਲ ਲੋਕਾਂ ਦੀ ਆਮਦਨ ਵਧਾਉਂਦਾ ਹੈ। ਡਾ. ਰਵਜੋਤ ਸਿੰਘ ਨੇ ਕਿਹਾ ਕਿ ਇਹ ਮੁੱਦਾ ਸਿਰਫ਼ ਪੰਜਾਬ ਦਾ ਨਹੀਂ, ਸਗੋਂ ਦੇਸ਼ ਭਰ ਦੇ 68 ਕਰੋੜ ਮਨਰੇਗਾ ਕਾਰਡ ਧਾਰਕਾਂ ਦਾ ਹੈ। ਜੇਕਰ 125 ਦਿਨ ਦਿੱਤੇ ਜਾ ਰਹੇ ਹਨ, ਤਾਂ ਸ਼ਰਤਾਂ ਲਗਾਉਣਾ ਅਤੇ ਫੰਡ ਰੋਕਣਾ ਸਰਾਸਰ ਬੇਇਨਸਾਫ਼ੀ ਹੈ।



# ਕਲੱਬ ਨੂੰ ਆਕਸੀਜਨ ਕੰਸਨਟੇਟਰ ਦਿੱਤਾ

**ਭਲਾਣ (ਢਿੱਲੋਂ)**- ਸਤਲੁਜ ਪ੍ਰੈਸ ਕਲੱਬ ਸੁਖਸਾਲ ਦੀਆਂ ਸਮਾਜ ਸੇਵਾ ਪ੍ਰਤੀ ਸੇਵਾਵਾਂ ਨੂੰ ਵੇਖਦੇ ਹੋਏ ਪਿੰਡ ਸੁਖਸਾਲ ਦੇ ਵਸਨੀਕ ਵਰਿੰਦਰ ਕੁਮਾਰ ਲੱਕੀ ਪੁੱਤਰ ਸਵ. ਜੋਗਿੰਦਰ ਪਾਲ ਲਾਲਾ ਦੀ ਯਾਦ ਵਿੱਚ ਉਨ੍ਹਾਂ ਦੇ ਪਰਵਾਰ ਵੱਲੋਂ ਆਕਸੀਜਨ ਕੰਸਨਟੇਟਰ ਕਲੱਬ ਨੂੰ ਦਾਨ ਵਜੋਂ ਦਿੱਤਾ ਗਿਆ । ਇਸ ਮੌਕੇ ਕਲੱਬ ਮੈਂਬਰਾਂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਾਡੇ ਕਲੱਬ ਵੱਲੋਂ ਸਮਾਜ ਸੇਵਾ ਦੀਆਂ ਗਤੀਵਿਧੀਆਂ ਨਿਰੰਤਰ ਕੀਤੀਆਂ ਜਾ ਰਹੀਆਂ ਹਨ ਜਿਸ ਵਿੱਚ ਕੋਰੋਨਾ ਕਾਲ ਦੌਰਾਨ ਕਈ ਪਿੰਡਾਂ ਵਿੱਚ ਸੈਨੀਟਾਈਜ਼ਰ ਅਤੇ ਮਾਸਕ ਵੀ ਲੋਕਾਂ ਦੀ ਹਿਫਾਜ਼ਤ ਲਈ ਮੁਫ਼ਤ ਦਿੱਤੇ ਗਏ। ਉਨਾਂ ਇਹ ਵੀ ਦੱਸਿਆ ਕਿ ਪਹਿਲਾਂ ਵੀ ਸਾਡੇ ਕੋਲ ਆਕਸੀਜਨ ਕੰਸਨਟੇਟਰ ਕਲੱਬ ਵੱਲੋਂ ਜ਼ਰੂਰਤਮੰਦਾਂ ਮਰੀਜ਼ਾਂ ਲਈ ਦਿੱਤੇ ਜਾ ਰਿਹੇ ਹਨ । ਉਨਾਂ ਲੋੜਵੰਦ ਮਰੀਜ਼ਾਂ ਨੂੰ ਅਪੀਲ ਕੀਤੀ ਕਿ ਡਾਕਟਰ ਵੱਲੋਂ ਦਿੱਤੀ ਪਰਚੀ ਦੱਸ ਕੇ ਕੋਈ ਵੀ ਕੰਨਸਟੇਟਰ ਸਾਡੇ ਕੋਲੋਂ ਲੈ ਸਕਦਾ ਹੈ। ਇਹ ਸੇਵਾਵਾਂ ਪਿਛਲੇ ਲੰਬੇ ਸਮੇਂ ਤੋਂ ਸਾਡੇ ਕਲੱਬ ਵੱਲੋਂ ਮੁਫਤ ਦਿੱਤੀ ਜਾ ਰਹੀ ਹਨ। ਇਸ ਮੌਕੇ ਪਰਵਾਰਕ ਮੈਂਬਰਾਂ ਤੋਂ ਇਲਾਵਾ ਕਲੱਬ ਦੇ ਸਮੁੱਚੇ ਮੈਂਬਰ ਹਾਜ਼ਰ ਸਨ।



# ਨਹੀ ਰੁਕ ਰਿਹਾ ਸ਼ਹਿਰ ਅੰਦਰ ਨੋ-ਐਂਟਰੀ ਸਮੇਂ ਦੌਰਾਨ ਟਿੱਪਰਾਂ ਦਾ ਲਾਂਘਾ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**- ਗੜ੍ਹਸ਼ੰਕਰ ਸ਼ਹਿਰ ਦੀ ਗੱਲ ਕੀਤੀ ਜਾਵੇ ਤਾਂ ਇਸ ਸ਼ਹਿਰ ਅੰਦਰ ਨੋ ਐਂਟਰੀ ਸਮੇਂ ਦੌਰਾਨ ਆਉਣ ਜਾਣ ਵਾਲੇ ਓਵਰਲੋਡ ਵਹੀਕਲਾ ਨੂੰ ਰੋਕਣ ਵਿੱਚ ਸਥਾਨਕ ਪ੍ਰਸ਼ਾਸਨ ਫੇਲ ਸਾਬਿਤ ਹੋ ਰਿਹਾ ਹੈ ਕਿਉਂਕਿ ਇਸ ਸ਼ਹਿਰ ਅੰਦਰ ਮਿੱਟੀ, ਬਜ਼ਰੀ ਵਾਲੇ ਓਵਰਲੋਡ ਟਿੱਪਰ ਆਮ ਘੁੰਮਦੇ ਨਜ਼ਰ ਆਉਂਦੇ ਹਨ। ਪ੍ਰਸ਼ਾਸਨ ਵੱਲੋਂ ਸਥਾਨਕ ਸ਼ਹਿਰ ਤੋਂ ਨੰਗਲ ਜਾਣ ਵਾਲੀ ਸੜਕ ਤੇ ਹੈਵੀ ਟਿੱਪਰਾ ਦੇ ਲੰਘਣ ਦਾ ਸਮਾਂ ਨਿਰਧਾਰਿਤ ਕੀਤਾ ਹੋਇਆ ਹੈ ਪਰ ਇਸ ਨਿਰਧਾਰਿਤ ਸਮੇਂ ਦੇ ਕਾਨੂੰਨ ਨੂੰ ਵੀ ਟਿੱਪਰ ਚਾਲਕ ਕੁਝ ਨਹੀਂ ਸਮਝਦੇ ਆਏ ਦਿਨ ਨੋ ਐਂਟਰੀ ਸਮੇਂ ਦੌਰਾਨ ਵੀ ਕਈ ਟਿੱਪਰ ਗੜ੍ਹਸ਼ੰਕਰ ਤੋਂ ਨੰਗਲ ਜਾਣ ਵਾਲੀ ਸੜਕ ਤੇ ਦੌੜਦੇ ਆਮ ਦੇਖੇ ਜਾ ਸਕਦੇ ਹਨ। ਇਹਨਾਂ ਟਿੱਪਰਾਂ ਨਾਲ ਹੁਣ ਤੱਕ ਕਰੀਬ ਡੇਢ ਦਰਜਨ ਤੋਂ ਉੱਪਰ ਮੌਤਾਂ ਹੋ ਚੁੱਕੀਆਂ ਹਨ ਪਰ ਸਥਾਨਕ ਪ੍ਰਸ਼ਾਸਨ ਕੁੰਭਕਰਨੀ ਨੀਂਦ ਤੋਂ ਬਾਹਰ ਨਹੀਂ ਆ ਰਿਹਾ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਗੜ੍ਹਸ਼ੰਕਰ ਤੋ ਕਾਂਗਰਸ ਦੇ ਸੀਨੀਅਰ ਆਗੂ ਲਵ ਕੁਮਾਰ ਗੋਲਡੀ ਨੇ ਕਿਹਾ ਕਿ ਸਥਾਨਕ ਪ੍ਰਸ਼ਾਸਨ ਸਕੂਟਰ ਮੋਟਰਸਾਈਕਲ ਦੇ ਚਲਾਨ ਕੱਟ ਦਿੰਦੇ ਹਨ ਪਰ ਨੋ ਐਂਟਰੀ ਸਮੇਂ ਦੌਰਾਨ ਚੱਲਦੇ ਟਿੱਪਰ ਟਰਾਲੀਆਂ ਪ੍ਰਸ਼ਾਸਨ ਨੂੰ ਨਹੀਂ ਦਿਖ ਰਹੇ।



# ਅਣਅਧਿਕਾਰਤ ਰੇਹੜੀਆਂ-ਫੜ੍ਹੀਆਂ ਵਿਰੁੱਧ ਦੁਕਾਨਦਾਰਾਂ ਦਾ ਧਰਨਾ ਖਤਮ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਪੰਜਾਬ ਸਟੇਟ ਟ੍ਰੇਡਰਜ਼ ਕਮਿਸ਼ਨ ਦੇ ਮੈਂਬਰ ਵਿਨੀਤ ਵਰਮਾ ਨੇ ਫੇਸ 3ਬੀ2, ਮੋਹਾਲੀ ਦੀ ਮਾਰਕੀਟ ਵਿੱਚ ਪਾਰਕਿੰਗ ਏਰੀਆ ਅੰਦਰ ਅਣਅਧਿਕਾਰਤ ਤੌਰ 'ਤੇ ਲੱਗ ਰਹੀਆਂ ਰੇਹੜੀਆਂ-ਫੜ੍ਹੀਆਂ ਦੇ ਖਿਲਾਫ ਦੁਕਾਨਦਾਰਾਂ ਵੱਲੋਂ ਲਗਾਏ ਜਾ ਰਹੇ ਧਰਨੇ ਵਾਲੇ ਸਥਾਨ 'ਤੇ ਪਹੁੰਚੇ, ਧਰਨਾ ਦੇ ਰਹੇ ਦੁਕਾਨਦਾਰਾਂ ਨਾਲ ਗੱਲਬਾਤ ਕਰਕੇ ਸਥਿਤੀ ਨੂੰ ਸ਼ਾਂਤ ਕੀਤਾ। ਉਨ੍ਹਾਂ ਵੱਲੋਂ ਇਸ ਮੌਕੇ ਸਹਾਇਕ ਕਮਿਸ਼ਨਰ, ਨਗਰ ਨਿਗਮ ਮੋਹਾਲੀ ਮਨਪ੍ਰੀਤ ਸਿੰਘ ਨੂੰ ਮੌਕੇ 'ਤੇ ਬੁਲਾਇਆ ਗਿਆ, ਜਿਨ੍ਹਾਂ ਦੀ ਹਾਜ਼ਰੀ ਵਿੱਚ ਮਸਲੇ ਦਾ ਤੁਰੰਤ ਹੱਲ ਕਰਵਾਇਆ ਗਿਆ। ਮਾਮਲੇ ਦੇ ਨਿਪਟਾਰੇ ਉਪਰੰਤ ਧਰਨਾ ਖਤਮ ਕਰਵਾਇਆ ਗਿਆ ਅਤੇ ਮਾਰਕੀਟ ਨੂੰ ਦੁਬਾਰਾ ਖੁਲ੍ਹਵਾਇਆ ਗਿਆ। ਵਿਨੀਤ ਵਰਮਾ ਵੱਲੋਂ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਸਪਸ਼ਟ ਹਦਾਇਤਾਂ ਜਾਰੀ ਕੀਤੀਆਂ ਗਈਆਂ ਕਿ ਪਾਰਕਿੰਗ ਏਰੀਆ ਵਿੱਚ ਲੱਗ ਰਹੀਆਂ ਅਣਅਧਿਕਾਰਤ ਰੇਹੜੀਆਂ- ਫੜ੍ਹੀਆਂ ਖਿਲਾਫ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇ, ਤਾਂ ਜੋ ਮਾਰਕੀਟ ਦੀ ਸੁਚੱਜੀ ਕਾਰਗੁਜ਼ਾਰੀ ਅਤੇ ਵਪਾਰ 'ਤੇ ਕੋਈ ਮਾੜਾ ਅਸਰ ਨਾ ਪਵੇ।ਇਸ ਮੌਕੇ ਮਾਰਕੀਟ ਕਮੇਟੀ ਮੋਹਾਲੀ ਦੇ ਚੇਅਰਮੈਨ ਗੋਵਿੰਦਰ ਮਿੱਤਲ, ਮਾਰਕੀਟ ਦੇ ਪ੍ਰਧਾਨ ਸ਼੍ਰੀ ਅਕਵਿੰਦਰ ਸਿੰਘ ਗੋਸਲ ਅਤੇ ਪੰਜਾਬ ਗਊ ਸੇਵਾ ਕਮਿਸ਼ਨ ਦੇ ਮੈਂਬਰ ਅਮਿਤ ਜੈਨ ਵੀ ਮੌਜੂਦ ਰਹੇ। ਵਿਨੀਤ ਵਰਮਾ ਨੇ ਕਿਹਾ ਕਿ ਪੰਜਾਬ ਸਟੇਟ ਟ੍ਰੇਡਰਜ਼ ਕਮਿਸ਼ਨ ਵਪਾਰੀਆਂ ਦੇ ਹਿੱਤਾਂ ਦੀ ਰੱਖਿਆ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਵਪਾਰੀਆਂ ਨਾਲ ਜੁੜੇ ਮਸਲਿਆਂ ਦਾ ਹੱਲ ਸਹਿਮਤੀ ਅਤੇ ਕਾਨੂੰਨੀ ਪ੍ਰਕਿਰਿਆ ਅਨੁਸਾਰ ਕਰਵਾਉਣਾ ਕਮਿਸ਼ਨ ਦੀ ਮੁੱਢਲੀ ਜ਼ਿੰਮੇਵਾਰੀ ਹੈ।



# ਟਿਕਟ ਬੁਕਿੰਗ ਕਾਊਂਟਰ ਬਣਨ ਨਾਲ ਯਾਤਰੀਆਂ ਨੂੰ ਮਿਲੀ ਵੱਡੀ ਸਹੂਲਤ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਭਾਜਪਾ ਦੇ ਸੀਨੀਅਰ ਆਗੂ ਅਤੇ ਸ਼ਹਿਰ ਦੇ ਸਾਬਕਾ ਮੇਅਰ ਅਰੁਣ ਖੋਸਲਾ ਨੇ ਫਗਵਾੜਾ ਰੇਲਵੇ ਸਟੇਸ਼ਨ ਦਾ ਦੌਰਾ ਕੀਤਾ ਅਤੇ ਚੱਲ ਰਹੇ ਨਵੀਨੀਕਰਨ ਅਤੇ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ। ਇਸ ਮੌਕੇ ਗੱਲਬਾਤ ਕਰਦਿਆਂ ਉਨ੍ਹਾਂ ਦੱਸਿਆ ਕਿ ਪਹਿਲਾਂ ਜੋ ਟਿਕਟ ਬੁਕਿੰਗ ਕਾਊਂਟਰ ਕਾਫੀ ਪਿੱਛੇ ਬਣਿਆ ਹੋਇਆ ਸੀ, ਉਸ ਨੂੰ ਹੁਣ ਪਲੇਟਫਾਰਮ ਨੰਬਰ-1 ਦੇ ਬਿਲਕੁਲ ਨਜ਼ਦੀਕ ਯਾਤਰੀ ਵਿਸ਼ਰਾਮ ਸਥਾਨ ਦੇ ਨੇੜੇ ਤਬਦੀਲ ਕਰ ਦਿੱਤਾ ਗਿਆ ਹੈ, ਜਿਸ ਨਾਲ ਯਾਤਰੀਆਂ ਨੂੰ ਵੱਡੀ ਸਹੂਲਤ ਮਿਲੀ ਹੈ। ਉਨ੍ਹਾਂ ਕਿਹਾ ਕਿ ਜਲਦੀ ਹੀ ਮਹਿਲਾਵਾਂ ਅਤੇ ਸੀਨੀਅਰ ਨਾਗਰਿਕਾਂ ਲਈ ਵੱਖਰੇ ਟਿਕਟ ਕਾਊਂਟਰ ਵੀ ਬਣਾਏ ਜਾਣਗੇ। ਇਸ ਦੇ ਨਾਲ ਹੀ ਅੰਗਹੀਣਾਂ ਅਤੇ ਮਰੀਜਾਂ ਦੀ ਸਹੂਲਤ ਲਈ ਵਹੀਲ ਚੇਅਰਾਂ ਦੀ ਵਿਵਸਥਾ, ਸਤਨਾਮਪੁਰਾ ਸਾਈਡ ਵੱਲ ਬਣੇ ਨਵੇਂ ਗੇਟ ਕੋਲ ਟਿਕਟ ਕਾਊਂਟਰ, ਵਾਸ਼ ਰੂਮਾਂ ਦੀ ਸੁਚੱਜੀ ਵਿਵਸਥਾ, ਐਲੀਵੇਟਰ ਆਦਿ ਸਹੂਲਤਾਂ ਵੀ ਉਪਲਬਧ ਕਰਵਾਈਆਂ ਜਾ ਰਹੀਆਂ ਹਨ। ਇਸ ਦਿਸ਼ਾ ਵਿੱਚ ਕੰਮ ਤੇਜ਼ੀ ਨਾਲ ਅੱਗੇ ਵਧਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਗਰਮੀ ਦੇ ਮੌਸਮ ਵਿੱਚ ਯਾਤਰੀਆਂ ਲਈ ਠੰਢੇ ਪਾਣੀ ਦੀ ਸੇਵਾ ਨਿਭਾਉਣ ਵਾਲੀ ਸੰਸਥਾ ਜਨਤਾ ਸੇਵਾ ਸਮਿਤੀ ਦੇ ਸੇਵਾਦਾਰਾਂ ਲਈ ਵੀ ਵਿਸ਼ਰਾਮ ਕਮਰੇ ਦੀ ਵਿਵਸਥਾ ਕਰਵਾਈ ਜਾਵੇਗੀ। ਸਾਬਕਾ ਮੇਅਰ ਖੋਸਲਾ ਨੇ ਸ਼ਹਿਰ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਫਗਵਾੜਾ ਜੰਕਸ਼ਨ ਰੇਲਵੇ ਸਟੇਸ਼ਨ ਨੂੰ ਮਹਾਨਗਰਾਂ ਵਾਂਗ ਸੁੰਦਰ ਅਤੇ ਵਿਸ਼ਵ ਪੱਧਰੀ ਰੇਲਵੇ ਸਟੇਸ਼ਨ ਬਣਾਇਆ ਜਾਵੇਗਾ। ਇਸ ਲਈ ਉਨ੍ਹਾਂ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਅਤੇ ਰੇਲ ਮੰਤਰੀ ਵੱਲੋਂ ਕੀਤੇ ਜਾ ਰਹੇ ਯਤਨਾਂ ਪ੍ਰਤੀ ਧੰਨਵਾਦ ਵੀ ਪ੍ਰਗਟ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਈਸ਼ੂ ਵਧਾਵਨ, ਪ੍ਰਧਾਨ ਸ੍ਰੀ ਹਨੂਮਾਨ ਮੰਦਰ, ਕਟੈਹਰਾ ਚੌਕ ਫਗਵਾੜਾ ਵੀ ਮੌਜੂਦ ਸਨ।



# ਮਾਸਟਰ ਮਲਕੀਤ ਸਿੰਘ ਦੀ ਪਤਨੀ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

**ਨੰਗਲ (ਸੁਰਜੀਤ ਸਿੰਘ ਢੇਰ)** ਆਰ ਐਮ ਪੀ ਆਈ ਤੇ ਜਮਹੂਰੀ ਕਿਸਾਨ ਸਭਾ ਦੇ ਆਗੂ ਮਾਸਟਰ ਮਲਕੀਤ ਸਿੰਘ ਪਲਾਸੀ ਦੀ ਪਤਨੀ ਦਰਸ਼ਨ ਕੌਰ ਸਾਬਕਾ ਸੂਬਾਈ ਪ੍ਰਧਾਨ ਇਸਤਰੀ ਸਭਾ ਪੰਜਾਬ ਦੀ ਹੋਈ ਮੌਤ 'ਤੇ ਵੱਖ ਵੱਖ ਆਗੂਆਂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।ਸੀ ਪੀ ਆਈ ਐਮ ਦੇ ਜ਼ਿਲ੍ਹਾ ਸਕੱਤਰ ਬਜਿੰਦਰ ਪੰਡਤ, ਸਕੱਤਰੇਤ ਮੈਂਬਰ ਕਾਮਰੇਡ ਸੁਰਜੀਤ ਸਿੰਘ ਢੇਰ, ਜਸਵਿੰਦਰ ਸਿੰਘ ਭੰਗਲ, ਸਤਨਾਮ ਸਿੰਘ, ਤਰਸੇਮ ਸਿੰਘ ਭੱਲੜੀ, ਮੋਹਨ ਸਿੰਘ ਧਮਾਣਾ, ਮਾਸਟਰ ਗੁਰਨੈਬ ਸਿੰਘ ਜੇਤੇਵਾਲ, ਮਾਸਟਰ ਤਰਸੇਮ ਲਾਲ ਭਨਾਮ, ਦਰਸ਼ਨ ਸਿੰਘ ਬੜਵਾ, ਮਾਸਟਰ ਪਰਮਿੰਦਰ ਸਿੰਘ ਬੇਲਾ, ਜਸਪਾਲ ਸਿੰਘ ਫੌਜੀ, ਨਾਜ਼ਰ ਸਿੰਘ, ਨੰਬਰਦਾਰ ਜਸਵਿੰਦਰ ਸਿੰਘ ਗੋਹਲਣੀ, ਡਾਕਟਰ ਚਮਨ ਲਾਲ ਸੰਗਤਪੁਰ,ਡਾਕਟਰ ਰਵਿੰਦਰ ਨਾਥ, ਰਾਮ ਕਿਸ਼ਨ ਦਬਕੇਹੜਾ, ਸੁਖਦੇਵ ਸਿੰਘ ਡਿਗਵਾ, ਵਿਜੇ ਸ਼ਰਮਾ, ਮਹਿੰਦਰ ਸਿੰਘ ਸੰਗਤਪੁਰ, ਦਵਿੰਦਰ ਨੰਗਲੀ, ਹਰੀ ਚੰਦ ਗੋਹਲਣੀ, ਮਹਿੰਗਾ ਰਾਮ ਐਮ ਏ, ਤਰਸੇਮ ਲਾਲ ਸੁਖਸਾਲ, ਗਿਆਨੀ ਰਾਮਪਾਲ ਸਿੰਘ ਭਲਾਣ, ਸੂਬੇਦਾਰ ਕੁਲਵੰਤ ਸਿੰਘ, ਦਲਜੀਤ ਸਿੰਘ ਐਲਗਰਾਂ, ਰਣਜੀਤ ਸਿੰਘ ਝੱਜ, ਰਕੇਸ਼ ਬਾਲੀ ਕਲਸੇੜਾ, ਰਜਿੰਦਰ ਸਿੰਘ ਡੋਡ, ਹਰਭਜਨ ਸਿੰਘ ਢਿੱਲੋਂ, ਸਾਬਕਾ ਸੰਮਤੀ ਮੈਂਬਰ ਸੰਜੀਵ ਕੌਰ ਕੁਲਗਰਾ ਨੇ ਮਾਸਟਰ ਮਲਕੀਤ ਸਿੰਘ ਦੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਬੀਬੀ ਦਰਸ਼ਨ ਕੌਰ ਜੀ ਬਹੁਤ ਸੰਘਰਸ਼ਮਈ ਸਨ।ਉਨ੍ਹਾਂ ਦੀ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ 29 ਦਸੰਬਰ ਨੂੰ ਪਿੰਡ ਪਲਾਸੀ ਵਿਖੇ ਹੋਵੇਗੀ।



# ਕ੍ਰਿਸਮਸ ਆਪਸੀ ਪਿਆਰ, ਸਦਭਾਵਨਾ ਦਾ ਸੁਨੇਹਾ ਦਿੰਦਾ : ਮੋਹਿੰਦਰ ਭਗਤ

**ਜਲੰਧਰ (ਸੁਰਿੰਦਰ ਕੁਮਾਰ)**- ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਕ੍ਰਿਸਮਸ ਦੇ ਸ਼ੁਭ ਮੌਕੇ 'ਤੇ ਸੂਬਾ ਵਾਸੀਆਂ ਨੂੰ ਨਿੱਘੀਆ ਸ਼ੁਭਕਾਮਨਾਵਾਂ ਦਿੱਤੀਆਂ। ਇਥੇ ਮਿਸ਼ਨ ਕੰਪਾਊਂਡ ਚਰਚ ਅਤੇ ਚਰਚ ਆਫ਼ ਸਾਈਨਜ਼ ਐਂਡ ਵੰਡਰਜ਼, ਪਿੰਡ ਖਾਂਬੜਾ ਵਿਖੇ ਕ੍ਰਿਸਮਸ ਦੇ ਸ਼ੁਭ ਅਵਸਰ 'ਤੇ ਕਰਵਾਏ ਗਏ ਸਮਾਗਮਾਂ ਵਿੱਚ ਸ਼ਿਰਕਤ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਕ੍ਰਿਸਮਸ ਦਾ ਤਿਉਹਾਰ ਸਾਨੂੰ ਆਪਸੀ ਪਿਆਰ, ਸਦਭਾਵਨਾ, ਦਇਆ ਅਤੇ ਦੂਜਿਆਂ ਨੂੰ ਮੁਆਫ਼ ਕਰਨ ਦਾ ਸੁਨੇਹਾ ਦਿੰਦਾ ਹੈ। ਉਨ੍ਹਾਂ ਕਿਹਾ ਕਿ ਪ੍ਰਭੂ ਯਿਸੂ ਮਸੀਹ ਵੱਲੋਂ ਕੁੱਲ ਲੋਕਾਈ ਨੂੰ ਦਿੱਤਾ ਸ਼ਾਂਤੀ ਅਤੇ ਮਾਨਵਤਾ ਦਾ ਸੰਦੇਸ਼ ਸਾਰਿਆਂ ਨੂੰ ਹਮੇਸ਼ਾ ਮਨੁੱਖਤਾ ਦੀ ਭਲਾਈ ਅਤੇ ਸੇਵਾ ਲਈ ਯਤਨ ਕਰਦੇ ਰਹਿਣ ਲਈ ਪ੍ਰੇਰਿਤ ਕਰਦਾ ਰਹੇਗਾ। ਕੈਬਨਿਟ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੂੰ ਇਤਿਹਾਸਕ ਮਿਸ਼ਨ ਕੰਪਾਊਂਡ ਚਰਚ, ਜੋ ਕਿ ਲਗਭਗ 140 ਸਾਲ ਪੁਰਾਣਾ ਹੈ, ਵਿਖੇ ਆ ਕੇ ਬਹੁਤ ਖੁਸ਼ੀ ਮਹਿਸੂਸ ਹੋ ਰਹੀ ਹੈ। ਉਨ੍ਹਾਂ ਚਰਚ ਦੀ ਸਾਂਭ-ਸੰਭਾਲ ਲਈ ਕਮੇਟੀ ਵੱਲੋਂ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਵੀ ਕੀਤੀ।



# ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ ਵੱਲੋਂ ਸੰਘਰਸ਼ ਦਾ ਐਲਾਨ

**ਨਕੋਦਰ (ਮਨਜੀਤ ਮਾਨ)** ਜੰਗਲਾਤ ਵਰਕਰਜ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਅਮਰੀਕ ਸਿੰਘ ਗੜ੍ਹਸ਼ੰਕਰ ਦੀ ਪ੍ਰਧਾਨਗੀ ਵਿਚ ਗੂਗਲ ਮੀਟ ਆਨਲਾਈਨ ਮੀਟਿੰਗ ਹੋਈ। ਮੀਟਿੰਗ ਦੀ ਕਾਰਵਾਈ ਸੂਬਾ ਸਕੱਤਰ ਜਸਵਿੰਦਰ ਸਿੰਘ ਸੌਂਜਾ ਨੇ ਕੀਤੀ। ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆ ਵਿਰਸਾ ਸਿੰਘ ਅੰਮ੍ਰਿਤਸਰ, ਬਲਵੀਰ ਸਿੰਘ ਤਰਨਤਾਰਨ, ਰਣਜੀਤ ਗੁਰਦਾਸਪੁਰ, ਅਮਨਦੀਪ ਸਿੰਘ ਛੱਤ, ਸਤਨਾਮ ਸੰਗਰੂਰ ਅਤੇ ਰਵੀ ਲੁਧਿਆਣਾ ਕਿ ਪਿਛਲੀ ਮਿਤੀ 30 ਜੁਲਾਈ ਨੂੰ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਵਣ ਅਤੇ ਜੰਗਲੀ ਜੀਵ ਵਿਭਾਗ ਦੇ ਕਾਮਿਆਂ ਪੱਕੇ ਕੀਤੇ ਮੁਲਾਜ਼ਮਾਂ ਨੂੰ ਹੁਣ ਤੱਕ ਪੂਰੀਆਂ ਤਨਖਾਹਾਂ ਵੀ ਨਹੀਂ ਦਿੱਤੀਆ ਜਾ ਰਹੀ ਅਤੇ ਸੀਨੀਅਰ 519 ਅਨਪੜ੍ਹ ਕਾਮਿਆਂ ਨੂੰ ਹੁਣ ਤੱਕ ਪੱਕਿਆ ਵੀ ਨਹੀਂ ਕੀਤਾ ਜਾ ਰਿਹਾ ਅਤੇ ਮਾਣਯੋਗ ਹਾਈ ਕੋਰਟ ਦੇ 26.02.2024 ਦੇ ਫੈਸਲੇ ਨਾਲ ਸਬੰਧਤ ਕੇਸਾਂ ਵਿੱਚ 548 ਵਰਕਰਾਂ ਦਾ ਬਕਾਇਆ ਸਮੂਹ ਵਣ ਮੰਡਲ ਅਫਸਰਾਂ ਵੱਲੋਂ ਬਿੱਲ ਖ਼ਜ਼ਾਨੇ ਭੇਜੇ ਗਏ ਹਨ ਜਿਸ ਦੇ ਤਹਿਤ ਬਠਿੰਡਾ, ਲੁਧਿਆਣਾ, ਮੋਹਾਲੀ, ਛੱਤ ਬੀੜ ਚਿੜੀਆਘਰ ਅਤੇ ਹੋਰ ਖਜਾਨਾ ਦਫਤਰਾਂ ਵੱਲੋ ਬਿਲ ਪਾਸ ਕਰਕੇ ਵਰਕਰਾਂ ਦੇ ਖਾਤਿਆਂ ਵਿੱਚ ਏਰੀਅਰ ਬਕਾਇਆ ਪਾਇਆ ਗਿਆ ਪਰ ਕੁਝ ਜਿਲ੍ਹਾ ਖ਼ਜ਼ਾਨਾ ਅਫਸਰਾਂ ਵੱਲੋਂ ਹੁਣ ਤੱਕ ਬਕਾਇਆ ਵਰਕਰਾਂ ਦੇ ਖਾਤਿਆਂ ਵਿੱਚ ਨਹੀਂ ਪਾਇਆ ਗਿਆ। ਜਿਸ ਦੇ ਰੋਸ ਵਜੋਂ ਜਥੇਬੰਦੀ ਨੇ ਫੈਸਲਾ ਕੀਤਾ ਹੈ ਕਿ ਮਿਤੀ 29 ਅਤੇ 30 ਦਸੰਬਰ ਨੂੰ ਲਗਾਤਾਰ ਦੋ ਦਿਨ ਪੰਜਾਬ ਦੇ ਸਮੂਹ ਖਜ਼ਾਨਾ ਅਫਸਰਾਂ ਦੇ ਦਫਤਰਾਂ ਅੱਗੇ ਰੋਸ ਧਰਨੇ ਦੇਣ ਉਪਰੰਤ ਆਰਥੀ ਫੂਕ ਪ੍ਰਦਰਸ਼ਨ ਕੀਤੇ ਜਾਣਗੇ।

# ਜੈ ਭੀਮ ਯੂਨਾਈਟਿਡ ਵੁਆਇਸ ਆਫ ਪੰਜਾਬ ਨੇ ਮਨੂ ਸਿਮਰਤੀ ਦਹਿਨ ਦਿਵਸ 'ਤੇ ਕਰਵਾਇਆ ਸੈਮੀਨਾਰ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਮਿਸ਼ਨ ਨੂੰ ਸਮਰਪਿਤ ਜੱਥੇਬੰਦੀ ਜੈ ਭੀਮ ਯੂਨਾਈਟਿਡ ਵੁਆਇਸ ਆਫ ਪੰਜਾਬ ਵਲੋਂ ਮਨੂ ਸਿਮਰਤੀ ਦਹਿਨ ਦਿਵਸ 'ਤੇ ਡਾ. ਅੰਬੇਡਕਰ ਭਵਨ ਅਰਬਨ ਅਸਟੇਟ ਫਗਵਾੜਾ ਵਿਖੇ ਸੈਮੀਨਾਰ ਕਰਵਾਇਆ ਗਿਆ। ਜਿਸ ਵਿੱਚ ਮੁੱਖ ਬੁਲਾਰਿਆਂ ਵਜੋਂ ਡਾ. ਰਿਤੂ ਸਿੰਘ, ਐਡਵੋਕੇਟ ਸਿਮਰਨਜੀਤ ਸਿੰਘ, ਅੰਬੇਡਕਰੀ ਪ੍ਰਚਾਰਕ ਡਾ. ਹਰਜਿੰਦਰ ਸਿੰਘ ਜੱਖੂ ,ਬੀਬਾ ਹਰਵਿੰਦਰ ਕੌਰ ਉਸਮਾਂ, ਡਾ. ਇੰਦਰਜੀਤ ਸਿੰਘ ਕਜਲਾ ਅਤੇ ਧਰਮਿੰਦਰ ਸਿੰਘ ਭੁੱਲਾਰਾਈ ਹੈਪੀ ਕੌਲ, ਜਗਬੀਰ ਸਿੰਘ ਸਹੂੰਗੜਾ ਨੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਦੌਰਾਨ ਬੁਲਾਰਿਆਂ ਨੇ ਸੈਮੀਨਾਰ ਕਰਵਾਉਣ ਲਈ ਡਾ. ਹਰਜਿੰਦਰ ਸਿੰਘ ਜੱਖੂ ਦੀ ਸ਼ਲਾਘਾ ਕੀਤੀ। ਉੱਘੇ ਲੇਖਕ ਅਤੇ ਵਿਦਵਾਨ ਸੋਹਨ ਸਹਿਜਲ ਨੇ ਮਨੂ ਸਿਮਰਤੀ 'ਤੇ ਕਵਿਤਾ ਪੜ੍ਹੀ। ਉਹਨਾਂ ਦਾ ਉਚੇਚਾ ਸਨਮਾਨ ਕੀਤਾ ਗਿਆ। ਸਮਾਗਮ ਦੌਰਾਨ ਬੁੱਧ ਧਰਮ ਦੇ ਪ੍ਰਚਾਰਕ ਅੰਬੇਡਕਰਵਾਦੀ ਅਤੇ ਜੈ ਭੀਮ ਯੁਨਾਈਟਿਡ ਵੁਆਇਸ ਆਫ ਪੰਜਾਬ ਦੇ ਲੀਗਲ ਅਡਵਾਈਜਰ ਐਡਵੋਕੇਟ ਸੰਜੀਵ ਭੌਰਾ (ਫਿਲੌਰੀ) ਨੂੰ ਮਿਸ਼ਨਰੀ ਪ੍ਰਚਾਰਕ ਅਵਾਰਡ 2025 ਦੇ ਨਾਲ ਨਵਾਜਿਆ ਗਿਆ। ਦਹਾਕੇ ਤੋਂ ਵੱਧ ਬਾਮਸੇਫ ਦੇ ਵੱਖ-ਵੱਖ ਸਟੇਟਾਂ 'ਚ ਰਹੇ ਫੁਲ ਟਾਈਮ ਪ੍ਰਚਾਰਕ ਗਿਆਨ ਸ਼ੀਲ ਢੱਡਾ ਨੂੰ ਡਾ. ਅੰਬੇਡਕਰ ਮਿਸ਼ਨ ਟੀਚਿੰਗ ਅਵਾਰਡ 2025 ਨਾਲ ਸਨਮਾਨਤ ਕੀਤਾ ਗਿਆ। ਦਲਿਤ ਵਿਦਵਾਨ ਅਤੇ ਨਿਧੜਕ ਆਗੂ ਡਾ. ਰਿਤੂ ਸਿੰਘ ਨੂੰ ਮਾਤਾ ਸਵਿੱਤਰੀ ਬਾਈ ਫੂਲੇ ਅਵਾਰਡ 2025 ਨਾਲ ਨਵਾਜਿਆ ਗਿਆ। ਅੱਤਿਆਚਾਰ ਦਾ ਸ਼ਿਕਾਰ ਹੋਣ ਅਤੇ ਸਰਕਾਰੀ ਦਬਾਅ ਦੇ ਬਾਵਜੂਦ ਝੁਕਣ ਤੋਂ ਇਨਕਾਰ ਕਰਨ ਵਾਲੀ ਬੀਬੀ ਹਰਵਿੰਦਰ ਕੌਰ ਉਸਮਾ ਨੂੰ ਸ਼ੇਰਨੀ ਧੀ ਪੰਜਾਬ ਦੀ ਅਵਾਰਡ ਪ੍ਰਦਾਨ ਕਰਦਿਆਂ ਡਾ. ਜੱਖੂ, ਪ੍ਰਿੰਸੀਪਲ ਕੇਵਲ ਸਿੰਘ ਟੂਰਾ ਅਤੇ ਡਾ. ਅਵਨੀਤ ਕੌਰ ਨੇ ਕਿਹਾ ਕਿ ਸਮਾਜ ਦੀਆਂ ਦਲੇਰ ਧੀਆਂ ਦਾ ਇਸੇ ਤਰ੍ਹਾਂ ਸਨਮਾਨ ਜਾਰੀ ਰਹੇਗਾ। ਮਨੁੱਖੀ ਅਧਿਕਾਰਾਂ ਦੇ ਉੱਘੇ ਵਕੀਲ ਸਿਮਰਨਜੀਤ ਸਿੰਘ ਨੂੰ ਡਾ. ਅੰਬੇਡਕਰ ਮਨੁੱਖੀ ਅਧਿਕਾਰ ਅਵਾਰਡ ਦਿੱਤਾ ਗਿਆ। ਸਾਰੇ ਹੀ ਬੁਲਾਰਿਆਂ ਨੇ ਜੈ ਭੀਮ ਯੁਨਾਈਟਿਡ ਵੁਆਇਸ ਆਫ ਪੰਜਾਬ ਦੇ ਸੰਸਥਾਪਕ ਡਾ. ਹਰਜਿੰਦਰ ਸਿੰਘ ਜੱਖੂ ਦੇ ਇਨ੍ਹਾਂ ਉਪਰਾਲਿਆਂ ਨੂੰ ਭਵਿੱਖ 'ਚ ਸਮਾਜ ਨੂੰ ਇੱਕਜੁਟ ਕਰਨ ਦੇ ਯਤਨਾਂ ਵਜੋਂ ਬਹੁਤ ਸਲਾਹਿਆ ਅਤੇ ਭਵਿੱਖ 'ਚ ਡਾ. ਜੱਖੂ ਨੂੰ ਸਹਿਯੋਗ ਦੇਣ ਦਾ ਵਾਅਦਾ ਵੀ ਕੀਤਾ। ਇਸ ਮੌਕੇ ਐਡਵੋਕੇਟ ਐਸ.ਐਲ. ਵਿਰਦੀ, ਡਾ. ਐਸ.ਪੀ. ਸੁਮਨ, ਡਾ. ਦੇਸਰਾਜ ਕਲਸੀ, ਸੁਰਿੰਦਰ ਸਿੰਘ ਰਾਵਲਪਿੰਡੀ, ਸੈਫ ਪ੍ਰਧਾਨ ਜਸਵੀਰ ਸਿੰਘ, ਸੀਨੀਅਰ ਵਾਈਸ ਪ੍ਰਧਾਨ ਸੰਦੀਪ ਚਾਹਲ, ਸਟੇਟ ਕੋਆਰਡੀਨੇਟਰ ਮੋਹਨ ਮਹਿੰਦਰ, ਜਿਲ੍ਹਾ ਪ੍ਰਧਾਨ ਰਾਜੇਸ਼ ਕੁਮਾਰ, ਸੰਦੀਪ ਮੂਲਨਿਵਾਸੀ, ਪਵਿੱਤਰ ਸਿੰਘ ਉੱਪਲ, ਬਲਵੀਰ ਬਸਰਾ, ਬਲਜੀਤ ਕੌਰ ਅੰਬੇਡਕਰੀ, ਬਲਵੀਰ ਕੌਰ ਪਠਲਾਵਾ, ਬੀਬੀ ਸੁਖਜੀਤ ਕੌਰ ਸਿੱਧੂ, ਬੀਬੀ ਕੁਲਵੰਤ ਕੌਰ ਟੂਰਾ, ਮਨਜੀਤ ਕੌਰ ਕੋਟਰਾਣੀ, ਸਤਵਿੰਦਰ ਕੌਰ ਸੋਨੂੰ, ਮੈਡਮ ਮਨਜੀਤ ਕੌਰ, ਪੂਜਾ ਰਾਣੀ ਗੋਹਾਵਰ, ਅੰਜਲੀ ਰਾਜਪੂਤ, ਨਿਰਮਲ ਸਿੰਘ ਸਮਰਾ, ਜੱਸੀ ਕੋਟਰਾਣੀ, ਰਜਿੰਦਰ ਪ੍ਰਤਾਪ ਸਿੰਘ ਅਤੇ ਯੋਗਰਾਜ ਜਲੰਧਰ ਵੀ ਮੌਜੂਦ ਸਨ।



# ਚੋਣਾਂ ਵੇਲੇ ਬੰਦ ਠੇਕਾ ਵੋਟਾਂ ਉਪਰੰਤ ਖੁੱਲ੍ਹਿਆ, ਲੋਕਾਂ ਮੁੜ ਬੰਦ ਕਰਵਾਇਆ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਨੇੜਲੇ ਪਿੰਡ ਖਮਤਾ ਪੱਤੀ ਵਿਖੇ ਖੁੱਲ੍ਹੇ ਸ਼ਰਾਬ ਦੇ ਠੇਕੇ ਦਾ ਸਥਾਨਕ ਲੋਕ ਵਿਰੋਧ ਕਰ ਰਹੇ ਹਨ। ਪਿੰਡ ਵਾਸੀਆਂ ਨੇ ਸ਼ਾਂਤਮਈ ਪ੍ਰਦਰਸ਼ਨ ਰਾਹੀਂ ਪਿੰਡ ਦੀ ਜੂਹ 'ਚ ਖੁਲ੍ਹੇ ਠੇਕੇ ਨੂੰ ਬੰਦ ਕਰਵਾ ਦਿੱਤਾ ਹੈ। ਸਮਿਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਤੋਂ ਐਨ ਪਹਿਲਾਂ ਬੰਦ ਕਰਵਾਇਆ ਠੇਕਾ ਮੁੜ ਖੁਲ੍ਹਣ 'ਤੇ ਲੋਕਾਂ ਨੇ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਉਠਾਏ ਹਨ। ਸਤਪਾਲ ਰਾਣਾ, ਸੁਨੀਲ ਕੌਸ਼ਲ, ਜਸ਼ਪਾਲ ਸਿੰਘ, ਤਰਸੇਮ ਸਿੰਘ ਆਦਿ ਪਿੰਡ ਵਾਸੀਆਂ ਨੇ ਦੱਸਿਆ ਕਿ ਤਲਵਾੜਾ-ਦੌਲਤਪੁਰ ਮੁੱਖ ਸੜਕ ਮਾਰਗ 'ਤੇ ਪੈਂਦੇ ਪਿੰਡ ਖਮਤਾ ਪੱਤੀ ਦੀ ਜ਼ਮੀਨ 'ਤੇ ਲੰਘੇ ਮਹੀਨੇ ਕਥਿਤ ਸ਼ਰਾਬ ਦਾ ਠੇਕਾ ਖੋਲ੍ਹਿਆ ਗਿਆ ਸੀ। ਇਹ ਠੇਕਾ ਖੇਡ ਨਰਸਰੀ ਅਤੇ ਧਾਰਮਿਕ ਸਥਾਨਕ ਦੇ ਬਿਲਕੁਲ ਨਜ਼ਦੀਕ ਸੀ, ਠੇਕੇ ਨੂੰ ਲੈ ਕੇ ਪਿੰਡ ਵਾਸੀਆਂ 'ਚ ਰੋਸ ਸੀ। ਲੋਕਾਂ ਦੇ ਵਿਰੋਧ ਦੇ ਚੱਲਦਿਆਂ ਬਲਾਕ ਸਮਿਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਤੋਂ ਦੋ-ਤਿੰਨ ਦਿਨ ਪਹਿਲਾਂ ਇਸ ਨੂੰ ਬੰਦ ਕਰਵਾ ਦਿੱਤਾ ਗਿਆ ਸੀ। ਪਰ ਚੋਣ ਅਮਲ ਮੁਕੰਮਲ ਹੋਣ ਉਪਰੰਤ ਪਿਛਲੇ ਤਿੰਨ ਦਿਨਾਂ ਤੋਂ ਉਕਤ ਠੇਕਾ ਮੁੜ ਖੁੱਲ੍ਹ ਗਿਆ।ਪਿੰਡ ਵਾਸੀ ਵੱਡੀ ਗਿਣਤੀ 'ਚ ਉਕਤ ਠੇਕੇ 'ਤੇ ਪੁੱਜੇ। ਉਨ੍ਹਾਂ ਠੇਕੇ ਖ਼ਿਲਾਫ਼ ਨਾਅਰੇਬਾਜੀ ਕੀਤੀ।



27 Dec Page 9.qxd 12/26/2025 11:03 PM Page 1



# ਹਲਕਾ ਕਰਤਾਰਪੁਰ 'ਚ ਕਾਂਗਰਸੀ ਵਰਕਰਾਂ ਨੇ ਤਨਦੇਹੀ ਨਾਲ ਚੋਣਾਂ ਲੜੀਆਂ : ਰਜਿੰਦਰ ਸਿੰਘ

**ਕਿਸ਼ਨਗੜ੍ਹ (ਸੁਖਜੀਤ ਕੁਮਾਰ)**- ਬੀਤੇ ਦਿਨੀ ਜਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਦੀਆਂ ਹੋਈਆਂ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਵਿਧਾਨ ਸਭਾ ਹਲਕਾ ਕਰਤਾਰਪੁਰ ਦੇ ਬਲਾਕ 1 ਦੇ ਕਾਂਗਰਸੀ ਆਗੂਆਂ ਤੇ ਵਰਕਰਾਂ ਦੀ ਵਿਸ਼ੇਸ਼ ਮੀਟਿੰਗ ਹਲਕਾ ਕਰਤਾਰਪੁਰ ਕਾਂਗਰਸ ਦੇ ਇੰਚਾਰਜ ਸੇਵਾ ਮੁਕਤ ਐਸ ਐਸ ਪੀ ਰਜਿੰਦਰ ਸਿੰਘ ਦੀ ਅਗਵਾਈ 'ਚ ਸਰਮਸਤਪੁਰ ਦੇ ਇੱਕ ਨਿਜੀ ਪੈਲਸ ਵਿੱਚ ਹੋਈ। ਇਸ ਮੌਕੇ ਰਜਿੰਦਰ ਸਿੰਘ ਨੇ ਕਿਹਾ ਕਿ ਜਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਵਿੱਚ ਹਲਕੇ ਦੇ ਸਾਰੇ ਕਾਂਗਰਸੀ ਮੈਂਬਰਾਂ, ਵਰਕਰਾਂ ਅਤੇ ਹਲਕੇ ਦੀ ਲੀਡਰਸ਼ਿਪ ਨੇ ਬਹੁਤ ਹੀ ਤਨਦੇਹੀ ਨਾਲ ਮੇਰਾ ਸਾਥ ਦੇ ਕੇ ਸਰਕਾਰ ਦਾ ਬਹੁਤ ਜਿਆਦਾ ਦਬਾਅ ਹੋਣ ਦੇ ਬਾਵਜੂਦ ਵੀ ਡੱਟ ਕੇ ਚੋਣਾਂ ਲੜੀਆਂ ਹਨ। ਉਹਨਾਂ ਕਿਹਾ ਕਿ ਮੇਰੇ ਹਲਕੇ ਦੇ ਵੋਟਰਾਂ ਨੇ ਬਲਾਕ ਸੰਮਤੀ ਚਿੱਟੀ ਜੋਨ ਤੋਂ ਸ੍ਰੀਮਤੀ ਤਜਿੰਦਰ ਕੌਰ, ਬਲਾਕ ਸੰਮਤੀ ਗਿੱਲ ਜੋਨ ਤੋਂ ਸ੍ਰੀਮਤੀ ਅੰਜੂ ਬਾਲਾ, ਬਲਾਕ ਸੰਮਤੀ ਰੰਧਾਵਾ ਮਸੰਦਾ ਜੋਨ ਤੋਂ ਸ੍ਰੀਮਤੀ ਸੁਰਜੀਤ ਕੌਰ, ਬਲਾਕ ਸੰਮਤੀ ਬੁਟਰਾ ਜੋਨ ਤੋਂ ਰਘਬੀਰ ਸਿੰਘ, ਬਲਾਕ ਸੰਮਤੀ ਨੂਰਪੁਰ ਜੋਨ ਤੋਂ ਸ੍ਰੀਮਤੀ ਸਰਬਜੀਤ ਕੌਰ, ਬਲਾਕ ਸੰਮਤੀ ਜੰਡੂ ਸਿੰਘਾਂ ਜੋਨ ਤੋਂ ਅੰਮ੍ਰਿਤਪਾਲ ਸਿੰਘ, ਬਲਾਕ ਸੰਮਤੀ ਸੁਦਾਣਾ ਜੋਨ ਤੋਂ ਸ੍ਰੀਮਤੀ ਗੁਰਬਖਸ਼ ਕੌਰ, ਬਲਾਕ ਸੰਮਤੀ ਨੌਗੱਜਾ ਜੋਨ ਤੋਂ ਸੁਲਿੰਦਰ ਕੁਮਾਰ ਬਿਰਲਾ, ਬਲਾਕ ਸੰਮਤੀ ਬੁੱਲੋਵਾਲ ਜੋਨ ਤੋਂ ਰਘਵੀਰ ਸਿੰਘ ਕਾਂਗਰਸ ਪਾਰਟੀ ਦੇ ਉਮੀਦਵਾਰ ਨੂੰ ਜਿਤਾਇਆ ਹੈ। ਮੀਟਿੰਗ ਵਿੱਚ ਬਲਾਕ ਪ੍ਰਧਾਨ ਅਮਰਜੀਤ ਸਿੰਘ ਕੰਗ, ਸਾਬਕਾ ਸਰਪੰਚ ਪ੍ਰਦੀਪ ਕੁਮਾਰ ਦੀਪਾ ਬੱਲਾਂ, ਗੁਰਬਖਸ਼ ਸਿੰਘ ਨੌਗੱਜਾ, ਕਾਂਗਰਸੀ ਆਗੂ ਹਨੀ ਜੋਸ਼ੀ,



ਸੁਰਿੰਦਰ ਸਿੰਘ ਐਮਾ ਕਾਜੀ, ਰਾਜਪਾਲ ਸਿੰਘ ਚਕਰਾਲਾ, ਰਵਿੰਦਰ ਰਾਣਾ, ਕੈਪਟਨ ਦਰਸ਼ਨ ਸਿੰਘ ਕਾਲਾ ਬਾਹੀਆਂ, ਬਲਵੀਰ ਸਿੰਘ ਬਿੱਲੂ ਸਿੰਘਾਪੁਰੀਆ, ਸਾਬਕਾ ਸਰਪੰਚ ਅਵਤਾਰ ਸਿੰਘ ਹੇਠੀ, ਹਰਮੇਸ਼ ਕੁਮਾਰ ਕਾਲਾ ਕਲੋਨੀ, ਸੋਹਣ ਲਾਲ ਬਾਵਾ ਮੁਸਤਫਾਪੁਰ, ਗੋਲਡੀ ਰਹੀਮਪੁਰ, ਕਾਕਾ ਮੰਨਣ, ਜਸਵਿੰਦਰ ਸਿੰਘ ਬੁਲੋਵਾਲ, ਹੁਸਨ ਲਾਲ ਕਾਲਾ ਬਾਹੀਆਂ, ਸਰਪੰਚ ਮੱਖਣ ਸਿੰਘ ਅਖਾੜਾ, ਸਰਪੰਚ ਬਲਵਿੰਦਰ ਸਿੰਘ ਹੱਸਣ ਮੁੰਡਾ, ਜਸਵੀਰ ਕੌਰ ਕਾਨਪੁਰ, ਠੇਕੇਦਾਰ ਸੁਰਿੰਦਰ ਸਿੰਘ ਮੋਖਾ, ਸਤਵੰਤ ਸਿੰਘ ਖੋਸਾ ਬਿਧੀਪੁਰ, ਜਗਤਾਰ ਸਿੰਘ ਭਤੀਜਾ,ਆਦਿ ਆਗੂ ਹਾਜ਼ਰ ਸਨ।



# ਜੰਗਲਾਤ ਵਰਕਰਜ਼ ਯੂਨੀਅਨ ਵੱਲੋਂ ਰੋਸ ਪ੍ਰਦਰਸ਼ਨ ਤੇ ਅਰਥੀ ਫੂਕ ਮੁਜ਼ਾਹਰਾ 29 ਨੂੰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ ਵੱਲੋਂ ਕੀਤੇ ਗਏ ਫੈਸਲੇ ਮੁਤਾਬਕ 29 ਅਤੇ 30 ਦਸੰਬਰ ਨੂੰ ਪੰਜਾਬ ਦੇ ਸਮੂਹ ਖਜ਼ਾਨਾ ਦਫਤਰਾਂ ਅੱਗੇ ਏਰੀਅਰ ਨੂੰ ਲੈ ਕੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ । 24 ਦਸੰਬਰ ਨੂੰ ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸ੍ਰੀ ਅਮਰੀਕ ਸਿੰਘ ਗੜ੍ਹਸ਼ੰਕਰ ਦੀ ਪ੍ਰਧਾਨਗੀ ਵਿੱਚ ਆਨਲਾਈਨ ਮੀਟਿੰਗ ਹੋਈ ਸੀ ਕਿ 30 ਜੁਲਾਈ 2025 ਨੂੰ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਵਣ ਅਤੇ ਜੰਗਲੀ ਜੀਵ ਕਾਮਿਆਂ ਨੂੰ ਪੱਕੇ ਕੀਤੇ ਗਿਆ ਸੀ ਤੇ ਉਨ੍ਹਾਂ ਮੁਲਾਜ਼ਮਾਂ ਨੂੰ ਹੁਣ ਤੱਕ ਪੂਰੀਆਂ ਤਨਖਾਹ ਵੀ ਨਹੀਂ ਦਿੱਤੀਆਂ ਜਾ ਰਹੀਆਂ ਤੇ ਸੀਨੀਅਰ 519 ਅਨਪੜ ਕਾਮਿਆਂ ਨੂੰ ਹੁਣ ਤੱਕ ਪੱਕਿਆ ਵੀ ਨਹੀਂ ਕੀਤਾ ਜਾ ਰਿਹਾ ਅਤੇ ਮਾਨਯੋਗ ਹਾਈਕੋਰਟ ਦੇ 26 ਫਰਵਰੀ 2024 ਦੇ ਫੈਸਲੇ ਨਾਲ ਸੰਬੰਧਿਤ ਕੇਸਾਂ ਵਿੱਚ 548 ਵਰਕਰਾਂ ਦਾ ਬਕਾਇਆ ਸਮੂਹ ਵਣ ਮੰਡਲ ਅਫਸਰਾਂ ਵੱਲੋਂ ਬਿਲ ਖਜ਼ਾਨੇ ਭੇਜੇ ਹਨ ਜਿਸ ਦੇ ਤਹਿਤ ਬਠਿੰਡਾ, ਲੁਧਿਆਣਾ, ਮੋਹਾਲੀ, ਛੱਤ ਬੀੜ ਚਿੜੀਆ ਘਰ ਅਤੇ ਹੋਰ ਖਜ਼ਾਨਾ ਦਫਤਰਾਂ ਵੱਲੋਂ ਬਿੱਲ ਪਾਸ ਕਰਕੇ ਵਰਕਰਾਂ ਦੇ ਖਾਤਿਆਂ ਵਿੱਚ ਏਰੀਅਰ ਬਕਾਇਆ ਪਾ ਦਿੱਤਾ ਗਿਆ ਹੈ। ਪਰ ਕੁਝ ਜਿਲਾ ਖਜ਼ਾਨਾ ਅਫਸਰਾਂ ਵੱਲੋਂ ਹੁਣ ਤੱਕ ਬਕਾਇਆ ਵਰਕਰਾਂ ਦੇ ਖਾਤਿਆਂ ਵਿੱਚ ਨਹੀਂ ਪਾਇਆ ਗਿਆ। ਜਿਸ ਦੇ ਰੋਸ ਵਜੋਂ ਜਥੇਬੰਦੀ ਵੱਲੋਂ ਫੈਸਲਾ ਕੀਤਾ ਗਿਆ ਹੈ ਕਿ 29 ਅਤੇ 30 ਦਸੰਬਰ ਨੂੰ ਲਗਾਤਾਰ ਪੰਜਾਬ ਦੇ ਸਮੂਹ ਖਜ਼ਾਨਾ ਅਫਸਰਾਂ ਦੇ ਦਫਤਰਾਂ ਅੱਗੇ ਰੋਸ ਧਰਨੇ ਦੇਣ ਉਪਰੰਤ ਅਰਥੀ ਫੂਕ ਪ੍ਰਦਰਸ਼ਨ ਕੀਤੇ ਜਾਣਗੇ।

# ਜਿੰਪਾ ਵੱਲੋਂ ਚਰਚ ਨੇੜੇ ਹੈਰੀਟੇਜ ਲਾਈਟਾਂ ਦਾ ਉਦਘਾਟਨ

**ਹੁਸ਼ਿਆਰਪੁਰ (ਓ ਪੀ ਰਾਣਾ)**- ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਮੋਤਾ ਮੈਮੋਰੀਅਲ ਚਰਚ ਨੇੜੇ ਲਗਾਈਆਂ ਗਈਆਂ ਹੈਰੀਟੇਜ ਲਾਈਟਾਂ ਦਾ ਰਸਮੀ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਸੋਨਾਲੀਕਾ ਇੰਡਸਟਰੀਜ਼ ਦੇ ਸਹਿਯੋਗ ਨਾਲ ਲਗਾਈਆਂ ਗਈਆਂ ਇਹ ਹੈਰੀਟੇਜ ਲਾਈਟਾਂ ਨਾ



ਸਿਰਫ ਇਲਾਕੇ ਦੀ ਸੁੰਦਰਤਾ ਨੂੰ ਵਧਾਉਣਗੀਆਂ ਬਲਕਿ ਆਮ ਲੋਕਾਂ ਦੀ ਸਹੂਲਤ ਅਤੇ ਸੁਰੱਖਿਆ ਨੂੰ ਵੀ ਯਕੀਨੀ ਬਣਾਉਣਗੀਆਂ।ਵਿਧਾਇਕ ਜਿੰਪਾ ਨੇ ਕਿਹਾ ਕਿ ਮੋਤਾ ਮੈਮੋਰੀਅਲ ਚਰਚ ਇਤਿਹਾਸਕ ਅਤੇ ਧਾਰਮਿਕ ਮਹੱਤਵ ਵਾਲਾ ਸਥਾਨ ਹੈ, ਜਿੱਥੇ ਰੋਜ਼ਾਨਾ ਵੱਡੀ ਗਿਣਤੀ ਵਿੱਚ ਸ਼ਰਧਾਲੂ ਅਤੇ ਸ਼ਹਿਰ ਵਾਸੀ ਆਉਂਦੇ ਹਨ। ਹੈਰੀਟੇਜ ਲਾਈਟਾਂ ਦੀ ਸਥਾਪਨਾ ਸ਼ਾਮ ਅਤੇ ਰਾਤ ਦੇ ਸਮੇਂ ਢੁਕਵੀਂ ਰੋਸ਼ਨੀ ਪ੍ਰਦਾਨ ਕਰੇਗੀ, ਜਿਸ ਨਾਲ ਚਰਚ ਦੇ ਸੈਲਾਨੀਆਂ ਨੂੰ ਸਹੂਲਤ ਮਿਲੇਗੀ ਅਤੇ ਹਾਦਸਿਆਂ ਦਾ ਖ਼ਤਰਾ ਘਟੇਗਾ। ਉਨ੍ਹਾਂ ਕਿਹਾ ਕਿ ਇਹ ਪਹਿਲ ਸ਼ਹਿਰ ਦੀ ਵਿਰਾਸਤ ਨੂੰ ਆਧੁਨਿਕ ਸਹੂਲਤਾਂ ਨਾਲ ਜੋੜਦੇ ਹੋਏ ਸੰਭਾਲਣ ਵੱਲ ਇਕ ਮਹੱਤਵਪੂਰਨ ਕਦਮ ਹੈ।ਉਨ੍ਹਾਂ ਸੋਨਾਲੀਕਾ ਇੰਡਸਟਰੀਜ਼ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਦਯੋਗਾਂ ਵੱਲੋਂ ਕੀਤੇ ਗਏ ਅਜਿਹੇ ਸਮਾਜਿਕ ਤੌਰ ਤੇ ਜ਼ਿੰਮੇਵਾਰ ਕੰਮ ਸਮਾਜ ਲਈ ਪ੍ਰੇਰਨਾਦਾਇਕ ਹਨ। ਵਿਧਾਇਕ ਜਿੰਪਾ ਨੇ ਅੱਗੇ ਕਿਹਾ ਕਿ ਹੁਸ਼ਿਆਰਪੁਰ ਸ਼ਹਿਰ ਦੇ ਹੋਰ ਪ੍ਰਮੁੱਖ ਸਥਾਨਾਂ ਦੇ ਸੁੰਦਰੀਕਰਨ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਵਧਾਉਣ ਲਈ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਦੇ ਯਤਨ ਕੀਤੇ ਜਾਣਗੇ।ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ, ਸੋਨਾਲੀਕਾ ਇੰਡਸਟਰੀਜ਼ ਤੋਂ ਅਤੁਲ ਸ਼ਰਮਾ, ਨਗਰ ਨਿਗਮ ਦੇ ਅਧਿਕਾਰੀ, ਕੌਂਸਲਰ ਅਤੇ ਹੋਰ ਪਤਵੰਤੇ ਮੌਜੂਦ ਸਨ।

# ਮਹਿਲਾ ਯੋਗ ਸ਼ਕਤੀ ਦਿਵਸ ਮਨਾਇਆ



**ਰੂਪਨਗਰ**- ਭਾਰਤੀਯ ਯੋਗ ਸੰਸਥਾਨ ਦੀ ਜ਼ਿਲ੍ਹਾ ਇਕਾਈ ਰੂਪਨਗਰ ਵੱਲੋਂ ਇੱਥੇ ਗਿਆਨੀ ਜ਼ੈਲ ਸਿੰਘ ਨਗਰ ਰੂਪਨਗਰ ਦੇ ਮੁੱਖ ਪਾਰਕ ਵਿਖੇ ਮਹਿਲਾ ਯੋਗ ਸ਼ਕਤੀ ਦਿਵਸ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਵਿੱਚ ਵੱਡੀ ਗਿਣਤੀ ਵਿੱਚ ਸੰਸਥਾਨ ਨਾਲ ਜੁੜੀਆਂ ਮਹਿਲਾਵਾਂ ਨੇ ਭਾਗ ਲਿਆ। ਸਮਾਰੋਹ ਦਾ ਅਰੰਭ ਸੰਸਥਾਨ ਦੀ ਜ਼ਿਲ੍ਹਾ ਇਕਾਈ ਰੂਪਨਗਰ ਦੀ ਪ੍ਰਧਾਨ ਕੁਸਮ ਸ਼ਰਮਾ ਨੇ ਮਾਂ ਸਰਸਵਤੀ ਦੀ ਤਸਵੀਰ ਅਗੇ ਜੋਤ ਜਗ੍ਹਾਕੇ ਕੀਤਾ।ਇਸ ਮੌਕੇ ਵੱਖ ਵੱਖ ਤਰਾ ਦੇ ਆਸਣਾ ਤੋਂ ਇਲਾਵਾ ਸੂਰਿਆ ਨਮਸਕਾਰ ਦਾ ਸੁੰਦਰ ਅਭਿਆਸ ਕੀਤਾ ਗਿਆ। ਮਹਿਲਾਵਾ ਵੱਲੋਂ ਯੋਗ ਦੀ ਮਹਤੱਤਾ ਤੇ ਉਨ੍ਹਾ ਦੇ ਪ੍ਰਭਾਵ ਬਾਰੇ ਗੀਤ ਤੇ ਵਿਚਾਰ ਰੱਖੇ ਗਏ। ਆਸ਼ਿਮਾ ਅਗਰਵਾਲ ਵਲੋਂ ਮਹਿਲਾਵਾਂ ਲਈ ਯੋਗ ਦੇ ਲਾਭ ਤੇ ਵਿਸ਼ੇਸ਼ ਭਾਸ਼ਣ ਦਿੱਤਾ ਗਿਆ।ਜ਼ਿਲ੍ਹਾ ਇਕਾਈ ਦੇ ਸਕੱਤਰ ਰਾਜਿੰਦਰ ਸੈਣੀ ਵਲੋਂ ਇਸ ਮੌਕੇ ਮਹਿਲਾਵਾ ਨੂੰ ਦਿਵਸ ਦੀ ਵਧਾਈ ਦਿੱਤੀ ਗਈ ਅਤੇ ਉਤਸ਼ਾਹ ਨਾਲ ਭਾਗ ਲੈਣ ਦਾ ਧੰਨਵਾਦ ਕਰਦਿਆ ਯੋਗ ਨੂੰ ਆਪਣੇ ਜੀਵਨ ਦਾ ਜ਼ਰੂਰੀ ਅੰਗ ਬਣਾਉਣ ਲਈ ਪ੍ਰੇਰਤ ਕੀਤਾ। ਉਨ੍ਹਾਂ ਕਿਹਾ ਕਿ ਯੋਗ ਪਰਮਾਤਮਾ ਨਾਲ ਜੋੜਣ ਦਾ ਇਕ ਮਾਰਗ ਹੈ ਤੇ ਨਿਸ਼ਕਾਮ ਭਾਵ ਨਾਲ ਜੀਵਨ ਜਿਉਣ ਲਈ ਉਤਸ਼ਾਹਿਤ ਕਰਦਾ ਹੈ। ਅੰਤ ਵਿਚ ਸਭ ਨੇ ਮਿਲ ਬੈਠ ਕੇ ਆਪਣੇ ਘਰ ਤੋਂ ਤਿਆਰ ਕਰਕੇ ਲਿਆਦੇ ਗਏ ਲੰਗਰ ਦਾ ਸਮੂਹਿਕ ਤੌਰ ਤੇ ਅੰਨਦ ਮਾਨਿਆ।

# ਯੂਨੀਫਾਈਡ ਪੈਨਸ਼ਨ ਸਕੀਮ ਨੂੰ ਦੇਸ਼ ਦੇ ਸਰਕਾਰੀ ਮੁਲਾਜ਼ਮਾਂ ਨੇ ਨਕਾਰਿਆ : ਜਸਵੀਰ ਤਲਵਾੜਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਕਨਵੀਨਰ ਜਸਵੀਰ ਤਲਵਾੜਾ ਨੇ ਜ਼ਿਲ੍ਹਾ ਪੱਧਰੀ ਮੀਟਿੰਗ ਵਿੱਚ ਬੋਲਦਿਆਂ ਕਿਹਾ ਕਿ ਸਾਲ 2004 ਤੋਂ ਬਾਅਦ ਰਾਜ ਅਤੇ ਕੇਂਦਰ ਸਰਕਾਰਾਂ ਵਿੱਚ ਭਰਤੀ ਮੁਲਾਜ਼ਮਾਂ ਦਾ ਸਰਕਾਰਾਂ ਵੱਲੋਂ ਪਹਿਲਾਂ ਤਾਂ ਐੱਨ ਪੀ ਐੱਸ ਰਾਹੀਂ ਆਰਥਿਕ ਸ਼ੋਸ਼ਣ ਕੀਤਾ ਜਾ ਰਿਹਾ ਸੀ ਜੋ ਕਿ ਇਹਨਾਂ ਮੁਲਾਜ਼ਮ ਸਾਥੀਆਂ ਨੂੰ ਮਨਜ਼ੂਰ ਨਹੀਂ ਹੋਇਆ ਅਤੇ ਇਹ ਸਾਥੀ ਲਗਾਤਾਰ ਪੁਰਾਣੀ ਪੈਨਸ਼ਨ ਦੀ ਬਹਾਲੀ ਲਈ ਸੰਘਰਸ਼ ਦੇ ਰਾਹ 'ਤੇ ਹਨ। ਇਹਨਾਂ ਮੁਲਾਜ਼ਮਾਂ ਦੇ ਤਿੱਖੇ ਸੰਘਰਸ਼ ਨੂੰ ਦੇਖਦੇ ਹੋਏ ਕੇਂਦਰ ਸਰਕਾਰ ਨੇ ਯੂਨੀਫਾਈਡ ਪੈਨਸ਼ਨ ਸਕੀਮ ਲਾਂਚ ਕੀਤੀ ਜਿਸ ਨੂੰ ਕੇਂਦਰ ਦੇ 90 ਲੱਖ ਮੁਲਾਜ਼ਮਾਂ ਵਿੱਚੋਂ ਸਿਰਫ਼ 1 ਲੱਖ 22 ਹਜ਼ਾਰ ਮੁਲਾਜ਼ਮਾਂ ਨੇ ਹੀ ਕਬੂਲਿਆ ਹੈ ਅਤੇ 98.6 ਪ੍ਰਤੀਸ਼ਤ ਮੁਲਾਜ਼ਮਾਂ ਨੇ ਇਸ ਨੂੰ ਵੀ ਬੁਰੀ ਤਰ੍ਹਾਂ ਨਕਾਰ ਦਿੱਤਾ। ਲੋਕਤੰਤਰ ਵਿੱਚ ਅਜਿਹਾ ਅੰਕੜਾ ਕੇਂਦਰ ਸਰਕਾਰ ਨੂੰ ਇਹ ਸਮਝਾਉਣ ਲਈ ਕਾਫ਼ੀ ਹੈ ਕਿ ਲੋਕਤੰਤਰ ਵਿੱਚ ਸਰਕਾਰਾਂ ਤੋਂ ਪਹਿਲਾਂ ਲੋਕਾਂ ਦੀ ਰਾਏ ਮੁੱਖ ਹੁੰਦੀ ਹੈ। ਇਸ ਮੌਕੇ ਬੋਲਦਿਆਂ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਕਨਵੀਨਰ ਸੰਜੀਵ ਧੂਤ ਨੇ ਕਿਹਾ ਕਿ ਕੇਂਦਰ ਸਰਕਾਰ ਅਤੇ ਸੂਬਾ ਸਰਕਾਰ ਨੂੰ ਨੈਤਿਕ ਹਾਰ ਮੰਨਦੇ ਹੋਏ ਪੁਰਾਣੀ ਪੈਨਸ਼ਨ ਬਹਾਲ ਕਰ ਦੇਣੀ ਚਾਹੀਦੀ ਹੈ ਜੋ ਕਿ ਐੱਨ ਪੀ ਐੱਸ ਪੀੜਿਤ ਮੁਲਾਜ਼ਮਾਂ ਦੀ ਇੱਕੋ-ਇੱਕ ਤੇ ਆਖ਼ਰੀ ਮੰਗ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਵਰਿੰਦਰ ਵਿੱਕੀ ਸੂਬਾ ਵਿੱਤ ਸਕੱਤਰ, ਜ਼ਿਲ੍ਹਾ ਜਨਰਲ ਸਕੱਤਰ ਤਿਲਕ ਰਾਜ,ਪ੍ਰਿਤਪਾਲ ਸਿੰਘ ਚੌਟਾਲਾ, ਪ੍ਰਿੰਸ ਗੜ੍ਹਦੀਵਾਲਾ, ਵਿਕਾਸ ਸ਼ਰਮਾ ਨਸਰਾਲਾ, ਰਜਤ ਮਹਾਜਨ, ਸਚਿਨ ਕੁਮਾਰ, ਸੁਖਦੇਵ ਕਾਜਲ, ਹਰਭਜਨ ਸਿੰਘ, ਸਤੀਸ਼ ਕੁਮਾਰ, ਸੁਰਜੀਤ ਰਾਜਾ, ਪਰਮਜੀਤ ਕਾਰਤਿਕ ਮਾਹਿਲਪੁਰ, ਨਰਿੰਦਰ ਅਜਨੋਹਾ, ਸੰਤਪਾਲ ਗੜ੍ਹਸ਼ੰਕਰ, ਦਵਿੰਦਰ ਹੁਸ਼ਿਆਰਪੁਰ, ਪ੍ਰਿੰਸ ਪਲਿਆਲ, ਹਰਕਮਲ ਸਿੰਘ, ਅਸ਼ੋਕ ਕੁਮਾਰ, ਸੁਭਾਸ਼ ਹਾਜੀਪੁਰ, ਚਮਨ ਲਾਲ, ਜਸਵੀਰ ਬੋਦਲ, ਕਰਮਜੀਤ ਸਿੰਘ, ਸੁਰਿੰਦਰ ਕਲਸੀ,



ਬਲਦੇਵ ਟਾਂਡਾ, ਅਨੁਪਮ ਰਤਨ, ਮਨਜੀਤ ਤਲਵਾੜਾ, ਸੰਦੀਪ ਸ਼ਰਮਾ, ਰਣਵੀਰ ਸਿੰਘ, ਲੈਕਚਰਾਰ ਅਮਰ ਸਿੰਘ, ਸਰਬਜੀਤ ਸਿੰਘ, ਜਗਜੀਤ ਸਿੰਘ, ਸੁਰਿੰਦਰ ਕਲਸੀ, ਜਸਵਿੰਦਰ ਸਿੰਘ, ਪਰਮਜੀਤ ਸਿੰਘ, ਹਬਿੰਦਰ ਸਿੰਘ, ਪਰਮਿੰਦਰ ਸਿੰਘ, ਨਰਿੰਦਰ ਮੰਗਲ, ਇੰਦਰਜੀਤ ਸਿੰਘ, ਬਲਵਿੰਦਰ ਸਿੰਘ, ਯਾਦਵਿੰਦਰ ਸਿੰਘ, ਸਚਿਨ ਕੁਮਾਰ, ਵਿਕਾਸ ਅਰੋੜਾ, ਰਣਵੀਰ ਸਿੰਘ, ਗੁਰਵਿੰਦਰ ਜੱਜ ਆਦਿ ਵੀ ਹਾਜ਼ਰ ਸਨ।

# ਅਟਲ ਜਨਸੇਵਾ ਨੂੰ ਸਮਰਪਿਤ ਦੌੜ ਨੂੰ ਸੈਣੀ ਨੇ ਦਿਖਾਈ ਹਰੀ ਝੰਡੀ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਪੰਚਕੂਲਾ ਦੇ ਸੈਕਟਰ-5 ਸਥਿਤ ਯਵਨਿਕਾ ਪਾਰਕ ਤੋਂ ਹਰਿਆਣਾ ਪੁਲਿਸ ਦੇ ਬੈਚ ਨੰਬਰ-93 ਦੇ ਜਵਾਨਾਂ ਵੱਲੋਂ ਆਯੋਜਿਤ ਅਟਲ ਜਨਸੇਵਾ ਨੂੰ ਸਮਰਪਿਤ ਦੌੜ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸ ਮੌਕੇ 'ਤੇ ਮੁੱਖ ਮੰਤਰੀ ਨੇ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪੇਈ ਦੀ ਜੈਅੰਤੀ ਦੀ ਯਾਦ ਵਿੱਚ ਆਯੋਜਿਤ ਇਹ ਦੌੜ ਏਕਤਾ, ਅਨੁਸ਼ਾਸਨ ਅਤੇ ਰਾਸ਼ਟਰਸੇਵਾ ਦੀ ਭਾਵਨਾ ਦਾ ਪ੍ਰਤੀਕ ਹੈ। ਇਸ ਇਤਿਹਾਸਕ ਬੈਚ ਵਿੱਚ ਕੁੱਲ 5,061 ਜਵਾਨ ਸ਼ਾਮਲ ਹਨ, ਜਿਨ੍ਹਾਂ ਵਿੱਚੋਂ 4,191 ਪੁਰਖ ਅਤੇ 870 ਮਹਿਲਾ ਜਵਾਨ ਹਨ। ਇਸ ਤਰ੍ਹਾਂ ਇਸ ਬੈਚ ਵਿੱਚ 20.75 ਫੀਸਦੀ ਮਹਿਲਾ ਭਾਗੀਦਾਰੀ ਯਕੀਨੀ ਹੋਈ ਹੈ, ਜੋ ਮਹਿਲਾ ਸਸ਼ਕਤੀਕਰਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਉਪਲਬਧੀ ਹੈ।

# ਪ੍ਰਭੂ ਯਸੂ ਮਸੀਹ ਦਾ ਜਨਮ ਦਿਵਸ ਮਨਾਇਆ

**ਬੰਗਾ (ਅਵਤਾਰ ਕਲੇਰ)**- ਦਯਾ ਸਾਗਰ ਚਰਚ ਸੁਸਾਇਟੀ ਮੇਹਲੀ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪ੍ਰਭੂ ਯਿਸੂ ਮਸੀਹ ਦਾ ਜਨਮ ਦਿਵਸ ਦਯਾ ਸਾਗਰ ਚਰਚ ਮੇਹਲੀ ਵਿਖੇ ਪਾਸਟਰ ਰਮੇਸ਼ ਚੰਦਰ ਦੀ ਅਗਵਾਈ ਹੇਠ ਬੜੀ ਧੂਮਧਾਮ ਨਾਲ ਮਨਾਇਆ ਗਿਆ। ਪਾਸਟਰ ਰਮੇਸ਼ ਚੰਦਰ ਨੇ ਸਤਸੰਗ ਰਾਹੀਂ ਪ੍ਰਭੂ ਯਿਸੂ ਮਸੀਹ ਦੀਆਂ ਸਿੱਖਿਆਵਾਂ ਦਾ ਪ੍ਰਚਾਰ



ਕੀਤਾ। ਕੁਲ ਲੋਕਾਈ ਦੀ ਭਲੇ ਲਈ ਪ੍ਰਾਰਥਨਾ ਕੀਤੀ ਗਈ। ਗੀਤ ਸੰਗੀਤ ਮੰਡਲੀਆਂ ਵੱਲੋਂ ਪ੍ਰਭੂ ਯਿਸੂ ਮਸੀਹ ਦੇ ਗੁਣ ਗਾਏ ਗਏ। ਚਾਹ ਪਕੌੜੇ ਅਤੇ ਲੰਗਰ ਅਤੁੱਟ ਵਰਤਾਇਆ ਗਿਆ। ਪਾਸਟਰ ਰਮੇਸ਼ ਚੰਦਰ ਅਤੇ ਦਯਾ ਸਾਗਰ ਚਰਚ ਸੁਸਾਇਟੀ ਵੱਲੋਂ ਮਹਿਮਾਨਾਂ, ਕਲਾਕਾਰਾਂ ਅਤੇ ਸੇਵਾਦਾਰਾਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਪਾਸਟਰ ਰਮੇਸ਼ ਚੰਦਰ, ਸੁਰਿੰਦਰ ਪਾਲ ਸਾਬਕਾ ਸਰਪੰਚ, ਕੁਲਵਿੰਦਰ ਕੌਰ, ਵਿਨੋਦ ਕੁਮਾਰ, ਅਮਰਜੀਤ ਸਿੰਘ, ਜਗਪਾਲ ਸਿੰਘ,ਡਾ. ਪਰਮਜੀਤ, ਖੁਸ਼ੀ ਰਾਮ, ਨਰੇਸ਼ ਦਾਸ ਮੇਹਲੀ,ਜਗਦੀਸ਼ ਕੌਰ ਸਾਬਕਾ ਸਰਪੰਚ, ਬਲਵੀਰ ਕੌਰ, ਸਤਨਾਮ , ਕਮਲ ਕੁਮਾਰ, ਗੁਰਚਰਨ ਸਿੰਘ ਆਦਿ ਹਾਜ਼ਰ ਸਨ।

# ਮਨਰੇਗਾ ਮਜ਼ਦੂਰਾਂ ਨੂੰ ਕੰਮ ਦੀ ਕੋਈ ਗਰੰਟੀ ਨਹੀਂ ਹੋਵੇਗੀ : ਬੇਗਮਪੁਰਾ ਟਾਈਗਰ ਫੋਰਸ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਕੇਂਦਰ ਸਰਕਾਰ ਵੱਲੋਂ ਲਿਆਂਦੇ ਨਵੇਂ ਕਾਨੂੰਨ ਵਿਕਸਤ ਭਾਰਤ ਪੇਂਡੂ ਰੁਜ਼ਗਾਰ ਗਰੰਟੀ ਮਿਸ਼ਨ 2025 ਨੂੰ ਵਿਧਾਨ ਸਭਾ 'ਚ ਮਤਾ ਪਾ ਕੇ ਇਸ ਦਾ ਸਖ਼ਤ ਵਿਰੋਧ ਕੀਤਾ ਜਾਵੇ, ਅਤੇ ਇਹ ਵੀ ਐਲਾਨ ਕੀਤਾ ਜਾਵੇ ਕਿ ਸੂਬਾ ਸਰਕਾਰ



ਆਪਣੇ ਤੌਰ ਤੇ ਪੁਰਾਣੇ ਕਾਨੂੰਨ ਨੂੰ ਹੀ ਪੰਜਾਬ ਵਿੱਚ ਚਾਲੂ ਰੱਖੇਗੀ ਤੇ ਕੇਰਲਾ ਸਰਕਾਰ ਦੀ ਤਰਜ ਤੇ ਪੁਰਾਣੇ ਮਨਰੇਗਾ ਕਾਨੂੰਨ ਦੀ ਪੰਜਾਬ ਸਰਕਾਰ ਵੀ ਰਾਖੀ ਕਰੇ। ਇਹ ਵਿਚਾਰ ਬੇਗਮਪੁਰਾ ਟਾਈਗਰ ਫੋਰਸ ਦੇ ਕੌਮੀ ਉਪ ਚੇਅਰਮੈਨ ਕ੍ਰਿਸ਼ਨ ਬਲੀਏਵਾਲ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਨੇ ਸਾਡੇ ਪੱਤਰਕਾਰ ਨਾਲ ਇੱਕ ਮੁਲਾਕਾਤ ਦੌਰਾਨ ਸਾਂਝੇ ਕੀਤੇ ਉਹਨਾਂ ਕਿਹਾ ਕਿ ਇਸ ਕਾਨੂੰਨ ਦੇ ਲਾਗੂ ਹੋਣ ਦੇ ਨਾਲ ਮਨਰੇਗਾ ਮਜ਼ਦੂਰਾਂ ਨੂੰ ਕੰਮ ਦੀ ਕੋਈ ਗਰੰਟੀ ਨਹੀਂ ਹੋਵੇਗੀ ਤੇ ਮਨਰੇਗਾ ਮਜ਼ਦੂਰਾਂ ਤੋਂ 12 ਘੰਟੇ ਕੰਮ ਲਿਆ ਜਾਵੇਗਾ। ਕੇਂਦਰ ਸਰਕਾਰ ਨੇ ਇਹ ਕਾਨੂੰਨ ਲਾਗੂ ਕਰਕੇ ਕਾਰਪੋਰੇਟ ਘਰਾਣਿਆਂ ਦੀ ਲੁੱਟ ਨੂੰ ਹੋਰ ਵੀ ਸੌਖਾ ਕਰ ਦਿੱਤਾ ਹੈ ਤੇ ਸਰਕਾਰ ਦਾ ਮਕਸਦ ਇਸ ਕਾਨੂੰਨ ਨੂੰ ਲਾਗੂ ਕਰਕੇ ਫੈਕਟਰੀ ਮਾਲਕਾਂ ਤੇ ਕਾਰਪੋਰੇਟ ਘਰਾਣਿਆਂ ਨੂੰ ਸਸਤੀ ਮਜਦੂਰੀ ਮੁਹਈਆ ਕਰਵਾਉਣਾ ਹੈ । ਉਨਾਂ ਕਿਹਾ ਕਿ ਬੇਗਮਪੁਰਾ ਟਾਈਗਰ ਫੋਰਸ ਇਸ ਕਾਨੂੰਨ ਦਾ ਸਖਤ ਵਿਰੋਧ ਕਰਕੇ ਇਸ ਨੂੰ ਲਾਗੂ ਹੋਣ ਤੋਂ ਰੋਕੇਗੀ।

# ਗਣਿਤ ਮੇਲੇ 'ਚ ਉਧੋਵਾਲ ਸਕੂਲ ਦੇ ਵਿਦਿਆਰਥੀਆਂ ਦਾ ਸ਼ਾਨਦਾਰ ਪ੍ਰਦਰਸ਼ਨ

**ਮਹਿਤਪੁਰ (ਰਾਜਾ)**- ਸਿੱਖਿਆ ਵਿਭਾਗ ਵੱਲੋਂ ਰਾਸ਼ਟਰੀ ਅਵਿਸ਼ਕਾਰ ਅਭਿਆਨ ਅਧੀਨ ਕਰਵਾਇਆ ਗਿਆ ਬਲਾਕ ਪੱਧਰੀ ਗਣਿਤ ਮੇਲਾ, ਜੋ ਕਿ ਸਕੂਲ ਆਫ ਐਮੀਨੈਂਸ ਨਕੋਦਰ ਵਿਖੇ ਕਰਵਾਇਆ ਗਿਆ ਜਿਸ ਵਿੱਚ ਬਲਾਕ ਨਕੋਦਰ-1ਦੇ ਸਮੂਹ ਸਕੂਲਾਂ ਦੇ ਵਿਦਿਆਰਥੀਆਂ ਨੇ ਹਿੱਸਾ



ਲਿਆ, ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਉਧੋਵਾਲ ਦੇ ਵਿਦਿਆਰਥੀਆਂ ਦਾ ਪ੍ਰਦਰਸ਼ਨ ਸ਼ਾਨਦਾਰ ਰਿਹਾ। ਇਸ ਮੇਲੇ ਵਿੱਚ ਨੌਵੀਂ ਤੋਂ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਦੇ ਗਣਿਤ ਨਾਲ ਸੰਬੰਧਿਤ ਵੱਖ-ਵੱਖ ਸਬਥੀਮ ਤੇ ਆਧਾਰਤ ਮਾਡਲਾਂ ਦੀ ਪ੍ਰਦਰਸ਼ਨੀ ਲਗਾਈ ਗਈ । ਰੀਕਰੀਏਸ਼ਨਲ ਮੈਥਮੈਟਿਕਸ ਸਬਥੀਮ ਵਿੱਚੋਂ ਸਕੂਲ ਦੀਆਂ ਵਿਦਿਆਰਥਣਾ ਮੰਨਤ ਹਾਂਡਾ ਅਤੇ ਸੋਨਿਕਾ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ । ਇੰਟੈਗਰੇਟਿੰਗ ਮੈਥ ਵਿਦ ਆਈਟੀ ਵਿੱਚ ਨੇਹਾ ਅਤੇ ਨੂਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ । ਸਬਥੀਮ ਰੀਅਲ ਲਾਈਫ ਐਪਲੀਕੇਸ਼ਨ ਆਫ ਮੈਥ ਵਿੱਚ ਸਨੇਹਾ ਅਤੇ ਇੰਦਰਜੀਤ ਕੌਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ । ਇਸੇ ਤਰ੍ਹਾਂ ਸਬਥੀਮ ਮੈਥੇਮੈਟਿਕਸ ਇਨ ਇੰਡੀਅਨ ਇਥੋਸ ਵਿੱਚ ਪ੍ਰੀਆ ਅਤੇ ਮੁਸਕਾਨ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ । ਮੈਥੇਮੈਟਿਕਲ ਮੌਡਲਿੰਗ ਵਿੱਚ ਅੰਮ੍ਰਿਤਪਾਲ ਅਤੇ ਜਸਕਰਨ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ । ਇਸ ਤਰ੍ਹਾਂ ਬਲਾਕ ਪੱਧਰੀ ਪੰਜ ਸਬਥੀਮਸ ਵਿੱਚੋਂ ਚਾਰ ਵਿੱਚੋਂ ਸਕੂਲ ਦੇ ਵਿਦਿਆਰਥੀਆਂ ਨੇ ਪਹਿਲਾ ਅਤੇ ਇੱਕ ਵਿੱਚ ਤੀਸਰਾ ਸਥਾਨ ਪ੍ਰਾਪਤ ਕੀਤਾ। ਬਲਾਕ ਤੋਂ ਬਾਅਦ ਜਿਲਾ ਪੱਧਰੀ ਮੁਕਾਬਲਿਆਂ ਵਿੱਚ ਸਕੂਲ ਦੀ ਵਿਦਿਆਰਥਣ ਮੰਨਤ ਹਾਂਡਾ ਨੇ ਰੀਕਰੀਏਸ਼ਨਲ ਮੈਥੇਮੈਟਿਕਸ ਵਿੱਚ ਜਿਲੇ ਵਿੱਚੋਂ ਤੀਸਰਾ ਸਥਾਨ ਹਾਸਿਲ ਕੀਤਾ ।ਇਸ ਤਰ੍ਹਾਂ ਕੁੱਲ ਮਿਲਾ ਕੇ ਸਕੂਲ ਨੇ ਬਲਾਕ ਪੱਧਰੀ ਮੈਥ ਮੇਲੇ ਵਿੱਚ ਪੰਜ ਪੁਜੀਸ਼ਨਾਂ ਹਾਸਿਲ ਕੀਤੀਆਂ । ਜੇਤੂ ਵਿਦਿਆਰਥੀਆਂ ਨੂੰ ਸਕੂਲ ਆਫ ਐਮੀਨੈਂਸ ਨਕੋਦਰ ਦੇ ਪ੍ਰਿੰਸੀਪਲ ਦਿਨੇਸ਼ ਵਰਮਾ ਵੱਲੋਂ ਸਰਟੀਫਿਕੇਟ ਅਤੇ ਟਰਾਫੀਆਂ ਦੇ ਕੇ ਸਨਮਾਨਤ ਕੀਤਾ ਗਿਆ ।

# ਸਬ ਇੰਸਪੈਕਟਰ ਰਾਮਪਾਲ ਨੇ ਸੰਭਾਲਿਆ ਐੱਸ ਐੱਚ ਓ ਸਿਟੀ ਬਲਾਚੌਰ ਦਾ ਚਾਰਜ

**ਬਲਾਚੌਰ (ਜਸਵਿੰਦਰ ਬੈਂਸ)** ਸ਼ਹੀਦ ਭਗਤ ਸਿੰਘ ਨਗਰ ਦੇ ਐਸ ਐਸ ਪੀ ਤੁਸ਼ਾਰ ਗੁਪਤਾ ਵੱਲੋਂ ਪੁਲਸ ਪ੍ਰਸ਼ਾਸਨ 'ਚ ਕੀਤੇ ਗਏ ਫੇਰ ਬਦਲ ਤਹਿਤ ਸਿਟੀ ਬਲਾਚੌਰ ਵਿਖੇ ਨਵੇਂ ਐਸ ਐਚ ਓ ਦੀ ਨਿਯੁਕਤੀ ਕੀਤੀ ਗਈ ਹੈ।ਇੰਸਪੈਕਟਰ ਰਾਜ ਪਰਵਿੰਦਰ ਕੌਰ ਦੀ ਜਗ੍ਹਾ ਹੁਣ ਸਬ ਇੰਸਪੈਕਟਰ ਰਾਮਪਾਲ ਨੂੰ ਸਿਟੀ ਬਲਾਚੌਰ ਦਾ ਐਸ ਐਚ ਓ ਤਾਇਨਾਤ ਕੀਤਾ ਗਿਆ ਰਾਮਪਾਲ ਇਸ ਤੋਂ ਪਹਿਲਾਂ ਸਦਰ ਅਡੀਸ਼ਨਲ ਐਸ ਐਚ ਓ ਨਵਾਂ ਸ਼ਹਿਰ ਸੇਵਾ ਨਿਭਾ ਰਹੇ ਸਨ।ਅਹੁਦਾ



ਸੰਭਾਲਦਿਆਂ ਹੀ ਲੋਕਾਂ ਨੂੰ ਅਪੀਲ ਕੀਤੀ ਕਿ ਕੋਈ ਵੀ ਸ਼ਹਿਰ ਵਿੱਚ ਕਿਸੇ ਤਰ੍ਹਾਂ ਦਾ ਕੋਈ ਕ੍ਰਾਈਮ ਕਰਦਾ ਹੈ, ਨਸ਼ਾ ਵੇਚਦਾ ਹੈ ਬਿਨਾਂ ਝਿਜਕ ਮੈਨੂੰ ਫੋਨ 'ਤੇ ਇਤਲਾਹ ਦਿੱਤੀ ਜਾਵੇ ਉਸ ਦਾ ਨਾਂਅ ਪਤਾ ਗੁਪਤ ਰੱਖਿਆ ਜਾਵੇਗਾ। ਐਸ ਐਚ ਓ ਰਾਮਪਾਲ ਨੇ ਇਲਾਕੇ ਦੇ ਮਾੜੇ ਅਨਸਰਾਂ ਨੂੰ ਸਖ਼ਤ ਲਹਿਜੇ ਵਿੱਚ ਚੇਤਾਵਨੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਵਿੱਚ ਨਸ਼ਾ ਵੇਚਣ ਵਾਲਿਆਂ ਅਤੇ ਨਸ਼ੇ ਦੇ ਸੌਦਾਗਰਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ। ਐਸ ਐਚ ਓ ਰਾਮਪਾਲ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸ਼ਹਿਰ ਨੂੰ ਅਪਰਾਧ ਮੁਕਤ ਬਣਾਉਣ ਲਈ ਪੁਲਿਸ ਦਾ ਸਹਿਯੋਗ ਕਰਨ।

# ਜਦੋਂ ਗੱਲ ਮਨੁੱਖੀ ਜਾਨ ਦੀ ਹੋਵੇ ਤਾਂ ਪਾਰਟੀਬਾਜ਼ੀ ਕੋਈ ਮਾਇਨੇ ਨਹੀਂ ਰੱਖਦੀ : ਦੀਪਇੰਦਰ ਢਿੱਲੋਂ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**- ਮਨੁੱਖਤਾ ਨੂੰ ਰਾਜਨੀਤੀ ਤੋਂ ਉੱਪਰ ਰੱਖਦਿਆਂ ਡੇਰਾਬੱਸੀ ਹਲਕੇ ਵਿੱਚ ਇੱਕ ਸਰਾਹਣਯੋਗ ਉਦਾਹਰਨ ਸਾਹਮਣੇ ਆਈ ਹੈ। ਕਾਂਗਰਸ ਪਾਰਟੀ ਦੇ ਹਲਕਾ ਇੰਚਾਰਜ ਦੀਪਇੰਦਰ ਸਿੰਘ ਢਿੱਲੋਂ ਦੀ ਵਿਸ਼ੇਸ਼ ਕੋਸ਼ਿਸ਼ ਨਾਲ ਫਤਿਹਪੁਰ ਜੱਟਾ ਦੇ ਰਹਿਣ ਵਾਲੇ ਲੂਕੀਮੀਆ ਕੈਂਸਰ ਮਰੀਜ਼ ਅਨੀਲ ਸਹੋਤਾ ਲਈ ਐਮ ਪੀ ਐਲ ਏ ਡੀ ਫੰਡ ਵਿਚੋਂ 3 ਲੱਖ ਰੁਪਏ ਦੀ ਵਿੱਤੀ



ਮਦਦ ਮਨਜ਼ੂਰ ਕੀਤੀ ਗਈ ਹੈ। ਇਹ ਸਹਾਇਤਾ ਮੈਂਬਰ ਆਫ ਪਾਰਲੀਮੈਂਟ ਪਟਿਆਲਾ ਡਾ. ਧਰਮਵੀਰ ਗਾਂਧੀ ਵੱਲੋਂ ਤੁਰੰਤ ਮਨਜ਼ੂਰ ਕੀਤੀ ਗਈ, ਜਿਸ ਨਾਲ ਮਹਿੰਗੇ ਇਲਾਜ ਦਾ ਸਾਹਮਣਾ ਕਰ ਰਹੇ ਪਰਵਾਰ ਨੂੰ ਵੱਡੀ ਰਾਹਤ ਮਿਲੀ ਹੈ। ਜਾਣਕਾਰੀ ਅਨੁਸਾਰ ਅਨੀਲ ਸਾਹੋਤਾ ਏਕਿਊਟ ਲਿੰਫੋਬਲਾਸਟਿਕ ਲੂਕੀਮੀਆ ਵਰਗੀ ਗੰਭੀਰ ਕੈਂਸਰ ਬਿਮਾਰੀ ਨਾਲ ਪੀੜਤ ਹਨ। ਇਸ ਬਿਮਾਰੀ ਦਾ ਇਲਾਜ ਲੰਮਾ ਅਤੇ ਬਹੁਤ ਮਹਿੰਗਾ ਹੋਣ ਕਾਰਨ ਪਰਵਾਰ 'ਤੇ ਭਾਰੀ ਆਰਥਿਕ ਬੋਝ ਪੈ ਰਿਹਾ ਸੀ। ਇਲਾਜ ਦੇ ਵਧਦੇ ਖਰਚਿਆਂ ਕਰਕੇ ਪਰਵਾਰ ਮਾਨਸਿਕ ਤਣਾਅ ਵਿੱਚ ਸੀ ਅਤੇ ਮਦਦ ਦੀ ਉਡੀਕ ਕਰ ਰਿਹਾ ਸੀ। ਦੀਪਇੰਦਰ ਸਿੰਘ ਢਿੱਲੋਂ ਨੇ ਇਸ ਮਾਮਲੇ ਦੀ ਗੰਭੀਰਤਾ ਨੂੰ ਸਮਝਦਿਆਂ ਬਿਨਾਂ ਕਿਸੇ ਦੇਰੀ ਦੇ ਇਹ ਕੇਸ ਮੈਂਬਰ ਆਫ ਪਾਰਲੀਮੈਂਟ ਡਾ. ਧਰਮਵੀਰ ਗਾਂਧੀ ਦੇ ਧਿਆਨ ਵਿੱਚ ਲਿਆਂਦਾ। ਡਾ. ਗਾਂਧੀ ਨੇ ਮਨੁੱਖੀ ਪੱਖ ਨੂੰ ਪਹਿਲ ਦਿੰਦਿਆਂ ਤੁਰੰਤ ਐਮ ਪੀ ਐਲ ਏ ਡੀ ਫੰਡ ਤੋਂ 3 ਲੱਖ ਰੁਪਏ ਦੀ ਮਦਦ ਮਨਜ਼ੂਰ ਕਰ ਦਿੱਤੀ। ਸਥਾਨਕ ਲੋਕਾਂ ਵੱਲੋਂ ਇਸ ਕਦਮ ਦੀ ਭਰਪੂਰ ਸ਼ਲਾਘਾ ਕੀਤੀ ਜਾ ਰਹੀ ਹੈ।ਇਸ ਮੌਕੇ 'ਤੇ ਦੀਪਇੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਜਦੋਂ ਗੱਲ ਮਨੁੱਖੀ ਜਾਨ ਦੀ ਹੋਵੇ ਤਾਂ ਪਾਰਟੀਬਾਜ਼ੀ ਪਿੱਛੇ ਰਹਿ ਜਾਂਦੀ ਹੈ। ਪਰਵਾਰਕ ਮੈਂਬਰਾਂ ਨੇ ਐਮ ਪੀ ਐਲ ਏ ਡੀ ਫੰਡ ਤੋਂ ਮਿਲੀ ਮਦਦ ਲਈ ਸਰਦਾਰ ਦੀਪਇੰਦਰ ਸਿੰਘ ਢਿੱਲੋਂ ਅਤੇ ਐਮ.ਪੀ. ਡਾ. ਧਰਮਵੀਰ ਗਾਂਧੀ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਲਸਾੜਾ ਵਿਖੇ ਕ੍ਰਿਸਮਸ ਧੂਮਧਾਮ ਨਾਲ ਮਨਾਇਆ

**ਫਿਲੌਰ (ਨਿਰਮਲ)**- ਪਿੰਡ ਲਸਾੜਾ ਵਿਖੇ ਪ੍ਰਭੂ ਯਿਸੂ ਮਸੀਹ ਦਾ ਜਨਮ ਦਿਨ ਪਾਸਟਰ ਮੋਹਨ ਲਾਲ ਦੀ ਅਗਵਾਈ ਵਿੱਚ ਧੂਮਧਾਮ ਨਾਲ ਮਨਾਇਆ ਗਿਆ। ਪਾਸਟਰ ਮੋਹਨ ਲਾਲ ਵਲੋ ਪਵਿੱਤਰ ਬਾਈਬਲ ਵਿਚੋਂ



ਪ੍ਰਭੂ ਯਿਸੂ ਮਸੀਹ ਦੇ ਜਨਮ ਦੇ ਮਕਸਦ ਬਾਰੇ ਦੱਸਿਆ ਗਿਆ ਅਤੇ ਇਸ ਪ੍ਰੋਗਰਾਮ ਵਿੱਚ ਅਲੱਗ ਅਲੱਗ ਪਿੰਡਾਂ ਤੋ ਸੰਗਤਾਂ ਦਾ ਇਕੱਠ ਹੋਇਆ। ਇਸ ਮੌਕੇ ਤੇ ਪੰਜਾਬ ਮਸੀਹ ਏਕਤਾ ਫਰੰਟ ਦੇ ਸੂਬਾ ਪ੍ਰਧਾਨ ਪਾਸਟਰ ਜਸਵਿੰਦਰ ਜੱਸੀ ਅਤੇ ਲੋਕ ਇਨਸਾਫ ਮੰਚ ਦੇ ਪੰਜਾਬ ਪ੍ਰਧਾਨ ਕਾਮਰੇਡ ਜਰਨੈਲ ਫਿਲੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਮੌਕੇ ਤੇ ਪੰਜਾਬ ਮਸੀਹ ਏਕਤਾ ਫਰੰਟ ਰਾਹੋ ਦੇ ਪ੍ਰਧਾਨ ਸੁਰਜੀਤ ਕਾਹਲੋ, ਲੋਕ ਇਨਸਾਫ ਮੰਚ ਪੰਜਾਬ ਦੇ ਜਨਰਲ ਸੈਕਟਰੀ ਪ੍ਰਸ਼ੋਤਮ ਫਿਲੌਰ, ਮਾਸਟਰ ਹੰਸਰਾਜ, ਰਾਮ ਜੀ ਦਾਸ, ਹਨੀ ਫਿਲੌਰ, ਜੋਗਿੰਦਰ ਪਾਲ, ਰੇਸ਼ਮ ਸਿੰਘ, ਸੁਰਜੀਤ ਸਿੰਘ, ਸੁਰਿੰਦਰ ਮਾਹਲਾ ਆਦਿ ਮੌਜੂਦ ਸਨ।

# ਰੇਖਾ ਰਾਣੀ ਸ਼ਾਨਦਾਰ ਸੇਵਾਵਾਂ ਦੀ ਬਦੌਲਤ ਸਨਮਾਨਤ

**ਜੇਜੋਂ ਦੋਆਬਾ, (ਨਿਰਮਲ ਸਿੰਘ ਮੁੱਗੋਵਾਲ)**- ਪਿਛਲੇ ਲੰਬੇ ਸਮੇਂ ਤੋਂ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੀ ਵਿਚਾਰਧਾਰਾ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਵਾਲੀ ਸੰਸਥਾ ਜੈ ਭੀਮ ਕਾਰਵਾਂ ਚੈਰੀਟੇਬਲ ਸੁਸਾਇਟੀ ਰਜਿਸਟਰਡ ਮਾਹਿਲਪੁਰ ਦੀ ਪ੍ਰਧਾਨ ਰੇਖਾ ਰਾਣੀ ਨੂੰ ਉਨਾਂ ਦੀਆਂ ਸ਼ਾਨਦਾਰ ਸੇਵਾਵਾਂ ਬਦਲੇ ਐੱਨ ਆਰ ਆਈ ਕਮਲਜੀਤ ਕੌਰ ਮਹਿਮਦੋਵਾਲ ਵੱਲੋਂ ਸਨਮਾਨਤ ਕੀਤਾ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਰੇਖਾ ਰਾਣੀ ਨੇ ਦੱਸਿਆ ਕਿ ਜੈ ਭੀਮ ਕਾਰਵਾਂ ਚੈਰੀਟੇਬਲ ਸੁਸਾਇਟੀ ਮਾਹਿਲਪੁਰ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਬੁੱਧ ਮਹਾਂਪੁਰਸ਼ਾਂ ਦੀ ਵਿਚਾਰਧਾਰਾ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਲਈ ਸਮੇਂ ਸਮੇਂ ਤੇ ਉਸਾਰੂ ਪ੍ਰੋਗਰਾਮ ਉਲੀਕੇ



ਜਾਂਦੇ ਹਨ। ਉਹਨਾਂ ਦੱਸਿਆ ਕਿ ਇਸੇ ਹੀ ਲੜੀ ਨੂੰ ਜਾਰੀ ਰੱਖਦਿਆਂ ਨਵੇਂ ਸਾਲ 2026 ਦੀ ਆਮਦ ਨੂੰ ਮੁੱਖ ਰੱਖਦੇ ਹੋਏ ਨਿਰਵਾਣ ਕੁਟੀਆ ਮਾਹਿਲਪੁਰ ਵਿਖੇ ਮਹੀਨਾਵਰ ਧਾਰਮਿਕ ਸਮਾਗਮ 31 ਦਸੰਬਰ ਨੂੰ ਦੁਪਹਿਰ 12 ਤੋਂ 3 ਵਜੇ ਤੱਕ ਕੀਤਾ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਇਸ ਮੌਕੇ ਸਭ ਤੋਂ ਪਹਿਲਾਂ ਬੁੱਧ ਮਹਾਂਪੁਰਸ਼ਾਂ ਦੀਆਂ ਤਸਵੀਰਾਂ ਅੱਗੇ ਗਿਆਨ ਦੇ ਪ੍ਰਤੀਕ ਵਜੋਂ ਮੋਮਬੱਤੀ ਬਾਲੀ ਜਾਏਗੀ ਅਤੇ ਉਸ ਤੋਂ ਬਾਅਦ ਸਮੂਹਿਕ ਤੌਰ 'ਤੇ ਧਿਆਨ ਸਾਧਨਾ ਕਰਕੇ ਸਚਿਆਈ ਦੇ ਮਾਰਗ ਤੇ ਚੱਲਣ ਦਾ ਪ੍ਰਣ ਕੀਤਾ ਜਾਵੇਗਾ। ਉਹਨਾਂ ਦੱਸਿਆ ਕਿ ਇਸ ਮੌਕੇ ਕਮਲਜੀਤ ਕੌਰ ਵੱਲੋਂ ਚਾਹ ਪਾਣੀ ਦੀ ਸੇਵਾ ਕੀਤੀ ਜਾਵੇਗੀ।

# ਸਾਲ 2025-ਸਮਾਜਿਕ ਨਿਆਂ ਵੱਲ ਮਾਨ ਸਰਕਾਰ ਦਾ ਫੈਸਲਾਕੁੰਨ ਤੇ ਇਤਿਹਾਸਕ ਸਾਲ : ਡਾ. ਬਲਜੀਤ ਕੌਰ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲਈ ਸਾਲ 2025 ਸਮਾਜਿਕ ਨਿਆਂ, ਸਮਾਨਤਾ ਅਤੇ ਅਧਿਕਾਰਤਾ ਨੂੰ ਮਜ਼ਬੂਤ ਕਰਨ ਵਾਲਾ ਇੱਕ ਇਤਿਹਾਸਕ ਸਾਲ ਰਿਹਾ। ਇਹ ਗੱਲ ਕਹਿੰਦਿਆਂ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਇਸ ਸਾਲ ਦੌਰਾਨ ਸਰਕਾਰ ਨੇ ਅਜਿਹੇ ਠੋਸ ਅਤੇ ਲੋਕ-ਪੱਖੀ ਕਦਮ ਚੁੱਕੇ, ਜਿਨ੍ਹਾਂ ਨਾਲ ਸਮਾਜਿਕ ਤੌਰ ਅਤੇ ਆਰਥਿਕ ਤੌਰ ਤੇ ਪੱਛੜੇ ਵਰਗਾਂ ਨੂੰ ਸਮਾਜ ਦੀ ਮੁੱਖ ਧਾਰਾ ਨਾਲ ਜੋੜਨ ਦੀ ਪ੍ਰਕਿਰਿਆ ਨੂੰ ਨਵੀਂ ਦਿਸ਼ਾ ਮਿਲੀ।ਉਨ੍ਹਾਂ ਕਿਹਾ ਕਿ ਸਾਲ 2025 ਦੌਰਾਨ ਪੰਜਾਬ ਸਰਕਾਰ ਦੀ ਸੋਚ ਸਪਸ਼ਟ ਰਹੀ ਕਿ ਸਮਾਜਿਕ ਨਿਆਂ ਕੋਈ ਕਾਗਜ਼ੀ ਏਜੰਡਾ ਨਹੀਂ, ਬਲਕਿ ਇੱਕ ਨੈਤਿਕ ਫ਼ਰਜ਼ ਹੈ। ਸਰਕਾਰ ਨੇ ਇਹ ਯਕੀਨੀ ਬਣਾਉਣ ਵੱਲ ਕਦਮ ਵਧਾਏ ਕਿ ਕੋਈ ਵੀ ਬੱਚਾ, ਨੌਜਵਾਨ ਜਾਂ ਪਰਵਾਰ ਗਰੀਬੀ, ਜਾਤੀ ਜਾਂ ਸਮਾਜਿਕ ਪਿਛੜੇਪਣ ਕਾਰਨ ਮੌਕਿਆਂ ਤੋਂ ਵੰਚਿਤ ਨਾ ਰਹੇ।ਸਾਲ 2025 ਵਿੱਚ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਸਮਾਜਿਕ ਨਿਆਂ ਦਾ ਸਭ ਤੋਂ ਮਜ਼ਬੂਤ ਹਥਿਆਰ ਬਣੀ। ਐੱਸ ਸੀ ਵਰਗ ਦੇ 2.62 ਲੱਖ ਤੋਂ ਵੱਧ ਵਿਦਿਆਰਥੀਆਂ ਵੱਲੋਂ ਅਰਜ਼ੀਆਂ ਦੇਣਾ ਇਸ ਗੱਲ ਦਾ ਪ੍ਰਮਾਣ ਹੈ ਕਿ ਸਰਕਾਰੀ ਸਕੀਮਾਂ 'ਤੇ ਭਰੋਸਾ ਵਧਿਆ ਹੈ। 245 ਕਰੋੜ ਰੁਪਏ ਦੇ ਬਜਟ ਉਪਬੰਧ ਨਾਲ ਸਿੱਖਿਆ ਨੂੰ ਗਰੀਬੀ ਦੇ ਬੰਧਨਾਂ ਤੋਂ ਮੁਕਤ ਕਰਨ ਦੀ ਕੋਸ਼ਿਸ਼ ਕੀਤੀ ਗਈ।

# ਬਾਲ ਵਿਆਹ ਰੋਕਣ ਸੰਬੰਧੀ ਜਾਗਰੂਕਤਾ ਕੈਂਪ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਡਾਇਰੈਕਟਰ ਸਮਾਜਿਕ ਸੁਰਖਿਆ ਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾ ਹੇਠ ਜਿਲਾ ਪ੍ਰੋਗਰਾਮ ਅਫਸਰ ਹੁਸ਼ਿਆਰਪੁਰ-1 ਤੇ ਸੀ ਡੀ ਪੀ ਓ ਰਵਿੰਦਰ ਕੌਰ ਦੀ ਅਗਵਾਈ ਹੇਠ ਸਰਕਲ ਸੁਪਰਵਾਈਜ਼ਰ ਸ਼ਰਮੀਲਾਰਾਣੀ ਬਲਾਕ ਹੁਸਿਆਰਪੁਰ-1 ਸਰਕਲ



ਲਾਚੋਵਾਲ ਵਿੱਚ ਪੈਂਦੇ ਪਿੰਡ ਸ਼ੇਰਪੁਰ ਵਿੱਚ ਬਾਲ ਵਿਆਹ ਰੋਕਣ ਸਬੰਧੀ ਜਾਗਰੂਕਤਾ ਕੈਂਪ ਲਗਾਇਆ ਗਿਆ ਜਿਸ ਵਿੱਚ ਆਂਗਨਵਾੜੀ ਵਰਕਰ ਅੰਜਨਾ ਰਾਣੀ ਅਤੇ ਹੋਰ ਪਿੰਡ ਤੋਂ ਆਏ ਪਤਵੰਤੇ ਸੱਜਣ ਤੇ ਔਰਤਾਂ ਨੇ ਭਾਗ ਲਿਆ। ਵਰਕਰ ਵੱਲੋਂ ਆਏ ਹੋਏ ਸਾਰੇ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ ਤੇ ਬਾਅਦ ਵਿੱਚ ਸੁਪਰਵਾਈਜ਼ਰ ਸ਼ਰਮੀਲਾ ਰਾਣੀ ਵੱਲੋਂ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਉਹਨਾਂ ਦੱਸਿਆ ਕਿ ਬਾਲ ਵਿਆਹ ਇੱਕ ਬਹੁਤ ਵੱਡਾ ਕਾਨੂੰਨੀ ਅਪਰਾਧ ਹੈ, ਸਾਨੂੰ ਇਸ ਨੂੰ ਰੋਕਣਾ ਚਾਹੀਦਾ ਹੈ, ਰੋਕਥਾਮ ਐਕਟ 2006 ਅਤੇ ਹਾਲ ਵਿੱਚ ਹੀ ਪ੍ਰਸਤਾਵਿਤ ਸੋਧਾਂ ਕੀਤੀਆਂ ਗਈਆਂ ਹਨ। ਭਾਰਤ ਵਿੱਚ ਵਿਆਹ ਦੀ ਸਹੀ ਉਮਰ ਲੜਕੀ ਦੀ 18 ਸਾਲ ਅਤੇ ਲੜਕੇ ਦੀ ਉਮਰ 21 ਸਾਲ ਹੈ। ਜੇ ਬਾਲ ਵਿਆਹ ਕਰਨ ਵਿੱਚ ਕੋਈ ਉਨਾਂ ਦੀ ਸਹਾਇਤਾ ਕਰਦਾ ਹੈ ਤੇ ਉਹਨਾਂ ਨੂੰ ਦੋ ਸਾਲ ਦੀ ਸਜ਼ਾ ਅਤੇ 1 ਲੱਖ ਰੁਪਏ ਜੁਰਮਾਨਾ ਕੀਤਾ ਜਾਂਦਾ ਹੈ। ਬਾਲ ਵਿਆਹ ਰੋਕਣ ਲਈ ਸਿੱਖਿਆ ਜਾਗਰੂਕਤਾ ਲੜਕੀਆਂ ਨੂੰ ਕਾਬਲ ਬਣਾਉਣਾ ਆਰਥਿਕ ਅਵਸਰ ਪ੍ਰਦਾਨ ਕਰਨਾ ਅਤੇ ਸਖਤ ਕਾਨੂੰਨੀ ਪਰਿਵਰਤਨ ਜ਼ਰੂਰੀ ਹੈ। ਇਸ ਵਿੱਚ ਚਾਇਲਡ ਹੈਲਪਲਾਈਨ 1098 ਦਾ ਉਪਯੋਗ ਕਰੋ। ਬਾਲ ਵਿਆਹ ਵਿੱਚ ਨਵਜਮੇ ਬੱਚੇ ਕੁਪੋਸ਼ਣ ਦਾ ਸ਼ਿਕਾਰ ਹੁੰਦੇ ਹਨ ਉਹਨਾਂ ਦਾ ਭਾਰ ਘੱਟ ਅਤੇ ਖੂਨ ਦੀ ਕਮੀ ਹੁੰਦੀ ਹੈ। ਬਾਅਦ ਵਿੱਚ ਆਂਗਨਵਾੜੀ ਵਰਕਰ ਅੰਜਨਾਰਾਣੀ ਵੱਲੋਂ ਪਿੰਡ ਤੋਂ ਆਏ ਹੋਏ ਪਤਵੰਤੇ ਸੱਜਣਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

# ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਤ ਚਿਤਰ ਪ੍ਰਦਰਸ਼ਨੀ ਸਮਾਪਤ

**ਮੁਹਾਲੀ (ਗੁਰਜੀਤ ਬਿੱਲਾ)**- ਪੰਜ ਆਬ ਫਾਈਨ ਆਰਟਸ ਸੋਸਾਇਟੀ ਵੱਲੋਂ ਪੰਜਾਬ ਡਿਜੀਟਲ ਲਾਇਬ੍ਰੇਰੀ ਦੇ ਸਹਿਯੋਗ ਨਾਲ ਪੰਜਾਬ ਦੇ 28 ਨਾਮਵਰ ਚਿੱਤਰਕਾਰਾਂ ਵੱਲੋਂ ਗੁਰੂ



ਤੇਗ ਬਹਾਦਰ ਸਾਹਿਬ, ਭਾਈ ਮਤੀ ਦਾਸ ਭਾਈ, ਸਤੀ ਦਾਸ ਅਤੇ ਭਾਈ ਦਿਆਲਾ ਜੀ ਦੀ ਸ਼ਹੀਦੀ ਦੀ 350ਵੀਂ ਸ਼ਤਾਬਦੀ ਨੂੰ ਸਮਰਪਿਤ ਚਿਤਰ ਪ੍ਰਦਰਸ਼ਨੀ ਸਥਾਨਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਪੰਜ ਆਬ ਸੋਸਾਇਟੀ ਦੇ ਸਰਪ੍ਰਸਤ ਹਰਵਿੰਦਰ ਸਿੰਘ ਖਾਲਸਾ ਦੀ ਅਗਵਾਈ ਵਿੱਚ ਲਗਾਈ ਗਈ।ਪ੍ਰਦਰਸ਼ਨੀ ਦੇ ਆਖਰੀ ਦਿਨ ਗੁਰੂ ਤੇਗ ਬਹਾਦਰ ਸਾਹਿਬ ਸਾਹਿਬ ਦੀ ਸ਼ਹਾਦਤ ਨੂੰ ਨਤਮਸਤਕ ਹੋਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਸੋਨਮ ਚੌਧਰੀ ਨੇ ਹਾਜ਼ਰੀ ਲਗਵਾਈ। ਉਹਨਾਂ ਨੇ ਪੰਜਾਬ ਦੇ 28 ਨਾਮਵਰ ਚਿੱਤਰਕਾਰਾਂ ਦੇ ਇਸ ਕਾਰਜ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹਨਾਂ ਚਿੱਤਰਾਂ ਰਾਹੀਂ ਉਸ ਇਤਿਹਾਸ ਦਾ ਵਰਨਣ ਕੀਤਾ ਗਿਆ ਹੈ, ਜੋ ਅਸੀਂ ਕਥਾਵਾਚਕ ਪਾਸੋਂ ਸੁਣਦੇ ਹਾਂ ਜਾਂ ਸਾਖੀਆਂ/ ਇਤਿਹਾਸਕ ਪੁਸਤਕਾਂ ਵਿੱਚ ਪੜ੍ਹਦੇ ਸੀ। ਚਿਤਰ ਪ੍ਰਦਰਸ਼ਨੀ ਦੇ ਪ੍ਰਬੰਧਕਾਂ, ਮੁੱਖ ਸੇਵਾਦਾਰ ਪੰਜ ਆਬ ਸੋਸਾਇਟੀ ਗੁਰਪ੍ਰੀਤ ਸਿੰਘ ਨਾਮਧਾਰੀ ਅਤੇ ਪ੍ਰੋ. ਗੁਰਬਖਸ਼ੀਸ਼ ਸਿੰਘ ਅਨਟਾਲ ਨੇ ਚਿੱਤਰਾਂ ਵਿੱਚ ਇਤਿਹਾਸ ਸਬੰਧੀ ਅਧਿਕਾਰੀਆਂ ਅਤੇ ਨਤਮਸਤਕ ਹੋ ਰਹੀ ਸੰਗਤ ਨਾਲ ਵਾਰਤਾਲਾਪ ਕੀਤੀ। ਸਹਾਇਕ ਕਮਿਸ਼ਨਰ ਗੁਰਮੀਤ ਸਿੰਘ ਸੋਹੀ, ਜ਼ਿਲ੍ਹਾ ਸਿੱਖਿਆ ਅਫਸਰ ਗਿੰਨੀ ਦੁੱਗਲ ਅਤੇ ਚੋਣ ਤਹਿਸੀਲਦਾਰ ਸੰਜੇ ਕੁਮਾਰ ਨੇ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਵਾਈ।

# ਸ਼ਾਇਰ ਮਹਿੰਦਰ ਦੀਵਾਨਾ ਦਾ ਦੇਹਾਂਤ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਨੂੰ ਉਸ ਸਮੇਂ ਵੱਡਾ ਸਦਮਾ ਪਹੁੰਚਿਆ ਜਦੋਂ ਇਹ ਖ਼ਬਰ ਸੁਣੀ ਗਈ ਕਿ ਸ਼ਾਇਰ ਮਹਿੰਦਰ ਦੀਵਾਨਾ ਨਹੀਂ



ਰਹੇ। ਦੀਵਾਨਾ ਨੱਬੇ ਵਰ੍ਹਿਆਂ ਦੇ ਸਨ ਤੇ ਕੈਂਸਰ ਦੀ ਨਾਮੁਰਾਦ ਬਿਮਾਰੀ ਦੀ ਗ੍ਰਿਫ਼ਤ ਵਿੱਚ ਸਨ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸਭਾ ਦੇ ਪ੍ਰਧਾਨ ਜਸਬੀਰ ਸਿੰਘ ਧੀਮਾਨ ਅਤੇ ਜਨਰਲ ਸਕੱਤਰ ਡਾ. ਜਸਵੰਤ ਰਾਏ ਨੇ ਦੱਸਿਆ ਕਿ ਮਹਿੰਦਰ ਦੀਵਾਨਾ ਜ਼ਿੰਦਗੀ ਦੇ ਸੱਤ ਦਹਾਕੇ ਤੋਂ ਵੱਧ ਸਮੇਂ ਤੋਂ ਸਾਹਿਤਕ ਅਤੇ ਸਮਾਜਿਕ ਗਤੀਵਿਧੀਆਂ ਨਾਲ ਜੁੜੇ ਹੋਏ ਸਨ। ਪ੍ਰਗਤੀਸ਼ੀਲ ਵਿਚਾਰਾਂ ਦੇ ਧਾਰਨੀ ਦੀਵਾਨਾ ਸਾਹਿਬ ਸਾਹਿਤ ਦੀ ਗ਼ਜ਼ਲ ਵਿਧਾ ਨਾਲ ਜੁੜੇ ਹੋਏ ਸਨ। ਉਨ੍ਹਾਂ ਨੇ ਤਿੰਨ ਗ਼ਜ਼ਲ ਸੰਗ੍ਰਹਿ 'ਮਿੱਟੀ ਗੱਲ ਕਰੇ', 'ਭਵਿੱਖ ਸਾਡਾ ਹੈ' ਅਤੇ 'ਮੈਂ ਮੁਸਾਫ਼ਿਰ ਹਾਂ' ਪੰਜਾਬੀ ਸਾਹਿਤ ਦੀ ਝੋਲੀ ਪਾਏ। ਉਨ੍ਹਾਂ ਦੀ ਸ਼ਾਇਰੀ ਵਿੱਚ ਲੋਕ ਮੁੱਦੇ, ਲੋਕ ਪੀੜਾ, ਲੋਕ ਸੰਘਰਸ਼ ਤੇ ਮੁਹੱਬਤੀ ਰੰਗ ਹਮੇਸ਼ਾ ਮੋਹਰੀ ਸਫ਼ਾਂ 'ਤੇ ਰਿਹਾ। ਸਾਹਿਤ ਸਭਾ ਹੁਸ਼ਿਆਰਪੁਰ ਦੇ ਸਾਰੇ ਮੈਂਬਰਾਂ ਨੇ ਦੁਖ ਦੀ ਇਸ ਘੜੀ ਵਿੱਚ ਸ਼ਰੀਕ ਹੁੰਦਿਆਂ ਦੀਵਾਨਾ ਦੇ ਪਰਵਾਰ ਨਾਲ ਸੰਵੇਦਨਾ ਪ੍ਰਗਟ ਕੀਤੀ। ਇਸ ਸਮੇਂ ਮਦਨ ਵੀਰਾ, ਡਾ. ਕਰਮਜੀਤ ਸਿੰਘ, ਕੁਲਤਾਰ ਸਿੰਘ ਕੁਲਤਾਰ, ਡਾ. ਮਨਮੋਹਨ ਸਿੰਘ ਤੀਰ, ਸਤੀਸ਼ ਕੁਮਾਰ, ਪ੍ਰਿੰਸੀਪਲ ਦਾਸ ਭਾਰਤੀ, ਪ੍ਰਿੰਸੀਪਲ ਗੁਰਦਿਆਲ ਸਿੰਘ ਫੁਲ, ਰਾਜ ਕੁਮਾਰ ਘਾਸੀਪੁਰੀਆ, ਡਾ. ਸੁਖਦੇਵ ਸਿੰਘ ਢਿੱਲੋਂ, ਤ੍ਰਿਪਤਾ ਕੇ ਸਿੰਘ, ਅੰਜੂ ਵੀ ਰੱਤੀ, ਲੈਕ. ਲਖਵਿੰਦਰ ਰਾਮ, ਹਰਵਿੰਦਰ ਸਾਹਬੀ, ਹਰਜਿੰਦਰ ਹਰਗੜ੍ਹੀਆ, ਡਾ. ਦਰਸ਼ਨ ਸਿੰਘ ਦਰਸ਼ਨ ਹਾਜ਼ਰ ਸਨ।

# 29 ਤੇ 30 ਨੂੰ ਖਜ਼ਾਨਾ ਦਫਤਰਾਂ ਅੱਗੇ ਕੀਤੇ ਜਾਣਗੇ ਰੋਸ ਪ੍ਰਦਰਸ਼ਨ ਤੇ ਅਰਥੀ ਫੂਕ ਮੁਜ਼ਾਹਰੇ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ ਵੱਲੋਂ ਕੀਤੇ ਗਏ ਫੈਸਲੇ ਮੁਤਾਬਕ 29 ਅਤੇ 30 ਦਸੰਬਰ ਨੂੰ ਪੰਜਾਬ ਦੇ ਸਮੂਹ ਖਜ਼ਾਨਾ ਦਫਤਰਾਂ ਅੱਗੇ ਬਕਾਏ ਨੂੰ ਲੈ ਕੇ ਕੀਤਾ ਜਾਵੇਗਾ ਰੋਸ ਪ੍ਰਦਰਸ਼ਨ । ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸ੍ਰੀ ਅਮਰੀਕ ਸਿੰਘ ਗੜ੍ਹ ਸ਼ੰਕਰ ਦੀ ਪ੍ਰਧਾਨਗੀ ਵਿੱਚ ਗੂਗਲ ਆਨਲਾਈਨ ਮੀਟਿੰਗ ਹੋਈ ਸੀ । 30 ਜੁਲਾਈ 2025 ਨੂੰ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਵਣ ਅਤੇ ਜੰਗਲੀ ਜੀਵ ਕਾਮਿਆਂ ਨੂੰ ਪੱਕੇ ਕੀਤੇ ਗਿਆ ਸੀ ਪਰ ਉਨ੍ਹਾਂ ਮੁਲਾਜ਼ਮਾਂ ਨੂੰ ਹੁਣ ਤੱਕ ਪੂਰੀਆਂ ਤਨਖਾਹ ਵੀ ਨਹੀਂ ਦਿੱਤੀਆਂ ਜਾ ਰਹੀਆਂ ਤੇ ਸੀਨੀਅਰ 519 ਅਨਪੜ੍ਹ ਕਾਮਿਆਂ ਨੂੰ ਹੁਣ ਤੱਕ ਪੱਕਿਆਂ ਵੀ ਨਹੀਂ ਕੀਤਾ ਗਿਆ। ਮਾਨਯੋਗ ਹਾਈਕੋਰਟ ਦੇ 26 ਫਰਵਰੀ 2024 ਦੇ ਫੈਸਲੇ ਨਾਲ ਸੰਬੰਧਿਤ ਕੇਸਾਂ ਵਿੱਚ 548 ਵਰਕਰਾਂ ਦਾ ਬਕਾਇਆ ਖਾਤਿਆਂ ਵਿੱਚ ਪਾਉਣਾ ਸੀ ਪਰ ਕੁਝ ਜਿਲਾ ਖਜ਼ਾਨਾ ਅਫਸਰਾਂ ਵੱਲੋਂ ਅਜੇ ਤੱਕ ਵੀ ਬਕਾਇਆ ਵਰਕਰਾਂ ਦੇ ਖਾਤਿਆਂ ਵਿੱਚ ਨਹੀਂ ਪਾਇਆ ਗਿਆ। ਜਿਸ ਦੇ ਰੋਸ ਵਜੋਂ ਜਥੇਬੰਦੀ ਵੱਲੋਂ ਫੈਸਲਾ ਕੀਤਾ ਗਿਆ ਹੈ ਕਿ 29 ਅਤੇ 30 ਦਸੰਬਰ ਨੂੰ ਪੰਜਾਬ ਦੇ ਸਮੂਹ ਖਜ਼ਾਨਾ ਅਫਸਰਾਂ ਦੇ ਦਫਤਰਾਂ ਅੱਗੇ ਰੋਸ ਧਰਨੇ ਦੇਣ ਉਪਰੰਤ ਅਰਥੀ ਫੂਕ ਪ੍ਰਦਰਸ਼ਨ ਕੀਤੇ ਜਾਣਗੇ।


# ਪ੍ਰਕਾਸ਼ ਪੁਰਬ ਨੂੰ ਸਮਰਪਤ ਨਗਰ ਕੀਰਤਨ ਸਜਾਇਆ

**ਕਿਸ਼ਨਗੜ੍ਹ (ਸੁਖਜੀਤ ਕੁਮਾਰ)**- ਨਜ਼ਦੀਕੀ ਪਿੰਡ ਸੰਘਵਾਲ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਵਿਸ਼ਾਲ ਨਗਰ ਕੀਰਤਨ ਗੁਰਦੁਆਰਾ ਸ੍ਰੀ ਸਿੰਘ ਸਭਾ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਨਗਰ ਨਿਵਾਸੀਆਂ ਵੱਲੋਂ ਸਾਂਝੇ ਤੌਰ ਤੇ ਗੁਰਦੁਆਰਾ ਸਿੰਘ ਸਭਾ ਤੋਂ



ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ 'ਚ ਸਜਾਇਆ ਗਿਆ।ਨਗਰ ਕੀਰਤਨ ਗੁਰਦੁਆਰਾ ਸਾਹਿਬ ਤੋਂ ਆਰੰਭ ਹੋ ਕੇ ਪਹਿਲਾਂ ਪੜਾਅ ਪਿੰਡ ਦੇ ਵਿਚਕਾਰ ਹੋਇਆ ਉਪਰੰਤ ਸ਼ਬਦ ਕੀਰਤਨ ਕਰਦੀਆਂ ਸੰਗਤਾਂ ਗੁਰਦੁਆਰਾ ਜੋਗੀ ਪੀਰ ਪਹੁੰਚੀਆਂ ਜਿੱਥੇ ਦੀਵਾਨ ਸਜਾਏ ਗਏ, ਉਪਰੰਤ ਮੁਹੱਲਾ ਜੁਲਾਹਿਆਂ ਪਹੁੰਚਿਆ ਜਿੱਥੇ ਸੰਗਤਾਂ ਵੱਲੋਂ ਨਗਰ ਕੀਰਤਨ ਦੀ ਅਗਵਾਈ ਕਰਦੇ ਪੰਜ ਪਿਆਰਿਆਂ ਨੂੰ ਸਿਰਪਾਓ ਦੇ ਕੇ ਸਨਮਾਨਤ ਕੀਤਾ ਗਿਆ। ਆਖਰੀ ਪੜਾਅ 'ਚ ਨਗਰ ਕੀਰਤਨ ਸ੍ਰੀ ਗੁਰੂ ਰਵਿਦਾਸ ਮੰਦਰ ਪਹੁੰਚਿਆ ਜਿਥੇ ਮੰਦਰ ਪ੍ਰਬੰਧਕਾਂ ਵੱਲੋਂ ਨਗਰ ਕੀਰਤਨ ਦਾ ਭਰਵਾਂ ਸਵਾਗਤ ਕੀਤਾ ਗਿਆ। ਵੱਖ-ਵੱਖ ਪੜਾਵਾਂ ਦੌਰਾਨ ਪ੍ਰਸਿੱਧ ਢਾਡੀ ਪਰਮਜੀਤ ਸਿੰਘ ਸਿਤਾਰਾ ਖਿੱਚੀਪੁਰ ਤੇ ਗੁਰਨਾਮ ਸਿੰਘ ਰਟੌਲ ਦੇ ਜਥੇ ਵੱਲੋਂ ਢਾਡੀ ਵਾਰਾਂ ਰਾਹੀਂ ਗੁਰੂ ਇਤਿਹਾਸ ਸਰਵਣ ਕਰਵਾਇਆ ਗਿਆ । ਉਪਰੰਤ ਨਗਰ ਕੀਰਤਨ ਗੁਰਦੁਆਰਾ ਸਿੰਘ ਸਭਾ ਵਿਖੇ ਸਮਾਪਤ ਹੋਇਆ। ਨਗਰ ਕੀਰਤਨ ਦੌਰਾਨ ਸ਼ਰਧਾਲੂ ਸੰਗਤਾਂ ਵੱਲੋਂ ਚਾਹ, ਪਕੌੜੇ, ਫਲ ਦੇ ਲੰਗਰ ਲਗਾਏ ਗਏ।ਇਸ ਮੌਕੇ ਤੇ ਸੂਬੇਦਾਰ ਦਰਸ਼ਨ ਸਿੰਘ, ਪ੍ਰਧਾਨ ਮਹਿੰਦਰ ਸਿੰਘ, ਅਵਤਾਰ ਸਿੰਘ ਚਾਹਲ, ਮਨਿੰਦਰ ਸਿੰਘ (ਖਜਾਨਚੀ) ਭਾਈ ਕੁਲਵੀਰ ਸਿੰਘ, ਜ਼ੋਰਾਵਰ ਸਿੰਘ ਨੰਬਰਦਾਰ, ਜਸਪ੍ਰੀਤ ਸਿੰਘ ਚਾਹਲ, ਸਰਵਣ ਸਿੰਘ ਚਾਹਲ, ਇਕਬਾਲ ਸਿੰਘ ਖਾਲਸਾ, ਨੰਬਰਦਾਰ ਇੰਦਰਜੀਤ ਸਿੰਘ (ਸਾਰੇ ਕਮੇਟੀ ਮੈਂਬਰ)ਸਾਬਕਾ ਸਰਪੰਚ ਗੁਰਦੀਪ ਸਿੰਘ ਸੰਘਵਾਲ, ਦਾਤਾਰ ਸਿੰਘ ਕਨੇਡਾ, ਜਸਕਰਨ ਸਿੰਘ ਸ਼ੈਲੂ ਸੁਖਜਿੰਦਰ ਸਿੰਘ ਖਾਲਸਾ, ਜਰਮਨ ਸਿੰਘ ਚਾਹਲ, ਮੇਜਰ ਸਿੰਘ, ਸੁਖਜਿੰਦਰ ਸਿੰਘ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤ ਹਾਜ਼ਰ ਸੀ।


# ਵੀਰ ਬਾਲ ਦਿਵਸ ਸ਼ਰਧਾ ਨਾਲ ਮਨਾਇਆ



**ਬਲਾਚੌਰ (ਜਸਵਿੰਦਰ ਬੈਂਸ)**- ਐੱਮ ਆਰ ਸਿਟੀ ਪਬਲਿਕ ਸਕੂਲ, ਬਲਾਚੌਰ ਵਿੱਚ ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ ਵੀਰ ਬਾਲ ਦਿਵਸ ਪੂਰੀ ਸ਼ਰਧਾ ਨਾਲ ਮਨਾਇਆ ਗਿਆ।ਇਸ ਮੌਕੇ ਤੇ ਇੱਕ ਵਿਸ਼ੇਸ਼ ਸਭਾ ਦਾ ਆਯੋਜਨ ਕੀਤਾ ਗਿਆ, ਜਿਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਸਾਹਿਬਜ਼ਾਦਿਆਂ ਦੀ ਅਡਿੱਗ ਹਿੰਮਤ, ਅਟੁੱਟ ਵਿਸ਼ਵਾਸ ਅਤੇ ਅਮਰ ਬਲਿਦਾਨ ਨਾਲ ਜਾਣੂ ਕਰਵਾਉਣਾ ਸੀ। ਸਭਾ ਦੀ ਸ਼ੁਰੂਆਤ ਵਿਦਿਆਰਥੀਆਂ ਵੱਲੋਂ ਸਾਖੀਆਂ ਦੇ ਪਾਠ ਨਾਲ ਹੋਈ, ਜਿਨ੍ਹਾਂ ਰਾਹੀਂ ਚਾਰ ਸਾਹਿਬਜ਼ਾਦਿਆਂ ਦੀ ਮਹਾਨ ਸ਼ਹੀਦੀ ਅਤੇ ਉੱਚੇ ਆਦਰਸ਼ਾਂ ਨੂੰ ਬੜੇ ਹੀ ਭਾਵਨਾਤਮਕ ਢੰਗ ਨਾਲ ਪੇਸ਼ ਕੀਤਾ ਗਿਆ। ਇਸ ਤੋਂ ਉਪਰੰਤ ਸ਼ਬਦ ਗਾਇਨ ਕੀਤਾ ਗਿਆ, ਜਿਸ ਨਾਲ ਸਾਰਾ ਮਾਹੌਲ ਆਤਮਿਕਤਾ ਅਤੇ ਸ਼ਾਂਤੀ ਨਾਲ ਗੂੰਜ ਉੱਠਿਆ। ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਦਿੱਤੇ ਗਏ ਭਾਸ਼ਣਾਂ ਵਿੱਚ ਵੀਰ ਬਾਲ ਦਿਵਸ ਦੀ ਮਹੱਤਤਾ 'ਤੇ ਰੌਸ਼ਨੀ ਪਾਈ ਗਈ ਅਤੇ ਇਹ ਸੰਦੇਸ਼ ਦਿੱਤਾ ਗਿਆ ਕਿ ਧਰਮ, ਸੱਚ ਅਤੇ ਇਨਸਾਫ਼ ਲਈ ਡਟ ਕੇ ਖੜ੍ਹੇ ਰਹਿਣਾ ਹੀ ਸੱਚੀ ਸ਼ਹੀਦੀ ਹੈ। ਸਭਾ ਨੇ ਵਿਦਿਆਰਥੀਆਂ ਦੇ ਮਨਾਂ ਵਿੱਚ ਦੇਸ਼ਭਗਤੀ ਨੈਤਿਕ ਮੁੱਲਾਂ ਅਤੇ ਇਤਿਹਾਸਕ ਚੇਤਨਾ ਨੂੰ ਮਜ਼ਬੂਤ ਕੀਤਾ। ਇਹ ਵਿਸ਼ੇਸ਼ ਸਭਾ ਵਿਦਿਆਰਥੀਆਂ ਲਈ ਪ੍ਰੇਰਨਾਦਾਇਕ ਸਾਬਤ ਹੋਈ ਅਤੇ ਸਭ ਨੇ ਮਿਲ ਕੇ ਚਾਰ ਸਾਹਿਬਜ਼ਾਦਿਆਂ ਦੀ ਅਮਰ ਸ਼ਹੀਦੀ ਨੂੰ ਨਮਨ ਕੀਤਾ। ਇਸ ਮੌਕੇ ਤੇ ਸਕੂਲ ਦੇ ਪ੍ਰਿੰਸੀਪਲ ਰਿਤੂ ਬਤਰਾ ਨੇ ਵਿਦਿਆਰਥੀਆਂ ਨੂੰ ਗੁਰੂਆਂ ਦੀਆਂ ਸਿੱਖਿਆਵਾਂ 'ਤੇ ਚੱਲਣ ਲਈ ਪ੍ਰੇਰਿਤ ਕੀਤਾ।

# ਮਾਤਾ ਮਲਕੀਤ ਕੌਰ ਦੀ ਅੰਤਿਮ ਅਰਦਾਸ ਅੱਜ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਕਿਰਤੀ ਕਿਸਾਨ ਯੂਨੀਅਨ ਆਗੂ ਅਤੇ ਪਿੰਡ ਪੱਬਵਾ ਦੇ ਪੰਚਾਇਤ ਮੈਂਬਰ ਕਾਮਰੇਡ ਸੋਮਪਾਲ ਸਿੰਘ ਪੰਚ ਨੂੰ ਉਸ ਸਮੇਂ ਬਹੁਤ ਗਹਿਰਾ ਸਦਮਾ ਲੱਗਾ



ਜਦੋਂ ਉਨ੍ਹਾਂ ਦੀ ਮਾਤਾ ਮਲਕੀਤ ਕੌਰ ਦੀ ਅਚਾਨਕ ਮੌਤ ਹੋ ਗਈ। ਸਾਥੀ ਸੋਮਪਾਲ ਸਿੰਘ ਦੇ ਮਾਤਾ ਮਲਕੀਤ ਕੌਰ ਪਤਨੀ ਸਵ: ਕਾਮਰੇਡ ਰੇਸ਼ਮ ਸਿੰਘ (89) ਵਾਸੀ ਪਿੰਡ ਪੱਬਵਾ ਦੇ ਰਹਿਣ ਵਾਲੇ ਸਨ। ਉਹ ਆਪਣੇ ਪ੍ਰੀਵਾਰ ਪਿੱਛੇ ਬੇਟੇ ਕਰਨੈਲ ਸਿੰਘ, ਸੋਮਪਾਲ ਸਿੰਘ ,ਅਜਮੇਰ ਸਿੰਘ, ਇੱਕਬਾਲ ਸਿੰਘ, ਅਤੇ ਬੇਟੀ ਸਰਵਿੰਦਰ ਕੌਰ ਪੋਤੇ ਅਤੇ ਪੋਤੀਆ ਹਰਿਆ ਭਰਿਆ ਪ੍ਰੀਵਾਰ ਛੱਡ ਗਏ ਹਨ। ਸਵ: ਮਾਤਾ ਮਲਕੀਤ ਕੌਰ ਦੀ ਅੰਤਿਮ ਅਰਦਾਸ ਰੱਖੇ ਗਏ ਅਖੰਡ ਪਾਠ ਜੀ ਦੇ ਭੋਗ, ਉਨ੍ਹਾਂ ਦੇ ਜੱਦੀ ਪਿੰਡ ਪੱਬਵਾ ਵਿਖੇ 27 ਦਸੰਬਰ ਨੂੰ ਬਾਅਦ ਦੁਪਹਿਰ ਵਜੇ ਭੋਗ ਪਾਏ ਜਾਣਗੇ। ਇਸ ਦੁਖ ਦੀ ਘੜੀ ਵਿੱਚ ਕਾਮਰੇਡ ਸੋਮਪਾਲ ਸਿੰਘ ਪੰਚ ਦੇ ਪਰਵਾਰ ਨਾਲ ਵੱਖ ਵੱਖ ਸਮਾਜ ਸੇਵਕ, ਧਾਰਮਿਕ ਅਤੇ ਮੁਲਾਜ਼ਮ ਜਥੇਬੰਦੀਆਂ ਨੇ ਦੁੱਖ ਸਾਂਝਾ ਕੀਤਾ।

## ਨਿਸ਼ਕਾਮ ਸੇਵਾ ਮੰਡਲ ਵੱਲੋਂ ਲਗਾਏ ਲੰਗਰ 'ਚ ਪਹੁੰਚੇ ਬਾਬਾ ਸੋਨੀ ਸ਼ਰਨ ਦਾਸ



**ਨਾਭਾ (ਵਰਿੰਦਰ ਵਰਮਾ)**-ਨਿਸ਼ਕਾਮ ਸੇਵਾ ਮੰਡਲ ਵਰਿੰਦਾਵਨ ਧਾਮ ਵੱਲੋਂ ਹਰ ਸਾਲ ਦੀ ਤਰ੍ਹਾਂ ਪੰਡਿਤ ਅਨੂ ਸ਼ਰਮਾ ਦੀ ਅਗਵਾਈ ਵਿੱਚ ਸ੍ਰੀ ਰਾਧਾ ਗੋਪੀ ਕੁੰਜ ਵਰਿੰਦਾਵਨ ਧਾਮ ਗਿਆਨ ਗੁੰਦੜੀ ਵਿਖੇ ਰੋਜ਼ਾਨਾ ਲੰਗਰ ਲਗਾਇਆ ਜਾਂਦਾ ਹੈ।ਇਸ ਤੋਂ ਇਲਾਵਾ ਨਵੇਂ ਸਾਲ ਤੇ ਸੰਤ ਸਮਾਜ ਨੂੰ ਜ਼ਰੂਰਤ ਦਾ ਸਾਮਾਨ ਵੰਡਿਆ ਜਾਂਦਾ ਹੈ ਅਤੇ ਸਕੂਲ ਦੇ ਬੱਚਿਆਂ ਨੂੰ ਸਟੇਸ਼ਨਰੀ, ਬੂਟ, ਜਰਾਬਾਂ ਤੇ ਖਾਣ-ਪੀਣ ਦਾ ਸਾਮਾਨ ਦਿੱਤਾ ਜਾਂਦਾ ਹੈ, ਜਿਸ ਨੂੰ ਵੇਖਦੇ ਹੋਏ ਹਲਕਾ ਨਾਭਾ ਤੇ ਸਮਾਜ ਸੇਵੀ ਸੰਦੀਪ ਕੁਮਾਰ ਗੋਇਲ ਅਤੇ ਐਡਵੋਕੇਟ ਕੇ ਚੰਦਰ ਸ਼ੇਖਰ ਜੌਲੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਇਸ ਮੌਕੇ ਸਮਾਜ ਸੇਵੀ ਸੰਦੀਪ ਗੋਇਲ ਤੇ ਐਡਵੋਕੇਟ ਚੰਦਰ ਸ਼ੇਖਰ ਜੌਲੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਨਿਸ਼ਕਾਮ ਸੇਵਾ ਮੰਡਲ ਵੱਲੋਂ ਸ੍ਰੀ ਰਾਧਾ ਗੋਪੀ ਕੁੰਜ ਤੇ ਵਰਿੰਦਾਵਨ ਧਾਮ ਪਰਿਕਰਮਾ ਮਾਰਗ 'ਤੇ ਰੋਜ਼ਾਨਾ ਸਵੇਰੇ ਲੰਗਰ ਲਗਾਇਆ ਜਾਂਦਾ ਹੈ, ਜਿਸ ਵਿੱਚ ਸੈਂਕੜੇ ਸੰਤ ਮਹਾਤਮਾ ਤੇ ਆਉਣ ਜਾਣ ਵਾਲੇ ਰਾਹਗੀਰ ਲੰਗਰ ਦਾ ਆਨੰਦ ਮਾਣਦੇ ਹਨ।ਉਨ੍ਹਾਂ ਕਿਹਾ ਕਿ ਲੋਕਾਂ ਦੇ ਸਹਿਯੋਗ ਨਾਲ ਨਵੇਂ ਸਾਲ ਦੇ ਮੱਦੇਨਜ਼ਰ 24 ਦਸੰਬਰ ਤੋਂ ਲੈ ਕੇ 1 ਜਨਵਰੀ ਤੱਕ ਰੋਜ਼ਾਨਾ ਸਵੇਰੇ ਤੋਂ ਰਾਤ ਤੱਕ ਹਰ ਸਾਲ ਲੰਗਰ ਲਗਾਇਆ ਜਾਂਦਾ ਹੈ। ਇਸ ਮੌਕੇ ਰਾਧਾ ਬਾਬਰੀ ਤੋਂ ਸੰਤ ਸਮਾਜ ਦੇ ਬਾਬਾ ਸੋਨੀ ਸ਼ਰਨ ਦਾਸ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਸੰਸਥਾ ਦੇ ਮੁੱਖ ਸੇਵਾਦਾਰ ਅਨੂ ਸ਼ਰਮਾ ਤੇ ਸਮੂਹ ਮੈਂਬਰਾਂ ਵੱਲੋਂ ਬਾਬਾ ਸੋਨੀ ਸ਼ਰਨ ਦਾਸ ਨੂੰ ਸਿਰੋਪਾ ਪਾ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਰਮੇਸ਼ ਤਲਵਾੜ, ਪਰਮਜੀਤ ਸਿੰਘ ਗਲਵਟੀ, ਰਜਨੀ ਸ਼ਰਮਾ, ਵਰਿੰਦਰ ਵਰਮਾ, ਰਮਨ ਭਾਟੀਆ, ਅੰਜਨਾ ਗਾਂਧੀ, ਪਲਵੀ ਹਰਿਦਸੀ ਆਦਿ ਹਾਜ਼ਰ ਸਨ।

## ਦੀ ਰਿਟਾਇਰਡ ਰੈਵੀਨਿਊ/ਕਾਨੂੰਨਗੋ ਪਟਵਾਰੀ ਵੈੱਲਫੇਅਰ ਐਸੋਸੀਏਸ਼ਨ ਦੀ ਇਕੱਤਰਤਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਦੀ ਰਿਟਾਇਰਡ ਰੈਵੀਨਿਊ ਕਾਨੂੰਨਗੋ ਪਟਵਾਰੀ ਵੈੱਲਫੇਅਰ ਐਸੋਸੀਏਸ਼ਨ ਮੋਗਾ ਦੀ ਇਕੱਤਰਤਾ ਨੇਚਰ ਪਾਰਕ ਮੋਗਾ ਵਿਖੇ ਹੋਈ, ਜਿਸ ਵਿੱਚ ਐਸੋਸੀਏਸ਼ਨ ਮੈਂਬਰ ਦਰਸ਼ਨ ਸਿੰਘ ਗਿੱਲ ਜ਼ਿਲ੍ਹਾ ਪ੍ਰਧਾਨ, ਕੇਵਲ ਸਿੰਘ, ਰਵੀ ਕੁਮਾਰ, ਚੰਦ ਸਿੰਘ, ਗੁਰਮੀਤ ਸਿੰਘ ਸੰਘਾ, ਬਲਜੀਤ ਸਿੰਘ, ਜਗਰਾਜ ਸਿੰਘ, ਮੱਖਣ ਜੀਤ, ਚਮਕੌਰ ਸਿੰਘ, ਜਰਨੈਲ ਸਿੰਘ ਖੋਸਾ, ਮੇਹਰ ਸਿੰਘ, ਗੁਰਚਰਨ ਸਿੰਘ, ਗੁਰਤੇਜ ਸਿੰਘ ਗਿੱਲ, ਮੰਗਲ ਮੀਤ, ਕਮਲੇਸ਼ ਕੁਮਾਰ, ਸੰਤੋਖ ਸਿੰਘ, ਮੁਲਖ ਰਾਜ, ਪਦਾਰਥ ਸਿੰਘ, ਗੁਰਮੇਲ ਸਿੰਘ, ਬਲਵੰਤ ਸਿੰਘ, ਗੁਰਮੇਲ ਸਿੰਘ ਗੋਂਦਾਰਾ ਤੇ ਸੁਰਜੀਤ ਸਿੰਘ ਸ਼ਾਮਲ ਹੋਏ।ਇੱਕਤਰਤਾ ਦੌਰਾਨ ਇਹ ਗੱਲ ਉੱਭਰ ਕੇ ਸਾਹਮਣੇ ਆਈ ਕਿ ਪੰਜਾਬ ਵਿੱਚ ਸਰਕਾਰ ਨਾਂਅ ਦੀ ਕੋਈ ਚੀਜ਼ ਨਹੀਂ ਹੈ।ਇਹ ਸਾਰੇ ਮੈਟ੍ਰਿਕ ਪਾਸ ਤੇ ਅਣਪੜ੍ਹ ਵਿਅਕਤੀਆਂ ਦਾ ਅਣ-ਤਜਰਬੇਕਾਰਾਂ ਦਾ ਇਕ ਟੋਲਾ ਹੀ ਮੰਤਰੀ ਮੰਡਲ ਤੇ ਪੰਜਾਬ ਸਰਕਾਰ ਨੂੰ ਚਲਾਉਣ ਲਈ ਕਾਬਜ਼ ਹੈ, ਜੋ ਪਿੰਡ ਦੇ ਇੱਕ ਸਰਪੰਚ ਬਣਨ ਦੇ ਕਾਬਲ ਨਾ ਹੁੰਦੇ ਹੋਏ ਤੇਜ਼ ਸਿਆਸੀ ਹਨੇਰੀ ਦੇ ਦੌਰ ਵਿੱਚ ਐੱਮ ਐੱਲ ਏ ਚੁਣੇ ਗਏ।ਲੁਟੇਰੀਆਂ ਪਾਰਟੀਆਂ ਦੇ ਆਗੂਆਂ ਨੂੰ ਨਿਕਾਰਨ ਤੋਂ ਬਾਅਦ ਲੋਕਾਂ ਨੇ ਇਨ੍ਹਾਂ ਦੇ ਬਦਲਾਵ ਦੇ ਝੂਠੇ ਪ੍ਰਾਪੇਗੰਡਾ ਦੇ ਝਾਂਸੇ ਵਿੱਚ ਆਕੇ, ਆਪਣੀ ਵਿਗੜੀ ਨੂੰ ਸਵਾਰਣ ਲਈ ਇਨ੍ਹਾਂ ਤੇ ਭਰੋਸਾ ਪ੍ਰਗਟ ਕਰ ਲਈ ਇਲੈਕਸ਼ਨ ਜਿੱਤਣ ਦੇ ਬਾਅਦ ਸਰਕਾਰ ਬਣਾ ਕੇ ਜੋ ਵੱਖੋ-ਵੱਖਰੇ ਨਿਰਣੇ ਲੈਣ ਵਿੱਚ ਹਮੇਸ਼ਾ ਕਾਹਲ/ਜਲਦਬਾਜ਼ੀ ਵਾਲੇ ਨਿਰਣੇ ਲੈਂਦੇ ਰਹੇ, ਕਾਹਲੀ ਵਿੱਚ ਲਏ ਗਏ ਫੈਸਲਿਆਂ ਨੂੰ ਗਰਾਊਂਡ ਲੇਵਲ ਤੇ ਲਾਗੂ ਨਹੀਂ ਕਰਵਾ ਸਕੇ, ਜਿਸ ਤਰ੍ਹਾਂ ਯੁੱਧ ਨਸ਼ਿਆਂ ਵਿਰੁੱਧ, ਜ਼ੀਰੋ ਟਾਲਰਿਸ ਰਿਸ਼ਵਤ, ਸਰਕਾਰੀ ਦਫ਼ਤਰਾਂ ਵਿੱਚ ਹੁੰਦੀ ਖੱਜਲ ਖੁਆਰੀ ਕੋਈ ਵੀ ਕੰਮ ਥਾਣਿਆਂ, ਕਚਿਹਰੀਆਂ, ਬਿਜਲੀ ਬੋਰਡ ਦੇ ਦਫ਼ਤਰਾਂ, ਪਟਵਾਰ ਖਾਨਿਆਂ ਤੇ ਸਬ-ਰਜਿਸਟਰਾਰ ਦਫ਼ਤਰਾਂ, ਅਸਲਾ ਬ੍ਰਾਂਚ ਤੇ ਆਰ ਟੀ ਓ ਦਫ਼ਤਰਾਂ ਵਿੱਚ ਬਗੈਰ ਰਿਸ਼ਵਤ ਦਿੱਤਿਆਂ ਨਹੀਂ ਹੁੰਦਾ।ਹੋਰ ਤਾਂ ਹੋਰ ਕਚਹਿਰੀਆਂ ਵਿੱਚ ਤੁਹਾਡੇ ਸਕੂਟਰ, ਮੋਟਰਸਾਈਕਲ, ਕਾਰ ਦੀ ਪਾਰਕਿੰਗ ਦੀ ਵੀ ਆਮ ਪਬਲਿਕ ਨੂੰ ਦਸ, ਵੀਹ ਤੇ ਪੰਜਾਹ ਰੁਪਏ ਦੀ ਪਾਰਕਿੰਗ ਫੀਸ ਦੀ ਪਰਚੀ ਕੱਟੀ ਜਾਂਦੀ ਹੈ।ਪੈਸੇ ਖੁੱਲ੍ਹੇ ਨਾ ਹੋਣ 'ਤੇ ਪਾਰਕਿੰਗ ਵਾਲੇ ਝਗੜਾ ਕਰਦੇ ਹਨ ਤੇ ਕਾਰ ਸਕੂਟਰ ਵਾਲੇ ਦੇ ਕੱਪੜੇ ਫਾੜਨ ਤੱਕ ਜਾਂਦੇ ਹਨ।ਕਾਰ ਪਾਰਕਿੰਗ ਵਾਲਿਆਂ, ਦੜੇ ਸੱਟੇ ਤੇ ਲਾਟਰੀ ਵਾਲਿਆਂ ਤੋਂ ਸਰਕਾਰ ਦੇ ਘੜੰਮ ਚੌਧਰੀ ਹਫ਼ਤੇ/ਮਹੀਨੇ ਵਸੂਲਦੇ ਹਨ।ਆਮ ਤੌਰ ਤੇ ਕਮਾਈ ਵਾਲੀਆਂ ਸੀਟਾਂ ਤੇ ਕਰਮਚਾਰੀਆਂ ਅਧਿਕਾਰੀਆਂ ਦੇ ਆਪਣੇ ਨਾਲ ਪੈਸੇ ਇਕੱਠੇ ਕਰਨ ਲਈ ਆਪਣੇ ਭਰਾ, ਸਾਲੇ, ਜੀਜੇ ਤੇ ਹੋਰ ਰਿਸ਼ਤੇਦਾਰ ਰੱਖੇ ਹੋਏ ਹਨ।ਜੋ ਰਿਸ਼ਵਤ ਇਕੱਠੀ ਕਰਨ ਵਿੱਚ ਉਨ੍ਹਾ ਦਾ ਪੂਰਾ ਸਾਥ ਦਿੰਦੇ ਹਨ।ਕਈਆ ਨੇ ਆਪਣੇ ਰਿਸ਼ਤੇਦਾਰ ਕਮਾਈ ਵਾਲੀਆਂ ਸੀਟਾਂ 'ਤੇ ਤਾਇਨਾਤ ਕਰਮਚਾਰੀਆਂ ਨਾਲ ਸਿਫਾਰਸ਼ਾਂ ਕਰਵਾ ਕੇ ਬਤੌਰ ਕਰਿੰਦੇ ਫਿੱਟ ਕਰਵਾਏ ਹੋਏ ਹਨ।ਕਰਿੰਦੇ ਉੱਚ ਅਧਿਕਾਰੀਆਂ ਤੇ ਹਲਕੇ ਦੇ ਐੱਮ ਐੱਲ ਏ ਤੱਕ ਪਹੁੰਚ ਬਣਾ ਕੇ ਰੱਖਦੇ ਹਨ।ਇਹ ਉਨ੍ਹਾ ਦੇ ਜਾਇਜ਼ ਨਜਾਇਜ਼ ਕੰਮ, ਝਗੜੇ ਤੇ ਲਵਾਰਿਸ ਪ੍ਰਾਪਰਟੀਆਂ ਦੀ ਜਾਣਕਾਰੀ ਉਨ੍ਹਾ ਨਾਲ ਸਬੰਧਤ ਲੈਂਡ ਮਾਫੀਆ ਗੈਂਗਾ ਨਾਲ ਸਾਂਝੀ ਕਰਦੇ ਹਨ ਤੇ ਨਜਾਇਜ਼ ਕਬਜ਼ੇ ਕਰਨ ਕਰਵਾਉਣ ਵਿੱਚ ਹਰ ਪੱਖੋ ਮਦਦ ਕਰਦੇ ਹਨ, ਜਿਸ ਦੇ ਇਵਜ਼ ਵਿੱਚ ਸ਼ਹਿਰੀ ਹਲਕਿਆਂ ਦੇ ਪਟਵਾਰੀ ਕਰਿੰਦੇ ਆਪਣੀ ਮਰਜ਼ੀ ਨਾਲ ਲੁਆਉਂਦੇ ਹਨ।

ਸੂਤਰ ਇਹ ਵੀ ਕਹਿੰਦੇ ਹਨ ਕਿ ਜ਼ਿਲ੍ਹੇ ਦੇ ਇੱਕ ਉੱਚ ਅਧਿਕਾਰੀ ਨੇਬ ਰੁਪਏ ਇਕੱਠੇ ਕਰਨ ਲਈ ਆਪਣੇ ਸੁਹਰਾ ਸਾਹਿਬ ਦੀ ਡਿਊਟੀ ਸਰਕਾਰੀ ਕੋਠੀ ਵਿੱਚ ਲਗਾਈ ਹੋਈ ਹੈ।ਉਹ ਕਮਾਈ ਵਾਲੀਆਂ ਸੀਟਾਂ 'ਤੇ ਜ਼ਿਲ੍ਹੇ ਅੰਦਰ ਕਰਮਚਾਰੀਆਂ ਨੂੰ ਨਿਯੁਕਤ ਕਰਵਾਉਂਦਾ ਹੈ, ਜਿਸ ਤੋਂ ਸੇਵਾਦਾਰ ਵੀ ਪ੍ਰੇਸ਼ਾਨ ਹਨ, ਜਿਨ੍ਹਾਂ ਦੀ ਡਿਊਟੀ ਉਸ ਨੇ ਆਪਣੇ ਨਾਲ ਲਗਾ ਕੇ ਉਨ੍ਹਾਂ ਤੋਂ ਜਾਨਵਰਾਂ ਵਾਂਗ ਕੰਮ ਲਿਆ ਜਾ ਰਿਹਾ। ਉਨ੍ਹਾਂ ਨੂੰ ਛੁੱਟੀ ਵੀ ਨਹੀਂ ਕਰਨ ਦਿੱਤੀ ਜਾਂਦੀ।ਅਧਿਕਾਰੀ ਆਪਣੇ ਸਹੁਰਾ ਸਾਹਿਬ ਦੇ ਸਿਰ 'ਤੇ ਹੀ ਡਿਊਟੀ ਨਿਭਾਅ ਰਿਹਾ ਹੈ।ਜੇ ਕਿਸੇ ਜ਼ਿਲ੍ਹੇ ਦੇ ਉੱਚ ਅਧਿਕਾਰੀਆਂ, ਕਰਮਚਾਰੀਆਂ ਦੇ ਅਜਿਹੇ ਹਾਲਾਤ ਹੋਣਗੇ ਤਾਂ ਪਬਲਿਕ ਦਾ ਪ੍ਰੇਸ਼ਾਨ ਹੋਣਾ ਸੁਭਾਵਿਕ ਹੈ, ਜਿਸ 'ਤੇ ਸਰਕਾਰ ਦੀ ਕੋਈ ਪਕੜ ਨਹੀਂ ਹੈ।ਪਬਲਿਕ ਜਾਗਰੂਕ ਹੋ ਚੁੱਕੀ ਹੈ ਤੇ 2027 ਦੀਆਂ ਵਿਧਾਨ ਸਭਾ ਚੋਣਾਂ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੀ ਹੈ।ਸਰਕਾਰ ਨੂੰ ਕੁੰਭਕਰਨੀ ਨੀਂਦ 'ਚੋਂ ਜਾਗ ਕੇ ਵਿਗੜ ਚੁੱਕੇ ਸਰਕਾਰੀ ਤੰਤਰ ਨੂੰ ਦਰੁਸਤ ਕਰਨ ਦੀ ਸਖ਼ਤ ਜ਼ਰੂਰਤ ਹੈ।

## ਮਹਿਲ ਕਲਾਂ ਦਫ਼ਤਰ 'ਚ ਤਹਿਸੀਲਦਾਰ ਤੇ ਨਾਇਬ ਤਹਿਸੀਲਦਾਰ ਦੀਆਂ ਅਸਾਮੀਆਂ ਖਾਲੀ, ਲੋਕ ਪ੍ਰੇਸ਼ਾਨ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਤਹਿਸੀਲ ਦਫ਼ਤਰ ਮਹਿਲ ਕਲਾਂ 'ਚ ਲੰਮੇ ਸਮੇਂ ਤੋਂ ਤਹਿਸੀਲਦਾਰ ਤੇ ਨਾਇਬ ਤਹਿਸੀਲਦਾਰ ਦੀਆਂ ਅਸਾਮੀਆਂ ਖਾਲੀ ਹੋਣ ਕਾਰਨ ਲੋਕਾਂ ਨੂੰ ਆਪਣੇ ਜ਼ਰੂਰੀ ਕੰਮ ਕਰਵਾਉਣ ਲਈ ਭਾਰੀ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਾਣਕਾਰੀ ਅਨੁਸਾਰ, ਲੰਘੀ 22 ਅਪ੍ਰੈਲ ਨੂੰ ਤਹਿਸੀਲਦਾਰ ਦੀ ਬਦਲੀ ਹੋਣ ਤੋਂ ਬਾਅਦ ਇਹ ਅਸਾਮੀ ਅਜੇ ਤੱਕ ਭਰੀ ਨਹੀਂ ਗਈ।ਇਸ ਤੋਂ ਬਾਅਦ ਨਾਇਬ ਤਹਿਸੀਲਦਾਰ ਨੂੰ ਵਾਧੂ ਚਾਰਜ ਦੇ ਕੇ ਕੰਮ ਚਲਾਇਆ ਜਾ ਰਿਹਾ ਸੀ, ਹੁਣ ਉਨ੍ਹਾਂ ਦੇ ਸੇਵਾ ਮੁਕਤ ਹੋ ਜਾਣ ਮਗਰੋਂ ਤਹਿਸੀਲ ਦਫ਼ਤਰ ਦੇ ਸਾਰੇ ਕੰਮ ਠੱਪ ਹੋ ਗਏ ਹਨ।ਹੁਣ ਤਹਿਸੀਲਦਾਰ ਦਾ ਕੰਮ ਸਬ-ਤਹਿਸੀਲ ਦਫ਼ਤਰ ਭਦੌੜ ਦੇ ਨਾਇਬ ਤਹਿਸੀਲਦਾਰ ਨੂੰ ਵਾਧੂ ਚਾਰਜ ਦੇ ਕੇ ਚਲਾਇਆ ਜਾ ਰਿਹਾ ਹੈ।ਲੋਕਾਂ ਦਾ ਕਹਿਣਾ ਹੈ ਕਿ ਵਾਧੂ ਚਾਰਜ ਅਧਿਕਾਰੀ ਤਹਿਸੀਲ 'ਚ ਨਿਯਮਿਤ ਤੌਰ 'ਤੇ ਉਪਲਬਧ ਨਹੀਂ ਰਹਿੰਦੇ।ਇਸ ਕਾਰਨ ਲੋੜਵੰਦ ਲੋਕਾਂ ਦੇ ਕੰਮ ਲੰਮੇ ਸਮੇਂ ਤੱਕ ਲਟਕਿਆ ਖੜੇ ਰਹਿੰਦੇ ਹਨ।ਪੀੜਤ ਲੋੜਵੰਦਾਂ ਨੂੰ ਵਾਰ-ਵਾਰ ਦਫ਼ਤਰਾਂ ਦੇ ਚੱਕਰ ਲਗਾਉਣੇ ਪੈਂਦੇ ਹਨ।ਖ਼ਾਸ ਕਰਕੇ ਵਿਦਿਆਰਥੀਆਂ ਨੂੰ ਲੋੜੀਂਦੇ ਸਰਟੀਫਿਕੇਟ ਸਮੇਂ ਸਿਰ ਨਾ ਮਿਲਣ ਕਾਰਨ ਦਾਖ਼ਲਿਆਂ, ਵਜ਼ੀਫ਼ਿਆਂ ਤੇ ਹੋਰ ਜ਼ਰੂਰੀ ਕੰਮਾਂ 'ਚ ਰੁਕਾਵਟਾਂ ਆ ਰਹੀਆਂ ਹਨ।ਇਸ ਮੌਕੇ ਭਾਜਪਾ ਆਗੂ ਬੀਬੀ ਹਰਚੰਦ ਕੌਰ ਘਨੌਰੀ, ਇੰਚਾਰਜ ਜਥੇਦਾਰ ਨਾਥ ਸਿੰਘ ਹਮੀਦੀ, ਕਾਂਗਰਸ ਦੇ ਬਲਾਕ ਪ੍ਰਧਾਨ ਪਰਮਿੰਦਰ ਸ਼ੰਮੀ ਠੁੱਲੀਵਾਲ, ਸੀਨੀ: ਆਗੂ ਗੁਰਮੇਲ ਸਿੰਘ ਮੌੜ, ਯੂਥ ਆਗੂ ਬੰਨੀ ਖਹਿਰਾ, ਐਡਵੋਕੇਟ ਜਸਬੀਰ ਸਿੰਘ ਖੇੜੀ ਆਦਿ ਆਗੂਆਂ ਨੇ ਮੰਗ ਕੀਤੀ ਹੈ ਕਿ ਤਹਿਸੀਲ ਦਫ਼ਤਰ ਮਹਿਲ ਕਲਾਂ ਦੀਆਂ ਅਸਾਮੀਆਂ ਤੁਰੰਤ ਪੱਕੇ ਤੌਰ 'ਤੇ ਭਰੀਆ ਜਾਣ, ਤਾਂ ਜੋ ਆਮ ਲੋਕਾਂ ਨੂੰ ਰਾਹਤ ਮਿਲ ਸਕੇ।

## ਸਾਹਿਬਜ਼ਾਦਿਆਂ ਦੀ ਦੁਨੀਆ 'ਚ ਸਭ ਤੋਂ ਵੱਡੀ ਸ਼ਹਾਦਤ : ਪ੍ਰਭਜਿੰਦਰ ਸਿੰਘ



**ਸਮਾਣਾ/ਪਟਿਆਲਾ (ਇਕਬਾਲ ਸਿੰਘ ਬੱਲ/ਰਾਜਿੰਦਰ ਸਿੰਘ ਥਿੰਦ)**-ਕਲਗੀਧਰ ਦਸਮੇਸ਼ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੁਨੀਆ ਦੇ ਇਤਿਹਾਸ 'ਚ ਦਿਲ ਨੂੰ ਕੰਬਾ ਦੇਣ ਵਾਲਾ ਸਾਕਾ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਰਪੰਚ ਪ੍ਰਭਜਿੰਦਰ ਸਿੰਘ ਬੱਚੀ ਯੂ ਕੇ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਹੈ ਕਿ ਮਾਤਾ ਗੁਜਰ ਕੌਰ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੁਨੀਆ ਦੇ ਧਾਰਮਿਕ ਇਤਿਹਾਸ ਅੰਦਰ ਵਿਲੱਖਣ ਹੈ, ਜਿਸ ਨੇ ਪੂਰੀ ਦੁਨੀਆ ਨੂੰ ਧਾਰਮਿਕ ਪਹਿਰਾ ਦੇਣ ਦੀ ਜਾਂਚ ਸਿਖਾਈ ਹੈ।ਉਨ੍ਹਾਂ ਕਿਹਾ ਕਿ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਦਿਆਂ ਸਿੱਖ ਕੌਮ 'ਚ ਇਸ ਨੂੰ ਇਤਿਹਾਸਕ ਸ਼ਹਾਦਤਾਂ ਦੱਸਿਆ ਹੈ।ਉਨ੍ਹਾਂ ਕਿਹਾ ਕਿ ਗੁਰੂ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਚਮਕੌਰ ਦੀ ਜੰਗ ਲੜਦੇ ਸ਼ਹੀਦ ਹੋ ਗਏ ਤੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਨੀਹਾਂ 'ਚ ਸ਼ਹੀਦ ਕਰ ਦਿੱਤੇ ਗਏ।ਉਨ੍ਹਾਂ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਸਾਹਿਬਜ਼ਾਦਿਆਂ ਦੀ ਸ਼ਹਾਦਤ ਜ਼ੁਲਮ ਖ਼ਿਲਾਫ਼ ਲੜਨ ਤੇ ਸਿੱਖੀ ਸਿਧਾਂਤ 'ਤੇ ਪਹਿਰਾ ਦੇਣ ਦੀ ਪ੍ਰੇਰਨਾ ਦਿੰਦੀ ਹੈ।ਉਨ੍ਹਾਂ ਕਿਹਾ ਕਿ ਇਹ ਸ਼ਹਾਦਤਾਂ ਪੂਰੀ ਦੁਨੀਆ ਅੰਦਰ ਸਭ ਤੋਂ ਵੱਡੀਆਂ ਸ਼ਹਾਦਤਾਂ ਹਨ।

## ਜ਼ਿਲ੍ਹਾ ਪ੍ਰਧਾਨ ਨਿਯੁਕਤ ਕਰਨ 'ਤੇ ਪਾਲ ਸਿੰਘ ਵੱਲੋਂ ਹਾਈ ਕਮਾਂਡ ਦਾ ਧੰਨਵਾਦ



**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਸ਼੍ਰੋਮਣੀ ਅਕਾਲੀ ਦਲ ਸ੍ਰੀ ਅਨੰਦਪੁਰ ਸਾਹਿਬ ਪਾਰਟੀ ਵੱਲੋਂ ਮੋਗੇ ਦਾ ਜ਼ਿਲ੍ਹਾ ਪ੍ਰਧਾਨ ਨਿਯੁਕਤ ਕਰਨ 'ਤੇ ਪਾਲ ਸਿੰਘ ਤਖ਼ਤੂਪੁਰਾ ਨੇ ਪ੍ਰਧਾਨ ਦਵਿੰਦਰ ਸਿੰਘ ਪਟਿਆਲਾ ਤੇ ਜਨਰਲ ਸਕੱਤਰ ਗੁਰਦਰਸ਼ਨ ਸਿੰਘ ਮਜਾਤੜੀ ਦਾ ਧੰਨਵਾਦ ਕੀਤਾ।ਪਾਲ ਸਿੰਘ ਨੇ ਦੱਸਿਆ ਕਿ ਬੌਰੀਆ ਸਿੱਖ ਸਮਾਜ ਨੂੰ ਸਾਰੀਆਂ ਹੀ ਸਿਆਸੀ ਪਾਰਟੀਆਂ ਨੇ ਅੱਖੋਂ ਪਰੋਖੇ ਕੀਤਾ ਹੈ।

ਪਾਲ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ (ਸ੍ਰੀ ਅਨੰਦਪੁਰ ਸਾਹਿਬ) ਪਾਰਟੀ ਨੇ ਜੋ ਮਾਣ ਬੌਰੀਆ ਸਿੱਖ ਸਮਾਜ ਨੂੰ ਦਿੱਤਾ ਹੈ, ਇਸ ਲਈ ਉਹ ਪਾਰਟੀ ਦਾ ਦਿਲੋਂ ਧੰਨਵਾਦ ਕਰਦਾ ਹੈ ਅਤੇ ਭਵਿੱਖ ਵਿੱਚ ਬੌਰੀਆ ਸਿੱਖ ਸਮਾਜ ਨੂੰ ਅੱਗੇ ਵਧਾਉਣ ਲਈ ਹੋਰ ਵੀ ਕਦਮ ਚੁੱਕੇਗਾ ਅਤੇ ਪਾਰਟੀ ਲਈ ਦਿਨ-ਰਾਤ ਇੱਕ ਕਰ ਕੰਮ ਕੀਤਾ ਜਾਵੇਗਾ। ਉਨ੍ਹਾਂ ਨੂੰ ਜ਼ਿਲ੍ਹਾ ਪ੍ਰਧਾਨ ਨਿਯੁਕਤ ਕਰਨ 'ਤੇ ਉਨ੍ਹਾਂ ਨੇ ਵਿਸ਼ੇਸ਼ ਹਾਈ ਕਮਾਂਡ ਦਾ ਧੰਨਵਾਦ ਕੀਤਾ।

## ਸਤੀਸ਼ ਤੇ ਲਵਨੀਤ ਰਾਈਸ ਮਿਲਰਜ਼ ਐਸੋਸੀਏਸ਼ਨ ਦੇ ਸਰਬਸੰਮਤੀ ਨਾਲ ਪ੍ਰਧਾਨ ਚੁਣੇ



**ਨਾਭਾ (ਵਰਿੰਦਰ ਵਰਮਾ)**-ਰਾਈਸ ਮਿਲਰਜ਼ ਐਸੋਸੀਏਸ਼ਨ ਨਾਭਾ ਦੀ ਮੀਟਿੰਗ ਸਥਾਨਕ ਪਟਿਆਲਾ ਗੇਟ ਸਥਿਤ ਰੋਟਰੀ ਕਲੱਬ ਵਿਖੇ ਕਰਮ ਸਿੰਘ ਮਟੌਰੜਾ, ਦਰਸ਼ਨ ਅਰੋੜਾ, ਹਰਦੀਪ ਸਿੰਘ ਬੁੱਟਰ, ਸੁਰਿੰਦਰ ਕੁਮਾਰ ਗਰਗ, ਪ੍ਰਵੀਨ ਕੁਮਾਰ ਭਾਦਸੋਂ ਤੇ ਜਗਤਾਰ ਸਿੰਘ ਨੌਹਰਾ ਦੀ ਅਗਵਾਈ ਹੇਠ ਹੋਈ, ਜਿਸ ਵਿੱਚ 165 ਦੇ ਕਰੀਬ ਸੈਲਰ ਮਾਲਕਾਂ ਨੇ ਸ਼ਮੂਲੀਅਤ ਕੀਤੀ।ਇਸ ਮੌਕੇ ਇਕੱਤਰ ਸੈਲਰ ਮਾਲਕਾਂ ਵੱਲੋਂ ਸਤੀਸ਼ ਕੁਮਾਰ ਭੜੋ ਤੇ ਲਵਨੀਤ ਕੁਮਾਰ ਲੱਕੀ ਨੂੰ ਸਰਬਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ, ਜੋ ਕਿ ਸੈਲਰ ਮਾਲਕਾਂ ਨੂੰ ਆ ਰਹੀਆਂ ਦਰਪੇਸ਼ ਮੁਸ਼ਕਲਾਂ ਨੂੰ ਹੱਲ ਕਰਨ ਲਈ ਯਤਨ ਕਰਨਗੇ। ਉਪਰੰਤ ਦੋਵੇਂ ਨਵ-ਨਿਯੁਕਤ ਪ੍ਰਧਾਨਾਂ ਸਤੀਸ਼ ਕੁਮਾਰ ਭੜੋ ਤੇ ਲਵਨੀਸ਼ ਕੁਮਾਰ ਲੱਕੀ ਨੇ ਕਿਹਾ ਕਿ ਉਹ ਸਮੁੱਚੇ ਭਾਈਚਾਰੇ ਨੂੰ ਨਾਲ ਲੈ ਕੇ ਸੈਲਰ ਟਰੇਡ ਦੀ ਭਲਾਈ ਲਈ ਯਤਨ ਕਰਨਗੇ ਤਾਂ ਜੋ ਚਾਲੂ ਸੀਜ਼ਨ ਨੂੰ ਅਮਨ ਅਮਾਨ ਨਾਲ ਨੇਪਰੇ ਚਾੜ੍ਹਿਆ ਜਾ ਸਕੇ।ਕਰਮ ਸਿੰਘ ਮਟੌਰੜਾ, ਹਰਦੀਪ ਸਿੰਘ ਬੁੱਟਰ, ਦਰਸ਼ਨ ਅਰੋੜਾ ਆਦਿ ਸੈਲਰ ਮਾਲਕਾਂ ਨੇ ਕਿਹਾ ਕਿ ਸਮੁੱਚਾ ਸੈਲਰ ਭਾਈਚਾਰਾ ਦੋਵੇਂ ਪ੍ਰਧਾਨਾਂ ਦੇ ਨਾਲ ਹੈ ਅਤੇ ਜੋ ਵੀ ਦੋਵੇਂ ਪ੍ਰਧਾਨ ਸੈਲਰ ਟਰੇਡ ਦੀ ਭਲਾਈ ਲਈ ਕੰਮ ਕਰਨਗੇ, ਸਮੁੱਚਾ ਭਾਈਚਾਰਾ ਡਟ ਕੇ ਉਨ੍ਹਾਂ ਦਾ ਸਾਥ ਦੇਵੇਗਾ।ਇਸ ਮੌਕੇ ਹੋਈ ਮੀਟਿੰਗ ਵਿੱਚ ਗੁਰਬਚਨ ਸਿੰਘ ਬਿੱਲੂ ਮੱਲੇਵਾਲ, ਸੰਜੀਵ ਸਿਲਪਾ, ਬ੍ਰਿਜ ਲਾਲ ਗੋਇਲ, ਪ੍ਰਵੀਨ ਬਾਂਸਲ, ਰਮਨ ਜਿੰਦਲ ਭੋਲਾ, ਪੁਸ਼ਪਿੰਦਰ ਗੋਇਲ ਬਨੇਰਾ, ਰਾਮਸਰਨ ਗੁਪਤਾ, ਟਹਿਲ ਸਿੰਘ, ਗੁਰਕੀਰਤ ਸਿੰਘ ਕਾਲਸਨਾ, ਰਤਨ ਸਿੰਘ ਜੱਸੋ ਮਾਜਰਾ, ਨਿਤਨ ਬਾਂਸਲ, ਜਗਤਾਰ ਸਿੰਘ ਨੌਹਰਾ, ਵਿਕਾਸ ਗੋਇਲ, ਗੌਰਵ ਪੁਰੀ, ਨਿਖਲ ਗਾਬਾ, ਅਮਿਤ ਜਿੰਦਲ ਸੋਨੂ, ਕ੍ਰਿਸ਼ਨ ਕੁਮਾਰ ਭੱਪਾ, ਸਰਪੰਚ ਬਿੰਦਰ ਬਖਤੜਾ, ਗੌਰਵ ਗਰਗ ਚੀਨੂ, ਕਰਨੈਲ ਸਿੰਘ ਥੂਹੀ, ਬੰਟੀ ਸਿੰਗਲਾ, ਸੋਨੂ ਰੋਹਟੀ, ਗਗਨ ਬੁੱਟਰ, ਹਰਪ੍ਰੀਤ ਸਿੰਘ ਕੌਲ, ਸੋਨੂ ਗਰਗ, ਅਮਨ ਗੋਇਲ, ਸ਼ਿਵਮ ਗੋਇਲ, ਸੁਰਿੰਦਰ ਚੌਧਰੀ, ਮਿੱਠੂ ਬੌੜਾਂ ਆਦਿ ਸ਼ੈਲਰ ਮਾਲਕ ਮੌਜੂਦ ਸਨ।

## ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ 'ਤੇ ਕੇਸਰੀ ਨਿਸ਼ਾਨ ਮਾਰਚ ਕੱਢਿਆ




**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਸਾਹਿਬਜ਼ਾਦਿਆਂ ਦੀ ਸ਼ਹੀਦੀ ਦਿਵਸ 'ਤੇ ਪੈਦਲ ਕੇਸਰੀ ਨਿਸ਼ਾਨ ਮਾਰਚ ਕੀਤਾ ਗਿਆ, ਜਿਸ ਦੀ ਅਗਵਾਈ ਗੁਰਸੇਵਕ ਸਿੰਘ ਭਾਣਾ, ਸ਼ਰਨਜੀਤ ਸਿੰਘ ਸਰਾਂ ਤੇ ਉਨ੍ਹਾਂ ਦੀ ਪੂਰੀ ਟੀਮ ਕਰ ਰਹੀ ਸੀ।ਕੇਸਰੀ ਨਿਸ਼ਾਨ ਪੈਦਲ ਮਾਰਚ ਵਿੱਚ ਸੰਗਤ ਨੇ ਬਹੁਤ ਹੀ ਵੱਧ ਚੜ੍ਹ ਕੇ ਹਿੱਸਾ ਲਿਆ ਤੇ ਗੁਰਦੁਆਰਾ ਖਾਲਸਾ ਦੀਵਾਨ ਹਾਲ ਤੋਂ ਜੈਕਾਰਿਆਂ ਦੀ ਗੂੰਜ ਵਿੱਚ ਪੈਦਲ ਮਾਰਚ ਚੱਲਦਾ ਹੋਇਆ ਜੈਕਾਰਿਆਂ ਦੀ ਗੂੰਜ ਵਿੱਚ ਇਤਿਹਾਸਕ ਟਿਲਾ ਬਾਬਾ ਫਰੀਦ ਵਿਖੇ ਸਮਾਪਤ ਕੀਤਾ ਗਿਆ। ਇਸ ਦੌਰਾਨ ਬਾਜ ਸਿੰਘ ਖਾਲਸਾ, ਲਵਪ੍ਰੀਤ ਸਿੰਘ ਲਵੀ ਤੇ ਉਨ੍ਹਾਂ ਦੀ ਟੀਮ ਨੇ ਦਸਤਾਰਾਂ, ਦੁਮਾਲੇ ਸਜਾਉਣ ਦੀ ਸੇਵਾ ਬਹੁਤ ਹੀ ਵਧੀਆ ਤਰੀਕੇ ਨਾਲ ਨਿਭਾਈ। ਇਸ ਮੌਕੇ ਗੱਤਕਾ ਟੀਮਾਂ ਨੇ ਗੱਤਕੇ ਦੇ ਜੌਹਰ ਵਿਖਾਏ ਤੇ ਰਸਤੇ ਵਿੱਚ ਸੰਗਤਾਂ ਵੱਲੋਂ ਦੁੱਧ ਦੇ ਲੰਗਰ ਵੀ ਲਾਏ ਗਏ। ਮਾਰਚ ਵਿੱਚ ਆਏ ਨੌਜਵਾਨਾਂ ਤੇ ਬੱਚਿਆਂ ਨੇ ਕੇਸ ਰੱਖਣ ਤੇ ਦਸਤਾਰ ਸਜਾਉਣ ਦਾ ਦ੍ਰਿੜ੍ਹ ਪ੍ਰਣ ਲਿਆ। ਇਸ ਮੌਕੇ ਰੁਪਿੰਦਰ ਸਿੰਘ ਪੰਜਗਰਾਈਂ, ਸੁਖਰਾਜ ਸਿੰਘ ਨਿਆਮੀਵਾਲਾ, ਗੁਰਚਰਨ ਸਿੰਘ ਸਾਦਿਕ, ਰਣਪਿੰਦਰ ਸਿੰਘ ਗੋਲਡੀ, ਸੁਖਜਿੰਦਰ ਸਿੰਘ, ਮਨਪ੍ਰੀਤ ਸਿੰਘ ਮਣੀ ਧਾਲੀਵਾਲ, ਸ਼ਿਵਜੀਤ ਸਿੰਘ ਫਰੀਦਕੋਟ, ਸੁਖਪਾਲ ਸਿੰਘ ਮੁਮਾਰਾ, ਗੁਰਜੀਤ ਸਿੰਘ ਹੈਰੀ ਢਿੱਲੋਂ, ਗੈਰੀ ਸੰਧੂ, ਕਰਨਵੀਰ ਸਿੰਘ, ਮੰਡੀ ਬੋਰਡ ਦੇ ਚੀਫ ਇੰਜੀਨੀਅਰ ਜਤਿੰਦਰ ਸਿੰਘ ਭੰਗੂ ਵੱਲੋਂ ਵੀ ਵਿਸ਼ੇਸ਼ ਤੌਰ 'ਤੇ ਯੋਗਦਾਨ ਦਿੱਤਾ ਗਿਆ।ਅੰਤ 'ਚ ਗੁਰਸੇਵਕ ਸਿੰਘ ਭਾਣਾ ਤੇ ਪੂਰੀ ਟੀਮ ਨੇ ਆਈਆਂ ਸੰਗਤਾਂ ਦਾ ਦਿਲੋਂ ਧੰਨਵਾਦ ਕੀਤਾ।

## ਫਿਜ਼ਿਓਥਰੈਪੀ ਕੈਂਪ ਦੇ ਦੂਸਰੇ ਦਿਨ ਵੱਡੀ ਗਿਣਤੀ ਲੋਕਾਂ ਨੂੰ ਮੁਫ਼ਤ ਇਲਾਜ ਕਰਵਾਇਆ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਫਿਜ਼ਿਓਥਰੈਪੀ ਵਿਭਾਗ ਵੱਲੋਂ ਯੂਨੀਵਰਸਿਟੀ ਦੇ ਮੁੱਖ ਗੇਟ ਤੇ ਸ਼ਹੀਦੀ ਸਭਾ ਨੂੰ ਸਮਰਪਤ ਤਿੰਨ ਰੋਜ਼ਾ ਫਿਜ਼ਿਓਥਰੈਪੀ ਕੈਂਪ ਦੇ ਦੂਸਰੇ ਦਿਨ ਵੱਡੀ ਗਿਣਤੀ ਵਿੱਚ ਲੋੜਵੰਦਾਂ ਵੱਲੋਂ ਮੁਫ਼ਤ ਇਲਾਜ ਕਰਵਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਵਿਭਾਗ ਦੇ ਡੀਨ ਡਾਕਟਰ ਪੰਕਜਪ੍ਰੀਤ ਸਿੰਘ ਤੇ ਵਿਭਾਗ ਮੁਖੀ ਡਾਕਟਰ ਸੁਪ੍ਰੀਤ ਬਿੰਦਰਾ ਨੇ ਦੱਸਿਆ ਕਿ ਹੁਣ ਤੱਕ ਲਗਭਗ 400 ਤੋਂ ਵੱਧ ਇਸ ਕੈਂਪ ਤੋਂ ਲਾਹਾ ਲੈ ਚੁੱਕੇ ਹਨ। ਉਨ੍ਹਾਂ ਦੱਸਿਆ ਕਿ 2014 ਤੋਂ ਲਗਾਤਾਰ ਸ਼ਹੀਦੀ ਜੋੜ ਮੇਲ ਦੌਰਾਨ ਇਸੇ ਸਥਾਨ 'ਤੇ ਵਿਭਾਗ ਵੱਲੋਂ ਕੈਂਪ ਲਗਾਏ ਜਾਂਦੇ ਹਨ ਅਤੇ ਰੋਜ਼ਾਨਾ ਵਿਭਾਗ ਵਿਖੇ ਸੋਮਵਾਰ ਤੋਂ ਸ਼ੁੱਕਰਵਾਰ ਦੁਪਹਿਰ ਤੋਂ ਬਾਅਦ ਮਰੀਜ਼ਾਂ ਦਾ ਮੁਫ਼ਤ ਇਲਾਜ ਅਤਿ ਆਧੁਨਿਕ ਮਸ਼ੀਨਾਂ ਨਾਲ ਕੀਤਾ ਜਾਂਦਾ ਹੈ ਅਤੇ ਸਮੇਂ ਸਮੇਂ ਸਿਰ ਪਿੰਡਾਂ 'ਚ ਵੀ ਮੁਫ਼ਤ ਫਿਜਿਓਥਰੈਪੀ ਕੈਂਪ ਲਗਾਏ ਜਾਂਦੇ ਹਨ, ਜਿਨ੍ਹਾਂ ਤੋਂ ਹੁਣ ਤੱਕ ਲੱਖਾਂ ਲੋਕ ਠੀਕ ਹੋਏ ਹਨ।ਉਨ੍ਹਾਂ ਹੋਰ ਦੱਸਿਆ ਕਿ ਸਪੈਸ਼ਲ ਚਾਈਲਡਜ਼ ਦਾ ਵੀ ਇਲਾਜ ਵਿਭਾਗ ਵਿਖੇ ਮੁਫ਼ਤ ਕੀਤਾ ਜਾਂਦਾ ਹੈ, ਜਿਸ ਲਈ ਇੱਕ ਅਤੀ ਆਧੁਨਿਕ ਤਕਨਾਲੋਜੀ ਨਾਲ ਲੈਸ ਇੱਕ ਥਿਏਟਰ ਵੀ ਤਿਆਰ ਕੀਤਾ ਗਿਆ ਹੈ।ਉਨ੍ਹਾਂ ਜੋੜ ਮੇਲ ਵਿਖੇ ਪਹੁੰਚੀ ਸੰਗਤ ਨੂੰ ਅਪੀਲ ਕੀਤੀ ਕਿ ਲੋੜਵੰਦ ਸੰਗਤ ਇਸ ਲੱਗੇ ਕੈਂਪ ਦਾ ਫਾਇਦਾ ਉਠਾਉਣ।

## ਕੇਂਦਰ ਦੀਆਂ ਲੋਕਮਾਰੂ ਨੀਤੀਆਂ ਵਿਰੁੱਧ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ : ਖਿਆਲੀ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਕੇਂਦਰ ਸਰਕਾਰ ਵੱਲੋਂ ਮਨਰੇਗਾ ਕਾਨੂੰਨ ਨੂੰ ਹੌਲੇ-ਹੌਲੇ ਖ਼ਤਮ ਕਰਨ, ਬਿਜਲੀ ਬਿੱਲ ਲਿਆਉਣ ਤੇ ਚਾਰ ਨਵੇਂ ਕਿਰਤ ਕੋਡ ਲਾਗੂ ਕਰਨਾ ਗਰੀਬ ਮਜ਼ਦੂਰਾਂ ਤੇ ਕਿਸਾਨਾਂ ਦੇ ਮੂਲ ਅਧਿਕਾਰਾਂ 'ਤੇ ਸਿੱਧਾ ਹਮਲਾ ਹੈ। ਇਹ ਪ੍ਰਗਟਾਵਾ ਭਾਈ ਲਾਲੋ ਪੰਜਾਬੀ ਮੰਚ ਦੇ ਆਗੂ ਹਰਜੀਤ ਖਿਆਲੀ ਨੇ ਪਿੰਡ ਧਨੇਰ, ਕਲਾਲ ਮਾਜਰਾ, ਸਹੌਰ, ਮਾਂਗੇਵਾਲ ਵਿਖੇ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਮਨਰੇਗਾ, ਜੋ ਗਰੀਬਾਂ ਲਈ ਕਾਨੂੰਨੀ ਤੌਰ 'ਤੇ ਕੰਮ ਦਾ ਹੱਕ ਸੀ, ਉਸ ਨੂੰ ਨਵੇਂ ਨਾਂਅ ਤੇ ਨਵੀਂ ਭਾਸ਼ਾ ਹੇਠ ਕਮਜ਼ੋਰ ਕਰਕੇ ਖ਼ਤਮ ਕੀਤਾ ਜਾ ਰਿਹਾ ਹੈ।ਕੰਮ ਮੰਗਣ ਦਾ ਅਧਿਕਾਰ, ਸਮੇਂ 'ਤੇ ਭੁਗਤਾਨ ਤੇ ਸਰਕਾਰ ਦੀ ਜ਼ਿੰਮੇਵਾਰੀ, ਇਹ ਸਭ ਗੱਲਾਂ ਹੁਣ ਕਾਗਜ਼ੀ ਬਣਾ ਕੇ ਰੱਖ ਦਿੱਤੀਆਂ ਗਈਆਂ ਹਨ।ਇਹ ਸਾਫ਼ ਹੈ ਕਿ ਸਰਕਾਰ ਗਰੀਬ ਨੂੰ ਰੁਜ਼ਗਾਰ ਦੇਣ ਤੋਂ ਹੱਥ ਪਿੱਛੇ ਖਿੱਚ ਰਹੀ ਹੈ ਤੇ ਉਸ ਨੂੰ ਸਸਤਾ ਮਜ਼ਦੂਰ ਬਣਾ ਕੇ ਕਾਰਪੋਰੇਟ ਖੇਤਰ ਵੱਲ ਧੱਕਣਾ ਚਾਹੁੰਦੀ ਹੈ।ਬਿਜਲੀ ਬਿੱਲ 2025 ਦੇ ਜ਼ਰੀਏ ਬਿਜਲੀ ਵਰਗੀ ਬੁਨਿਆਦੀ ਲੋੜ ਨੂੰ ਮੰਡੀ ਦੀ ਚੀਜ਼ ਬਣਾਇਆ ਜਾ ਰਿਹਾ ਹੈ।ਉਨ੍ਹਾਂ ਮਜ਼ਦੂਰਾਂ, ਕਿਸਾਨਾਂ, ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਲਾਮਬੰਦ ਹੋ ਕੇ ਲੋਕ ਵਿਰੋਧੀ ਨੀਤੀਆਂ ਖ਼ਿਲਾਫ਼ ਸੰਘਰਸ਼ਾਂ ਦਾ ਹਿੱਸਾ ਬਨਣ।ਇਸ ਮੌਕੇ ਸੁਰਜੀਤ ਸਿੰਘ ਗੋਰਖੀ, ਜਸਵੀਰ ਸਿੰਘ ਸਹੌਰ, ਅਮਨਦੀਪ ਕੌਰ, ਪਵਨ ਕੌਰ, ਕਰਮਜੀਤ ਕੌਰ, ਨਿਰਮਲ ਸਿੰਘ, ਬਲਵੀਰ ਸਿੰਘ, ਰੀਨਾ ਬੇਗਮ, ਸਰਬਜੀਤ ਕੌਰ ਧਨੇਰ, ਗੁਰਮੇਲ ਸਿੰਘ ਆਦਿ ਹਾਜ਼ਰ ਸਨ।

## ਹੜ੍ਹ ਪੀੜਤਾਂ ਲਈ ਰਾਹਤ ਸਮੱਗਰੀ ਨਾਲ ਭਰਿਆ ਟਰੱਕ ਫਾਜ਼ਿਲਕਾ ਰਵਾਨਾ



**ਦੋਰਾਹਾ (ਹਰਮਿੰਦਰ ਸੇਠ)**-ਸ਼੍ਰੋਮਣੀ ਅਕਾਲੀ ਦਲ ਹਲਕਾ ਪਾਇਲ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਲਈ ਪਿੰਡ ਪੰਧੇਰ ਖੇੜੀ ਤੋਂ ਰਾਹਤ ਸਮੱਗਰੀ ਨਾਲ ਭਰਿਆ ਟਰੱਕ ਫਾਜ਼ਿਲਕਾ ਇਲਾਕੇ ਵੱਲ ਰਵਾਨਾ ਕੀਤਾ ਗਿਆ।ਇਸ ਟਰੱਕ ਨੂੰ ਹਲਕਾ ਪਾਇਲ ਦੇ ਇੰਚਾਰਜ ਮਨਜੀਤ ਸਿੰਘ ਮਦਨੀਪੁਰ ਦੀ ਅਗਵਾਈ ਹੇਠ ਅਤੇ ਪਾਰਟੀ ਦੇ ਸੀਨੀਅਰ ਆਗੂਆਂ ਦੀ ਹਾਜ਼ਰੀ ਵਿੱਚ ਰਵਾਨਾ ਕੀਤਾ ਗਿਆ।ਇਸ ਮੌਕੇ ਹਲਕਾ ਪਾਇਲ ਦੇ ਇੰਚਾਰਜ ਮਨਜੀਤ ਸਿੰਘ ਮਦਨੀਪੁਰ ਤੇ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਇੰਜੀਨੀਅਰ ਜਗਦੇਵ ਸਿੰਘ ਬੋਪਾਰਾਏ ਨੇ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਹੜ੍ਹਾਂ ਦੌਰਾਨ ਨਾ ਸਿਰਫ਼ ਤੁਰੰਤ ਮਦਦ ਕਰਨ ਦਾ ਐਲਾਨ ਕੀਤਾ ਗਿਆ ਸੀ, ਸਗੋਂ ਹੜ੍ਹਾਂ ਨਾਲ ਪ੍ਰਭਾਵਿਤ ਲੋਕਾਂ ਦੀ ਜ਼ਿੰਦਗੀ ਨੂੰ ਮੁੜ ਪਟੜੀ 'ਤੇ ਲਿਆਉਣ ਲਈ ਲਗਾਤਾਰ ਸਹਿਯੋਗ ਦੇਣ ਦਾ ਵੀ ਵਾਅਦਾ ਕੀਤਾ ਗਿਆ ਸੀ।ਉਸੇ ਵਾਅਦੇ ਤਹਿਤ ਹਲਕਾ ਪਾਇਲ ਵੱਲੋਂ ਇਹ ਰਾਹਤ ਸਮੱਗਰੀ ਭੇਜੀ ਗਈ ਹੈ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸਦਾ ਪੰਜਾਬ, ਪੰਜਾਬੀਅਤ ਤੇ ਪੰਜਾਬੀਆਂ ਦੇ ਹਿੱਤਾਂ ਲਈ ਕੰਮ ਕਰਦੀ ਆਈ ਹੈ ਤੇ ਸੱਤਾ ਵਿੱਚ ਰਹੇ ਜਾਂ ਨਾ ਰਹੇ, ਆਪਣੇ ਲੋਕਾਂ ਦੇ ਦੁੱਖ-ਸੁੱਖ ਵਿੱਚ ਹਮੇਸ਼ਾ ਨਾਲ ਖੜ੍ਹੀ ਰਹਿੰਦੀ ਹੈ।ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਰਘਵੀਰ ਸਿੰਘ ਸਹਾਰਨ ਮਾਜਰਾ, ਸਾਬਕਾ ਚੇਅਰਮੈਨ ਗੁਰਜੀਤ ਸਿੰਘ ਪੰਧੇਰ ਖੇੜੀ, ਕੌਮੀ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਲਾਪਰਾ, ਸਰਕਲ ਪ੍ਰਧਾਨ ਪ੍ਰਿਤਪਾਲ ਸਿੰਘ ਝੱਮਟ, ਜਗਜੀਤ ਸਿੰਘ ਦੌਲਤਪੁਰ, ਸ਼ਿਵਰਾਜ ਸਿੰਘ ਜੱਲ੍ਹਾ, ਜਗਦੇਵ ਸਿੰਘ ਦਬੁਰਜੀ, ਸਰਬਜੀਤ ਸਿੰਘ ਸੇਠੀ, ਜਸਵੀਰ ਸਿੰਘ ਨਿਜਾਮਪੁਰ ਸਮੇਤ ਹੋਰ ਆਗੂ ਤੇ ਵਰਕਰ ਹਾਜ਼ਰ ਸਨ।

## ਮੁੱਖ ਮੰਤਰੀ ਸਿਹਤ ਯੋਜਨਾ ਸਰਕਾਰ ਦੀ ਪ੍ਰਮੁੱਖ ਪਹਿਲ : ਮੰਨੂ ਬੇਨੜਾ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਆਮ ਆਦਮੀ ਪਾਰਟੀ ਦੇ ਹਲਕਾ ਮੀਡੀਆ ਕੋਆਰਡੀਨੇਟਰ ਮਨੂ ਸ਼ਰਮਾ ਬੇਨੜਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੀ ਸ਼ੁਰੂਆਤ ਸੂਬੇ ਦੇ ਲੋਕਾਂ ਨੂੰ ਇੱਕ ਵੀ ਪੈਸਾ ਖਰਚੇ ਬਿਨਾ ਵਿਆਪਕ ਸਿਹਤ ਸਹੂਲਤਾਂ ਪ੍ਰਦਾਨ ਕਰਨ ਦੀ ਦਿਸ਼ਾ ਵੱਲ ਅਹਿਮ ਕਦਮ ਹੈ। ਉਨ੍ਹਾਂ ਕਿਹਾ ਕਿ ਇਹ ਸਕੀਮ ਵਿਸ਼ਵ ਪੱਧਰੀ ਸਿਹਤ ਸੰਭਾਲ ਪ੍ਰਦਾਨ ਕਰਨ ਤੇ ਲੋਕਾਂ ਨੂੰ 10 ਲੱਖ ਰੁਪਏ ਦਾ ਨਕਦ ਰਹਿਤ ਇਲਾਜ ਯਕੀਨੀ ਬਣਾਉਣ ਪ੍ਰਤੀ ਸਰਕਾਰ ਵੱਲੋਂ ਸ਼ੁਰੂ ਕੀਤੀ ਅਹਿਮ ਪਹਿਲਕਦਮੀ ਹੈ।ਪੰਜਾਬ ਦੇਸ਼ ਦਾ ਪਹਿਲਾ ਅਜਿਹਾ ਸੂਬਾ ਹੋਵੇਗਾ ਜਿੱਥੇ ਸੂਬੇ ਦੇ ਹਰੇਕ ਪਰਿਵਾਰ ਲਈ 10 ਲੱਖ ਰੁਪਏ ਤੱਕ ਦਾ ਨਕਦ ਰਹਿਤ ਇਲਾਜ ਯਕੀਨੀ ਬਣਾਇਆ ਜਾਵੇਗਾ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸਿਹਤ ਯੋਜਨਾ ਪੰਜਾਬ ਸਰਕਾਰ ਦੀ ਇੱਕ ਪ੍ਰਮੁੱਖ ਪਹਿਲ ਹੈ, ਜਿਸ ਦਾ ਉਦੇਸ਼ ਸੂਬੇ ਦੇ ਸਾਰੇ ਯੋਗ ਵਸਨੀਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਸਬੰਧੀ ਵਿੱਤੀ ਸੁਰੱਖਿਆ ਅਤੇ ਆਸਾਨ ਪਹੁੰਚ ਪ੍ਰਦਾਨ ਕਰਨਾ ਹੈ।ਉਨ੍ਹਾਂ ਕਿਹਾ ਕਿ ਇਹ ਸਕੀਮ ਵਿਸ਼ਵ ਪੱਧਰੀ ਸਿਹਤ ਕਵਰੇਜ ਵੱਲ ਇੱਕ ਅਹਿਮ ਕਦਮ ਹੈ, ਜਿਸ ਤਹਿਤ ਹਰੇਕ ਨਾਮਜ਼ਦ ਪਰਿਵਾਰ ਪ੍ਰਤੀ ਸਾਲ 10 ਲੱਖ ਰੁਪਏ ਤੱਕ ਦਾ ਨਕਦ ਰਹਿਤ ਡਾਕਟਰੀ ਇਲਾਜ ਲੈਣ ਦਾ ਹੱਕਦਾਰ ਹੋਵੇਗਾ।

## ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ 'ਤੇ ਅਧਾਰਤ ਲਾਈਟ ਐਂਡ ਸਾਊਂਡ ਪੈਨੋਰਮਾ ਸ਼ੋਅ ਦੀ ਭਾਵਪੂਰਤ ਪੇਸ਼ਕਾਰੀ

### ਠੰਢ ਦੇ ਬਾਵਜੂਦ ਭਰਵੀਂ ਗਿਣਤੀ 'ਚ ਪੁੱਜੀ ਸੰਗਤ ਵੱਲੋਂ ਜੈਕਾਰਿਆਂ ਨਾਲ ਭਾਵੁਕਤਾ ਤੇ ਜੋਸ਼ ਦਾ ਪ੍ਰਗਟਾਵਾ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਤੇ ਪੰਜਾਬ ਆਰਟ ਥੀਏਟਰ ਦੇ ਸਹਿਯੋਗ ਨਾਲ ਇੱਥੇ ਆਮ ਖਾਸ ਬਾਗ ਵਿਖੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਦੀ ਯਾਦ ਵਿੱਚ ਸਾਲਾਨਾ ਸ਼ਹੀਦੀ ਸਭਾ-2025 ਦੀ ਪਹਿਲੀ ਸ਼ਾਮ ਕਰਵਾਏ ਲਾਈਟ ਐਂਡ ਸਾਊਂਡ ਪੈਨੋਰਮਾ 'ਸਰਬੰਸਦਾਨੀ' ਦੀ ਵਿਲੱਖਣ ਪੇਸ਼ਕਾਰੀ ਨੇ ਸੰਗਤ ਨੂੰ ਭਾਵੁਕ ਕਰ ਦਿੱਤਾ।ਹੱਡ ਚੀਰਵੀਂ ਠੰਢ ਦੇ ਬਾਵਜੂਦ ਭਰਵੀਂ ਗਿਣਤੀ 'ਚ ਪੁੱਜੀ ਸੰਗਤ ਨੇ ਜੈਕਾਰਿਆਂ ਦੀ ਗੂੰਜ ਨਾਲ ਭਾਵੁਕਤਾ ਤੇ ਜੋਸ਼ ਦਾ ਪ੍ਰਗਟਾਵਾ ਕੀਤਾ।

ਸਵਰਗੀ ਡਾ. ਹਰਚਰਨ ਸਿੰਘ ਲਾਟਾ ਵੱਲੋਂ ਲਿਖਤ ਨਾਟਕ 'ਤੇ ਅਧਾਰਤ ਤੇ ਪ੍ਰਸਿੱਧ ਨਿਰਦੇਸ਼ਕ ਤੇ ਨਿਰਮਾਤਾ ਸ੍ਰ. ਹਰਬਖ਼ਸ਼ ਸਿੰਘ ਲਾਟਾ ਦੀ ਨਿਰਦੇਸ਼ਨਾਂ ਹੇਠ ਲਾਈਟ ਐਂਡ ਸਾਊਂਡ ਸ਼ੋਅ 'ਸਰਬੰਸਦਾਨੀ' 'ਚ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹਾਦਤ, ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨੂੰ ਖ਼ੂਬਸੂਰਤੀ ਨਾਲ ਰੂਪਮਾਨ ਕੀਤਾ ਗਿਆ।ਇਸ ਲਾਈਟ ਐਂਡ ਸਾਊਂਡ ਸ਼ੋਅ ਵਿੱਚ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੁੱਚੇ ਜੀਵਨ ਦੇ ਬਿਰਤਾਂਤ, ਉਨ੍ਹਾਂ ਵੱਲੋਂ 1699 ਵਿੱਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਖ਼ਾਲਸਾ ਪੰਥ ਦੀ ਸਾਜਨਾ, ਪਰਿਵਾਰ ਵਿਛੋੜਾ, ਚਮਕੌਰ ਦੀ ਗੜ੍ਹੀ ਦੀ ਜੰਗ, ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤ, ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਗ੍ਰਿਫਤਾਰੀ ਅਤੇ ਉਨ੍ਹਾਂ ਦੀ ਸ਼ਹਾਦਤ ਤੇ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਸਰਹਿੰਦ ਦੇ ਸੂਬੇ ਨੂੰ ਸਜ਼ਾ ਦੇਣ ਦੇ ਇਤਿਹਾਸ ਨੂੰ ਆਵਾਜ਼, ਰੋਸ਼ਨੀਆਂ ਤੇ ਸੰਕੇਤਾਂ ਜ਼ਰੀਏ ਦਿਲਕਸ਼ ਤੇ ਖ਼ੂਬਸੂਰਤੀ ਨਾਲ ਸੰਗਤ ਸਾਹਮਣੇ ਰੂਪਮਾਨ ਕੀਤਾ ਗਿਆ।ਇਸ ਦੌਰਾਨ ਹਰਬਖ਼ਸ਼ ਸਿੰਘ ਲਾਟਾ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਡਾ. ਹਰਚਰਨ ਸਿੰਘ ਲਾਟਾ ਤੇ ਅਸ਼ਵਨੀ ਸਾਵਨ ਦੇ ਲਿਖੇ ਇਸ ਨਾਟਕ 'ਸਰਬੰਸਦਾਨੀ' ਨੂੰ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਪੁਰਬ ਮੌਕੇ ਗੁਰੂ ਸਾਹਿਬ ਦੇ ਜੀਵਨ ਦੇ 28 ਹਿੱਸਿਆਂ 'ਤੇ ਅਧਾਰਤ ਇਸ ਮਹਾਂਨਾਟਕ ਨੂੰ ਤਿਆਰ ਕੀਤਾ ਗਿਆ ਸੀ।

ਇਸ ਸ਼ੋਅ ਵਿੱਚ 28 ਉੱਘੇ ਤੇ ਨਿਪੁੰਨ ਕਲਾਕਾਰਾਂ ਨੇ ਹਿੱਸਾ ਲਿਆ ਹੈ ਅਤੇ ਇਸ ਦੇ ਦੇਸ਼-ਵਿਦੇਸ਼ ਵਿੱਚ ਹੁਣ ਤੱਕ 20 ਸ਼ੋਅ ਹੋ ਚੁੱਕੇ ਹਨ।

ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਿਤਾ ਡਾ. ਹਰਚਰਨ ਸਿੰਘ ਲਾਟਾ ਦੇ ਲਿਖੇ ਨਾਟਕ, ਚਮਕੌਰ ਦੀ ਗੜ੍ਹੀ, ਸਰਹਿੰਦ ਦੀ ਕੰਧ, ਜ਼ਿੰਦਾਂ ਨਿੱਕੀਆਂ ਤੇ ਜ਼ਫ਼ਰਨਾਮਾ ਵੀ ਬਹੁਤ ਮਕਬੂਲ ਹੋਏ ਹਨ।ਇਸ ਵਿੱਚ ਐੱਚ ਐੱਮ ਸਿੰਘ ਦਾ ਮਿਊਜ਼ਿਕ ਹੈ ਤੇ ਬਾਬਾ ਰਾਮ ਸਿੰਘ ਨਾਨਕਸਰ, ਸੰਤ ਅਨੂਪ ਸਿੰਘ, ਭਾਈ ਬਲਵਿੰਦਰ ਸਿੰਘ ਰੰਗੀਲਾ, ਹੰਸ ਰਾਜ ਹੰਸ, ਸਤਨਾਮ ਸਿੰਘ ਮੁੱਲਾਂਪੁਰੀ, ਵਿਕਰਮਜੀਤ ਸਿੰਘ ਸਾਹਨੀ, ਸੁਰਿੰਦਰ ਛਿੰਦਾ, ਮਹਿੰਦਰ ਕਪੂਰ ਤੇ ਭੁਪਿੰਦਰ ਸਿੰਘ ਦੀਆਂ ਅਵਾਜ਼ਾਂ ਵਿੱਚ ਸ਼ਬਦ ਤੇ ਗੀਤ ਗਾਏ ਗਏ ਹਨ।ਆਮ ਖਾਸ ਬਾਗ ਵਿਖੇ ਪੇਸ਼ ਕੀਤੇ ਗਏ ਇਸ ਸ਼ੋਅ ਦੌਰਾਨ ਹੱਡ ਚੀਰਵੀਂ ਠੰਢ ਦੇ ਬਾਵਜੂਦ ਦੂਰੋਂ-ਦੂਰੋਂ ਪੁੱਜੇ ਸ਼ਰਧਾਲੂਆਂ ਨੇ ਇਸ ਮਹਾਂਨਾਟਕ ਨੂੰ ਭਾਵੁਕਤਾ ਨਾਲ ਦੇਖਿਆ।

## ਕੈਬਨਿਟ ਮੰਤਰੀ ਸੌਂਦ ਪੈਦਲ ਯਾਤਰਾ ਕਰ ਗੁਰਦੁਆਰਾ ਸਾਹਿਬ ਹੋਏ ਨਤਮਸਤਕ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪੰਜਾਬ ਦੇ ਕੈਬਨਿਟ ਮੰਤਰੀ ਸ੍ਰ. ਤਰੁਨਪ੍ਰੀਤ ਸਿੰਘ ਸੌਂਦ ਗੁਰਦੁਆਰਾ ਸ੍ਰੀ ਸੁੱਖ ਸਾਗਰ ਸਾਹਿਬ ਖੰਨਾ ਤੋਂ ਸੰਗਤੀ ਰੂਪ 'ਚ ਪੈਦਲ ਯਾਤਰਾ ਕਰ ਕੇ ਰਤਨਹੇੜੀ, ਭਾਦਲਾ, ਡਡਹੇੜੀ ਤੇ ਡੇਰਾ ਮੀਰ ਮੀਰਾ ਹੁੰਦੇ ਹੋਏ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਦੀ ਯਾਦ ਵਿੱਚ ਹੋ ਰਹੀ ਸ਼ਹੀਦੀ ਸਭਾ ਮੌਕੇ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਪੁੱਜ ਕੇ ਨਤਮਸਤਕ ਹੋਏ।ਇਸ ਮੌਕੇ ਮੀਡੀਆ ਨਾਲ ਗੱਲਬਾਤ ਦੌਰਾਨ ਕੈਬਨਿਟ ਮੰਤਰੀ ਨੇ ਕਿਹਾ ਕਿ ਅੱਜ ਜੇਕਰ ਅਸੀਂ ਧਾਰਮਿਕ ਅਜ਼ਾਦੀ ਮਾਣ ਰਹੇ ਹਾਂ ਤਾਂ ਇਹ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਵੱਲੋਂ ਸਰਬੰਸ ਵਾਰੇ ਜਾਣ ਸਦਕਾ ਹੀ ਹੈ।ਐਨੀਆਂ ਵੱਡੀਆਂ ਸ਼ਹਾਦਤਾਂ ਦੀ ਮਿਸਾਲ ਦੁਨੀਆ ਵਿੱਚ ਹੋਰ ਕਿਤੇ ਨਹੀਂ ਮਿਲਦੀ।ਉਨ੍ਹਾਂ ਕਿਹਾ ਕਿ ਉਹ ਗੁਰੂ ਸਾਹਿਬ ਅੱਗੇ ਅਰਦਾਸ ਕਰਨ ਆਏ ਹਨ ਕਿ ਪੰਜਾਬ ਪੂਰੀ ਤਰ੍ਹਾਂ ਨਸ਼ਾ ਮੁਕਤ ਹੋਵੇ ਤੇ ਐਨੀ ਚੜ੍ਹਦੀਕਲਾ ਹੋਵੇ ਕਿ ਜਿਵੇਂ ਪਹਿਲਾਂ ਸੂਬਾ ਪੰਜਾਬ, ਦੇਸ਼ ਵਿੱਚੋਂ ਪਹਿਲੇ ਨੰਬਰ ਉੱਤੇ ਹੁੰਦਾ ਸੀ, ਓਵੇਂ ਮੁੜ ਪਹਿਲੇ ਨੰਬਰ ਉੱਤੇ ਜਾਵੇ।ਉਨ੍ਹਾਂ ਕਿਹਾ ਕਿ ਉਹ ਜੱਥੇ ਦੇ ਰੂਪ ਵਿੱਚ ਅਰਦਾਸ ਕਰ ਕੇ ਗੁਰਦੁਆਰਾ ਸ੍ਰੀ ਸੁਖ ਸਾਗਰ ਸਾਹਿਬ ਖੰਨਾ ਤੋਂ ਤੁਰੇ ਸਨ ਤੇ ਜੱਥਾ ਪੂਰੀ ਚੜ੍ਹਦੀਕਲਾ ਵਿੱਚ ਸ੍ਰੀ ਫਤਹਿਗੜ੍ਹ ਸਾਹਿਬ ਦੀ ਪਵਿੱਤਰ ਧਰਤੀ ਉੱਤੇ ਪੁੱਜਿਆ ਹੈ।ਕੈਬਨਿਟ ਮੰਤਰੀ ਨੇ ਸੰਗਤ ਨੂੰ ਬੇਨਤੀ ਕੀਤੀ ਕਿ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀਆਂ ਸ਼ਹਾਦਤਾਂ ਨੂੰ ਸਦਾ ਮਨਾਂ ਵਿੱਚ ਵਸਾ ਕੇ ਰੱਖਦੇ ਹੋਏ ਸਮਾਜ ਸੇਵਾ ਦੇ ਕਾਰਜ ਕੀਤੇ ਜਾਣ।ਇਸ ਮੌਕੇ ਵੱਖ-ਵੱਖ ਅਧਿਕਾਰੀਆਂ ਸਮੇਤ ਵੱਡੀ ਗਿਣਤੀ ਸੰਗਤ ਹਾਜ਼ਰ ਸੀ।

## ਭ੍ਰਿਸ਼ਟਾਚਾਰ, ਗੈਂਗਸਟਰਵਾਦ ਤੇ ਨਸ਼ਾ ਤਸਕਰੀ ਨੂੰ ਰੋਕਣ ਲਈ ਪੰਜਾਬ 'ਚ ਪੰਥਕ ਸਰਕਾਰ ਜ਼ਰੂਰੀ : ਰਣਸੀਂਹ

**ਯੂਨਾਈਟਡ ਅਕਾਲੀ ਦਲ ਵੱਲੋਂ ਧਰਮਕੋਟ ਸ਼ਹਿਰੀ ਵਰਕਰਾਂ ਨਾਲ ਮੀਟਿੰਗ**



**ਮੋਗਾ (ਇਕਬਾਲ ਸਿੰਘ ਖਹਿਰਾ)**-ਯੂਨਾਈਟਡ ਅਕਾਲੀ ਦਲ ਵੱਲੋਂ ਧਰਮਕੋਟ ਸ਼ਹਿਰੀ ਵਰਕਰਾਂ ਦੀ ਮੀਟਿੰਗ ਕੀਤੀ ਗਈ, ਜਿਸ ਦੀ ਪ੍ਰਧਾਨਗੀ ਯੂਨਾਈਟਡ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਜਥੇਦਾਰ ਬੂਟਾ ਸਿੰਘ ਰਣਸੀਂਹ ਨੇ ਕੀਤੀ।

ਉਨ੍ਹਾਂ ਵਰਕਰਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਜਿਸ ਤਰ੍ਹਾਂ ਕਿ ਕੁਝ ਦਿਨ ਪਹਿਲਾਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਹੋਈਆਂ ਹਨ, ਜਿਸ ਵਿੱਚ 48% ਪੋਲ ਹੋਈ ਹੈ ਤੇ 52% ਲੋਕਾਂ ਨੇ ਆਪਣੀ ਵੋਟ ਦੀ ਵਰਤੋਂ ਨਹੀਂ ਕੀਤੀ ਜੋ ਕਿ ਵੋਟਰ ਹੁਣ ਤੱਕ ਸੱਤਾ ਵਿੱਚ ਰਹਿ ਚੁੱਕੀਆਂ ਸਰਕਾਰਾਂ ਤੋਂ ਦੁਖੀ ਹਨ।ਉਨ੍ਹਾਂ ਕਿਹਾ ਕਿ ਅਸੀਂ ਹਮ-ਮਸ਼ਵਰਾ ਪਾਰਟੀਆਂ ਬਾਦਲ ਧੜੇ ਨੂੰ ਛੱਡ ਕੇ ਦੂਜੇ ਅਕਾਲੀ ਦਲਾਂ ਨੂੰ ਇਕੱਤਰ ਕਰਕੇ 2027 ਦੇ ਵਿੱਚ ਪੰਜਾਬ ਅੰਦਰ ਪੰਥ ਦੀ ਸਰਕਾਰ ਬਣਾ ਕੇ ਪੰਜਾਬ ਨੂੰ ਆਰਥਿਕ ਸੰਕਟ 'ਚੋਂ ਕੱਢਾਂਗੇ ਤੇ ਪੰਜਾਬ ਦੀ ਨੌਜਵਾਨੀ ਲਈ ਇੱਥੇ ਰੋਜ਼ਗਾਰ ਪੈਦਾ ਕਰਾਂਗੇ ਅਤੇ ਪੰਜਾਬ ਅੰਦਰ ਜ਼ੋਰਾਂ ਉੱਪਰ ਚੱਲ ਰਹੇ ਭ੍ਰਿਸ਼ਟਾਚਾਰ ਨੂੰ ਖਤਮ ਕਰਾਂਗੇ ਅਤੇ ਪੰਜਾਬ ਵਿੱਚ ਗੈਂਗਸਟਰਵਾਦ ਤੇ ਨਸ਼ੇ ਦੀ ਜੜ੍ਹ ਪੁੱਟ ਦੇਵਾਂਗੇ। ਉਨ੍ਹਾਂ 2027 ਵਿੱਚ ਆ ਰਹੀਆਂ ਚੋਣਾਂ ਵਾਸਤੇ ਪਾਰਟੀ ਦੇ ਅਹੁਦੇਦਾਰਾਂ ਨੂੰ ਜਥੇਬੰਦਕ ਕੀਤਾ।ਇਸ ਮੀਟਿੰਗ ਵਿੱਚ ਭਾਈ ਸੁਖਵਿੰਦਰ ਸਿੰਘ ਧਰਮਕੋਟ, ਭਾਈ ਸੋਹਨ ਸਿੰਘ ਧਰਮਕੋਟ, ਜਥੇਦਾਰ ਕਰਤਾਰ ਸਿੰਘ, ਜਥੇਦਾਰ ਪਿਸ਼ੌਰਾ ਸਿੰਘ, ਭਾਈ ਸੁਖਜਿੰਦਰ ਸਿੰਘ, ਜਥੇਦਾਰ ਮੁਖਤਿਆਰ ਸਿੰਘ, ਜਥੇਦਾਰ ਹਰਨੇਕ ਸਿੰਘ ਧਰਮਕੋਟ, ਜਥੇਦਾਰ ਅਜੈਬ ਸਿੰਘ, ਭਾਈ ਗੁਰਲਾਭ ਸਿੰਘ ਧਰਮਕੋਟ, ਜਥੇਦਾਰ ਸੁਖਦੇਵ ਸਿੰਘ ਧਰਮਕੋਟ, ਜਥੇਦਾਰ ਗੁਰਮੇਲ ਸਿੰਘ ਧਰਮਕੋਟ, ਭਾਈ ਬੂਟਾ ਸਿੰਘ ਧਰਮਕੋਟ, ਜਥੇਦਾਰ ਮਾਨ ਸਿੰਘ, ਭਾਈ ਜਗਜੀਤ ਸਿੰਘ ਧਰਮਕੋਟ, ਜਥੇਦਾਰ ਪਿਆਰਾ ਸਿੰਘ ਤੇ ਭਾਈ ਯੋਧਵੀਰ ਸਿੰਘ ਆਦਿ ਹਾਜ਼ਰ ਸਨ।

## ਮੋਟਰਸਾਈਕਲ ਮਾਰਚ 4 ਨੂੰ

**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਸੁਨਾਮ ਦੀ ਮੀਟਿੰਗ ਬਲਾਕ ਪ੍ਰਧਾਨ ਜਸਵੰਤ ਸਿੰਘ ਤੋਲਾਵਾਲ ਦੀ ਅਗਵਾਈ ਹੇਠ ਹੋਈ। ਇਸ ਮੌਕੇ ਆਗੂਆਂ ਨੇ ਕਿਹਾ ਕਿ ਜੋ ਕੇਂਦਰ ਵੱਲੋਂ ਕਾਲੇ ਕਾਨੂੰਨ ਲਿਆਉਣ ਦੀ ਤਿਆਰੀ ਕੀਤੀ ਜਾ ਰਹੀ ਹੈ, ਇਨ੍ਹਾਂ ਕਾਲੇ ਕਨੂੰਨਾਂ ਵਿੱਚ ਬਿਜਲੀ ਸੋਧ ਬਿਲ 2025, ਸੀਡ ਬੀਜ਼ ਬਿੱਲ, ਲੇਬਰ ਕੋਡ ਆਦਿ ਸ਼ਾਮਲ ਹਨ, ਇਹ ਕਾਨੂੰਨ ਕਿਸੇ ਵੀ ਕੀਮਤ ਤੇ ਲਾਗੂ ਨਹੀਂ ਹੋਣ ਦਿੱਤੇ ਜਾਣਗੇ। ਇਸ ਲਈ 4 ਜਨਵਰੀ 2026 ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਸਨਾਮ ਬਲਾਕ ਵਿੱਚ ਮੋਟਰਸਾਈਕਲ ਮਾਰਚ ਕੀਤੇ ਜਾਣਗੇ। ਇਸ ਮੌਕੇ ਰਾਮਸਰਨ ਸਿੰਘ ਉਗਰਾਹਾਂ, ਸੁਖਪਾਲ ਮਾਣਕ ਕਣਕਵਾਲ, ਪਾਲ ਸਿੰਘ ਦੌਲੇਵਾਲਾ, ਲਾਲੀ ਸਿੰਘ ਦੌਲੇਵਾਲਾ ਤੇ ਜੀਤ ਸਿੰਘ ਗੰਢੂਆਂ ਆਦਿ ਹਾਜ਼ਰ ਸਨ।

## ਐੱਮ ਏ ਐੱਮ ਸਕੂਲ ਦਾ ਯੂਥ ਫਿਲਮ ਫੈਸਟੀਵਲ 'ਚ ਸ਼ਾਨਦਾਰ ਪ੍ਰਦਰਸ਼ਨ




**ਸਮਰਾਲਾ (ਸੁਰਜੀਤ ਸਿੰਘ)**-ਸਥਾਨਕ ਮੈਕਸ ਆਰਥਰ ਮੈਕਾਲਿਫ ਪਬਲਿਕ ਸਕੂਲ ਦੇ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਦੀ ਇੱਕ ਟੀਮ ਨੇ ਚੰਡੀਗੜ੍ਹ ਵਿਖੇ ਆਯੋਜਿਤ ਗਲੋਬਲ ਯੂਥ ਫਿਲਮ ਫੈਸਟੀਵਲ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ।ਗਲੋਬਲ ਯੂਥ ਫਿਲਮ ਫੈਸਟੀਵਲ ਨੌਜਵਾਨ ਫਿਲਮ ਨਿਰਮਾਤਾਵਾਂ ਲਈ ਆਪਣੀ ਪ੍ਰਤਿਭਾ ਦਿਖਾਉਣ, ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨ ਤੇ ਕਲਾ ਦੇ ਖੇਤਰ ਦੇ ਮਾਹਰਾਂ ਤੋਂ ਸਿੱਖਣ ਲਈ ਇੱਕ ਪ੍ਰਮੁੱਖ ਪਲੇਟਫਾਰਮ ਹੈ।ਤਕਨੀਕੀ ਖੇਤਰ ਵਿੱਚ ਆਧੁਨਿਕ ਕਾਢਾਂ ਵਿਸ਼ੇ ਨਾਲ ਸੰਬੰਧਤ ਫਿਲਮ ਬਦਲਾਅ ਸ਼ੁਰੂ ਇੱਕ ਉੱਚ-ਗੁਣਵੱਤਾ ਤੇ ਆਕਰਸ਼ਕ ਸਮੱਗਰੀ ਤਿਆਰ ਕਰਨ ਲਈ ਵਿਦਿਆਰਥੀਆਂ ਦੀ ਯੋਗਤਾ ਦਾ ਪ੍ਰਦਰਸ਼ਨ ਕਰਦੀ ਹੈ।ਵਿਦਿਆਰਥੀਆਂ ਵੱਲੋਂ ਤਿਆਰ ਕੀਤੀ ਗਈ ਫ਼ਿਲਮ ਦਾ ਵਿਸ਼ਾ ਪਰਿਆਵਰਨ-ਮਿੱਤਰ ਟਾਈਲਾਂ ਦੀ ਵਰਤੋਂ ਨੂੰ ਉਤਸ਼ਾਹਤ ਕਰਨਾ ਸੀ, ਜੋ ਕਿ ਟਿਕਾਊ ਵਿਕਾਸ ਲਕਸ਼-11 ਦੇ ਉਦੇਸ਼ ਨੂੰ ਭਲੀ-ਭਾਂਤ ਉਜਾਗਰ ਕਰਦੇ ਹੋਏ ਸਮਾਜ ਲਈ ਇੱਕ ਮਜ਼ਬੂਤ ਤੇ ਪ੍ਰਭਾਵਸ਼ਾਲੀ ਸੰਦੇਸ਼ ਪ੍ਰਦਾਨ ਕਰਦਾ ਹੈ।ਸਮੁੱਚੀ ਟੀਮ ਵਿੱਚ ਜਸਮੀਤ ਸਿੰਘ, ਆਲਾ ਸਿੰਘ, ਮਾਨਵਜੋਤ ਸਿੰਘ, ਜਸਕਰਨ ਸਿੰਘ ਸਿੱਧੂ, ਕੁਲਰਾਜ ਸਿੰਘ, ਇੱਕਜੋਤ ਮਾਂਗਟ, ਸਮਰਦੀਪ ਸਿੰਘ, ਜਿਹਾਨ ਵਰਮਾ, ਮਨਰਾਜ ਸਿੰਘ ਬਰਮ, ਰਣਵੀਰ ਸਿੰਘ, ਰਿਸ਼ਵ, ਭੁਵੰਸ਼ ਵਰਮਾ, ਹਰਜਿੰਦਰ ਕੌਰ, ਏਵਲੀਨ ਕੌਰ, ਤਵਨੀਤ ਕੌਰ, ਗੁਰਏਂਜਲ ਕੌਰ, ਗੁਰਸਿਮਰ ਕੌਰ ਤੇ ਅਰਸ਼ਨੂਰ ਕੌਰ ਵਿਦਿਆਰਥੀ ਕਲਾਕਾਰ ਸ਼ਾਮਲ ਸਨ।ਸਕੂਲ ਅਧਿਆਪਕਾ ਜਸਦੀਪ ਕੌਰ ਦੁਆਰਾ ਫਿਲਮ ਨਿਰਮਾਣ ਪ੍ਰਕਿਰਿਆ ਦੌਰਾਨ ਯੋਗ ਦਿਸ਼ਾ ਨਿਰਦੇਸ਼, ਮਾਰਗਦਰਸ਼ਨ ਤੇ ਲੋੜੀਂਦੀ ਸਹਾਇਤਾ ਪ੍ਰਦਾਨ ਕੀਤੀ ਗਈ।ਸਕੂਲ ਪ੍ਰਿੰਸੀਪਲ ਡਾ. ਮੋਨਿਕਾ ਮਲਹੋਤਰਾ ਨੇ ਵਿਦਿਆਰਥੀਆਂ ਦੁਆਰਾ ਕੀਤੀ ਸਰਗਰਮ ਸ਼ਮੂਲੀਅਤ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਉਨ੍ਹਾਂ ਦੇ ਸਕੂਲ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ ਕਿ ਸਕੂਲ ਦੇ ਬੱਚਿਆਂ ਵੱਲੋਂ ਬਣਾਈ ਇਹ ਫਿਲਮ ਜਿੱਥੇ ਜਲਦੀ ਹੀ ਓ ਟੀ ਟੀ ਪਲੇਟਫਾਰਮ ਦਾ ਹਿੱਸਾ ਬਣੇਗੀ, ਉਥੇ ਹੀ ਫਿਲਮ ਦਾ ਨਿਰਮਾਣ ਸਕੂਲ ਦੁਆਰਾ ਵਿਦਿਆਰਥੀਆਂ ਵਿੱਚ ਸਿਰਜਣਾਤਮਕਤਾ, ਨਵੀਨਤਾ ਤੇ ਉੱਤਮਤਾ ਨੂੰ ਉਤਸ਼ਾਹਤ ਕਰਨ 'ਤੇ ਜ਼ੋਰ ਦੇਣ ਦੀ ਇੱਕ ਸ਼ਾਨਦਾਰ ਉਦਾਹਰਨ ਵਜੋਂ ਵੀ ਉੱਭਰ ਕੇ ਸਾਹਮਣੇ ਆਉਂਦਾ ਹੈ।ਇਸ ਮੌਕੇ ਸਕੂਲ ਮੈਨੇਜਮੈਂਟ ਵੱਲੋਂ ਵੀ ਸਮੁੱਚੀ ਟੀਮ ਨੂੰ ਸ਼ੁੱਭ-ਕਾਮਨਾਵਾਂ ਦਿੰਦਿਆਂ ਉਨ੍ਹਾਂ ਦੇ ਉੱਜਲੇ ਭਵਿੱਖ ਦੀ ਕਾਮਨਾ ਕੀਤੀ ਗਈ।

## ਸ਼ਹੀਦ ਊਧਮ ਸਿੰਘ ਦਾ ਜਨਮ ਦਿਹਾੜਾ ਇਨਕਲਾਬੀ ਸਮਾਗਮ ਕਰਕੇ ਮਨਾਇਆ



**ਜਲਾਲਾਬਾਦ (ਜੀਤ ਕੁਮਾਰ)**-ਸ਼ਹੀਦ ਊਧਮ ਸਿੰਘ ਯਾਦਗਰ ਸਭਾ (ਰਜਿ.) ਜਲਾਲਾਬਾਦ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਦੇਸ਼ ਦੇ ਆਜ਼ਾਦੀ ਸੰਗਰਾਮ ਦੇ ਮਹਾਨ ਯੋਧੇ ਸ਼ਹੀਦ ਊਧਮ ਸਿੰਘ ਉਰਫ ਰਾਮ ਮੁਹੰਮਦ ਸਿੰਘ ਆਜ਼ਾਦ ਦਾ ਜਨਮ ਦਿਹਾੜਾ ਇਨਕਲਾਬੀ ਸਮਾਗਮ ਕਰਕੇ ਮਨਾਇਆ ਗਿਆ। ਇਸ ਸਬੰਧੀ ਸਥਾਨਕ ਸ਼ਹੀਦ ਊਧਮ ਸਿੰਘ ਪਾਰਕ ਵਿਖੇ ਸਭਾ ਦੇ ਪ੍ਰਧਾਨ ਪ੍ਰੇਮ ਪ੍ਰਕਾਸ਼ ਥਿੰਦ ਦੀ ਅਗਵਾਈ ਹੇਠ ਇਨਕਲਾਬ ਸਮਾਗਮ ਕੀਤਾ ਗਿਆ। ਸਭਾ ਦੇ ਅਹੁਦੇਦਾਰਾਂ, ਮੈਂਬਰਾਂ ਤੇ ਹੋਰ ਮਹਾਨ ਸ਼ਖ਼ਸੀਅਤਾਂ ਨੇ ਇਸ ਦੇ ਪਹਿਲਾਂ ਸਥਾਨਕ ਸ਼ਹੀਦ ਊਧਮ ਸਿੰਘ ਦੇ ਕੱਦ-ਏ-ਬੁੱਤ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ, ਜਿਸ ਦੇ ਬਾਅਦ ਪਾਰਕ ਵਿੱਚ ਇਨਕਲਾਬ ਸਮਾਗਮ ਕੀਤਾ ਗਿਆ। ਇਸ ਮੌਕੇ ਕ੍ਰਾਂਤੀ ਕਲਾ ਮੰਚ ਮੋਗਾ ਤੋਂ ਬਲਜੀਤ ਸਿੰਘ ਤੇ ਉਸ ਦੀ ਟੀਮ ਵਿੱਚ ਸ਼ਾਮਲ ਸਾਥੀਆਂ ਵੱਲੋਂ ਇਨਕਲਾਬੀ ਨਾਟਕ ਤੇ ਕੋਰਿਓਗ੍ਰਾਫੀਆਂ ਪੇਸ਼ ਕੀਤੀਆਂ ਗਈਆਂ। ਇਸ ਮੌਕੇ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਨੇ ਹਿੱਸਾ ਲਿਆ ਤੇ ਮਹਾਨ ਸ਼ਹੀਦਾਂ ਪ੍ਰਤੀ ਆਪਣੇ ਵਿਚਾਰ ਪੇਸ਼ ਕਰਦਿਆਂ ਉਨ੍ਹਾਂ ਦੀ ਸ਼ਹਾਦਤ ਨੂੰ ਯਾਦ ਕੀਤਾ ਗਿਆ। ਸਭਾ ਦੇ ਪ੍ਰਧਾਨ ਪ੍ਰੇਮ ਪ੍ਰਕਾਸ਼ ਥਿੰਦ ਨੇ ਸ਼ਹੀਦ ਊਧਮ ਸਿੰਘ ਦੀ ਜੀਵਨੀ ਬਾਰੇ ਸੰਖੇਪ ਵਿੱਚ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਭਾਰਤੀ ਆਜ਼ਾਦੀ ਸੰਗਰਾਮ ਦੇ ਮਹਾਨ ਯੋਧੇ ਸ਼ਹੀਦ ਊਧਮ ਸਿੰਘ ਉਰਫ਼ ਰਾਮ ਮੁਹੰਮਦ ਸਿੰਘ ਆਜ਼ਾਦ ਨੇ 13 ਅਪ੍ਰੈਲ 1919 ਨੂੰ ਵਿਸਾਖੀ ਵਾਲੇ ਦਿਨ ਜਲ੍ਹਿਆਂਵਾਲਾ ਬਾਗ ਵਿੱਚ ਵਾਪਰੇ ਖ਼ੂਨੀ ਕਾਂਡ ਵਿੱਚ ਹਜ਼ਾਰਾਂ ਬੇਦੋਸ਼ੇ ਭਾਰਤੀਆਂ ਦੇ ਕਤਲੇਆਮ ਦਾ ਬਦਲਾ 13 ਮਾਰਚ 1940 ਨੂੰ ਲੰਡਨ ਦੇ ਕੈਕਸਟਨ ਹਾਲ ਵਿੱਚ ਜਾ ਕੇ ਲਿਆ ਅਤੇ 31 ਜੁਲਾਈ 1940 ਨੂੰ ਪੈਂਟਨਵਿਲੇ ਜੇਲ੍ਹ ਵਿੱਚ ਹੱਸ-ਹੱਸ ਕੇ ਫਾਂਸੀ ਦਾ ਰੱਸਾ ਚੁੰਮ ਲੈਣ ਵਾਲੇ ਕ੍ਰਾਂਤੀਕਾਰੀ ਹਨ। ਇਸ ਮੌਕੇ ਸਭਾ ਦੇ ਸਰਪ੍ਰਸਤ ਫੁੰਮਣ ਸਿੰਘ ਕਾਠਗੜ੍ਹ ਤੇ ਜਨਰਲ ਸਕੱਤਰ ਤੇਜਪਾਲ ਸਿੰਘ ਨੇ ਦੱਸਿਆ ਕਿ ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ, ਇਨ੍ਹਾਂ ਵੱਲੋਂ ਦਿੱਤੀਆਂ ਸ਼ਹੀਦੀਆਂ ਨਾਲ ਹੀ ਅੱਜ ਅਸੀਂ ਆਪਣੇ ਅਧਿਕਾਰਾਂ ਦੀ ਵਰਤੋਂ ਕਰ ਰਹੇ ਹਾਂ ਨਹੀਂ ਤਾਂ ਅੱਜ ਆਪਾਂ ਉਨ੍ਹਾਂ ਅੰਗਰੇਜ਼ਾਂ ਦੇ ਗੁਲਾਮ ਹੁੰਦੇ, ਜਿਨ੍ਹਾਂ ਨੇ ਲੰਮਾਂ ਸਮਾਂ ਭਾਰਤ 'ਤੇ ਰਾਜ ਕੀਤਾ। ਅੱਜ ਦੀ ਨੌਜਵਾਨ ਪੀੜ੍ਹੀ ਨੂੰ ਸ਼ਹੀਦਾਂ ਦੇ ਦੱਸੇ ਕਦਮਾਂ 'ਤੇ ਚੱਲ ਕੇ ਦੇਸ਼ ਦਾ ਭਲਾ ਕੀਤਾ ਜਾ ਸਕਦਾ ਹੈ। ਹੁਣ ਫਿਰ ਸਾਮਰਾਜ ਦਾ ਭਾਰਤ ਵਿੱਚ ਬੋਲਬਾਲਾ ਵਧਦਾ ਜਾ ਰਿਹਾ ਹੈ, ਜਿਸ ਨਾਲ ਦੇਸ਼ ਵਿੱਚ ਬੇਰੁਜ਼ਗਾਰੀ ਤੇ ਭੁੱਖਮਰੀ ਵਧਣ ਦੇ ਆਸਾਰ ਹਨ। ਇਸ ਲਈ ਸਾਨੂੰ ਸ਼ਹੀਦਾਂ ਦੀ ਵਿਚਾਰਧਾਰਾ ਵਾਲਾ ਸਮਾਜ ਸਿਰਜਣ ਤੇ ਉਨ੍ਹਾਂ ਦੇ ਸੁਪਨਿਆਂ ਨੂੰ ਸਕਾਰ ਕਰਨ ਲਈ ਹਰ ਘਰ, ਹਰ ਪਿੰਡ ਵਿੱਚ ਸਮਾਗਮ ਕਰਵਾਏ ਜਾਣ ਦੀ ਮੁੱਖ ਲੋੜ ਹੈ। ਇਸ ਸਮਾਗਮ ਵਿੱਚ ਸਾਬਕਾ ਮੰਤਰੀ ਹੰਸ ਰਾਜ ਜੋਸਨ ਤੋਂ ਇਲਾਵਾ ਵੱਖ ਵੱਖ ਬੁਲਾਰਿਆਂ ਸਭਾ ਦੇ ਸੀਨੀ. ਮੀਤ ਪ੍ਰਧਾਨ ਪ੍ਰੇਮ ਥਿੰਦ, ਭਗਵਾਨ ਦਾਸ ਰਿਟਾ. ਬੀ.ਪੀ.ਓ, ਪ੍ਰੇਮ ਕੁਮਾਰ, ਬਲਦੇਵ ਰਾਜ ਭੜੋਲੀ ਵਾਲਾ, ਕ੍ਰਿਸ਼ਨ ਬਲਦੇਵ, ਹਰੀਸ਼ ਬੱਟੀ, ਰਕੇਸ਼ ਹਾਂਡਾ, ਸੋਹਨ ਲਾਲ ਮਨੀਮ, ਗੁਰਚਰਨ ਸਿੰਘ ਲਹੌਰੀਆ, ਅਸ਼ੋਕ ਕੁਮਾਰ ਖਜ਼ਾਨਚੀ, ਕਿਸਾਨ ਆਗੂ ਗੁਰਵਿੰਦਰ ਸਿੰਘ ਮੰਨੇਵਾਲਾ, ਡਾ. ਅਮੋਲਕ ਕੰਬੋਜ, ਓ. ਪ੍ਰਕਾਸ਼ ਬੀ.ਪੀ.ਓ., ਮੱਖਣ ਲਾਲ, ਸੁਖਦੇਵ ਸਿੰਘ, ਪਰਮਜੀਤ ਸਿੰਘ ਸੋਹਨਾ ਸਾਂਦੜ, ਸਾਗਰ ਖੰਨਾ, ਰਤਨ ਲਾਲ, ਡਾ. ਬਲਵਿੰਦਰ ਸਿੰਘ ਢਾਬਾਂ ਨੇ ਵਿਚਾਰ ਪੇਸ਼ ਕੀਤੇ।



**ਦੁਕਾਨਾਂ ਅੱਗੇ ਪਿਆ ਸਾਮਾਨ ਬਣ ਰਿਹਾ ਟ੍ਰੈਫਿਕ ਦਾ ਵੱਡਾ ਕਾਰਨ ਦੁਕਾਨਦਾਰਾਂ ਵੱਲੋਂ ਦੁਕਾਨਾਂ ਅੱਗੇ ਸਾਮਾਨ ਲਾ ਕੇ ਟ੍ਰੈਫਿਕ ਨਿਯਮਾਂ ਨੂੰ ਛਿੱਕੇ ਟੰਗਿਆ ਜਾ ਰਿਹਾ। ਇਸ ਸੰਬੰਧੀ ਨਿਹਾਲ ਸਿੰਘ ਵਾਲਾ ਦੇ ਈ ਓ ਨਾਲ ਸੰਪਰਕ ਕਰਨ 'ਤੇ ਉਹਨਾਂ ਨੇ ਕਿਹਾ ਕਿ ਦੁਕਾਨਾਂ ਅੱਗੇ ਸਾਮਾਨ ਨੂੰ ਚੁੱਕਣ ਦਾ ਭਰੋਸਾ ਦਿੱਤਾ।** (ਫੋਟੋ ਤੇ ਵੇਰਵਾ : ਲਵਲੀ ਕੁਮਾਰ, ਨਿਹਾਲ ਸਿੰਘ ਵਾਲਾ)

# ਬਰਾਮਦਗੀ ਦੌਰਾਨ ਗੋਲੀ ਚਲਾਉਣ ਵਾਲਾ ਮੁਲਜ਼ਮ ਜਵਾਬੀ ਕਾਰਵਾਈ 'ਚ ਜ਼ਖ਼ਮੀ

ਛੇਹਰਟਾ/ਖਾਸਾ (ਮਨੋਜ ਕੁਮਾਰ/ਸ਼ਸ਼ਪਾਲ ਸਿੰਘ)- ਛੇਹਰਟਾ ਇਲਾਕੇ ਵਿਚ ਵਾਪਰੀ ਗੋਲੀਬਾਰੀ ਦੀ ਘਟਨਾ ਵਿਚ ਸ਼ਾਮਲ ਮੁੱਖ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ ਜਦੋਂ ਪੁਲਸ ਹਥਿਆਰ ਬਰਾਮਦਗੀ ਲਈ ਲੈ ਜਾ ਰਹੀ ਸੀ ਤਾਂ ਉਸ ਨੇ ਪੁਲਸ 'ਤੇ ਗੋਲੀ ਚਲਾ ਦਿੱਤੀ। ਪੁਲਸ ਵੱਲੋਂ ਕੀਤੀ ਗਈ ਜਵਾਬੀ ਕਾਰਵਾਈ ਵਿੱਚ ਮੁਲਜ਼ਮ ਦੀ ਲੱਤ ਵਿੱਚ ਗੋਲੀ ਲੱਗਣ ਤੋਂ ਬਾਅਦ ਜ਼ਖ਼ਮੀ ਹੋ ਗਿਆ। ਜ਼ਿਕਰਯੋਗ ਹੈ ਕਿ 22 ਦਸੰਬਰ ਨੂੰ ਸ਼ਿਕਾਇਤਕਰਤਾ ਜਸਪਾਲ ਸਿੰਘ, ਗੁਰੂ ਰਾਮਦਾਸ ਕਾਲੋਨੀ, ਛੇਹਰਟਾ ਆਪਣੇ ਦੋਸਤ ਸਿਮਰਜੀਤ ਦੀ ਦੁਕਾਨ 'ਤੇ ਮੌਜੂਦ ਸੀ। ਇਸ ਦੌਰਾਨ ਪੁਰਾਣੀ ਰੰਜਿਸ਼ ਕਾਰਨ ਅੰਮ੍ਰਿਤਪਾਲ ਸਿੰਘ ਉਰਫ਼ ਰੌਣੀ, ਹਰਪ੍ਰੀਤ ਸਿੰਘ ਉਰਫ਼ ਹੈਪੀ ਨਿਆਣਾ ਮੌਕੇ 'ਤੇ ਪੁੱਜੇ। ਹਰਪ੍ਰੀਤ ਸਿੰਘ ਉਰਫ਼ ਹੈਪੀ ਨਿਆਣਾ ਗੱਡੀ ਚਲਾ ਰਿਹਾ ਸੀ, ਜਦੋਂ ਕਿ ਅੰਮ੍ਰਿਤਪਾਲ ਸਿੰਘ ਉਰਫ਼ ਰੌਣੀ ਨੇ ਪਿਸਤੌਲ ਨਾਲ ਸ਼ਿਕਾਇਤਕਰਤਾ 'ਤੇ ਦੋ ਗੋਲੀਆਂ ਚਲਾਈਆਂ, ਜੋ ਉਸਦੀਆਂ ਲੱਤਾਂ 'ਤੇ ਲੱਗੀਆਂ। ਸ਼ਿਕਾਇਤਕਰਤਾ ਨੇ ਨੇੜਲੇ ਘਰ ਦੇ ਅੰਦਰ ਪਨਾਹ ਲੈ ਕੇ ਆਪਣੀ ਜਾਨ ਬਚਾਈ। ਇਸ ਸਬੰਧ ਵਿਚ ਮਾਮਲਾ ਥਾਣਾ ਛੇਹਰਟਾ ਵਿਚ ਦਰਜ ਕੀਤਾ ਗਿਆ। ਜਾਂਚ ਦੌਰਾਨ ਅੰਮ੍ਰਿਤਪਾਲ ਸਿੰਘ ਉਰਫ਼ ਰੌਣੀ, ਵਾਸੀ ਨਰਾਇਣਗੜ੍ਹ, ਛੇਹਰਟਾ (ਮੌਜੂਦਾ ਸਮੇਂ ਕਾਲੇ ਘਣੂਪੁਰ, ਅੰਮ੍ਰਿਤਸਰ ਵਿਖੇ ਰਹਿੰਦਾ ਹੈ) ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਏ.ਐੱਸ. ਆਈ. ਤਲਵਿੰਦਰ ਸਿੰਘ ਦੀ ਅਗਵਾਈ ਹੇਠ ਮਹਿੰਦੀਆਂ



ਰੋਡ 'ਤੇ ਕੂੜਾ ਡੰਪਿੰਗ ਸਾਈਟ ਦੇ ਨੇੜੇ ਅਪਰਾਧ ਵਿਚ ਵਰਤੀ ਗਈ ਪਿਸਤੌਲ ਦੀ ਬਰਾਮਦਗੀ ਲਈ ਲੈ ਕੇ ਜਾਂਦੇ ਸਮੇਂ ਮੁਲਜ਼ਮ ਨੇ ਅਚਾਨਕ ਪਿਸਤੌਲ ਚੁੱਕੀ ਤੇ ਏ.ਐੱਸ. ਆਈ. ਜੈਬੀਰ ਸਿੰਘ 'ਤੇ ਗੋਲੀਬਾਰੀ ਕੀਤੀ। ਜਵਾਬੀ ਕਾਰਵਾਈ ਦੌਰਾਨ ਏ.ਐੱਸ.ਆਈ. ਤਲਵਿੰਦਰ ਸਿੰਘ ਨੇ ਸਵੈ-ਰੱਖਿਆ ਕਾਰਵਾਈ ਕਰਦਿਆਂ ਇਕ ਗੋਲੀ ਚਲਾਈ, ਜੋ ਮੁਲਜ਼ਮ ਦੇ ਪੈਰ 'ਤੇ ਲੱਗੀ। ਮੁਲਜ਼ਮ ਜ਼ਮੀਨ 'ਤੇ ਡਿੱਗ ਪਿਆ ਅਤੇ ਪੁਲਸ ਪਾਰਟੀ ਨੇ ਉਸਨੂੰ ਕਾਬੂ ਕਰ ਲਿਆ। ਉਸ ਨੂੰ ਤੁਰੰਤ ਡਾਕਟਰੀ ਇਲਾਜ ਲਈ ਹਸਪਤਾਲ ਭੇਜ ਦਿੱਤਾ ਗਿਆ। ਮੁਲਜ਼ਮ ਕੋਲੋਂ 1 ਪਿਸਤੌਲ (.30 ਬੋਰ) ਬਰਾਮਦ ਹੋਇਆ ਹੈ।

# ਜ਼ਿਲ੍ਹਾ ਪੁਲਸ ਗੁਰਦਾਸਪੁਰ ਵੱਲੋਂ ਵੱਖ-ਵੱਖ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲੇ ਦਰਜ

ਗੁਰਦਾਸਪੁਰ, (ਜਨਕ ਮਹਾਜਨ)-ਜ਼ਿਲ੍ਹਾ ਗੁਰਦਾਸਪੁਰ ਪੁਲਸ ਨੇ ਯੁੱਧ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਤਹਿਤ ਕਾਰਵਾਈ ਕਰਦਿਆਂ ਵੱਖ-ਵੱਖ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲੇ ਦਰਜ ਕੀਤੇ ਹਨ। ਥਾਣਾ ਘੁੰਮਣ ਕਲਾਂ ਦੇ ਐੱਸ. ਆਈ. ਜਗਦੀਸ਼ ਨੇ ਸਮੇਤ ਪੁਲਸ ਪਾਰਟੀ ਵਰਿੰਦਰ ਸਿੰਘ ਉਰਫ ਡਿੰਡੀ ਪੁੱਤਰ ਗੁਰਦੀਪ ਸਿੰਘ ਵਾਸੀ ਬੱਦੀ ਉਲ ਜਮਾਨ ਪਾਸੋਂ 6 ਗ੍ਰਾਮ 35 ਮਿਲੀਗ੍ਰਾਮ ਹੈਰੋਇਨ ਬ੍ਰਾਮਦ ਕੀਤੀ ਹੈ। ਥਾਣਾ ਸਦਰ ਗੁਰਦਾਸਪੁਰ ਦੇ ਏ. ਐੱਸ. ਆਈ. ਸਤਿੰਦਰਪਾਲ ਸਿੰਘ ਨੇ ਸੰਨੀ ਮਸੀਹ ਉਰਫ ਨਿਊਲੀ ਪੁੱਤਰ ਜੱਸਾ ਮਸੀਹ ਵਾਸੀ ਅਮੀਪੁਰ ਨੂੰ ਕਾਬੂ ਕਰਕੇ ਉਸ ਪਾਸੋਂ 6 ਗ੍ਰਾਮ ਹੈਰੋਇਨ ਬ੍ਰਾਮਦ ਕੀਤੀ ਹੈ। ਥਾਣਾ ਪੁਰਾਣਾ ਸ਼ਾਲਾ ਦੇ ਏ. ਐੱਸ. ਆਈ. ਗੁਰਨਾਮ ਸਿੰਘ ਨੇ ਸਮੇਤ ਪੁਲਸ ਪਾਰਟੀ ਅਮਰੀਕ ਸਿੰਘ ਪੁੱਤਰ ਚੰਨਣ ਸਿੰਘ ਵਾਸੀ ਗਰੋਤ ਪੱਕਾ ਥਾਣਾ ਤਿੱਬੜ ਨੂੰ ਕਾਬੂ ਕਰਕੇ ਉਸ ਪਾਸੋਂ 5.50 (ਸਾਢੇ ਪੰਜ ਗ੍ਰਾਮ) ਹੈਰੋਇਨ ਬਰਾਮਦ ਕੀਤੀ ਹੈ। ਥਾਣਾ ਭੈਣੀ ਮੀਆਂ ਖਾਂ ਦੇ ਏ. ਐੱਸ. ਆਈ. ਰਾਕੇਸ਼ ਕੁਮਾਰ ਨੇ ਸਮੇਤ ਪੁਲਸ ਪਾਰਟੀ ਬੂਟਾ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀ ਅਲੇਖ ਕਲਾਂ ਥਾਣਾ ਸ੍ਰੀ ਹਰਗੋਬਿੰਦਪੁਰ ਨੂੰ ਕਾਬੂ ਕਰਕੇ ਉਸ ਪਾਸੋਂ ਸਿਲਵਰ ਪੰਨੀ, ਲਾਇਟਰ ਅਤੇ 10 ਰੁਪਏ ਦਾ ਨੋਟ ਬ੍ਰਾਮਦ ਕੀਤਾ ਹੈ। ਥਾਣਾ ਬਹਿਰਾਮਪੁਰ ਪੁਲਸ ਦੇ ਏ. ਐੱਸ. ਆਈ. ਪ੍ਰੀਤਮ ਦਾਸ ਨੇ ਸਮੇਤ ਪੁਲਸ ਪਾਰਟੀ ਹਿਮਾਂਸ਼ੂ ਪੁੱਤਰ ਰਾਜ ਕੁਮਾਰ ਵਾਸੀ ਬਹਿਰਾਮਪੁਰ ਪਾਸੋਂ 10 ਹੈਰੋਇਨ ਬ੍ਰਾਮਦ ਕੀਤੀ ਹੈ। ਥਾਣਾ ਦੋਰਾਂਗਲਾ ਦੇ ਏ. ਐੱਸ. ਆਈ. ਰਾਜ ਪਾਲ ਨੇ ਮਲਕੀਤ ਸਿੰਘ ਉਰਫ਼ ਭੋਲੂ ਪੁੱਤਰ ਨਿਰਮਲ ਸਿੰਘ ਵਾਸੀ ਠੱਠੀ, ਬਲਵਿੰਦਰ ਸਿੰਘ ਉਰਫ਼ ਬਿੰਦਰ ਪੁੱਤਰ ਪਰਮਜੀਤ ਸਿੰਘ ਵਾਸੀ ਚੌਤਰਾ ਨੂੰ ਲਾਇਟਰ ਅਤੇ 10 ਰੁਪਏ ਦਾ ਨੋਟ ਸਮੇਤ ਕਾਬੂ ਕੀਤਾ ਹੈ। ਥਾਣਾ ਸਿਟੀ ਗੁਰਦਾਸਪੁਰ ਦੇ ਐੱਸ. ਆਈ. ਮੋਹਨ ਲਾਲ ਨੇ ਸਮੇਤ ਪੁਲਸ ਪਾਰਟੀ ਮੁੰਨਾ ਉਰਫ਼ ਪਤਨੀ ਆਕਾਸ਼ ਵਾਸੀ ਗੋਡੀ ਮੁਹੱਲਾ ਗੁਰਦਾਸਪੁਰ ਨੂੰ 7 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਹੈ। ਥਾਣਾ ਸਿਟੀ ਗੁਰਦਾਸਪੁਰ ਦੇ ਏ. ਐੱਸ. ਆਈ. ਅਜੇ ਰਾਜਨ ਨੇ ਸਮੇਤ ਪੁਲਸ ਪਾਰਟੀ ਚੰਨਣ ਮਸੀਹ ਪੁੱਤਰ ਯੂਸਫ਼ ਮਸੀਹ ਵਾਸੀ ਘੋੜੇਵਾਹ ਨੂੰ 8 ਗ੍ਰਾਮ ਹੈਰੋਇਨ ਅਤੇ 4000 ਰੁਪਏ ਡਰੱਗ ਮਨੀ ਸਮੇਤ ਕਾਬੂ ਕੀਤਾ ਹੈ। ਪੁਲਸ ਨੇ ਇਨ੍ਹਾਂ ਸਾਰੇ ਨਸ਼ਾ ਤਸਕਰਾਂ ਖ਼ਿਲਾਫ਼ ਐੱਨ. ਡੀ. ਪੀ. ਐੱਸ. ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਵੱਲੋਂ 'ਜੀ ਰਾਮ ਜੀ' ਵਿਰੁੱਧ ਰੋਸ ਪ੍ਰਗਟਾਵਾ

ਝਬਾਲ (ਹਰਜਿੰਦਰ ਸਿੰਘ ਸੋਨੀ)-ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਇਲਾਕਾ ਝਬਾਲ ਦੀ ਭਰਵੀਂ ਮੀਟਿੰਗ ਕਾਮਰੇਡ ਮਲੂਕ ਸਿੰਘ ਝਬਾਲ ਦੀ ਪ੍ਰਧਾਨਗੀ ਹੋਈ। ਇਸ ਮੀਟਿੰਗ ਨੂੰ ਜਥੇਬੰਦੀ ਦੇ ਸੂਬਾਈ ਆਗੂ ਜਸਬੀਰ ਸਿੰਘ ਝਬਾਲ ਨੇ ਸੰਬੋਧਨ ਕੀਤਾ।ਸਾਥੀ ਝਬਾਲ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਪੇਂਡੂ ਖੇਤ ਮਜ਼ਦੂਰਾਂ ਦੇ ਕੰਮ ਦੀ ਗਰੰਟੀ ਦਾ ਕਾਨੂੰਨ ਮਗਨਰੇਗਾ ਕਾਨੂੰਨ ਤੋੜ ਕੇ ਭਾਰਤ ਵਿਕਸਿਤ ਜੀ ਰਾਮ ਕਾਨੂੰਨ ਬਣਾ ਕੇ ਮਜ਼ਦੂਰਾਂ ਦੀ ਪਿੱਠ ਵਿੱਚ ਛੁਰਾ ਮਾਰਿਆ ਗਿਆ।12 ਘੰਟੇ ਦਿਹਾੜੀ ਦਾ ਕਾਨੂੰਨ ਬਣਾ ਕੇ ਮਜ਼ਦੂਰਾਂ ਦੇ ਹੱਕਾ 'ਤੇ ਡਾਕਾ ਮਾਰਿਆ ਗਿਆ ਹੈ। ਮੋਦੀ ਦੀ ਭਾਜਪਾ ਸਰਕਾਰ ਦਾ ਚਿਹਰਾ ਨੰਗਾ ਹੋ ਗਿਆ ਹੈ।ਉਨ੍ਹਾਂ ਮਜ਼ਦੂਰਾਂ ਨੂੰ ਮਜ਼ਬੂਤ ਏਕਾ ਉਸਾਰ ਕੇ ਜਥੇਬੰਦੀ ਵੱਲੋਂ ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਲੜਨ ਦਾ ਹੋਕਾ ਦਿੱਤਾ। ਜਥੇਬੰਦੀ ਦੇ ਸੂਬਾ ਕਮੇਟੀ ਮੈਂਬਰ ਸਤਨਾਮ ਸਿੰਘ ਕਲੇਰ ਅਤੇ ਜ਼ਿਲ੍ਹਾ ਸਹਾਇਕ ਸਕੱਤਰ ਮਨਜੀਤ ਸਿੰਘ ਝਬਾਲ ਨੇ ਵੀ ਕਿਹਾ ਕਿ ਪੇਂਡੂ ਗਰੀਬਾਂ ਨੂੰ ਥੋੜੀ ਜਿਹੀ ਰਾਹਤ ਦਿੰਦਾ ਮਨਰੇਗਾ ਕਾਨੂੰਨ ਮੋਦੀ ਸਰਕਾਰ ਨੇ ਖਤਮ ਕਰ ਦਿੱਤਾ ਹੈ ਜਿਸ ਨਾਲ ਪੇਂਡੂ ਤੇ ਗਰੀਬਾਂ ਦਾ ਮਾਮੂਲੀ ਹੱਕ ਵੀ ਖੋਹ ਲਿਆ ਹੈ। ਚਾਹੀਦਾ ਤਾਂ ਇਹ ਸੀ ਕਿ ਪਹਿਲੇ ਹੀ ਕਾਨੂੰਨ ਨੂੰ ਹੋਰ ਵਧੀਆ ਕਰਦਿਆਂ ਦਿਨ 200 ਕਰਦਿਆਂ ਦਿਹਾੜੀ ਤੇ ਮਿਹਨਤਾਨੇ ਨੂੰ 700 ਰੁਪਏ ਕੀਤਾ ਜਾਂਦਾ ਤੇ ਹਰ ਚਾਹੁੰਦੇ ਵਿਅਕਤੀ ਨੂੰ ਕੰਮ ਦਿੱਤਾ ਜਾਂਦਾ ਅਤੇ ਸ਼ਹਿਰੀ ਗਰੀਬਾਂ ਨੂੰ ਵੀ ਇਸ ਅਧੀਨ ਲਿਆਂਦਾ ਜਾਂਦਾ।ਇਸ ਮੀਟਿੰਗ ਵਿੱਚ ਕੁਲਵੰਤ ਸਿੰਘ ਛਾਪਾ, ਕੁਲਦੀਪ ਸਿੰਘ, ਜੋਗਿੰਦਰ ਸਿੰਘ, ਇੰਦਰ ਸਿੰਘ, ਦਰਬਾਰਾ ਸਿੰਘ, ਦੀਦਾਰ ਸਿੰਘ, ਗੁਰਪ੍ਰੀਤ ਸਿੰਘ ਕੋਟ ਧਰਮ ਚੰਦ ਕਲਾਂ, ਸੁਖਵਿੰਦਰ ਸਿੰਘ,



ਬਲਵਿੰਦਰ ਸਿੰਘ, ਸਤਨਾਮ ਸਿੰਘ, ਗੁਰਪ੍ਰੀਤ ਸਿੰਘ, ਜਸਬੀਰ ਸਿੰਘ, ਸਰਬਜੀਤ ਸਿੰਘ, ਅਕਾਸ਼ਦੀਪ ਸਿੰਘ, ਸਤਨਾਮ ਸਿੰਘ, ਰਛਪਾਲ ਸਿੰਘ ਗਿੱਲ ਵੜੈਚ, ਨਿਰਵੈਲ ਸਿੰਘ, ਸੁਖਦੇਵ ਸਿੰਘ ਠੱਠਾ, ਜਸਪਾਲ ਸਿੰਘ ਐਮਾ ਖੁਰਦ, ਸੁਖਵਿੰਦਰ ਸਿੰਘ, ਕੁਲਵੰਤ ਕੌਰ, ਮਨਪ੍ਰੀਤ ਕੌਰ, ਕਰਤਾਰ ਸਿੰਘ ਮੱਜੂਪੁਰ, ਤਰਸੇਮ ਸਿੰਘ ਮੱਜੂਪੁਰ ਆਦਿ ਹਾਜ਼ਰ ਸਨ ਜਿਨ੍ਹਾਂ ਨੇ ਕਾਨੂੰਨ ਦੀਆਂ ਕਾਪੀਆਂ ਸਾੜ ਕੇ ਕੇਂਦਰ ਦੀ ਸਰਕਾਰ ਖਿਲਾਫ਼ ਰੋਸ ਪ੍ਰਦਰਸ਼ਨ ਕੀਤਾ।

# ਆਦਰਸ਼ ਬਿਰਧ ਆਸ਼ਰਮ ਨੇ ਦਿੱਤਾ ਇੱਕ ਹੋਰ ਬਜ਼ੁਰਗ ਮਾਤਾ ਨੂੰ ਸਹਾਰਾ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਬਜ਼ੁਰਗਾਂ ਦਾ ਵਿਹੜਾ ਆਦਰਸ਼ ਬਿਰਧ ਆਸ਼ਰਮ ਝਾਂਗੀਆਂ ਨੇ ਇਕ ਹੋਰ ਬਜ਼ੁਰਗ ਮਾਤਾ ਨੂੰ ਸਹਾਰਾ ਦਿੱਤਾ।ਇਹ ਮਾਤਾ ਬ੍ਰਹਮ ਦੇਵੀ ਪਤਨੀ ਭੂਆ ਦੱਤਾ ਨਿਵਾਸੀ ਧਲੋਰੀਆ ਓਮਰ 78 ਸਾਲ ਦੀ ਹੈ।ਮਾਤਾ ਨੇ ਦੱਸਿਆ ਕਿ ਮੇਰੇ ਪੰਜ ਬੱਚੇ ਹਨ ਅਤੇ ਉਨ੍ਹਾਂ ਵਿੱਚੋਂ ਤਿੰਨ ਪੁੱਤਰ ਹਨ।ਉਨ੍ਹਾਂ 'ਚੋਂ ਦੋ ਪੁੱਤਰ ਤਾਂ ਰੇਲਵੇ ਵਿੱਚੋਂ ਰਿਟਾਇਰ ਹੋਏ ਹਨ ਤੇ ਮੇਰੇ ਪੋਤਰੇ ਕੈਨੇਡਾ ਗਏ ਹੋਏ ਹਨ।ਤਿੰਨਾਂ ਹੀ ਪੁੱਤਰਾਂ ਵਿੱਚੋਂ ਮੈਨੂੰ ਕੋਈ ਵੀ ਰੋਟੀ ਨਹੀਂ ਦੇ ਰਿਹਾ। ਨਾ ਹੀ ਮੈਨੂੰ ਦਵਾਈ ਲਈ ਕੋਈ ਪੈਸਾ ਦਿੰਦਾ।ਮਾਤਾ ਨੇ ਦੱਸਿਆ ਕਿ ਮੈਨੂੰ ਮੇਰੇ ਤਿੰਨੇ ਨੂੰਹ ਪੁੱਤਰ ਬਹੁਤ ਮਾਰਦੇ ਹਨ ਤੇ ਮੇਰੇ ਤੋਂ ਪੈਨਸ਼ਨ ਦੇ ਪੈਸੇ ਖੋਹ ਲੈਂਦੇ ਹਨ।ਉਸ ਨੇ ਦੱਸਿਆ ਕਿ ਮੈਂ ਲੋਕਾਂ ਦੇ ਘਰ ਹੀ ਰਾਤਾਂ



ਕੱਟਦੀ ਸੀ ਅਤੇ ਲੋਕਾਂ ਦੇ ਘਰੋਂ ਹੀ ਰੋਟੀ ਮੰਗ ਕੇ ਖਾਂਦੀ ਸੀ।ਹੁਣ ਮੇਰੀ ਸਿਹਤ ਵੀ ਤੰਦਰੁਸਤ ਨਹੀਂ ਹੈ, ਜਿਸ ਕਰਕੇ ਮੈਂ ਰੋਟੀ ਬਣਾਉਣ ਵਿੱਚ ਅਸਮਰਥ ਹਾਂ।ਉਸ ਨੇ ਦੱਸਿਆ ਕਿ ਆਪਣਾ ਧਿਆਨ ਰੱਖਣ ਵਿੱਚ ਵੀ ਹੁਣ ਅਸਮਰਥ ਹਾਂ।ਇਹ ਸਾਰੀ ਗੱਲਬਾਤ ਸੁਣਨ ਤੋਂ ਬਾਅਦ ਸੁਪਰਡੈਂਟ ਮੈਡਮ ਅੰਜਲੀ ਸ਼ਰਮਾ ਨੇ ਬਜ਼ੁਰਗ ਮਾਤਾ ਨੂੰ ਆਸ਼ਰਮ ਵਿੱਚ ਰਹਿਣ ਦੀ ਆਗਿਆ ਦੇ ਦਿੱਤੀ।ਇਸ ਮੌਕੇ ਆਸ਼ਰਮ ਪ੍ਰਧਾਨ ਸਤਨਾਮ ਸਿੰਘ, ਸੁਪਰਡੈਂਟ ਮੈਡਮ ਅੰਜਲੀ ਸ਼ਰਮਾ, ਸਮੂਹ ਸਟਾਫ ਸਵਿਤਾ, ਵਿਜੈ ਕੁਮਾਰੀ, ਸੁਰਜੀਤ ਕੌਰ, ਆਸ਼ਾ ਰਾਣੀ, ਜਸਵੀਰ ਕੌਰ, ਵਿਪਨ ਕੁਮਾਰ, ਰਮੇਸ਼ ਚੰਦਰ, ਆਸੀ ਦੇਵੀ ਮੌਜੂਦ ਸਨ।

# ਮੁਸਲਿਮ ਜਮਾਤ ਅਹਿਮਦੀਆ ਦਾ 130ਵਾਂ ਸਾਲਾਨਾ ਜਲਸਾ ਰਵਾਇਤੀ ਸ਼ਾਨੋ-ਸ਼ੌਕਤ ਨਾਲ ਸ਼ੁਰੂ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)- ਮੁਸਲਿਮ ਜਮਾਤ ਅਹਿਮਦੀਆ ਭਾਰਤ ਦੇ ਮੁੱਖ ਕੇਂਦਰ ਕਾਦੀਆਨ ਦਾਰੁਲ ਅਮਾਨ ਵਿੱਚ 26 ਤੋਂ 28 ਦਸੰਬਰ ਤੱਕ 130ਵਾਂ ਜਲਸਾ ਸਲਾਨਾ ਆਪਣੀ ਰਵਾਇਤੀ ਸ਼ਾਨੋ ਸ਼ੌਕਤ ਦੇ ਨਾਲ ਆਰੰਭ ਹੋ ਗਿਆ। ਪਵਿੱਤਰ ਕੁਰਆਨ ਸ਼ਰੀਫ ਦੀ ਤਿਲਾਵਤ ਨਾਲ ਜਲਸਾ ਆਰੰਭ ਹੋਇਆ।134 ਸਾਲ ਪਹਿਲਾਂ 1891 ਵਿੱਚ ਮੁਸਲਿਮ ਜਮਾਤ ਅਹਿਮਦੀਆ ਭਾਰਤ ਦੇ ਬਾਨੀ ਹਜ਼ਰਤ ਮਿਰਜ਼ਾ ਗੁਲਾਮ ਅਹਿਮਦ ਸਾਹਿਬ ਕਾਦੀਆਨੀ ਮਸੀਹ ਮਊਦ ਅਲੈਹ ਸਲਾਮ ਨੇ ਅੱਲਾਹ ਤਆਲਾ ਦੇ ਹੁਕਮ ਨਾਲ ਸਾਰੇ ਧਰਮਾਂ ਵਿਚ ਅਮਨ-ਸ਼ਾਂਤੀ ਅਤੇ ਸੁਲਹਾ ਦੀ ਬੁਨਿਆਦ ਪਾਉਣ ਵਾਲੇ ਅਤੇ ਇਸ ਨੂੰ ਵਧਾਉਣ ਵਾਲੇ ਰੂਹਾਨੀ ਸੰਮੇਲਨ ਦੀ ਸਥਾਪਨਾ ਕੀਤੀ ਸੀ।ਮੁਸਲਿਮ ਜਮਾਤ ਅਹਿਮਦੀਆ ਦੇ ਬਾਨੀ ਹਜ਼ਰਤ ਮਿਰਜ਼ਾ ਗੁਲਾਮ ਅਹਿਮਦ ਸਾਹਿਬ ਕਾਦੀਆਨੀ ਨੇ ਫਰਮਾਇਆ ਸੀ ਕਿ ਇਸ ਰੂਹਾਨੀ ਜਲਸੇ ਦਾ ਮਕਸਦ ਦੁਨੀਆ ਨੂੰ ਆਪਣੇ ਖਾਲਕੇ ਹਕੀਕੀ ਦੇ ਵਲ ਬੁਲਾਉਣਾ ਮਖਲੂਕੇ ਖੁਦਾ ਦੇ ਦਰਮਿਆਨ ਆਪਸੀ ਹਮਦਰਦੀ ਪੈਦਾ ਕਰਨਾ ਅਤੇ ਭਾਈਚਾਰਕ ਸਾਂਝ ਨੂੰ ਵਧਾਉਣਾ ਹੈ। ਇਹ ਜਲਸਾ ਕੋਈ ਮਾਮੂਲੀ ਜਲਸਾ ਨਹੀਂ ਬਲਕਿ ਇਹ ਆਪਣੇ ਆਪ ਵਿੱਚ ਅਤੇ ਇਤਿਹਾਸ ਦੇ





ਇਤਬਾਰ ਨਾਲ ਇੱਕ ਵੱਖਰੀ ਅਤੇ ਮੁਮਤਾਜ਼ ਹੈਸੀਅਤ ਦਾ ਹਾਮਿਲ ਜਲਸਾ ਹੈ। ਇਹ ਜਲਸਾ ਇਕ ਰੂਹਾਨੀ ਸੰਮੇਲਨ ਹੈ ਜਿਸ ਵਿੱਚ ਸ਼ਮੂਲੀਅਤ ਦੇ ਲਈ ਹੱਕ ਨੂੰ ਪਛਾਨਣ ਵਾਲੇ ਬਿਆਨ ਕਰਦਿਆਂ ਕਹਿੰਦੇ ਹਨ ਕਿ ਇਸ ਜਲਸੇ ਦਾ ਉਦੇਸ਼ ਅਤੇ ਅਸਲ ਮਤਲਬ ਇਹ ਸੀ ਕਿ ਸਾਡੀ ਜਮਾਤ ਦੇ ਲੋਕ ਵਾਰ-ਵਾਰ ਦੀ ਮੁਲਾਕਾਤਾਂ ਨਾਲ ਇਹੋ ਜਿਹੀ ਤਬਦੀਲੀ ਆਪਣੇ ਅੰਦਰ ਹਾਸਿਲ ਕਰ ਲੈਣ ਕਿ ਉਨ੍ਹਾਂ ਦੇ ਦਿਲ ਆਖਰਤ ਦੀ ਤਰਫ ਬਿਲਕੁਲ ਝੁਕ ਜਾਣ ਅਤੇ ਉਨ੍ਹਾਂ ਦੇ ਅੰਦਰ ਖ਼ੁਦਾ ਤਆਲਾ ਦਾ ਖੌਫ ਪੈਦਾ ਹੋਵੇ।ਇਸ ਤਿੰਨ ਰੋਜ਼ਾ ਜਲਸਾ ਸਲਾਨਾ ਵਿੱਚ ਇਹੋ ਜਿਹੀਆਂ ਤਕਰੀਰਾਂ ਹੋਣਗੀਆਂ ਜੋ ਇਨਸਾਨ ਨੂੰ ਇਖ਼ਲਾਕੀ ਇਤਬਾਰ ਤੋਂ ਅਤੇ ਰੂਹਾਨੀ ਇਤਬਾਰ ਤੋਂ ਵੀ ਤਰੱਕੀ ਦੀ ਰਾਹਾਂ ਤੇ ਚਲਾਉਣ ਵਾਲੀਆਂ ਹੋਣਗੀਆਂ।ਜਲਸੇ ਵਿੱਚ ਸ਼ਮੂਲੀਅਤ ਕਰਨ ਵਾਲਾ ਹਰ ਸ਼ਖ਼ਸ ਆਪਣੇ ਅੰਦਰ ਇੱਕ ਈਮਾਨੀ ਤਾਕਤ ਅਤੇ ਤਾਜ਼ਗੀ ਮਹਿਸੂਸ ਕਰਦਾ ਹੈ ਅਤੇ ਆਪਣੇ ਈਮਾਨ ਅਤੇ ਇਖ਼ਲਾਕ ਨੂੰ ਤਾਜ਼ਾ ਕਰਕੇ ਵਾਪਸ ਲੌਟਦਾ ਹੈ।ਇਸ ਜਲਸੇ ਦੇ ਨਾਲ ਅਹਿਮਦੀਆ ਮੁਸਲਿਮ ਜਮਾਤ ਦਾ ਇਹੀ ਪੈਗਾਮ ਹੈ ਕਿ ਇਨਸਾਨ ਆਪਣੇ ਖਾਲਿਕ ਵੱਲ ਧਿਆਨ ਦੇਵੇ ਅਤੇ ਮੁਹੱਬਤ ਸਭ ਦੇ ਲਈ ਨਫਰਤ ਕਿਸੇ ਤੋਂ ਨਹੀਂ ਦੇ ਅਸੂਲ ਨੂੰ ਅਪਣਾਉਂਦੇ ਹੋਏ ਹਰ ਇਨਸਾਨ ਦੂਸਰੇ ਇਨਸਾਨ ਦੇ ਦੀਨੀ ਜਜ਼ਬਾਤ ਅਤੇ ਅਹਿਸਾਸਾਤ ਦਾ ਇਹਤਰਾਮ ਕਰੇ ਅਤੇ ਮਖਲੂਕੇ ਖੁਦਾ ਦੀ ਭਲਾਈ ਅਤੇ ਹਮਦਰਦੀ ਲਈ ਇਕੱਠਿਆ ਹੋ ਕੇ ਕੋਸ਼ਿਸ਼ ਕਰੇ ।ਅੱਜ ਦੇ ਜਲਸੇ ਨੂੰ ਮੌਲਾਨਾ ਮੁਹੰਮਦ ਹਮੀਦ ਕੌਸਰ ਅਤੇ

# ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਸੈਕਰਡ ਸੋਲਜ਼ ਕਾਨਵੈਂਟ ਸਕੂਲ ਕਾਲੇ 'ਚ ਕਰਵਾਇਆ ਧਾਰਮਿਕ ਸਮਾਗਮ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ ਰਣਬੀਰ ਸਿੰਘ ਗੋਲਣ)-ਸੈਕਰਡ ਸੋਲਜ਼ ਕਾਨਵੈਂਟ ਸਕੂਲ ਕਾਲੇ 'ਚ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਸਾਲਾਨਾ ਸ਼ਹੀਦੀ ਸਮਾਗਮ ਕਰਵਾਇਆ ਗਿਆ।ਸਮਾਗਮ ਦੀ ਆਰੰਭਤਾ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਨਾਲ ਕੀਤੀ ਗਈ।ਉਪਰੰਤ ਵਿਦਿਆਰਥੀਆਂ ਵੱਲੋਂ ਮਾਤਾ ਗੁਜਰੀ ਤੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕਰਦਿਆਂ ਕਥਾ, ਕੀਰਤਨ, ਕਵੀਸ਼ਰੀ ਤੇ ਗੀਤ ਗਾਏ ਗਏ। ਇਸ ਮੌਕੇ ਗੁਰੂ ਗੋਬਿੰਦ ਸਿੰਘ ਜੀ, ਮਾਤਾ ਗੁਜਰ ਕੌਰ ਜੀ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਜੀ, ਸਾਹਿਬਜ਼ਾਦਾ ਜੁਝਾਰ ਸਿੰਘ ਜੀ, ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਤੇ ਸਾਹਿਬਜ਼ਾਦਾ ਫ਼ਤਿਹ ਸਿੰਘ ਦੀ ਸ਼ਹਾਦਤ ਨਾਲ ਸੰਬੰਧਤ ਕਥਾ ਵਿਚਾਰ ਵੀ ਕੀਤੇ ਗਏ।ਇਸ ਮੌਕੇ ਗੁਰੂ ਘਰ ਦੇ ਅਨਿੰਨ ਸੇਵਕ ਭਾਈ ਮੋਤੀ ਰਾਮ ਜੀ ਨੂੰ ਯਾਦ ਕਰਦਿਆਂ ਵਿਦਿਆਰਥੀਆਂ ਤੇ ਸਕੂਲ ਮੈਨੇਜਮੈਂਟ ਵੱਲੋਂ ਦੁੱਧ ਦਾ ਲੰਗਰ ਲਗਾਇਆ ਗਿਆ।

ਸਮਾਗਮ ਵਿੱਚ ਹਾਜ਼ਰ ਸੰਗਤਾਂ ਤੇ ਵਿਦਿਆਰਥੀਆਂ ਨੂੰ ਸੰਬੋਧਿਤ ਹੁੰਦਿਆਂ ਸਕੂਲ ਚੇਅਰਮੈਨ ਕੰਧਾਲ ਸਿੰਘ ਬਾਠ ਨੇ ਕਿਹਾ ਕਿ ਸਾਹਿਬਜ਼ਾਦਿਆਂ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦੀ ਲਾਸਾਨੀ ਸ਼ਹਾਦਤ ਸਦਕਾ ਹੀ ਅਸੀਂ ਸੋਹਣਾ ਜੀਵਨ ਬਤੀਤ ਕਰ ਰਹੇ ਹਾਂ।ਉਨ੍ਹਾਂ ਕਿਹਾ ਕਿ ਦਸਮ ਪਿਤਾ ਜੀ ਨੇ ਧਰਮ ਦੀ ਰੱਖਿਆ ਲਈ ਆਪਣਾ ਸਾਰਾ ਪਰਿਵਾਰ ਕੁਰਬਾਨ ਕਰਕੇ ਅੱਖ ਵਿੱਚੋਂ



ਇੱਕ ਹੰਝੂ ਨਹੀਂ ਵਹਾਇਆ।ਉਨ੍ਹਾਂ ਬੱਚਿਆਂ ਨੂੰ ਗੁਰਬਾਣੀ ਪੜ੍ਹਨ ਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਦੱਸੇ ਹੋਏ ਮਾਰਗ 'ਤੇ ਚੱਲਣ ਦੀ ਕੋਸ਼ਿਸ਼ ਕਰਨ ਲਈ ਪ੍ਰੇਰਿਆ।ਇਸ ਮੌਕੇ ਪ੍ਰਿੰਸੀਪਲ ਮੈਡਮ ਲਖਬੀਰ ਕੌਰ ਸਮੇਤ ਸਕੂਲ ਦਾ ਸਮੁੱਚਾ ਸਟਾਫ ਹਾਜ਼ਰ ਸੀ।

## ਹਾਕੀ ਖਿਡਾਰੀਆਂ ਨੂੰ ਸਰਦੀ ਦੀਆਂ ਕਿੱਟਾਂ ਵੰਡੀਆਂ


ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਆਮ ਆਦਮੀ ਪਾਰਟੀ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਨ ਅਤੇ ਖੇਡਾਂ ਨਾਲ ਜੋੜਨ ਲਈ ਐੱਨਆਰਆਈ ਜਗਦੀਪ ਸਿੰਘ ਮਾਂਗਟ ਦੇ ਸਹਿਯੋਗ ਨਾਲ ਗ੍ਰਾਮ ਪੰਚਾਇਤ ਤਰਸਿੱਕਾ



ਅਤੇ ਗ੍ਰਾਮ ਪੰਚਾਇਤ ਕਰਤਾਰ ਸਿੰਘ ਨਗਰ ਦੇ ਸਰਪੰਚ ਜਗਦੀਪ ਸਿੰਘ ਤਰਸਿੱਕਾ, ਸਰਪੰਚ ਕਰਤਾਰ ਸਿੰਘ ਨਗਰ ਜਰਮਨਜੀਤ ਸਿੰਘ ਬਾਠ, ਸਾਬਕਾ ਸਰਪੰਚ ਗੁਰਦੇਵ ਸਿੰਘ ਤਰਸਿੱਕਾ, ਸੀਨੀਅਰ ਆਮ ਆਦਮੀ ਪਾਰਟੀ ਆਗੂ ਵਿਸ਼ਾਲ ਸ਼ਰਮਾ, ਮੈਂਬਰ ਪੰਚਾਇਤ ਬਲਕਾਰ ਸਿੰਘ, ਮੈਂਬਰ ਪੰਚਾਇਤ ਦਿਲਬਾਗ ਸਿੰਘ, ਬਾਵਾ ਸਿੰਘ ਆੜ੍ਹਤੀਆ, ਸਤਨਾਮ ਸਿੰਘ ਭਿੰਡਰ, ਮੈਂਬਰ ਪੰਚਾਇਤ ਗੁਰਮੀਤ ਸਿੰਘ ਤਰਸਿੱਕਾ, ਦਵਿੰਦਰ ਸਿੰਘ ਤਰਸਿੱਕਾ, ਮੈਂਬਰ ਪੰਚਾਇਤ ਲਵਪ੍ਰੀਤ ਸਿੰਘ ਕਰਤਾਰ ਸਿੰਘ ਨਗਰ ਨੇ ਹਾਕੀ ਖਿਡਾਰੀਆਂ ਨੂੰ ਸਰਦੀ ਦੀਆਂ ਕਿੱਟਾਂ ਵੰਡੀਆ ਗਈਆਂ।

## ਸ਼ਹੀਦ ਮੇਜਰ ਭਗਤ ਸਿੰਘ ਸਕੂਲ ਵਿਖੇ ਨਸ਼ਿਆਂ ਵਿਰੁੱਧ ਜਾਗਰੂਕਤਾ ਸਮਾਗਮ

**ਗੁਰਦਾਸਪੁਰ : (ਜਨਕ ਮਹਾਜਨ)**- ਨੌਜਵਾਨਾਂ ਵਿੱਚ ਨਸ਼ਿਆਂ ਦੀ ਵੱਧ ਰਹੀ ਲਤ ਨੂੰ ਦੂਰ ਕਰਨ ਲਈ ਰੈੱਡ ਕਰਾਸ ਇੰਟੀਗ੍ਰੇਟਿਡ ਐਂਡ ਰੀਹੈਬਲੀਟੇਸ਼ਨ ਸੈਂਟਰ ਫਾਰ ਐਡਿਕਟਸ ਗੁਰਦਾਸਪੁਰ ਨੇ ਸ਼ਿਵ ਦੁਲਾਰ ਸਿੰਘ ਢਿੱਲੋਂ ਆਈ.ਏ.ਐਸ ਸੇਵਾ ਮੁਕਤ ਸਕੱਤਰ ਇੰਡੀਅਨ ਰੈੱਡ ਕਰਾਸ ਸੋਸਾਇਟੀ ਪੰਜਾਬ ਰਾਜ ਸ਼ਾਖਾ ਚੰਡੀਗੜ੍ਹ ਦੀ ਅਗਵਾਈ ਅਤੇ ਸਹਾਇਤਾ ਹੇਠ ਸ਼ਹੀਦ ਮੇਜਰ



ਭਗਤ ਸਿੰਘ ਸੀਨੀਅਰ ਸੈਕੰਡਰੀ ਸਕੂਲ ਪਿੰਡ ਕਾਲਾ ਨੰਗਲ ਗੁਰਦਾਸਪੁਰ ਵਿਖੇ ਨਸ਼ਾ ਜਾਗਰੂਕਤਾ ਅਤੇ ਰੋਕਥਾਮ ਭਾਸ਼ਣ ਦੀ ਸਫਲਤਾਪੂਰਵਕ ਮੇਜ਼ਬਾਨੀ ਕੀਤੀ। ਇਸ ਪਹਿਲਕਦਮੀ ਦਾ ਉਦੇਸ਼ ਵਿਦਿਆਰਥੀਆਂ ਨੂੰ ਨਸ਼ਿਆਂ ਦੀ ਲਤ ਦੇ ਵਿਨਾਸ਼ਕਾਰੀ ਸਰੀਰਕ, ਮਾਨਸਿਕ ਅਤੇ ਸਮਾਜਿਕ ਨਤੀਜਿਆਂ ਬਾਰੇ ਸੰਵੇਦਨਸ਼ੀਲ ਬਣਾਉਣਾ ਸੀ। ਇਸ ਪ੍ਰੋਗਰਾਮ ਦੀ ਅਗਵਾਈ ਪ੍ਰਿੰਸੀਪਲ ਅਲਕਾ ਰਾਣੀ ਨੇ ਕੀਤੀ । ਇਸ ਮੌਕੇ ਕੋਮਲਪ੍ਰੀਤ ਕੌਰ ਕੌਂਸਲਰ ਆਈ.ਆਰ.ਸੀ.ਏ. ਗੁਰਦਾਸਪੁਰ ਨੇ ਦੱਸਿਆ ਕਿ ਨਸ਼ਾ ਇਕ ਗੁੰਝਲਦਾਰ ਦਿਮਾਗੀ ਬਿਮਾਰੀ ਹੈ ਅਤੇ ਸਿਰਫ਼ ਇੱਛਾ ਸ਼ਕਤੀ ਦੀ ਘਾਟ ਨਹੀਂ ਹੈ। ਇਸ ਮੌਕੇ ਨੈਸ਼ਨਲ ਐਵਾਰਡੀ ਰੋਮੇਸ਼ ਮਹਾਜਨ ਨੇ ਕਿਹਾ ਕਿ ਸਾਨੂੰ ਆਪਣੀ ਨੌਜਵਾਨ ਪੀੜ੍ਹੀ ਦਾ ਮਾਰਗ ਦਰਸ਼ਨ ਕਰਨਾ ਚਾਹੀਦਾ ਹੈ। ਅੰਤ ਵਿੱਚ ਸੈਸ਼ਨ ਦੀ ਸਮਾਪਤੀ ਸਹੁੰ ਚੁੱਕਣ ਨਾਲ ਹੋਈ ਜੋ ਕਿ ਆਭਾ ਸ਼ਰਮਾ, ਕੌਂਸਲਰ ਦੁਆਰਾ ਚੁਕਾਈ ਗਈ।

## ਡਿੱਗਦੇ ਪਾਰੇ ਨੇ ਗਰੀਬਾਂ ਨੂੰ ਅੱਗ ਦੁਆਲੇ ਬੈਠਣ ਲਈ ਕੀਤਾ ਮਜਬੂਰ

ਪਠਾਨਕੋਟ ਵਿੱਚ ਘੱਟੋ-ਘੱਟ ਤਾਪਮਾਨ 6.2 ਡਿਗਰੀ ਸੈਲਸੀਅਸ ਅਤੇ ਬਠਿੰਡਾ ਵਿੱਚ 8.2 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜਦੋਂ ਕਿ ਗੁਰਦਾਸਪੁਰ ਅਤੇ ਫਰੀਦਕੋਟ ਵਿੱਚ ਕ੍ਰਮਵਾਰ 6 ਅਤੇ 8.5 ਡਿਗਰੀ ਸੈਲਸੀਅਸ ਤਾਪਮਾਨ ਦਰਜ ਕੀਤਾ ਗਿਆ। ਦੋਵਾਂ ਰਾਜਾਂ ਦੀ ਸਾਂਝੀ ਰਾਜਧਾਨੀ ਚੰਡੀਗੜ੍ਹ ਵਿੱਚ ਘੱਟੋ-ਘੱਟ ਤਾਪਮਾਨ 8.8 ਡਿਗਰੀ ਸੈਲਸੀਅਸ



ਰਿਹਾ।ਗੁਆਂਢੀ ਰਾਜ ਹਰਿਆਣਾ ਦੇ ਅੰਬਾਲਾ ਵਿੱਚ ਘੱਟੋ-ਘੱਟ ਤਾਪਮਾਨ 8.9 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਕਿ ਆਮ ਨਾਲੋਂ ਦੋ ਡਿਗਰੀ ਵੱਧ ਹੈ, ਜਦਕਿ ਹਿਸਾਰ ਵਿੱਚ 6.1 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ।ਕਰਨਾਲ ਵਿੱਚ ਘੱਟੋ-ਘੱਟ ਤਾਪਮਾਨ 8 ਡਿਗਰੀ ਸੈਲਸੀਅਸ ਰਿਹਾ, ਜੋ ਕਿ ਆਮ ਨਾਲੋਂ ਇੱਕ ਡਿਗਰੀ ਵੱਧ ਹੈ।ਰੋਹਤਕ, ਭਿਵਾਨੀ ਅਤੇ ਸਿਰਸਾ ਵਿੱਚ ਘੱਟੋ-ਘੱਟ ਤਾਪਮਾਨ ਕ੍ਰਮਵਾਰ 7.8, 7.5 ਅਤੇ 8.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ।

## ਦੁੱਧ ਦਾ ਲੰਗਰ ਲਗਾਇਆ


ਛੋਟੇ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਦੀ ਯਾਦ ਵਿਚ ਬੰਟੀ ਕਾਰ ਪੇਂਟਰ, ਵਾਲਮੀਕਿ ਚੌਕ, ਵਾਰਡ ਨੰਬਰ 64, ਰਾਮਤੀਰਥ ਰੋਡ ਵੱਲੋਂ ਦੁੱਧ ਦਾ ਲੰਗਰ ਲਗਇਆ ਗਿਆ। ਇਸ ਮੌਕੇ ਆਮ ਆਦਮੀ ਪਾਰਟੀ ਐੱਸ. ਸੀ. ਵਿੰਗ ਅੰਮ੍ਰਿਤਸਰ ਦੇ ਜ਼ਿਲ੍ਹਾ ਪ੍ਰਧਾਨ ਡਾ. ਇੰਦਰਪਾਲ



ਵੀ ਲੰਗਰ ਵਿਚ ਸੇਵਾ ਕਰਨ ਲਈ ਪੁੱਜੇ, ਜਿਨ੍ਹਾਂ ਨੂੰ ਪ੍ਰਬੰਧਕਾਂ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਰਾਮੇਸ਼ ਥਾਪਾ, ਭੁਪਿੰਦਰ ਸਿੰਘ, ਲਖਵਿੰਦਰ ਸਿੰਘ, ਰਘਬੀਰ ਸਿੰਘ, ਰਾਜੂ, ਮੁਨੀਸ਼, ਵਿੱਕੀ ਆਦਿ ਇਲਾਕਾ ਵਾਸੀ ਹਾਜ਼ਰ ਸਨ। **(ਫੋਟੋ ਤੇ ਵੇਰਵਾ:ਮਨੋਜ ਕੁਮਾਰ, ਛੇਹਰਟਾ)**

## ਅੱਡਾ ਨਾਥ ਦੀ ਖੂਹੀ 'ਤੇ ਸੰਗਤਾਂ ਵੱਲੋਂ ਨਗਰ ਕੀਰਤਨ ਦਾ ਸ਼ਰਧਾ ਸਤਿਕਾਰ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਦਮਦਮੀ ਟਕਸਾਲ ਮਹਿਤਾ ਵੱਲੋਂ ਸਜਾਏ ਗਏ ਮਹਾਨ ਨਗਰ ਕੀਰਤਨ ਦਾ ਅੱਡਾ ਨਾਥ ਦੀ ਖੂਹੀ ਵਿਖੇ ਪਹੁੰਚਣ ਤੇ ਚੇਅਰਮੈਨ ਕੰਵਰਦੀਪ ਸਿੰਘ ਮਾਨ, ਇਕਬਾਲ ਸਿੰਘ ਮਾਨ, ਗੁਰਮੀਤ ਸਿੰਘ ਮਾਨ ਅਤੇ ਸਮੂਹ ਪਰਿਵਾਰ ਵੱਲੋਂ ਨਿੱਘਾ ਸਵਾਗਤ ਕੀਤਾ



ਗਿਆ।ਇਸ ਸਮੇਂ ਮਾਨ ਭਰਾਵਾਂ ਨੇ ਪੰਜ ਪਿਆਰ ਸਾਹਿਬਾਨ ਨੂੰ ਸਿਰੋਪਾਓ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਵਿਚ ਰੁਮਾਲਾ ਸਾਹਿਬ ਭੇਟ ਕੀਤਾ।ਇਸ ਮੌਕੇ ਗਿਆਨੀ ਸਾਹਿਬ ਸਿੰਘ, ਬਾਬਾ ਬੋਹੜ ਸਿੰਘ, ਭਾਈ ਹਰਸ਼ਦੀਪ ਸਿੰਘ ਰੰਧਾਵਾ ਤੇ ਡਾ. ਅਵਤਾਰ ਸਿੰਘ ਬੁੱਟਰ (ਦੋਵੇਂ ਮੈਂਬਰ ਚੀਫ ਖਾਲਸਾ ਦੀਵਾਨ), ਜੱਥੇ ਬਾਬਾ ਅਜੀਤ ਸਿੰਘ ਮੁਖੀ ਤਰਨਾਦਲ ਮਹਿਤਾ, ਸਾਬਕਾ ਸਰਪੰਚ ਕਸ਼ਮੀਰ ਸਿੰਘ ਕਾਲਾ, ਰਜਿੰਦਰ ਸਿੰਘ ਸ਼ਾਹ ਮਹਿਤਾ ਅਤੇ ਭਾਈ ਪ੍ਰਕਾਸ਼ ਸਿੰਘ ਦਾ ਵੀ ਸਨਮਾਨ ਕੀਤਾ ਗਿਆ।

## ਪੰਜ ਸਿੰਘ ਸਾਹਿਬਾਨ ਦੀ ਰੱਖੀ ਮੀਟਿੰਗ 'ਚ ਜੂਨ 1984 ਦੇ ਫੌਜੀ ਹਮਲੇ ਸੰਬਧੀ ਚਰਚਾ ਹੋਵੇ: ਬਲਦੇਵ ਸਿੰਘ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਪੰਜ ਸਿੰਘ ਸਾਹਿਬਾਨਾਂ ਵੱਲੋਂ 328 ਲਾਪਤਾ ਸਰੂਪਾਂ ਦੇ ਸਬੰਧ ਵਿੱਚ ਰੱਖੀ ਮੀਟਿੰਗ ਦੌਰਾਨ ਜੂਨ 1984 ਦੇ ਸ੍ਰੀ ਅਕਾਲ ਤੱਖਤ ਸਾਹਿਬ ਦੇ ਫੌਜੀ ਹਮਲੇ ਦੇ ਤੱਥਾਂ ਬਾਰੇ ਵੀ ਵਿਚਾਰਿਆ ਜਾਵੇ ਕਿਉਂਕਿ ਸਿੱਖ ਇਸਤਿਹਾਸ ਵਿੱਚ ਜੂਨ 1984 ਦੌਰਾਨ ਹੋਏ ਫੌਜੀ ਹਮਲੇ ਕਾਰਨ ਸਿੱਖ ਧਰਮ



ਅਤੇ ਕੌਮ ਦਾ ਸਭ ਤੋਂ ਵੱਡਾ ਨੁਕਸਾਨ ਹੋਇਆ, ਜਿਸ ਦੌਰਾਨ ਸ੍ਰੀ ਅਕਾਲ ਤੱਖਤ ਸਾਹਿਬ ਢਹਿ ਢੇਰੀ ਹੋਇਆ ਅਤੇ ਹਜ਼ਾਰਾਂ ਹੀ ਨਿਰਦੋਸ਼ ਸੰਗਤਾਂ ਮਾਰੀਆਂ ਗਈਆਂ ਸਨ।ਇਹ ਪ੍ਰਗਟਾਵਾ ਸਮੂਹ ਸਿੱਖ ਧਰਮੀ ਫੌਜੀ ਜੂਨ 1984 ਪਰਿਵਾਰ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਬਲਦੇਵ ਸਿੰਘ ਗੁਰਦਾਸਪੁਰ ਨੇ ਪ੍ਰੈੱਸ ਨਾਲ ਗੱਲਬਾਤ ਦੌਰਾਨ ਕੀਤਾ। ਪ੍ਰਧਾਨ ਬਲਦੇਵ ਸਿੰਘ ਗੁਰਦਾਸਪੁਰ ਨੇ ਕਿਹਾ ਕਿ ਧਰਮੀ ਫ਼ੌਜੀਆਂ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਇਨਸਾਫ ਲੈਣ ਲਈ ਪਿੱਛਲੇ ਲੰਮੇ ਸਮੇਂ ਤੋਂ ਲਗਾਤਾਰ ਮੰਗ ਕੀਤੀ ਜਾ ਰਹੀ ਹੈ ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਕੌਮ ਦੇ ਮਸਲੇ ਲਟਕਾਉਣ ਦੀ ਨੀਤੀ ਅਪਣਾਈ ਜਾਂਦੀ ਹੈ।ਇਹੀ ਕਾਰਨ ਹੈ ਕਿ 328 ਲਾਪਤਾ ਸਰੂਪਾਂ ਦੇ ਇਨਸਾਫ ਲਈ ਸਰਕਾਰਾਂ ਨੂੰ ਦਖਲਅੰਦਾਜ਼ੀ ਕਰਨੀ ਪਈ।ਪ੍ਰਧਾਨ ਬਲਦੇਵ ਸਿੰਘ ਨੇ ਰੋਸ ਭਰੇ ਲਹਿਜੇ ਨਾਲ ਕਿਹਾ ਕਿ ਜੂਨ 1984 ਦੇ ਫੌਜੀ ਹਮਲੇ ਦਾ ਇਨਸਾਫ ਲੈਣ ਵਾਲਾ ਮਸਲਾ ਵੀ 328 ਲਾਪਤਾ ਸਰੂਪਾਂ ਵਰਗਾ ਰੁਖ ਅਖਤਿਆਰ ਕਰ ਸਕਦਾ ਹੈ ।

# ਦਸਵੇਂ ਪਾਤਿਸ਼ਾਹ ਦੇ ਅਵਤਾਰ ਗੁਰਪੁਰਬ ਨੂੰ ਸਮਰਪਿਤ ਸਜਾਇਆ ਸਾਲਾਨਾ ਅਲੌਕਿਕ ਨਗਰ ਕੀਰਤਨ

ਤਰਸਿੱਕਾ, ਤਰਸੇਮ ਸਿੰਘ ਸਾਧਪੁਰ)- ਦਮਦਮੀ ਟਕਸਾਲ ਦੇ ਬਾਨੀ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਗੁਰਪੁਰਬ ਨੂੰ ਸਮਰਪਿਤ ਸਾਲਾਨਾ ਮਹਾਨ ਨਗਰ ਕੀਰਤਨ ਅੱਜ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਦੀ ਰਹਿਨੁਮਾਈ ਹੇਠ ਟਕਸਾਲ ਦੇ



ਹੈੱਡਕੁਆਰਟਰ ਗੁਰੂਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਪੂਰੇ ਖਾਲਸਾਈ ਜਾਹੋ ਜਲਾਲ ਨਾਲ ਸਜਾਇਆ ਗਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਸਜੇ ਇਸ ਨਗਰ ਕੀਰਤਨ ਦਾ ਖਾਲਸਾ ਅਕੈਡਮੀ ਮਹਿਤਾ ਵਿਖੇ ਖਾਲਸਾ ਕਾਲਜ, ਖਾਲਸਾ ਹਸਪਤਾਲ ਤੇ ਖਾਲਸਾ ਨਰਸਿੰਗ ਕਾਲਜ ਦੇ ਸਟਾਫ ਵੱਲੋਂ- ਫੁੱਲਾਂ ਦੀ ਵਰਖਾ ਕਰ ਕੇ ਨਿੱਘਾ ਸਵਾਗਤ ਕੀਤਾ ਜੈਕਾਰਿਆਂ ਦੀ ਗੂੰਜ ਵਿਚ ਅਗਲੇ ਪੜਾਅ ਲਈ ਰਵਾਨਾ ਹੋਏ ਪਾਲਕੀ ਸਾਹਿਬ ਦੇ ਅੱਗੇ ਦਮਦਮੀ ਟਕਸਾਲ ਦੇ ਸਿੰਘ ਗੱਤਕਾ ਖੇਡਦੇ ਨਜਰ ਆਏ, ਪਿੱਛੇ ਸੈਕੜਿਆਂ ਦੀ ਗਿਣਤੀ ਵਿਚ ਸੰਗਤਾਂ ਸ਼ਰਧਾ ਨਾਲ ਸਤਿਨਾਮ ਵਾਹਿਗੁਰੂ ਦਾ ਜਾਪ ਕਰ ਰਹੀਆਂ ਸਨ ।ਬੱਸਾਂ, ਟਰੱਕਾਂ, ਟਰੈਕਟਰਾਂ, ਕਾਰਾਂ ਅਤੇ ਮੋਟਰਸਾਈਕਲਾਂ ਉੱਤੇ ਪਹੁੰਚੀ ਸੰਗਤ ਦਾ ਕਈ ਕਿਲੋਮੀਟਰ ਲੰਬਾ ਕਾਫ਼ਲਾ ਪਾਲਕੀ ਸਾਹਿਬ ਦੇ ਮਗਰ ਚਲਦਾ ਰਿਹਾ।

ਇਸ ਮੌਕੇ ਗਿਆਨੀ ਸਾਹਿਬ ਸਿੰਘ, ਜਥੇ ਅਜੀਤ ਸਿੰਘ ਮੁਖੀ ਤਰਨਾਦਲ ਮਹਿਤਾ, ਜਥੇ ਬਾਬਾ ਬੋਹੜ ਸਿੰਘ, ਭਾਈ ਹਰਸ਼ਦੀਪ ਸਿੰਘ ਰੰਧਾਵਾ ਤੇ ਡਾ. ਅਵਤਾਰ ਸਿੰਘ ਬੁੱਟਰ (ਦੋਵੇਂ ਮੈਂਬਰ ਚੀਫ ਖਾਲਸਾ ਦੀਵਾਨ), ਪ੍ਰਿੰ. ਡਾਕਟਰ ਜਤਿੰਦਰ ਸ਼ਰਮਾ, ਪ੍ਰਿੰ. ਗੁਰਦੀਪ ਸਿੰਘ ਜਲਾਲ ਉਸਮਾਂ, ਭਾਈ ਪ੍ਰਕਾਸ਼ ਸਿੰਘ, ਭਾਈ ਗੁਰਦੀਪ ਸਿੰਘ, ਰਜਿੰਦਰ ਸਿੰਘ ਸ਼ਾਹ ਮਹਿਤਾ, ਸਰਦਾਰ ਬਲਕਾਰ ਸਿੰਘ ਪੀਬੀਐਸ ਵਾਲੇ, ਪਰਮਜੀਤ ਸਿੰਘ ਮੱਤੇਵਾਲ ਮੈਂਬਰ ਜ਼ਿਲ੍ਹ ਪ੍ਰੀਸ਼ਦ, ਸਾਬਕਾ ਸਰਪੰਚ ਕਸ਼ਮੀਰ ਸਿੰਘ ਕਾਲਾ, ਜੱਥੇ ਰਾਜਬੀਰ ਸਿੰਘਉਦੋਨੰਗਲ, ਚੇਅਰਮੈਨ ਲਖਵਿੰਦਰ ਸਿੰਘ ਖਾਲਸਾ, ਸਰਪੰਚ ਰਜਿੰਦਰ ਸਿੰਘ ਉਦੋਨੰਗਲ, ਗੁਰਮੁਖ ਸਿੰਘ ਸਾਹਿਬ, ਸਰਪੰਚ ਗੁਰਮੇਜ ਸਿੰਘ ਉਦੋਨੰਗਲ, ਚੇਅਰਮੈਨ ਕੰਵਰਦੀਪ ਸਿੰਘ ਮਾਨ, ਇਕਬਾਲ ਸਿੰਘ ਮਾਨ, ਮਾਸਟਰ ਗੁਰਪ੍ਰੀਤ ਸਿੰਘ ਜਲਾਲ, ਮਾਸਟਰ ਸੁਖਦੇਵ ਸਿੰਘ ਜਲਾਲ, ਗਿਆਨੀ ਸੁਰਜੀਤ ਸਿੰਘ, ਬਲਕਾਰ ਸਿੰਘ ਪੀ.ਬੀ.ਐੱਸ., ਠੇਕੇਦਾਰ ਲਖਵਿੰਦਰ ਸਿੰਘ ਸਰਪੰਚ ਉਸਮਾਂ, ਹਲਕਾ ਕੁਆਰਡੀਨੇਟਰ ਹਰਜਿੰਦਰ ਸਿੰਘ ਉਸਮਾਂ, ਪਰਮਜੀਤ ਸਿੰਘ ਬਾਠ, ਸਤਨਾਮ ਸਿੰਘ ਬਾਠ, ਗੁਲਜਿੰਦਰ ਸਿੰਘ ਲਾਡੀ, ਪ੍ਰਧਾਨ ਬੂਟਾ ਸਿੰਘ ਜਲਾਲ ਤੇ ਜੱਥੇ ਨਸੀਬ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਮੌਜੂਦ ਸਨ।

# ਸ਼ਹੀਦੀ ਦਿਹਾੜਿਆਂ ਨੂੰ ਸਮਰਪਿਤ ਲਾਇਆ ਦੁੱਧ ਦਾ ਲੰਗਰ



ਚਵਿੰਡਾ ਦੇਵੀ (ਖੁਸ਼ਹਾਲ ਸੁੰਦਰ)-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ, ਮਾਤਾ ਗੁਜਰ ਕੌਰ ਜੀ ਅਤੇ ਪੋਹ ਮਹੀਨੇ ਸਿੱਖਾਂ ਦੀਆਂ ਹੋਈਆਂ ਸ਼ਹਾਦਤਾਂ ਨੂੰ ਸਮਰਪਿਤ ਪਿੰਡ ਚਵਿੰਡਾ ਦੇਵੀ ਵਿਖੇ ਦੁੱਧ ਦਾ ਲੰਗਰ ਲਾਇਆ। ਇਸ ਲੰਗਰ ਦੌਰਾਨ ਆਉਂਦੇ ਜਾਂਦੇ ਵੱਡੀ ਗਿਣਤੀ 'ਚ ਰਾਹਗੀਰਾਂ ਨੇ ਦੁੱਧ ਛਕਿਆ।ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸਵਰਨ ਸਿੰਘ (ਐੱਸ. ਐੱਸ) ਨੇ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ-ਛੋਟੇ ਚਾਰੇ ਸਾਹਿਬਜ਼ਾਦੇ, ਮਾਤਾ ਗੁਜਰ ਕੌਰ ਜੀ ਅਤੇ ਚਮਕੌਰ ਦੀ ਗੜ੍ਹੀ 'ਚ ਸਿੰਘਾਂ ਦੀਆਂ ਹੋਈਆਂ ਸ਼ਹਾਦਤਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ।ਇਸ ਲਈ ਇਨ੍ਹਾਂ ਸ਼ਹੀਦਾਂ ਦੀ ਯਾਦ 'ਚ ਦੁੱਧ ਦਾ ਲੰਗਰ ਲਗਾਇਆ ਗਿਆ।ਇਸ ਮੌਕੇ ਉਨ੍ਹਾਂ ਦੇ ਨਾਲ ਤਰਸੇਮ ਸਿੰਘ (ਹਲਵਾਈ), ਰਾਮ ਮੂਰਤੀ ਬਾਵਾ, ਸੁਖਦੇਵ ਸਿੰਘ ਬਲਹੋਤਰਾ (ਬਾਊ), ਬਲਵੰਤ ਸਿੰਘ (ਕੇਬਲ ਵਾਲੇ), ਗੁਲੂ ਬਲਹੋਤਰਾ, ਉਪਕਾਰ ਸਿੰਘ (ਕਾਰੀ), ਰਨਧੀਰ ਸਿੰਘ (ਧਿਰਾ), ਬਿੱਟੂ ਢੱਡੇ, ਬਲਜਿੰਦਰ ਸਿੰਘ (ਟਿੱਕਾ), ਹਿਰਾ ਸਿੰਘ (ਹਲਵਾਈ), ਬਲਵਿੰਦਰ ਚੌਹਾਣ, ਬਲਦੇਵ ਸਿੰਘ ਫੌਜੀ, ਸੁਰਜਨ ਸਿੰਘ ਆਦਿ ਸ਼ਾਮਲ ਸਨ।

# ਯੁਵਕ ਸੇਵਾਵਾਂ ਕਲੱਬ ਬਸਰਾਏ ਨੇ ਸ਼ਹੀਦੀ ਪੰਦਰਵਾੜੇ ਨੂੰ ਸਮਰਪਿਤ ਕਰਵਾਏ ਧਾਰਮਿਕ ਮੁਕਾਬਲੇ

ਧਾਰੀਵਾਲ/ਹਰਚੋਵਾਲ : ( ਮਨਦੀਪ ਸਿੰਘ ਵਿੱਕੀ )- ਯੁਵਕ ਸੇਵਾਵਾਂ ਕਲੱਬ ਬਸਰਾਏ ਵੱਲੋਂ ਪਿੰਡ ਬਸਰਾਏ ਦੇ ਗੁਰਦੁਆਰਾ ਸਿੰਘ ਸਭਾ ਵਿਖੇ ਸ਼ਹੀਦੀ ਪੰਦਰਵਾੜੇ ਨੂੰ ਸਮਰਪਿਤ ਪਿੰਡ ਦੇ ਸਮੁੱਚੇ ਵਿਦਿਆਰਥੀਆਂ ਦੇ ਦਸਤਾਰਬੰਦੀ, ਧਾਰਮਿਕ ਪ੍ਰੀਖਿਆ, ਕਵਿਤਾ, ਸ਼ਬਦ ਗਾਇਨ,ਗੀਤ, ਪੋਸਟਰ ਮੇਕਿੰਗ ਅਤੇ ਭਾਸ਼ਣ ਮੁਕਾਬਲੇ ਕਰਵਾਏ ਗਏ। ਇਹਨਾਂ ਮੁਕਾਬਲਿਆਂ ਵਿੱਚ ਪਿੰਡ ਦੇ ਲਗਭਗ 60 ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਸਭ ਤੋਂ ਪਹਿਲਾਂ ਦਸਤਾਰ ਅਤੇ ਦੁਮਾਲਾ ਸਜਾਉਣ ਦੇ ਮੁਕਾਬਲੇ ਹੋਏ। ਉਪਰੰਤ ਵਿਦਿਆਰਥੀਆਂ ਨੇ ਆਪਣੀਆਂ ਕਵਿਤਾਵਾਂ, ਗੀਤਾਂ ਤੇ ਭਾਸ਼ਣਾਂ ਰਾਹੀਂ ਸਰਸਾ ਨਦੀ ਦੇ ਕੰਢੇ ਦੀ ਜੰਗ, ਚਮਕੌਰ ਦੀ ਗੜ੍ਹੀ ਦੀ ਜੰਗ ਤੇ ਸਾਕਾ ਸਰਹੰਦ ਨੂੰ ਬਿਆਨ ਕਰਦਿਆਂ ਮਾਤਾ ਗੁਜਰੀ ,ਚਾਰ ਸਾਹਿਬਜ਼ਾਦਿਆਂ ਅਤੇ ਹੋਰ ਸਿੰਘ-ਸਿੰਘਣੀਆਂ ਦੀ ਸ਼ਹੀਦੀ ਨੂੰ ਯਾਦ ਕੀਤਾ। ਸੁੰਦਰ ਦਸਤਾਰ ਸਜਾਉਣ ਮੁਕਾਬਲੇ ਵਿੱਚੋਂ ਪ੍ਰਿਤਪਾਲ ਸਿੰਘ ਨੇ ਪਹਿਲਾ ਸਥਾਨ, ਹਰਕੀਰਤ ਸਿੰਘ ਨੇ ਦੂਜਾ ਸਥਾਨ ਅਤੇ ਗੁਰਨੂਰ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਦੁਮਾਲਾ ਸਜਾਉਣ ਵਿੱਚੋਂ ਨਵਪ੍ਰੀਤ ਸਿੰਘ ਨੇ ਪਹਿਲਾ ਸਥਾਨ, ਕਮਲਪ੍ਰੀਤ ਸਿੰਘ ਨੇ ਦੂਜਾ ਸਥਾਨ ਅਤੇ ਅਮਰਵੀਰ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਕਵਿਤਾ ਮੁਕਾਬਲੇ ਵਿੱਚੋਂ ਮਨਜੋਧ ਸਿੰਘ ਨੇ ਪਹਿਲਾ ਸਥਾਨ, ਮਨਜੋਤ ਸਿੰਘ ਨੇ ਦੂਜਾ ਸਥਾਨ ਅਤੇ ਸਰਜੋਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਭਾਸ਼ਣ ਮੁਕਾਬਲੇ ਵਿੱਚੋਂ ਗੁਰਸੇਵਕ ਸਿੰਘ ਨੇ ਪਹਿਲਾ ਸਥਾਨ, ਹਰਸਿਮਰਨਪ੍ਰੀਤ ਕੌਰ ਨੇ ਦੂਜਾ ਸਥਾਨ ਅਤੇ ਹਰਨੂਰ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ।



ਕਵੀਸ਼ਰੀ ਦੀ ਵੰਨਗੀ ਵਿੱਚੋਂ ਮੋਹਦੀਪ ਤੇ ਸਾਥੀ ਜੇਤੂ ਰਹੇ। ਸ਼ਬਦ ਗਾਇਨ ਵਿੱਚੋਂ ਅਵਨੀਤ ਕੌਰ ਤੇ ਸਾਥੀ ਜੇਤੂ ਰਹੇ। ਪੋਸਟਰ ਮੇਕਿੰਗ ਮੁਕਾਬਲੇ ਵਿੱਚ ਸਰਜੋਤ ਕੌਰ, ਰੀਆ ਅਤੇ ਗੁਰਪ੍ਰੀਤ ਸਿੰਘ ਨੇ ਕਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ। ਇਨ੍ਹਾਂ ਮੁਕਾਬਲਿਆਂ ਵਿੱਚ ਸਰਕਾਰੀ ਹਾਈ ਸਮਾਰਟ ਸਕੂਲ ਬਸਰਾਏ ਦੇ ਵਿਦਿਆਰਥੀਆਂ ਨੇ ਵੀ ਮੱਲਾਂ ਮਾਰੀਆਂ ਅਤੇ ਸਕੂਲ ਮੁਖੀ ਵਿਜੇ ਕੁਮਾਰ ਬੀ ਐਨ ਓ ਦਾ ਇਸ ਪ੍ਰੋਗਰਾਮ ਨੂੰ ਨੇਪਰੇ ਚਾੜਨ ਵਿੱਚ ਭਰਪੂਰ ਯੋਗਦਾਨ ਰਿਹਾ। ਜੇਤੂ ਵਿਦਿਆਰਥੀਆਂ ਨੂੰ ਕਲੱਬ ਵੱਲੋਂ ਕਾਪੀਆਂ, ਪੈੱਨ ਅਤੇ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ। ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਵੀ ਉਤਸ਼ਾਹਿਤ ਕਰਦਿਆਂ ਮੈਡਲ, ਕਾਪੀ ਅਤੇ ਪੈੱਨ ਦੇ ਕੇ ਸਨਮਾਨ ਕੀਤਾ। ਇਸ ਮੌਕੇ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਬਲਵਿੰਦਰ ਸਿੰਘ, ਡਾਕਟਰ ਅਮਰਜੀਤ ਸਿੰਘ ਅਤੇ ਨੌਜਵਾਨ ਕਥਾਕਾਰ ਹਰਪ੍ਰੀਤ ਸਿੰਘ ਨੇ ਆਪੋ ਆਪਣੇ ਵਿਚਾਰ ਸਾਂਝੇ ਕਰਦਿਆਂ ਯੁਵਕ ਸੇਵਾਵਾਂ ਕਲੱਬ ਬਸਰਾਏ ਵੱਲੋਂ ਪਿੰਡ ਵਿੱਚ ਧਾਰਮਿਕ, ਸਮਾਜਿਕ ਅਤੇ ਖੇਡਾਂ ਪ੍ਰਤੀ ਕੰਮ ਕਰਨ ਦੀ ਪ੍ਰਸੰਸਾ ਕੀਤੀ ਅਤੇ ਹਰੇਕ ਤਰ੍ਹਾਂ ਦਾ ਸਹਿਯੋਗ ਕਲੱਬ ਨੂੰ ਦੇਣ ਲਈ ਸੰਗਤਾਂ ਨੂੰ ਪ੍ਰੇਰਿਤ ਕੀਤਾ। ਕਲੱਬ ਦੇ ਪ੍ਰਧਾਨ ਸੰਦੀਪ ਸਿੰਘ ਬਾਜਵਾ, ਸਕੱਤਰ ਹਰਸਿਮਰਨ ਸਿੰਘ, ਸਲਾਹਕਾਰ ਗੁਰਸੇਵਕ ਸਿੰਘ ਅਤੇ ਮੈਂਬਰ ਗੁਰਸੇਵਕ ਸਿੰਘ ਨੇ ਪੂਰੀ ਤਨਦੇਹੀ ਨਾਲ ਇਸ ਪ੍ਰੋਗਰਾਮ ਨੂੰ ਨੇਪਰੇ ਚਾੜਨ ਲਈ ਕੰਮ ਕੀਤਾ। ਅਖੀਰ ਵਿੱਚ ਕਲੱਬ ਦੇ ਸਰਪ੍ਰਸਤ ਦਿਲਬਾਗ ਸਿੰਘ ਬਸਰਾਵਾਂ ਨੇ ਸ਼ਹੀਦੀ ਪੰਦਰਵਾੜੇ ਦੇ ਦਿਨਾਂ ਦਾ ਸੰਖੇਪ ਵਿੱਚ ਇਤਿਹਾਸ ਬਿਆਨ ਕੀਤਾ।

ਇਸ ਸਮੇਂ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਬਲਵਿੰਦਰ ਸਿੰਘ,ਨਿਰਮਲ ਸਿੰਘ ਕਾਹਲੋਂ ,ਮੈਂਬਰ ਅਮਰਜੀਤ ਸਿੰਘ,ਜਸਵੰਤ ਸਿੰਘ ,ਬਚਿੱਤਰ ਸਿੰਘ, ਸਾਬਕਾ ਪ੍ਰਧਾਨ ਸਲਵਿੰਦਰ ਸਿੰਘ, ਪਲਵਿੰਦਰ ਸਿੰਘ ਸਮੇਤ ਪਿੰਡ ਦੀਆਂ ਸੰਗਤਾਂ ਹਾਜਰ ਸਨ। ਇਸ ਉਪਰੰਤ ਪ੍ਰਬੰਧਕਾਂ ਨੇ ਸੰਗਤਾਂ ਨੂੰ ਦੁੱਧ ਦਾ ਲੰਗਰ ਛਕਾਇਆ।

# ਸਫਰ-ਏ-ਸ਼ਹਾਦਤ ਨੂੰ ਸਮਰਪਿਤ ਨਾਟਕ '1675' ਦਾ ਹੋਇਆ ਮੰਚਨ


ਅੰਮ੍ਰਿਤਸਰ : (ਜਸਬੀਰ ਸਿੰਘ, ਕੰਵਲਜੀਤ ਸਿੰਘ)- ਸੰਸਾਰ ਪ੍ਰਸਿੱਧ ਨਾਟ ਸੰਸਥਾ ਮੰਚ-ਰੰਗਮੰਚ ਅੰਮ੍ਰਿਤਸਰ ਵੱਲੋਂ ਵਿਰਸਾ ਵਿਹਾਰ ਸੁਸਾਇਟੀ ਦੇ ਵਿਸ਼ੇਸ਼ ਸਹਿਯੋਗ ਨਾਲ ਸਾਹਿਬ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਸ਼ਹੀਦੀ ਨੂੰ ਸਮਰਪਿਤ ਡਾ. ਅਮਰਜੀਤ ਸਿੰਘ ਗਰੇਵਾਲ ਦਾ ਲਿਖਿਆ ਅਤੇ ਸ਼੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ ਦਾ ਨਿਰਦੇਸ਼ਤ ਕੀਤਾ ਪੰਜਾਬੀ



ਨਾਟਕ '1675' ਦਾ ਮੰਚਨ ਵਿਰਸਾ ਵਿਹਾਰ ਦੇ ਸ੍ਰ. ਕਰਤਾਰ ਸਿੰਘ ਦੁੱਗਲ ਆਡੀਟੋਰੀਅਮ 'ਚ ਸ਼ਰਧਾਪੂਰਵਕ ਪੇਸ਼ ਕੀਤਾ ਗਿਆ। 1675 ਸਿਰਫ ਇਕ ਸਾਲ, ਇਕ ਤਾਰੀਖ ਨਹੀਂ, ਮਨੁੱਖੀ ਚੇਤਨਾ ਦੇ ਵਿਕਾਸ ਵਿਚ ਇਕ ਕੌਸਮਿਕ ਧਮਾਕਾ ਸੀ। 1675 ਉਹ ਪਲ, ਜਦੋਂ ਗੁਰੂ ਤੇਗ਼ ਬਹਾਦਰ ਜੀ ਨੇ ਦੂਜੇ ਦੇ ਦੂਜੇਪਣ ਦੀ ਰੱਖਿਆ ਲਈ ਆਪਣਾ ਸੀਸ ਦੇ ਕੇ ਸਰਬੱਤ ਦੇ ਭਲੇ ਦੀ ਪ੍ਰੰਪਰਾ ਤੋਰੀ। ਜਦੋਂ ਸ਼ਕਤੀ ਦੀਆਂ ਤਲਵਾਰਾਂ ਹਾਰ ਗਈਆਂ ਅਤੇ ਪ੍ਰੇਮ ਅਮਰ ਹੋ ਗਿਆ। ਇਸ ਨਾਟਕ ਵਿੱਚ ਡਾ. ਆਤਮਾ ਸਿੰਘ ਗਿੱਲ, ਸਾਜਨ ਕੋਹਿਨੂਰ, ਗੁਰਦਿੱਤ ਸਿੰਘ, ਹਰਪ੍ਰੀਤ ਸਿੰਘ, ਨਿਸ਼ਾਨ ਸਿੰਘ, ਗੁਰਲੀਨ ਕੌਰ, ਹਰਸ਼ਿਤਾ, ਅਕਾਸ਼, ਯੁਵੀ ਨਾਇਕ, ਵਿਸ਼ੂ, ਇਮੈਨੁਅਲ ਸਿੰਘ, ਵਿਕਾਸ਼ ਜੋਸ਼ੀ, ਰੋਬਿਨ, ਇੰਦਰ, ਨਿਤਿਨ, ਸੁਖਮਨ ਆਦਿ ਕਲਾਕਾਰਾਂ ਨੇ ਦਮਦਾਰ ਅਦਾਕਾਰੀ ਪੇਸ਼ ਕੀਤੀ। ਨਾਟਕ ਦਾ ਗੀਤ ਤੇ ਸੰਗੀਤ ਕੁਸ਼ਾਗਰ ਕਾਲੀਆ ਵੱਲੋਂ ਦਿੱਤਾ ਗਿਆ। ਰੋਸ਼ਨੀ ਪ੍ਰਭਾਵ ਹਰਮੀਤ ਸਿੰਘ ਭੁੱਲਰ ਵੱਲੋਂ ਦਿੱਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ, ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ, ਡਾ. ਅਮਰਜੀਤ ਗਰੇਵਾਲ, ਸ੍ਰੀ ਸਵਰਨਜੀਤ ਸਵੀ ਚੇਅਰਮੈਨ ਪੰਜਾਬ ਆਰਟਸ ਕਾਊਂਸਲ, ਸ੍ਰ. ਨਿਰਵੈਲ ਸਿੰਘ ਯੂ. ਐਸ. ਏ, ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ, ਡਾ. ਅਰਵਿੰਦਰ ਕੌਰ ਧਾਲੀਵਾਲ, ਵਿਰਸਾ ਵਿਹਾਰ ਦੇ ਸਕੱਤਰ ਰਮੇਸ਼ ਯਾਦਵ, ਹਰਮੀਤ ਆਰਟਿਸਟ, ਗੁਰਦੇਵ ਸਿੰਘ ਮਹਿਲਾਂਵਾਲਾ, ਟੀ. ਐਸ. ਰਾਜਾ, ਭੂਪਿੰਦਰ ਸਿੰਘ ਸੰਧੂ, ਅਦਾਕਾਰ ਗੁਰਤੇਜ ਮਾਨ, ਪਵਨਦੀਪ, ਹਰਿੰਦਰ ਸੋਹਲ ਸਮੇਤ ਵੱਡੀ ਗਿਣਤੀ ਵਿੱਚ ਨਾਟ ਪ੍ਰੇਮੀ ਹਾਜ਼ਰ ਸਨ।

## ਟਰੈਫ਼ਿਕ ਇੰਚਾਰਜ ਸਤਨਾਮ ਸਿੰਘ ਨੇ ਗੁੰਮ ਹੋਇਆ ਫ਼ੋਨ ਮਾਲਕ ਨੂੰ ਕੀਤਾ ਵਾਪਸ


ਗੁਰਦਾਸਪੁਰ : (ਜਨਕ ਮਹਾਜਨ) - ਗੁਰਦਾਸਪੁਰ ਦੇ ਦੋਰਾਂਗਲਾ ਚੌਕ ਵਿਚ ਬੀਤੇ ਦਿਨੀਂ ਜਸਪਾਲ ਸਿੰਘ ਵਾਸੀ ਗਾਹਲੜੀ ਦਾ ਫ਼ੋਨ ਗੁੰਮ ਹੋ ਗਿਆ ਸੀ, ਜੋ



ਚੌਕ ਵਿਚ ਡਿਊਟੀ ਕਰ ਰਹੇ ਇਕ ਕਰਮਚਾਰੀ ਨੂੰ ਮਿਲਿਆ। ਉਕਤ ਵਿਅਕਤੀ ਜਦੋਂ ਪਿੰਡ ਪਹੁੰਚਿਆ ਤਾਂ ਉਸ ਨੂੰ ਪਤਾ ਚਲਿਆ ਕਿ ਉਸ ਦਾ ਫ਼ੋਨ ਗੁੰਮ ਹੋ ਗਿਆ ਹੈ ਜਿਸ ਤੋਂ ਬਾਅਦ ਉਸ ਨੇ ਆਪਣੇ ਨੰਬਰ 'ਤੇ ਰਿੰਗ ਕੀਤੀ। ਰਿੰਗ ਵਜਣ 'ਤੇ ਫੋਨ ਟਰੈਫ਼ਿਕ ਕਰਮਚਾਰੀ ਨੇ ਉਠਾਇਆ ਅਤੇ ਦੱਸਿਆ ਕਿ ਇਹ ਫ਼ੋਨ ਉਨ੍ਹਾਂ ਕੋਲ ਹੈ ਜੋ ਗੁਰਦਾਸਪੁਰ ਦੇ ਦੋਰਾਂਗਲਾ ਚੌਕ ਵਿਚੋਂ ਮਿਲਿਆ ਹੈ, ਉਹ ਆ ਕੇ ਲੈ ਜਾਣ। ਫ਼ੋਨ ਮਾਲਕ ਦੋਰਾਂਗਲਾ ਚੌਕ ਵਿਚ ਪਹੁੰਚਿਆ ਜਿਥੈ ਟਰੈਫ਼ਿਕ ਇੰਚਾਰਜ ਸਤਨਾਮ ਸਿੰਘ ਨੇ ਗੁੰਮ ਹੋਇਆ ਫ਼ੋਨ ਮਾਲਕ ਨੂੰ ਵਾਪਸ ਕਰ ਦਿੱਤਾ। ਫ਼ੋਨ ਮਾਲਕ ਜਸਪਾਲ ਸਿੰਘ ਨੇ ਟਰੈਫ਼ਿਕ ਪੁਲਿਸ ਦੇ ਇੰਚਾਰਜ ਸਤਨਾਮ ਸਿੰਘ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਇਸ ਫ਼ੋਨ ਵਿਚ ਉਸ ਦੀਆਂ ਬਹੁਤ ਜ਼ਰੂਰੀ ਫ਼ੋਟੋਆਂ ਅਤੇ ਨੰਬਰ ਮੌਜੂਦ ਸਨ।

## ਸਰਦਾਰ ਪਾਲ ਸਿੰਘ ਦਾ ਸੈਂਕੜੇ ਨਮ ਅੱਖਾਂ ਨਾਲ ਅੰਤਿਮ ਸਸਕਾਰ


ਪਠਾਨਕੋਟ (ਦਵਿੰਦਰ ਸਿੰਘ)-ਪਠਾਨਕੋਟ ਤੋਂ 'ਨਵਾਂ ਜ਼ਮਾਨਾ' ਦੇ ਸੀਨੀਅਰ ਪੱਤਰਕਾਰ ਅਤੇ ਪ੍ਰੈੱਸ ਕਲੱਬ ਜ਼ਿਲ੍ਹਾ ਪਠਾਨਕੋਟ ਦੇ ਜਾਇੰਟ ਸਕੱਤਰ ਦਵਿੰਦਰ ਸਿੰਘ ਸੈਨੀ ਦੇ ਪਿਤਾ ਸਰਦਾਰ ਪਾਲ ਸਿੰਘ ਦਾ ਚੱਕੀ ਪੁਲ ਪਠਾਨਕੋਟ ਨੇੜੇ ਸ਼ਮਸ਼ਾਨਘਾਟ ਵਿੱਚ ਅੰਤਿਮ ਸਸਕਾਰ ਕਰ ਦਿੱਤਾ ਗਿਆ।ਵੱਡੀ ਗਿਣਤੀ



ਵਿਚ ਇਕੱਠੇ ਹੋਏ ਲੋਕਾਂ ਨੇ ਉਨ੍ਹਾਂ ਨੂੰ ਹੰਝੂਆਂ ਭਰੀ ਵਿਦਾਇਗੀ ਦਿੱਤੀ।ਉਨ੍ਹਾਂ ਨੂੰ ਅਗਨੀ ਉਨ੍ਹਾਂ ਦੇ ਵੱਡੇ ਬੇਟੇ ਦਵਿੰਦਰ ਸਿੰਘ ਸੈਨੀ ਅਤੇ ਛੋਟੇ ਬੇਟੇ ਸੁਖਵਿੰਦਰ ਸਿੰਘ ਨੇ ਦਿੱਤੀ।ਲੋਕਾਂ ਦਾ ਠਾਠਾਂ ਮਾਰਦਾ ਇਕੱਠ ਇਸ ਗੱਲ ਦਾ ਸਬੂਤ ਸੀ ਕਿ ਸੈਨੀ ਪਰਿਵਾਰ ਕਿਸ ਤਰ੍ਹਾਂ ਲੋਕਾਂ ਵਿੱਚ ਹਰਮਨ ਪਿਆਰਾ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਪਠਾਨਕੋਟ ਤੋਂ ਹਲਕਾ ਇੰਚਾਰਜ ਵਿਭੂਤੀ ਸ਼ਰਮਾ, ਜ਼ਿਲ੍ਹਾ ਲੋਕ ਸੰਪਰਕ ਅਫਸਰ ਰਾਮ ਲੁਭਾਇਆ, ਗੁਰਦੁਆਰਾ ਦਮਦਮਾ ਸਾਹਿਬ ਦੇ ਮੁੱਖ ਸੇਵਾਦਾਰ ਜਥੇਦਾਰ ਗੁਰਦੀਪ ਸਿੰਘ ਗੁਲਾਟੀ, ਨਿਤਿਨ, ਬਲਬੀਰ ਸੈਨੀ, ਸਾਬਕਾ ਕੌਂਸਲਰ ਰਾਜੇਸ਼ ਗੁਪਤਾ, ਮਹਾਜਨ ਸਭਾ ਦੇ ਆਗੂ ਸੁਰਿੰਦਰ ਮਹਾਜਨ, ਟਰੇਡ ਯੂਨੀਅਨ ਆਗੂ ਕਾਮਰੇਡ ਸ਼ਿਵ ਕੁਮਾਰ, ਪ੍ਰਸਿੱਧ ਕਾਲਮ ਨਵੀਸ ਰਾਜਿੰਦਰ ਰਾਜਨ, ਰਮਨ ਕਾਲੀਆ, ਸੀਨੀਅਰ ਪੱਤਰਕਾਰ ਕੰਵਲ, ਲਲਿਤ ਤ੍ਰੇਹਨ,ਅਮਿਤ ਸ਼ਰਮਾ, ਪ੍ਰਸਿੱਧ ਕਾਰੋਬਾਰੀ ਰਵੀ ਗੁਪਤਾ, ਡਾਕਟਰ ਅਸ਼ਵਨੀ, ਕੁਲਦੀਪ ਮਹਾਜਨ, ਵਰਿੰਦਰ ਭਨੋਟ (ਤਲਵਾੜਾ) , ਪਰਮਜੀਤ ਸਿੰਘ ਗੁਰਾਇਆ, ਜਗਦੀਪ ਸਿੰਘ ਆਦਿ ਹਾਜ਼ਰ ਸਨ।

## ਪੀ ਬੀ ਐੱਸ ਮੌਲ ਚੌਕ ਮਹਿਤਾ ਵੱਲੋਂ ਨਗਰ ਕੀਰਤਨ ਦਾ ਨਿੱਘਾ ਸਵਾਗਤ


ਤਰਸਿੱਕਾ, (ਤਰਸੇਮ ਸਿੰਘ ਸਾਧਪੁਰ-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਪਾਵਨ ਅਵਤਾਰ



ਦਿਹਾੜੇ ਨੂੰ ਸਮਰਪਿਤ ਦਮਦਮੀ ਟਕਸਾਲ ਜਥਾ ਭਿੰਡਰਾਂ ਚੌਕ ਮਹਿਤਾ ਤੋਂ ਸੱਜੇ ਮਹਾਨ ਨਗਰ ਕੀਰਤਨ ਦਾ ਨਿੱਘਾ ਸਵਾਗਤ ਕਰਦੇ ਹੋਏ ਪੀ ਬੀ ਐੱਸ ਮੌਲ ਚੌਕ ਮਹਿਤਾ ਦੇ ਮਾਲਕ ਬਲਕਾਰ ਸਿੰਘ ਬਾਠ ਮੱਤੇਵਾਲ, ਪਰਮਜੀਤ ਸਿੰਘ ਬਾਠ ਮੱਤੇਵਾਲ, ਸਤਨਾਮ ਸਿੰਘ ਬਾਠ ਮੱਤੇਵਾਲ ਨੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਸਤੇ ਸੁੰਦਰ ਰੁਮਾਲਾ ਸਾਹਿਬ ਅਤੇ ਪੰਜ ਪਿਆਰਿਆਂ ਸਾਹਿਬਾਨ ਨੂੰ ਸਿਰੋਪਾਓ ਅਤੇ ਸੰਗਤ ਵਾਸਤੇ ਚਾਹ ਅਤੇ ਪਕੌੜਿਆਂ ਦਾ ਖੁੱਲ੍ਹਾ ਲੰਗਰ ਲਗਾਇਆ ਗਿਆ।ਇਸ ਮੌਕੇ ਦਮਦਮੀ ਟਕਸਾਲ ਦੇ ਮੁੱਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ੍ਰੀਮਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਪੀ ਬੀ ਐੱਸ ਮੌਲ ਦੇ ਮਾਲਕ ਬਲਕਾਰ ਸਿੰਘ ਬਾਠ ਮੱਤੇਵਾਲ, ਪਰਮਜੀਤ ਸਿੰਘ ਬਾਠ ਮੱਤੇਵਾਲ, ਸਤਨਾਮ ਸਿੰਘ ਬਾਠ ਮੱਤੇਵਾਲ ਨੂੰ ਗਿਆਨੀ ਸਾਹਿਬ ਸਿੰਘ, ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ, ਭਾਈ ਅਵਤਾਰ ਸਿੰਘ ਬੁੱਟਰ, ਜਥੇਦਾਰ ਬਾਬਾ ਬੋਹੜ ਸਿੰਘ ਪ੍ਰਿੰਸੀਪਲ ਗੁਰਦੀਪ ਸਿੰਘ ਰੰਧਾਵਾ ਨੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।

## ਪੱਤਰਕਾਰ ਗੌਰਵ ਜੋਸ਼ੀ ਨੂੰ ਸਦਮਾ, ਸਾਲੇ ਦਾ ਦੇਹਾਂਤ

ਬਿਆਸ (ਪਰਮਜੀਤ ਸਿੰਘ ਰੱਖੜਾ) ਕਸਬਾ ਰਈਆ ਤੋਂ ਪੰਜਾਬੀ ਜਾਗਰਣ ਦੇ ਪੱਤਰਕਾਰ ਗੌਰਵ ਜੋਸ਼ੀ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ, ਜਦੋਂ ਉਹਨਾ ਦੇ ਚਚੇਰੇ ਸਾਲੇ ਮੰਗਤ ਰਾਮ ਦਾ ਬਿਮਾਰੀ ਕਾਰਨ ਦੇਹਾਂਤ ਹੋ ਗਿਆ, ਉਹ ਪਿਛਲੇ ਕੁਝ ਦਿਨਾਂ ਤੋਂ ਬਿਮਾਰ ਚੱਲ ਰਹੇ ਸਨ। ਸ਼ੁੱਕਰਵਾਰ ਉਹਨਾ ਦਾ ਪਿੰਡ ਮੱਧ ਦੇ ਸ਼ਮਸ਼ਾਨਘਾਟ ਵਿਖੇ ਅੰਤਮ ਸੰਸਕਾਰ ਕਰ ਦਿੱਤਾ ਗਿਆ। ਚਿਖਾ ਨੂੰ ਅਗਨੀ



ਵੱਡੇ ਬੇਟੇ ਰਮਤਾਜ ਨੇ ਵਿਖਾਈ। ਇਸ ਮੌਕੇ ਸਾਬਕਾ ਵਿਧਾਇਕ ਸੰਤੋਖ ਸਿੰਘ ਭਲਾਈਪੁਰ, ਵਿਧਾਇਕ ਦਲਬੀਰ ਸਿੰਘ ਟੌਂਗ, ਸਾਬਕਾ ਵਿਧਾਇਕ ਮਨਜੀਤ ਸਿੰਘ ਮੰਨਾ, ਸਾਬਕਾ ਚੇਅਰਮੈਨ ਵਰਿੰਦਰ ਸਿੰਘ ਵਿੱਕੀ ਭਿੰਡਰ, ਫ਼ੀਲਡ ਪੱਤਰਕਾਰ ਐਸੋਸੀਏਸ਼ਨ ਦੇ ਪ੍ਰਧਾਨ ਸ਼ੇਲਿੰਦਰਜੀਤ ਸਿੰਘ ਰਾਜਨ, ਸੂਬਾ ਪ੍ਰਧਾਨ ਹਰਜੀਪ੍ਰੀਤ ਸਿੰਘ ਕੰਗ, ਰਣਜੀਤ ਸਿੰਘ ਸੰਧੂ, ਐਡਵੋਕੇਟ ਲੱਖਾ ਸਿੰਘ ਆਜ਼ਾਦ, ਸਾਬਕਾ ਪ੍ਰਧਾਨ ਰਜਿੰਦਰ ਕਾਲੀਆ, ਸਰਪੰਚ ਜੋਬਨ ਸ਼ਾਹ ਮੱਧ, ਜਗਦੀਪ ਮਾਨ, ਸਾਬਕਾ ਸਰਪੰਚ ਗੁਰਦੇਵ ਸਿੰਘ, ਸਾਬਕਾ ਸਰਪੰਚ ਜਸਬੀਰ ਸਿੰਘ ਬਿੱਲਾ, ਪ੍ਰਿੰਸੀਪਲ ਜਗਬੀਰ ਸਿੰਘ ਰੰਧਾਵਾ, ਗੋਰਖ ਨਾਥ, ਭਗਤ ਨਰੇਸ਼ ਕੁਮਾਰ, ਸ਼ਕਤੀ ਸ਼ਰਮਾ, ਸੁਸ਼ੀਲ ਅਰੋੜਾ, ਗੁਰਪ੍ਰੀਤ ਸਿੰਘ, ਚੇਤਨ ਸ਼ਰਮਾ, ਸੰਦੀਪ ਗੋਲਡੀ, ਨੀਰਜ ਸ਼ਰਮਾ, ਅਨਿਲ ਸ਼ਰਮਾ, ਅਮਰੀਕ ਛੀਨਾ, ਜੱਸਾ ਭਿੰਡਰ, ਮਲੂਕ ਸਿੰਘ, ਜੋਗਾ ਸਿੰਘ, ਅਜੀਤ ਸਿੰਘ, ਚਰਨ ਸਿੰਘ, ਰਾਜਵਿੰਦਰ ਸਿੰਘ, ਸੁਖਦੇਵ ਸਿੰਘ, ਸੁਰਿੰਦਰ ਕੁਮਾਰ, ਅਸ਼ਵਨੀ ਕੁਮਾਰ ਰਾਜਾਸਾਂਸੀ ਆਦਿ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ।

ਵਰ੍ਹੇਗੰਢ ਮੁਬਾਰਕ



ਦੀਪਇੰਦਰ ਸਿੰਘ ਅਤੇ ਕੁਲਵਿੰਦਰ ਕੌਰ ਵਾਸੀ ਸਮਾਣਾ ਨੇ ਵਿਆਹ ਦੀ ਵਰ੍ਹੇਗੰਢ ਮਨਾਈ।



ਜਸਵੀਰ ਸਿੰਘ ਤੇ ਨਵਜੋਤ ਕੌਰ ਵਾਸੀ ਸ਼ਾਹਕੋਟ ਨੇ ਵਿਆਹ 12ਵੀਂ ਦੀ ਵਰ੍ਹੇਗੰਢ ਮਨਾਈ।


# ਲੁੱਟ-ਖੋਹ ਕਰਨ ਵਾਲੇ ਹਥਿਆਰਾਂ ਸਮੇਤ ਦੋ ਗ੍ਰਿਫ਼ਤਾਰ




**ਜਲੰਧਰ (ਸੁਰਿੰਦਰ ਕੁਮਾਰ)**- ਕਮਿਸ਼ਨਰੇਟ ਪੁਲਿਸ ਜਲੰਧਰ ਵੱਲੋਂ ਅਪਰਾਧੀਆਂ ਖ਼ਿਲਾਫ਼ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਤਹਿਤ ਇੱਕ ਵੱਡੀ ਸਫ਼ਲਤਾ ਹਾਸਲ ਕਰਦਿਆਂ ਲੁੱਟ-ਖੋਹ ਵਿੱਚ ਸ਼ਾਮਲ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਪਾਸੋਂ 2 ਨਾਜਾਇਜ਼ ਪਿਸਟਲ ਬਰਾਮਦ ਕੀਤੇ ਗਈ ਹਨ।ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਕਮਿਸ਼ਨਰ ਪੁਲਸ ਜਲੰਧਰ ਧੰਨਪ੍ਰੀਤ ਕੌਰ ਨੇ ਦੱਸਿਆ ਕਿ ਇਹ ਕਾਰਵਾਈ ਮਨਪ੍ਰੀਤ ਸਿੰਘ ਢਿੱਲੋਂ ਡੀ ਸੀ ਪੀ, ਜਯੰਤ ਪੁਰੀ, ਏ ਡੀ ਸੀ ਪੀ, ਆਕਰਸ਼ੀ ਜੈਨ ਏ ਡੀ ਸੀ ਪੀ-1, ਸੰਜੈ ਕੁਮਾਰ ਏ ਸੀ ਪੀ ਨੌਰਥ, ਤੇ ਅਮਰਬੀਰ ਸਿੰਘ ਏ ਸੀ ਪੀ /ਡੀ, ਦੀ ਯੋਗ ਨਿਗਰਾਨੀ ਹੇਠ ਇੰਚਾਰਜ 391-ਸਟਾਫ ਜਲੰਧਰ ਅਤੇ ਐੱਸ ਐੱਚ ਓ ਥਾਣਾ ਡਵੀਜ਼ਨ ਨੰਬਰ 8 ਜਲੰਧਰ ਦੀਆਂ ਪੁਲਸ ਟੀਮਾਂ ਵੱਲੋਂ ਅਮਲ ਵਿੱਚ ਲਿਆਂਦੀ ਗਈ। ਉਨ੍ਹਾਂ ਦੱਸਿਆ ਕਿ ਮਿਤੀ 22.12.2025 ਦੀ ਰਾਤ ਨੂੰ ਪੁਲਿਸ ਨੂੰ ਸੂਚਨਾ ਪ੍ਰਾਪਤ ਹੋਈ ਸੀ ਕਿ ਦੋ ਅਣਪਛਾਤੇ ਵਿਅਕਤੀਆਂ ਵੱਲੋਂ ਇੱਕ ਵਾਹਨ ਨੂੰ ਗਨ ਪੁਆਇੰਟ 'ਤੇ ਲੁੱਟਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਸਬੰਧੀ ਥਾਣਾ ਡਵੀਜ਼ਨ ਨੰਬਰ 8, ਜਲੰਧਰ ਵਿਖੇ ਮੁਕੱਦਮਾ ਆਰਮਜ਼ ਐਕਟ ਤਹਿਤ ਦਰਜ ਕੀਤਾ ਗਿਆ। ਮੁਕੱਦਮੇ ਦੀ ਜਾਂਚ ਦੌਰਾਨ ਤਕਨੀਕੀ ਸਹਾਇਤਾ ਅਤੇ ਮਨੁੱਖੀ ਸਰੋਤਾਂ ਦੀ ਵਰਤੋਂ ਕਰਦਿਆਂ ਪੁਲਸ ਟੀਮ ਵੱਲੋਂ ਰਾਮਨੀਕ ਐਵੇਨਿਊ ਤੋਂ ਬੁਲੰਦਪੁਰ ਸੜਕ ਵਾਲੇ ਪਾਸੇ ਦੋਸ਼ੀਆਂ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਸ ਦੌਰਾਨ ਦੋਸ਼ੀਆਂ ਵੱਲੋਂ ਪੁਲਸ ਪਾਰਟੀ 'ਤੇ ਫਾਇਰਿੰਗ ਕੀਤੀ ਗਈ, ਜਿਸ 'ਤੇ ਪੁਲਸ ਵੱਲੋਂ ਜਵਾਬੀ ਕਾਰਵਾਈ ਕਰਦਿਆਂ ਦੋਹਾਂ ਮੁਲਜ਼ਮਾਂ ਨੂੰ ਸੁਰੱਖਿਅਤ ਤਰੀਕੇ ਨਾਲ ਕਾਬੂ ਕਰ ਲਿਆ ਗਿਆ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਅਰਸ਼ਦੀਪ ਸਿੰਘ ਉਰਫ਼ ਅਰਸ਼, ਪੁੱਤਰ ਕਸ਼ਮੀਰ ਸਿੰਘ, ਵਾਸੀ ਪਿੰਡ ਨਵਾਂ ਨੌਸ਼ਹਿਰਾ, ਥਾਣਾ ਪੁਰਾਣਾ ਸ਼ਾਲਾ, ਜ਼ਿਲ੍ਹਾ ਗੁਰਦਾਸਪੁਰ ਅਤੇ ਤੇਜਬੀਰ ਸਿੰਘ ਉਰਫ਼ ਤੇਜੀ, ਪੁੱਤਰ ਸੁਖਵਿੰਦਰ ਸਿੰਘ, ਵਾਸੀ ਪਿੰਡ ਕੋਟ ਬੁੱਢਾ, ਥਾਣਾ ਸੇਖਵਾ, ਜ਼ਿਲ੍ਹਾ ਬਟਾਲਾ ਵਜੋਂ ਹੋਈ ਹੈ।ਪੁਲਸ ਵੱਲੋਂ ਦੋਸ਼ੀਆਂ ਦੇ ਕਬਜ਼ੇ ਵਿੱਚੋਂ 1 ਪਿਸਟਲ 32 ਬੋਰ ਅਤੇ 1 ਪਿਸਟਲ 30 ਬੋਰ ਬਰਾਮਦ ਕੀਤੇ ਗਏ ਹਨ।

# ਅਲਾਟੀਆਂ ਤੋਂ 3164 ਰੁਪਏ ਪ੍ਰਤੀ ਵਰਗ ਮੀਟਰ ਹੋਰ ਰਾਸ਼ੀ ਮੰਗਣਾ ਗਮਾਡਾ ਦਾ ਆਪਹੁਦਰਾਪਣ : ਸਿੱਧੂ

**ਮੁਹਾਲੀ (ਗੁਰਜੀਤ ਬਿੱਲਾ)**- ਸੀਨੀਅਰ ਕਾਂਗਰਸੀ ਆਗੂ ਤੇ ਪੰਜਾਬ ਦੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਗਮਾਡਾ ਵਲੋਂ ਮੋਹਾਲੀ ਦੇ 76 ਤੋਂ 80 ਸੈਕਟਰਾਂ ਦੇ ਅਲਾਟੀਆਂ ਨੂੰ ਮੁੜ 3164 ਰੁਪਏ ਪ੍ਰਤੀ ਵਰਗ ਮੀਟਰ ਦੀ ਵਧਾਈ ਗਈ



ਕੀਮਤ ਰਾਸ਼ੀ ਜਮ੍ਹਾਂ ਕਰਾਉਣ ਦੇ ਭੇਜੇ ਗਏ ਨੋਟਿਸਾਂ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਇਸ ਫੈਸਲੇ ਨੂੰ ਆਪਹੁਦਰਾ, ਬੇਅਸੂਲਾ ਅਤੇ ਬੇਬੁਨਿਆਦ ਗਰਦਾਨਿਆ ਹੈ।ਸਿੱਧੂ ਨੇ ਕਿਹਾ ਕਿ 76-80 ਸੈਕਟਰ ਦੇ ਅਲਾਟੀਆਂ ਨੂੰ ਸਾਲ 2000 ਵਿਚ 3300 ਤੋਂ 3350 ਪ੍ਰਤੀ ਗਜ਼ ਦੇ ਵਿਚ ਵੱਖ ਵੱਖ ਸ਼੍ਰੇਣੀਆਂ ਦੇ ਅਲਾਟ ਹੋਏ ਪਲਾਟਾਂ ਦਾ ਕਬਜ਼ਾ 2002 ਵਿਚ ਦਿੱਤਾ ਜਾਣਾ ਸੀ ਜੋ ਗਮਾਡਾ ਦੀ ਗਲਤੀ ਕਰ ਕੇ ਹੋਈ ਮੁਕੱਦਮੇਬਾਜ਼ੀ ਕਾਰਨ 2013-2019 ਤੱਕ ਦੇ ਅਰਸੇ ਦੌਰਾਨ ਦਿੱਤਾ ਗਿਆ। ਉਹਨਾਂ ਕਿਹਾ ਕਿ ਗਮਾਡਾ ਵਲੋਂ ਮਾਣਯੋਗ ਸੁਪਰੀਮ ਕੋਰਟ ਦੇ 2013 ਦੇ ਫੈਸਲੇ ਨੂੰ ਅਧਾਰ ਬਣਾ ਕੇ 10 ਸਾਲ ਬਾਅਦ 2023 ਵਿਚ ਵਧਾਈ ਗਈ ਕੀਮਤ ਸਮੇਤ ਵਿਆਜ ਵਸੂਲਣ ਦੇ ਕੀਤੇ ਗਏ ਫੈਸਲੇ ਨੂੰ ਕਿਸੇ ਵੀ ਤਰਾਂ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਸ਼੍ਰੀ ਸਿੱਧੂ ਨੇ ਕਿਹਾ ਕਿ ਤਕਰੀਬਨ 12 ਤੋਂ 15 ਸਾਲ ਦੇਰ ਨਾਲ ਪਲਾਟ ਮਿਲਣ ਨਾਲ ਇਮਾਰਤਸਾਜ਼ੀ ਦੀ ਕਈ ਗੁਣਾ ਵਧੀ ਕੀਮਤ ਕਾਰਨ ਇਕ ਵਾਰ ਪਹਿਲਾਂ ਹੀ ਗਮਾਡਾ ਦੀ ਗਲਤੀ ਦਾ ਖ਼ਮਿਆਜ਼ਾ ਭੁਗਤ ਚੁੱਕੇ ਅਲਾਟੀਆਂ ਤੋਂ ਹੁਣ ਸਣੇ ਵਿਆਜ਼ ਤੇ ਜੁਰਮਾਨਾ ਵਸੂਲਣ ਦੇ ਨਾਦਰਸ਼ਾਹੀ ਫੈਸਲੇ ਕਾਰਨ ਉਹਨਾਂ ਨੂੰ ਦੋਹਰੀ ਮਾਰ ਮਾਰੀ ਜਾ ਰਹੀ ਹੈ।

# ਸ਼ਹੀਦੀ ਦਿਹਾੜੇ ਨੂੰ ਸਮਰਪਤ ਦੁੱਧ ਤੇ ਪਰੌਂਠਿਆਂ ਦੇ ਲੰਗਰ ਲਗਾਏ

**ਬਸਤੀ ਸ਼ੇਖ (ਜਲੰਧਰ) (ਲਖਵਿੰਦਰ ਸਿੰਘ)**- ਸਰਬੰਸਦਾਨੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਗੁਰਦੁਆਰਾ ਕਲਗੀਧਰ ਸਿੰਘ



ਸਭਾ ਵੱਲੋਂ ਅਤੇ ਨਗਰ ਨਿਵਾਸੀ ਪਿੰਡ ਸੰਧੂ ਚੱਠਾ ਦੇ ਸਹਿਯੋਗ ਨਾਲ ਜਲੰਧਰ ਤੋਂ ਕਾਲਾ ਸੰਘਿਆਂ ਮੇਨ ਰੋਡ ਸੁਲਤਾਨਪੁਰ ਲੋਧੀ ਨੂੰ ਜਾਂਦਿਆਂ ਹੋਇਆਂ ਸੰਧੂ ਚੱਠਾ ਰੋਡ ਤੇ ਦੁੱਧ ਅਤੇ ਪਰੋਠਿਆ ਦੇ ਲੰਗਰ ਲਗਾਏ ਗਏ ਸੇਵਾ ਕਰ ਰਿਹੇ ਸ਼ਰਧਾਲੂਆਂ ਨੇ ਬੱਸਾਂ , ਗੱਡੀਆਂ ਰੋਕ ਰੋਕ ਕੇ ਸੰਗਤਾਂ ਨੂੰ ਦੁੱਧ ਅਤੇ ਪਰੋਠਿਆ ਦੇ ਲੰਗਰ ਅਤੁੱਟ ਵਰਤਾਇਆ ਗਿਆ। ਇਹ ਲੰਗਰ ਦੀ ਸੇਵਾ ਸਵੇਰੇ ਤੋਂ ਲੈ ਕੇ ਸ਼ਾਮ ਤੱਕ ਚੱਲੀ।ਇਸ ਮੌਕੇ ਤੇ ਕੁਲਦੀਪ ਸਿੰਘ, ਪਰਮਜੀਤ ਸਿੰਘ, ਕੁਲਦੀਪ ਸਿੰਘ ਸੋਹਲ, ਹਰਭਜਨ ਸਿੰਘ,ਧਰਮ ਸਿੰਘ ਬਿਲਖੂ, ਸੋਡੀ, ਸੰਤੋਖ ਸਿੰਘ, ਪਵਨਦੀਪ ਸਿੰਘ, ਪ੍ਰੀਤਮ ਸਿੰਘ, ਬਾਬਾ ਟਹਿਲ ਸਿੰਘ, ਸੇਵਾ ਸਿੰਘ, ਗੁਰਦੇਵ ਸਿੰਘ, ਅਵਤਾਰ ਸਿੰਘ ਵਿਘਾ, ਕਾਕਾ, ਲੱਖੀ ਸੰਧੂ ਚੱਠਾ,ਏਕਮਜੋਤ ਸਿੰਘ ਅਤੇ ਹੋਰ ਵੀ ਬਹੁਤ ਸਾਰੇ ਸ਼ਰਧਾਲੂਆਂ ਨੇ ਸੇਵਾ ਕੀਤੀ।

# ਨੌਜਵਾਨ ਕ੍ਰਿਕਟਰਾਂ ਲਈ ਕੋਚਿੰਗ ਕੈਂਪ ਲਗਾਏ ਜਾਣਗੇ : ਪ੍ਰਿੰਸ ਚੌਧਰੀ



**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਆਮ ਆਦਮੀ ਪਾਰਟੀ ਬਲਾਕ ਗੜ੍ਹਸ਼ੰਕਰ ਤੋਂ ਯੂਥ ਪ੍ਰਧਾਨ ਪ੍ਰਿੰਸ ਚੌਧਰੀ ਨੇ ਪਿੰਡ ਪੰਡੋਰੀ (ਬੀਤ) ਵਿਖੇ ਕਰਵਾਏ ਗਏ ਕ੍ਰਿਕਟ ਟੂਰਨਾਮੈਂਟ ਵਿੱਚ ਨੌਜਵਾਨ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਕਿਹਾ ਕਿ ਕ੍ਰਿਕਟ ਸਿਰਫ਼ ਇੱਕ ਖੇਡ ਹੀ ਨਹੀਂ, ਸਗੋਂ ਇਹ ਅਨੁਸ਼ਾਸਨ, ਮਿਹਨਤ ਅਤੇ ਟੀਮ ਵਰਕ ਦੀ ਸ਼ਾਨਦਾਰ ਪਾਠਸ਼ਾਲਾ ਹੈ। ਪ੍ਰਿੰਸ ਚੌਧਰੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਕ੍ਰਿਕਟ ਖੇਡ ਨੌਜਵਾਨਾਂ ਵਿੱਚ ਸਰੀਰਕ ਤੰਦਰੁਸਤੀ ਦੇ ਨਾਲ-ਨਾਲ ਮਾਨਸਿਕ ਮਜ਼ਬੂਤੀ ਵੀ ਪੈਦਾ ਕਰਦੀ ਹੈ। ਪ੍ਰਿੰਸ ਚੌਧਰੀ ਨੇ ਕਿਹਾ ਕਿ ਯੂਥ ਵਿੰਗ ਵੱਲੋਂ ਆਉਣ ਵਾਲੇ ਸਮੇਂ ਵਿੱਚ ਪਿੰਡ ਅਤੇ ਸ਼ਹਿਰੀ ਪੱਧਰ 'ਤੇ ਕ੍ਰਿਕਟ ਟੂਰਨਾਮੈਂਟ ਕਰਵਾਏ ਜਾਣਗੇ ਅਤੇ ਨੌਜਵਾਨ ਕ੍ਰਿਕਟਰਾਂ ਲਈ ਕੋਚਿੰਗ ਕੈਂਪ ਲਗਾਏ ਜਾਣਗੇ ਤਾਂ ਜੋ ਇਲਾਕੇ ਦੇ ਹੋਣਹਾਰ ਖਿਡਾਰੀਆਂ ਨੂੰ ਆਪਣਾ ਟੈਲੈਂਟ ਨਿਖਾਰਨ ਦਾ ਮੌਕਾ ਮਿਲ ਸਕੇ।

# ਖ਼ਾਲਸਾ ਏਡ ਵੱਲੋਂ ਸ਼ਹੀਦੀ ਦਿਹਾੜਿਆਂ ਮੌਕੇ ਸੰਗਤ ਲਈ ਵਿਸ਼ਾਲ ਪੱਧਰ 'ਤੇ ਨਿਸ਼ਕਾਮ ਸੇਵਾਵਾਂ : ਜਸਪ੍ਰੀਤ ਸਿੰਘ

**ਫ਼ਤਹਿਗੜ੍ਹ ਸਾਹਿਬ (ਨ ਜ਼ ਸ)** ਫ਼ਤਹਿਗੜ੍ਹ ਸਾਹਿਬ ਦੀ ਪਵਿੱਤਰ ਧਰਤੀ ਸਿੱਖ ਇਤਿਹਾਸ ਦੀ ਉਹ ਅਮਰ ਗਵਾਹ ਹੈ, ਜਿੱਥੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੇ ਧਰਮ, ਸੱਚ ਅਤੇ ਇਨਸਾਫ਼ ਦੀ ਰੱਖਿਆ ਲਈ ਆਪਣੀਆਂ ਕੁਰਬਾਨੀਆਂ ਦਿੱਤੀਆਂ।ਇਹ ਸ਼ਹਾਦਤਾਂ ਅੱਜ ਵੀ ਮਨੁੱਖਤਾ ਨੂੰ ਜ਼ੁਲਮ ਖ਼ਿਲਾਫ਼ ਡਟ ਕੇ ਖੜ੍ਹਨ, ਸੱਚ ਦੇ ਰਾਹ 'ਤੇ ਤੁਰਨ ਅਤੇ ਨਿਸ਼ਕਾਮ ਸੇਵਾ ਕਰਨ ਦੀ ਪ੍ਰੇਰਣਾ ਦਿੰਦੀਆਂ ਹਨ।ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਅਤੇ ਮਾਤਾ ਗੁਜਰੀ ਜੀ ਦੀ ਅਥਾਹ ਧੀਰਜਤਾ ਸਿਰਫ਼ ਸਿੱਖ ਕੌਮ ਲਈ ਹੀ ਨਹੀਂ, ਸਗੋਂ ਪੂਰੀ ਮਨੁੱਖਤਾ ਲਈ ਇਕ ਪ੍ਰਕਾਸ਼ਮਈ ਮਾਰਗ ਹੈ।ਇਸੇ ਪ੍ਰੇਰਣਾ ਦੇ ਨਾਲ ਹਰ ਸਾਲ ਲੱਖਾਂ ਦੀ ਗਿਣਤੀ ਵਿੱਚ ਸੰਗਤ ਫ਼ਤਹਿਗੜ੍ਹ ਸਾਹਿਬ ਪਹੁੰਚਦੀ ਹੈ ਅਤੇ ਗੁਰੂ ਸਾਹਿਬਾਨਾਂ ਦੇ ਦਰਸਾਏ ਰਾਹ 'ਤੇ ਚੱਲਣ ਦਾ ਸੰਕਲਪ ਲੈਂਦੀ ਹੈ।ਸ਼ਹੀਦੀ ਦਿਹਾੜਿਆਂ ਮੌਕੇ ਖ਼ਾਲਸਾ ਏਡ ਵੱਲੋਂ ਫ਼ਤਹਿਗੜ੍ਹ ਸਾਹਿਬ ਵਿੱਚ ਸੰਗਤ ਦੀ ਸੁਵਿਧਾ ਲਈ ਵਿਸ਼ਾਲ ਪੱਧਰ 'ਤੇ ਨਿਸ਼ਕਾਮ ਸੇਵਾਵਾਂ ਕੀਤੀਆਂ ਜਾ ਰਹੀਆਂ ਹਨ।ਇਨ੍ਹਾਂ ਸੇਵਾਵਾਂ ਵਿੱਚ 500 ਸੰਗਤ ਦੀ ਸਮਰੱਥਾ ਵਾਲਾ ਟੈਂਟ ਅਤੇ ਲੰਗਰ ਸੇਵਾ, ਪੈਦਲ ਯਾਤਰੀਆਂ ਲਈ ਈ-ਰਿਕਸ਼ਾ ਸੇਵਾ, ਮੁਫ਼ਤ ਮੈਡੀਕਲ ਕੈਂਪ, ਬਜ਼ੁਰਗਾਂ ਅਤੇ ਮਰੀਜ਼ਾਂ ਲਈ ਐਕਯੂਪ੍ਰੈਸ਼ਰ ਸੇਵਾ,



ਟ੍ਰੈਫ਼ਿਕ ਪ੍ਰਬੰਧ ਲਈ 300 ਤੋਂ ਵੱਧ ਸੇਵਾਦਾਰਾਂ ਦੀ ਨਿਸ਼ਕਾਮ ਡਿਊਟੀ ਅਤੇ ਲਗਾਤਾਰ ਸਫ਼ਾਈ ਸੇਵਾ ਸ਼ਾਮਲ ਹੈ, ਤਾਂ ਜੋ ਦੂਰ-ਦੁਰਾਡੇ ਤੋਂ ਆਈ ਸੰਗਤ ਨੂੰ ਕਿਸੇ ਵੀ ਤਰ੍ਹਾਂ ਦੀ ਅਸੁਵਿਧਾ ਨਾ ਆਵੇ। ਇਸ ਮੌਕੇ ਖ਼ਾਲਸਾ ਏਡ ਦੇ ਸੀਨੀਅਰ ਮੈਂਬਰ ਜਸਪ੍ਰੀਤ ਸਿੰਘ ਨੇ ਕਿਹਾ ਕਿ ਇਹ ਸਾਰੀ ਸੇਵਾ ਪੂਰੀ ਤਰ੍ਹਾਂ ਨਿਸ਼ਕਾਮ ਭਾਵਨਾ ਨਾਲ, ਸਿਰਫ਼ ਗੁਰੂ ਸਾਹਿਬਾਨਾਂ ਦੀ ਸਿੱਖਿਆ 'ਤੇ ਚੱਲਦਿਆਂ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਖ਼ਾਲਸਾ ਏਡ ਲਈ ਸੇਵਾ ਕੋਈ ਡਿਊਟੀ ਨਹੀਂ, ਸਗੋਂ ਗੁਰੂ ਘਰ ਤੋਂ ਮਿਲੀ ਉਹ ਸਿੱਖਿਆ ਹੈ ਜੋ ਹਰ ਹਾਲਤ ਵਿੱਚ ਨਿਭਾਈ ਜਾਂਦੀ ਹੈ।ਉਨ੍ਹਾਂ ਕਿਹਾ ਕਿ ਸ਼ਹੀਦੀ ਸਿਰਫ਼ ਯਾਦ ਕਰਨ ਦੀ ਚੀਜ਼ ਨਹੀਂ, ਸਗੋਂ ਉਸ ਦੇ ਆਦਰਸ਼ਾਂ ਨੂੰ ਆਪਣੀ ਜ਼ਿੰਦਗੀ ਵਿੱਚ ਅਪਣਾਉਣ ਦਾ ਨਾਮ ਹੈ।ਅੱਜ ਦੇ ਸਮੇਂ ਵਿੱਚ ਜਦੋਂ ਸਮਾਜ ਨੂੰ ਸਹਿਣਸ਼ੀਲਤਾ, ਏਕਤਾ ਅਤੇ ਸੇਵਾ ਦੀ ਸਭ ਤੋਂ ਵੱਧ ਲੋੜ ਹੈ।

# ਅਣ-ਅਧਿਕਾਰਤ ਕਾਲੋਨੀਆਂ 'ਚ ਪਲਾਟ ਖਰੀਦਣ ਵਾਲੇ ਲੋਕ ਬਿਨਾਂ ਐੱਨ ਓ ਸੀ ਪ੍ਰਾਪਤ ਕੀਤੇ ਪਲਾਟ ਨੂੰ ਰਜਿਸਟਰ ਕਰਵਾ ਸਕਦੇ : ਮੁੰਡੀਆ

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਪੰਜਾਬ ਦੇ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਕਿ ਜਿਹੜੇ ਪਲਾਟ ਧਾਰਕ ਆਪਣੀਆਂ ਬਕਾਇਆ ਕਿਸ਼ਤਾਂ ਜਮ੍ਹਾਂ ਨਹੀਂ ਕਰਵਾ ਸਕੇ ਜਾਂ ਨਿਰਧਾਰਤ ਸਮਾਂ-ਸੀਮਾ ਅੰਦਰ ਉਸਾਰੀ ਮੁਕੰਮਲ ਨਹੀਂ ਕਰ ਸਕੇ ਜਾਂ ਨਾਨ ਕੰਸਟ੍ਰਕਸ਼ਨ ਫੀਸ ਜਮ੍ਹਾਂ ਨਹੀਂ ਕਰਵਾ ਸਕੇ, ਉਨ੍ਹਾਂ ਲਈ ਵਿਭਾਗ ਨੇ ਸਾਲ 2025 ਦੌਰਾਨ ਐਮਨੈਸਟੀ ਸਕੀਮ ਲਿਆਂਦੀ ਜਿਸ ਦਾ ਉਦੇਸ਼ ਯੋਜਨਾਬੱਧ ਸ਼ਹਿਰੀ ਵਿਕਾਸ ਨੂੰ ਕਾਇਮ ਰੱਖਦਿਆਂ ਪੁਰਾਣੇ ਮੁੱਦਿਆਂ ਨੂੰ ਸੁਲਝਾਉਣਾ ਅਤੇ ਲੋਕਾਂ ਦੇ ਵਿਸ਼ਵਾਸ ਨੂੰ ਮਜ਼ਬੂਤ ਕਰਨਾ ਹੈ। ਇੱਕ ਅਹਿਮ ਨਾਗਰਿਕ-ਕੇਂਦਰਿਤ ਸੋਧ ਬਾਰੇ ਦੱਸਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਅਣ-ਅਧਿਕਾਰਤ ਕਾਲੋਨੀਆਂ ਵਿੱਚ ਪਲਾਟ ਖਰੀਦਣ ਵਾਲੇ ਲੋਕਾਂ ਨੂੰ ਵੱਡੀ ਰਾਹਤ ਦਿੰਦਿਆਂ ਪੰਜਾਬ ਅਪਾਰਟਮੈਂਟ ਅਤੇ ਪ੍ਰਾਪਰਟੀ ਰੈਗੂਲੇਸ਼ਨ ਐਕਟ ਵਿੱਚ ਸੋਧ ਕੀਤੀ ਗਈ, ਜਿਸ ਨਾਲ ਉਹ ਬਿਨਾਂ ਐੱਨ ਓ ਸੀ ਪ੍ਰਾਪਤ ਕੀਤੇ ਆਪਣੇ ਪਲਾਟ ਨੂੰ ਰਜਿਸਟਰ ਕਰਵਾ ਸਕਦੇ ਹਨ। ਇਸ ਦੇ ਨਾਲ ਹੀ ਅਣਅਧਿਕਾਰਤ ਵਿਕਾਸ ਨੂੰ ਰੋਕਣ ਲਈ ਅਣਅਧਿਕਾਰਤ ਕਾਲੋਨੀਆਂ ਵਿਕਸਤ ਕਰਨ ਵਾਲੇ ਪ੍ਰਮੋਟਰਾਂ ਲਈ ਸਜ਼ਾ ਅਤੇ ਜੁਰਮਾਨੇ ਵਿੱਚ ਵਾਧਾ ਕਰਦਿਆਂ ਸਖ਼ਤੀ ਨਾਲ ਕਈ ਸੋਧਾਂ ਕੀਤੀਆਂ ਗਈਆਂ ਹਨ।

# ਵੈਟਰਨਰੀ ਇੰਸਪੈਕਟਰਜ਼ ਐਸੋਸੀਏਸ਼ਨ ਵੱਲੋਂ ਲੰਬੀ ਵਿਖੇ ਸੂਬਾ ਪੱਧਰੀ ਰੋਸ ਮੁਜ਼ਾਹਰਾ ਕਰਨ ਦਾ ਐਲਾਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬ ਸਰਕਾਰ ਵੱਲੋਂ ਵੈਟਨਰੀ ਇੰਸਪੈਕਟਰਾਂ ਨਾਲ ਕੀਤੀਆਂ ਮੀਟਿੰਗਾਂ ਦੌਰਾਨ ਅਪਣਾਏ ਜਾ ਰਹੇ ਵਤੀਰੇ ਤੋਂ ਖਫਾ ਹੁੰਦਿਆਂ ਪੰਜਾਬ ਸਟੇਟ ਵੈਟਨਰੀ ਇੰਸਪੈਕਟਰਜ ਐਸੋਸੀਏਸ਼ਨ ਨੇ 4 ਜਨਵਰੀ ਨੂੰ ਪਸ਼ੂ ਪਾਲਣ ਵਿਭਾਗ ਦੇ ਵਜੀਰ ਸ: ਗੁਰਮੀਤ ਸਿੰਘ ਖੁੱਡੀਆਂ ਦੇ ਹਲਕੇ ਲੰਬੀ ਵਿਖੇ ਸੂਬਾ ਪੱਧਰੀ ਰੋਸ ਮੁਜਾਹਰਾ ਕਰਨ ਦਾ ਫੈਸਲਾ ਲਿਆ ਹੈ।ਜੱਥੇਬੰਦੀ ਦੀ ਸੂਬਾ ਪੱਧਰੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਗੁਰਦੀਪ ਸਿੰਘ ਬਾਸੀ ਅਤੇ ਸੂਬਾ ਜਨਰਲ ਸਕੱਤਰ ਵਿਪਨ ਕੁਮਾਰ ਗੋਇਲ ਨੇ ਦੱਸਿਆ ਕੇ ਪੰਜਾਬ ਸਰਕਾਰ ਨਾਲ ਹੋਈਆਂ ਵੱਖ ਵੱਖ ਵਿਭਾਗੀ ਮੀਟਿੰਗਾਂ ਦੌਰਾਨ ਸਰਕਾਰ ਵੱਲੋਂ ਮੰਗਾਂ ਮਸਲਿਆਂ ਦੇ ਨਿਬੇੜੇ ਦਾ ਭਰੋਸਾ ਦਿੱਤੇ ਜਾਣ ਦੇ ਬਾਵਜੂਦ ਸਥਿਤੀ ਜਿਉਂ ਦੀ ਤਿਓਂ ਬਣੀ ਹੋਈ ਹੈ। ਸਰਕਾਰ ਦਾ ਵਿੱਤ ਅਤੇ ਪਰਸੋਨਲ ਵਿਭਾਗ ਬੇਲੋੜੇ ਇਤਰਾਜਾਂ ਲਗਾ ਕੇ ਸਮਾਂ ਬਰਬਾਦ ਕਰ ਰਿਹਾ ਹੈ।ਇਸ ਮੁਜਾਹਰੇ ਦੀ ਤਿਆਰੀ ਲਈ ਸਮੂਹ ਜਿਲ੍ਹਾ ਅਤੇ ਤਹਿਸੀਲ ਇਕਾਈਆਂ ਪੱਬਾਂ ਭਾਰ ਹਨ। ਇਸ ਮੀਟਿੰਗ ਵਿਚ ਸੀਨੀਅਰ ਮੀਤ



ਪ੍ਰਧਾਨ ਗੁਰਦੀਪ ਸਿੰਘ ਛੰਨਾਂ ਬਰਨਾਲਾ, ਸੂਬਾ ਵਿੱਤ ਸਕੱਤਰ ਰਾਜੀਵ ਮਲਹੋਤਰਾ, ਸੂਬਾ ਸਕੱਤਰ ਪਰਮਜੀਤ ਸਿੰਘ ਸੋਹੀ ਮੁਹਾਲੀ, ਦਲਜੀਤ ਸਿੰਘ ਚਾਹਲ ਤਰਨਤਾਰਨ, ਗੁਰਮੀਤ ਸਿੰਘ ਮਹਿਤਾ ਮੁਕਤਸਰ, ਹਰਦੀਪ ਸਿੰਘ ਗਿਆਨਾ ਬਠਿੰਡਾ, ਜਗਜੀਤ ਸਿੰਘ ਦੁੱਲਟ ਸੰਗਰੂਰ, ਸਤਿਨਾਮ ਸਿੰਘ ਅਮ੍ਰਿਤਸਰ, ਹਰਦੀਪ ਸਿੰਘ ਮੋਗਾ, ਅਸ਼ੋਕ ਕੁਮਾਰ ਜਲੰਧਰ, ਪਰੇਮ ਕੰਬੋਜ ਫਿਰੋਜਪੁਰ, ਪਰਵੀਨ ਕੁਮਾਰ ਗੁਰਦਾਸਪੁਰ, ਦਮਨਦੀਪ ਸਿੰਘ ਗਿੱਲ ਰੋਪੜ, ਵਿਜੇ ਕੰਬੋਜ ਫਾਜਿਲਕਾ, ਅਮਰਿਤ ਸਿੰਘ ਮਲੇਰਕੋਟਲਾ, ਗੁਰਿੰਦਰਪਾਲ ਸਿੰਘ ਨਵਾਂਸ਼ਹਿਰ, ਰਾਕੇਸ਼ ਸੈਣੀ ਪਠਾਣਕੋਟ, ਸ਼ਾਮ ਨਾਥ ਫਤਹਿਗੜ੍ਹ ਸਾਹਿਬ, ਹਰਜੋਤ ਸਿੰਘ ਹੁਸ਼ਿਆਰਪੁਰ ਅਤੇ ਮੋਹਿਤ ਕੁਮਾਰ ਕਪੂਰਥਲਾ ਸ਼ਾਮਿਲ ਸਨ।

# ਸ਼ਹੀਦਾਂ ਦੀ ਯਾਦ 'ਚ ਪਕੌੜਿਆਂ ਦਾ ਲੰਗਰ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** - ਦੁਰਗਾਪੁਰ ਰੋਡ ਵਿਖੇ ਸੰਗਤ ਸਮੂਹ ਮਾਰਕੀਟ ਦੇ ਸਹਿਯੋਗ ਨਾਲ ਮਾਤਾ ਗੁਜਰ ਕੌਰ, ਚਾਰ ਸਾਹਿਬਜ਼ਾਦਿਆਂ ਅਤੇ ਸਮੂਹ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਦੁਰਗਾਪੁਰ ਰੋਡ ਦੁਕਾਨਦਾਰਾਂ ਵੱਲੋਂ ਚਾਹ, ਪਕੌੜਿਆਂ ਦਾ ਲੰਗਰ ਲਗਾਇਆ ਗਿਆ



। ਇਸ ਮੌਕੇ ਦੁਕਾਨਦਾਰ ਪੁਨੀਤ ,ਕਾਲਾ ਨੇ ਕਿਹਾ ਕਿ ਸਾਨੂੰ ਆਪਣੇ ਗੁਰੂਆਂ ਦੀਆਂ ਕੁਰਬਾਨੀਆਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਜਿਹੜੀਆਂ ਕੌਮਾਂ ਆਪਣੇ ਇਤਿਹਾਸ ਨੂੰ ਭੁੱਲ ਜਾਂਦੀਆਂ ਹਨ, ਉਹ ਇੱਕ ਨਾ ਇੱਕ ਦਿਨ ਖਤਮ ਹੋ ਜਾਂਦੀਆਂ ਹਨ। ਸਾਨੂੰ ਗੁਰੂਆਂ ਦੇ ਦਰਸ਼ਾਏ ਮਾਰਗ ਤੇ ਚੱਲ ਕੇ ਬਾਣੀ ਤੇ ਬਾਣੇ ਦੇ ਧਾਰਨੀ ਹੋਣਾ ਚਾਹੀਦਾ ਹੈ। ਇਸ ਮੌਕੇ ਕਾਲਾ, ਮਨਿੰਦਰ ਸਿੰਘ, ਅਨਿਲ, ਸੀਮਾ, ਸੋਮਨਾਥ, ਵਿਨੋਦ ਕੁਮਾਰ ਨੇ ਸੇਵਾ ਕੀਤੀ।

# ਲਾਸਾਨੀ ਸ਼ਹਾਦਤ ਨੂੰ ਯਾਦ ਕਰਨ ਲਈ ਲਗਾਏ ਲੰਗਰ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਦੀ ਯਾਦ ਵਿੱਚ ਪਿੰਡ ਧਨੌਨੀ ਤੇ ਜਵਾਹਰਪੁਰ ਵਿੱਖੇ ਲਗਾਏ ਗਏ ਲੰਗਰ ਵਿੱਚ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਸ਼ਿਰਕਤ ਕੀਤੀ।ਇਸ ਮੌਕੇ ਵਿਧਇਕ ਰੰਧਾਵਾ ਨੇ ਦਸਮੇਸ਼ ਪਿਤਾ ਦੇ



ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕਰਦਿਆਂ ਕਿਹਾ ਕਿ ਦੁਨੀਆਂ ਦੇ ਇਤਿਹਾਸ ਵਿੱਚ ਇਹ ਸਭ ਤੋਂ ਵੱਡੀ ਸ਼ਹਾਦਤ ਹੋਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਗੁਰੂਆਂ, ਪੀਰਾਂ ਅਤੇ ਸ਼ਹੀਦਾਂ ਦੀ ਧਰਤੀ ਹੈ। ਉਨ੍ਹਾਂ ਕਿਹਾ ਕਿ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਲੇਰੀ, ਕੁਰਬਾਨੀ ਅਤੇ ਨਿਰਸਵਾਰਥਤਾ ਦੀਆਂ ਕਦਰਾਂ-ਕੀਮਤਾਂ ਦੀ ਯਾਦ ਦਿਵਾਉਂਦੀ ਹੈ । ਇਹ ਲੰਗਰ ਏਕਤਾ ਦਾ ਪ੍ਰਤੀਕ ਸੀ, ਜਿਸ ਵਿੱਚ ਸ਼ਹੀਦਾਂ ਦੀ ਵਿਰਾਸਤ ਦਾ ਸਨਮਾਨ ਕਰਨ ਲਈ ਵਿਧਾਇਕ ਰੰਧਾਵਾ ਨੇ ਪਿੰਡ ਵਾਸੀਆਂ ਦਾ ਸਿੱਖ ਗੁਰੂਆਂ ਦੇ ਇਤਿਹਾਸ ਅਤੇ ਸਿੱਖਿਆਵਾਂ ਨੂੰ ਸੰਭਾਲਣ ਲਈ ਕੀਤੇ ਗਏ ਉਪਰਾਲਿਆਂ ਲਈ ਧੰਨਵਾਦ ਕੀਤਾ।

# ਟੇਬਲ ਟੈਨਿਸ ਟੂਰਨਾਮੈਂਟ ਲਈ ਟਰਾਇਲ 31 ਨੂੰ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਸੈਂਟਰਲ ਸਿਵਲ ਸਰਵਿਸਜ਼ ਕਲਚਰਲ ਐਂਡ ਬੋਰਡ ਵੱਲੋਂ ਆਲ ਇੰਡੀਆ ਸਰਵਿਸਜ਼ ਟੇਬਲ ਟੈਨਿਸ (ਪੁਰਸ਼ ਤੇ ਮਹਿਲਾ) ਟੂਰਨਾਮੈਂਟ 12 ਤੋਂ 16 ਜਨਵਰੀ, 2026 ਤੱਕ ਟੇਬਲ ਟੈਨਿਸ ਹਾਲ, ਸੈਕਟਰ-23, ਚੰਡੀਗੜ੍ਹ ਵਿਖੇ ਕਰਵਾਇਆ ਜਾ ਰਿਹਾ ਹੈ। ਪੰਜਾਬ ਦੀ ਪੁਰਸ਼ ਤੇ ਮਹਿਲਾ ਟੇਬਲ ਟੈਨਿਸ ਟੀਮਾਂ ਲਈ ਟਰਾਇਲ 31 ਦਸੰਬਰ ਨੂੰ ਪੋਲੋ ਗਰਾਊਂਡ ਪਟਿਆਲਾ ਵਿਖੇ ਸਵੇਰੇ 11 ਵਜੇ ਲਏ ਜਾਣਗੇ। ਖੇਡ ਵਿਭਾਗ ਦੇ ਬੁਲਾਰੇ ਨੇ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਨ੍ਹਾਂ ਟਰਾਇਲਾਂ ਵਿੱਚ ਸੁਰੱਖਿਆ ਸੇਵਾਵਾਂ/ਨੀਮ ਸੁਰੱਖਿਆ ਸੰਸਥਾਵਾਂ/ ਕੇਂਦਰੀ ਪੁਲਸ ਸੰਸਥਾਵਾਂ/ਪੁਲਸ/ਆਰ ਪੀ ਐੱਫ/ਸੀ ਆਈ ਐੱਸ ਐੱਫ/ਬੀ ਐੱਸ ਐੱਫ/ਆਈ ਟੀ ਬੀ ਪੀ ਅਤੇ ਐੱਨ ਐੱਸ ਜੀ ਆਦਿ ਦੇ ਕਰਮਚਾਰੀ, ਖ਼ੁਦਮੁਖ਼ਤਿਆਰ ਧਿਰਾਂ/ ਅੰਡਰਟੇਕਿੰਗ/ ਜਨਤਕ ਖੇਤਰ ਦੇ ਬੈਂਕ ਇੱਥੋਂ ਤੱਕ ਕਿ ਕੇਂਦਰੀ ਮੰਤਰਾਲੇ ਵਲੋਂ ਸੰਚਾਲਿਤ ਬੈਂਕ ਵੀ, ਕੱਚੇ /ਦਿਹਾੜੀਦਾਰ ਵਾਲੇ ਕਰਮੀ, ਦਫਤਰਾਂ ਵਿੱਚ ਆਰਜ਼ੀ ਤੌਰ 'ਤੇ ਕੰਮ ਕਰਦੇ ਕਰਮਚਾਰੀ, ਨਵੇਂ ਭਰਤੀ ਹੋਏ ਕਰਮਚਾਰੀ ,ਜੋ 6 ਮਹੀਨੇ ਤੋਂ ਘੱਟ ਸਮੇਂ ਤੋਂ ਰੈਗੂਲਰ ਸੇਵਾਵਾਂ ਵਿੱਚ ਕੰਮ ਕਰਦੇ ਹਨ, ਨੂੰ ਛੱਡ ਕੇ ਬਾਕੀ ਵੱਖ-ਵੱਖ ਵਿਭਾਗਾਂ ਦੇ ਸਰਕਾਰੀ ਮੁਲਾਜ਼ਮ (ਰੈਗੂਲਰ) ਆਪਣੇ ਵਿਭਾਗਾਂ ਪਾਸੋਂ ਐੱਨ ਓ ਸੀ ਪ੍ਰਾਪਤ ਕਰਨ ਉਪਰੰਤ ਹੀ ਭਾਗ ਲੈ ਸਕਦੇ ਹਨ। ਇਸ ਟੂਰਨਾਮੈਂਟ ਵਿੱਚ ਆਉਣ/ਜਾਣ, ਰਹਿਣ ਅਤੇ ਖਾਣ-ਪੀਣ ਤੇ ਆਉਣ ਵਾਲੇ ਖਰਚੇ ਦੀ ਅਦਾਇਗੀ ਖਿਡਾਰੀ ਵੱਲੋਂ ਨਿੱਜੀ ਤੌਰ ਉੱਤੇ ਕੀਤੀ ਜਾਵੇਗੀ।

# ਪੰਜਾਬ ਪੈਨਸ਼ਨਰਜ਼ ਯੂਨੀਅਨ ਦੀ ਮੀਟਿੰਗ

**ਬੰਗਾ (ਅਵਤਾਰ ਕਲੇਰ)**- ਪੰਜਾਬ ਪੈਨਸ਼ਨਰਜ਼ ਯੂਨੀਅਨ ਵੱਲੋਂ ਸਾਂਝੇ ਤੌਰ ਤੇ ਮੀਟਿੰਗ ਕੀਤੀ ਅਤੇ ਪੈਨਸ਼ਨ ਡੇ ਵੀ ਮਨਾਇਆ ਗਿਆ। ਇਹ ਮੀਟਿੰਗ ਜਗਤਾਰ ਸਿੰਘ ਪ੍ਰਧਾਨ ਦੀ ਪ੍ਰਧਾਨਗੀ ਹੇਠ ਕੀਤੀ ਗਈ ਯੂਨੀਅਨ ਵੱਲੋਂ ਵੱਖ-ਵੱਖ ਬੁਲਾਰਿਆਂ ਨੇ ਆਪਣੇ ਆਪਣੇ ਵਿਚਾਰ ਰੱਖੇ ਅਤੇ ਪੰਜਾਬ ਪੈਨਸ਼ਨਰ ਦਿਵਸ ਤੇ ਅਤੇ ਨਵੇਂ ਸਾਲ ਦੀਆਂ ਵਧਾਈਆਂ ਦਿੰਦੇ ਹੋਏ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਾਉਣ ਸਮੇਤ ਸਰਕਾਰ ਵਿਰੁੱਧ ਮੁਲਾਜ਼ਮਾਂ ਅਤੇ ਪੈਨਸ਼ਨਾਂ ਦੇ ਸਾਂਝੇ ਸੰਘਰਸ਼ ਨੂੰ ਹੋਰ ਤੇਜ਼ ਕਰਨ ਲਈ ਅਹਿਦ ਵੀ ਕੀਤਾ। ਉਹਨਾਂ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਬਿਜਲੀ ਬਿੱਲ 2025 ਤੇ ਬੀਜ ਬਿੱਲ 2025 ਲੇਬਰ ਕੋਟ ਦੇ ਨਿਜੀਕਰਨ ਦਾ ਵਿਰੋਧ ਕਰਨ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ। ਇਸ ਦੌਰਾਨ ਵੱਖ ਵੱਖ ਜਥੇਬੰਦੀਆਂ ਵੱਲੋਂ ਆਉਣ ਵਾਲੇ ਸਮੇਂ ਵਿੱਚ ਦਿੱਤੇ ਪ੍ਰੋਗਰਾਮਾਂ ਦੇ ਅਨੁਸਾਰ



28 ਦਸੰਬਰ ਤੋਂ ਚਾਰ ਜਨਵਰੀ ਤੱਕ ਪ੍ਰਚਾਰ ਮੁਹਿੰਮ ਦੌਰਾਨ ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਵਿੱਚ ਕੀਤੇ ਜਾਣ ਵਾਲੇ ਰੋਸ ਮਾਰਚ ਟਰੈਕਟਰ ਮਾਰਚ ਮੋਟਰਸਾਈਕਲ ਮਾਰਚ 29 ਦਸੰਬਰ ਨਵਾਂ ਸ਼ਹਿਰ ਤੇ 30 ਨੂੰ ਔੜ ਤੇ 1 ਜਨਵਰੀ ਨੂੰ ਬਲਾਚੌਰ ਤੇ ਤਿੰਨ ਜਨਵਰੀ ਨੂੰ ਬੰਗਾ ਬਲਾਕ ਵਿੱਚ ਸ਼ਾਮਿਲ ਹੋਣ ਦਾ ਵੀ ਫੈਸਲਾ ਕੀਤਾ। ਇਸ ਮੀਟਿੰਗ ਵਿੱਚ ਜਨਰਲ ਸਕੱਤਰ ਗੁਰਮੇਲ ਚੰਦ, ਜਗਤਾਰ ਸਿੰਘ, ਦਸੌਂਧਾ ਸਿੰਘ, ਪ੍ਰੇਮ ਸਿੰਘ ,ਪ੍ਰੇਮ ਕੁਮਾਰ, ਸ਼ਾਮ ਲਾਲ, ਸੋਹਣ ਸਿੰਘ , ਜਸਵਿੰਦਰ ਭੰਗਲ, ਆਗੂ ਖੇਤ ਮਜ਼ਦੂਰ ਯੂਨੀਅਨ ਅਤੇ ਹੋਰ ਨੇਤਾਵਾਂ ਨੇ ਆਪਣੇ ਆਪਣੇ ਵਿਚਾਰ ਰੱਖੇ ਅਤੇ ਮੀਟਿੰਗ ਨੂੰ ਸੰਬੋਧਨ ਕੀਤਾ।